Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
Fremont TEL: 510-791-1111 FAX: 510-791-1119

Obama Care Covered CA
COVERED CALIFORNIA
Certified Insurance Agent
ਐਪਲੀਕੇਸ਼ਨ ਭਰਨ ਲਈ ਸਾਨੂੰ ਫੋਨ ਕਰੋ
ਕੋਈ ਫੀਸ ਨਹੀਂ
Ph: 510-797-7989
e-mail: Duabba1@gmail.com
2450 Peralta Blvd. # 203, Fremont, CA 94536
Insurance Services Since 1999 License # 0C70672



Eighteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 08, February 25, 2017 20451 N Plum Grove Rd., Palatine, IL 60074 Ph:847-359-0746, Fax:847-705-9388


# ਸਿੱਖ ਕਤਲੇਆਮ: ਨਿਆਂ ਲਈ ਅੱਖਾਂ ਪੱਕੀਆਂ

## ਸੁਪਰੀਮ ਕੋਰਟ ਦੀਆਂ ਨਵੀਆਂ ਟਿੱਪਣੀਆਂ ਤੋਂ ਬਾਅਦ ਇਕ ਵਾਰ ਫਿਰ ਛਿੜੀ ਚਰਚਾ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** 1984 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਦਿੱਲੀ ਸਮੇਤ ਹੋਰ ਇਲਾਕਿਆਂ ਵਿਚ ਹੋਏ ਸਿੱਖ ਕਤਲੇਆਮ ਨਾਲ ਜੁੜੇ ਕੇਸਾਂ ਦੀ ਜਾਂਚ ਬਾਰੇ ਸੁਪਰੀਮ ਕੋਰਟ ਵੱਲੋਂ ਦਿਖਾਈ ਦਿਲਚਸਪੀ ਨੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਪਿੱਛੋਂ ਪੀੜਤਾਂ ਨੂੰ ਇਨਸਾਫ ਮਿਲਣ ਬਾਰੇ ਇਕ ਵਾਰ ਫਿਰ ਚਰਚਾ ਛੇੜ ਦਿੱਤੀ ਹੈ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ (ਸਿੱਟ) ਦੀ ਨਿਗਰਾਨੀ ਬਾਰੇ ਪੈਨਲ ਬਣਾਉਣ ਦੀ ਸਲਾਹ ਦਿੱਤੀ ਹੈ। ਇਹ ਪੈਨਲ ਤੈਅ ਸਮੇਂ ਵਿਚ ਜਾਂਚ ਪੂਰੀ ਕਰਨ ਨੂੰ ਯਕੀਨੀ ਬਣਾਵੇਗਾ। ਅਦਾਲਤ ਨੇ ਇਸ ਕੇਸ ਦੀ ਕਾਰਵਾਈ 'ਹਰ ਦਿਨ ਸੁਣਵਾਈ' ਦੇ ਆਧਾਰ ਉਤੇ ਚਲਾਉਣ ਨੂੰ ਯਕੀਨੀ ਬਣਾਉਣ ਲਈ ਵੀ ਆਖਿਆ ਹੈ।



ਅਦਾਲਤ ਦੇ ਹੁਕਮਾਂ ਪਿੱਛੋਂ ਇਨ੍ਹਾਂ ਮਾਮਲਿਆਂ ਨਾਲ ਜੁੜੇ ਕਾਨੂੰਨੀ ਮਾਹਰਾਂ ਨੇ ਸਵਾਲ ਕੀਤਾ ਹੈ ਕਿ ਤਿੰਨ ਦਹਾਕਿਆਂ ਪਿੱਛੋਂ ਅਜਿਹੇ ਕੇਸਾਂ ਵਿਚ ਇਨਸਾਫ ਦੀ ਉਮੀਦ ਕੀਤੀ ਜਾ ਸਕਦੀ ਹੈ ਅਤੇ ਅਦਾਲਤ ਨੇ ਇੰਨੇ ਗੰਭੀਰ ਮਾਮਲੇ ਵਿਚ ਪਹਿਲਾਂ ਅਜਿਹੀ ਦਿਲਚਸਪੀ ਕਿਉਂ ਨਹੀਂ ਦਿਖਾਈ। ਮਾਹਰਾਂ ਦਾ ਤਰਕ ਹੈ ਕਿ ਇੰਨੇ ਲੰਮੇ ਸਮੇਂ ਵਿਚ ਇਸ ਦਰਿੰਦਗੀ ਭਰੇ ਕਾਰੇ ਨੂੰ ਅੰਜਾਮ ਦੇਣ ਵਾਲੇ ਜ਼ਿਆਦਾਤਰ ਦੋਸ਼ੀ ਜਾਂ ਤਾਂ ਮਰ-ਖਪ ਗਏ ਹਨ ਜਾਂ ਫਿਰ ਗਵਾਹਾਂ ਦੇ ਮੁਕਰਨ ਕਾਰਨ ਕੇਸ ਰਫ਼ਾ-ਦਫ਼ਾ ਹੋ ਗਏ ਹਨ। ਇਸ ਵੇਲੇ ਕਾਂਗਰਸ ਆਗੂ ਜਗਦੀਸ਼ ਟਾਇਟਲਰ ਤੇ ਸੱਜਣ ਕੁਮਾਰ ਨੂੰ ਹੀ ਮੁੱਖ ਦੋਸ਼ੀਆਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਪਰ ਲੰਮੀ ਕਾਨੂੰਨੀ ਲੜਾਈ ਪਿੱਛੋਂ ਵੀ ਇਨ੍ਹਾਂ 'ਡਾਢਿਆਂ' ਨੂੰ ਸੀ.ਬੀ.ਆਈ. ਵਾਰ-ਵਾਰ ਕਲੀਨ ਚਿੱਟ ਦਿੰਦੀ ਰਹੀ ਹੈ। ਹੁਣ ਕੇਂਦਰ ਸਰਕਾਰ ਵੱਲੋਂ ਫਰਵਰੀ 2015 ਵਿਚ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾ ਕੇ ਦੋਸ਼ੀਆਂ ਨੂੰ ਤੈਅ ਸਮੇਂ ਵਿਚ ਸਜ਼ਾਵਾਂ ਦੇਣ ਦਾ ਦਾਅਵਾ ਕੀਤਾ ਗਿਆ ਸੀ, ਪਰ ਇਹ ਵਿਸ਼ੇਸ਼ ਟੀਮ ਵੀ ਵਾਰ-ਵਾਰ ਆਪਣੀ ਮਿਆਦ ਵਿਚ ਵਾਧਾ ਕਰਨ ਉਤੇ ਹੀ ਜ਼ੋਰ ਦਿੰਦੀ ਰਹੀ।

ਸਿੱਟ ਨੇ ਸਿੱਖ ਕਤਲੇਆਮ ਨਾਲ ਸਬੰਧਤ 650 ਕੇਸਾਂ ਵਿਚੋਂ 293 ਨੂੰ ਜਾਂਚ ਲਈ ਚੁਣਿਆ ਸੀ। ਇਨ੍ਹਾਂ ਵਿਚੋਂ ਜ਼ਿਆਦਾਤਰ ਕੇਸਾਂ ਨੂੰ 'ਅਨ-ਟਰੇਸ' ਦੱਸ ਕੇ ਬੰਦ ਕਰ ਦਿੱਤਾ ਗਿਆ ਸੀ। ਸਿੱਟ ਨੇ 199 ਕੇਸਾਂ ਨੂੰ ਮੁਢਲੀ ਜਾਂਚ ਤੋਂ ਬਾਅਦ ਰੱਦ ਕਰ ਦਿੱਤਾ ਸੀ ਤੇ 59 ਕੇਸਾਂ ਨੂੰ ਅੱਗੇ ਜਾਂਚ ਲਈ ਸਹੀ ਪਾਇਆ। ਇਨ੍ਹਾਂ ਵਿਚੋਂ 38 ਕੇਸਾਂ ਨੂੰ ਬੰਦ ਕਰ ਦਿੱਤਾ ਗਿਆ ਜਦ ਕਿ 4 ਕੇਸਾਂ ਸਬੰਧੀ ਚਾਰਜਸ਼ੀਟ ਵੱਖਰੀ ਦਾਇਰ ਕੀਤੀ ਗਈ ਜੋ ਪੜਤਾਲ ਲਈ ਢੁਕਵੇਂ ਪਾਏ ਗਏ। ਦੋ ਕੇਸਾਂ ਨੂੰ ਦੋਸ਼ੀਆਂ ਦੀ ਮੌਤ ਕਾਰਨ ਬੰਦ ਕਰ ਦਿੱਤਾ ਗਿਆ। 17 ਕੇਸ ਅਜੇ ਸਿੱਟ ਕੋਲ ਪੜਤਾਲ ਲਈ ਬਕਾਇਆ ਹਨ। ਹੋਰ 35 ਕੇਸਾਂ ਵਿਚ ਮੁਢਲੀ ਜਾਂਚ ਤੋਂ ਬਾਅਦ 28 ਕੇਸਾਂ ਦੀ ਅੱਗੇ ਪੜਤਾਲ ਹੋਈ, ਪਰ ਇਨ੍ਹਾਂ ਕੇਸਾਂ ਦੀ ਸਥਿਤੀ ਸਪਸ਼ਟ ਨਹੀਂ ਹੈ ਅਤੇ ਨਾ ਹੀ ਚਾਰਜਸ਼ੀਟ ਦਾਇਰ ਕਰਨ ਬਾਰੇ ਸਪਸ਼ਟ ਕੀਤਾ ਗਿਆ ਹੈ।

ਸੁਪਰੀਮ ਕੋਰਟ ਦੀ ਟਿੱਪਣੀ ਉਦੋਂ ਆਈ ਹੈ ਜਦੋਂ ਕੇਂਦਰ ਵੱਲੋਂ ਤੈਅ ਸਮੇਂ ਵਿਚ ਜਾਂਚ ਮੁਕੰਮਲ ਕਰਨ ਦੇ ਵਾਅਦੇ ਨਾਲ ਬਣਾਈ ਵਿਸ਼ੇਸ਼ ਜਾਂਚ ਟੀਮ ਨੇ ਆਪਣੇ ਜਾਂਚ ਸਮੇਂ ਵਿਚ ਵਾਰ-ਵਾਰ ਵਾਧੇ ਤੋਂ ਬਾਅਦ, ਅਗਲੇਰੀ ਜਾਂਚ ਲਈ ਕਤਲੇਆਮ ਨਾਲ ਸਬੰਧਤ 59 ਕੇਸਾਂ ਵਿਚੋਂ ਸਿਰਫ ਚਾਰ 'ਚ ਚਾਰਜਸ਼ੀਟ ਦਾਖਲ ਕੀਤੀ। ਸੁਪਰੀਮ ਕੋਰਟ ਵਿਚ ਦਾਖਲ ਕੀਤੀ ਪ੍ਰਗਤੀ ਰਿਪੋਰਟ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਇਨ੍ਹਾਂ ਵਿਚੋਂ 38 ਕੇਸਾਂ ਨੂੰ ਬੰਦ ਕਰ ਦਿੱਤਾ ਗਿਆ ਹੈ ਅਤੇ 17 ਦੀ ਜਾਂਚ ਹਾਲੇ ਜਾਰੀ ਹੈ। ਨਵੰਬਰ 1984 ਦੇ ਕਤਲੇਆਮ ਵਿਚ 3325 ਸਿੱਖਾਂ ਦੀ ਹੱਤਿਆ ਕਰ ਦਿੱਤੀ ਗਈ ਸੀ ਜਿਨ੍ਹਾਂ ਵਿਚੋਂ 2733 ਸਿੱਖਾਂ ਨੂੰ ਇਕੱਲੇ ਦਿੱਲੀ ਸ਼ਹਿਰ ਵਿਚ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ; ਬਾਕੀ ਮੌਤਾਂ ਉਤਰ ਪ੍ਰਦੇਸ਼, ਹਰਿਆਣਾ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਦੂਸਰੇ ਰਾਜਾਂ ਵਿਚ ਹੋਈਆਂ ਸਨ। ਦਿੱਲੀ ਪੁਲਿਸ ਨੇ ਸਬੂਤਾਂ ਦੀ ਘਾਟ ਕਾਰਨ 241 ਮਾਮਲਿਆਂ ਨੂੰ ਬੰਦ ਕਰ ਦਿੱਤਾ ਸੀ ਜਦਕਿ ਨਾਨਾਵਤੀ ਕਮਿਸ਼ਨ ਨੇ ਉਨ੍ਹਾਂ ਵਿਚੋਂ ਸਿਰਫ ਚਾਰ ਮਾਮਲੇ ਖੋਲ੍ਹਣ ਦੀ ਸਿਫਾਰਸ਼ ਕੀਤੀ ਸੀ। ਤਿੰਨ ਮੈਂਬਰੀ ਸਿੱਟ ਟੀਮ ਵਿਚ ਆਈ.ਜੀ. ਰੈਂਕ ਦੇ ਦੋ ਆਈ.ਪੀ.ਐਸ. ਅਧਿਕਾਰੀ ਅਤੇ ਇਕ ਨਿਆਇਕ ਅਧਿਕਾਰੀ ਸ਼ਾਮਲ ਹਨ। ਸਿੱਟ ਨੇ ਕਾਂਗਰਸੀ ਨੇਤਾ ਸੱਜਣ ਕੁਮਾਰ ਤੋਂ ਤਿੰਨ ਵਾਰ ਸਵਾਲ ਪੁੱਛੇ ਹਨ ਅਤੇ ਉਨ੍ਹਾਂ ਤੋਂ ਇਨ੍ਹਾਂ ਦੋਸ਼ਾਂ ਬਾਰੇ ਵੀ ਸਵਾਲ ਕੀਤੇ ਗਏ ਕਿ ਉਸ ਨੇ ਇਕ ਨਵੰਬਰ 1984 ਨੂੰ ਜਨਕਪੁਰੀ ਵਿਚ ਭੀੜ ਨੂੰ ਭੜਕਾਇਆ ਸੀ ਜਿਸ ਨੇ ਦੋ ਸਿੱਖਾਂ ਸੋਹਣ ਸਿੰਘ ਤੇ ਉਸ ਦੇ ਦਾਮਾਦ ਅਵਤਾਰ ਸਿੰਘ ਨੂੰ ਕਤਲ ਕਰ ਦਿੱਤਾ ਸੀ। ਇਸ ਵਿਸ਼ੇਸ਼ ਮਾਮਲੇ ਨੂੰ ਸੀ.ਬੀ.ਆਈ. ਨੇ ਕੁਮਾਰ ਖਿਲਾਫ ਸਬੂਤਾਂ ਦੀ ਘਾਟ ਦਾ ਹਵਾਲਾ ਦੇ ਕੇ ਬੰਦ ਕਰ ਦਿੱਤਾ ਸੀ। ਕੁਮਾਰ ਤੋਂ ਇਲਾਵਾ ਸਿੱਟ ਨੇ ਕੁਝ ਦਿੱਲੀ ਪੁਲਿਸ ਦੇ ਅਧਿਕਾਰੀਆਂ ਜਿਨ੍ਹਾਂ ਨੇ ਪਹਿਲਾਂ ਜਾਂਚ ਕੀਤੀ ਸੀ, ਸਮੇਤ ਕਈ ਹੋਰ ਵਿਅਕਤੀਆਂ ਤੋਂ ਵੀ ਪੁੱਛਗਿੱਛ ਕੀਤੀ ਹੈ।

ਤਕਰੀਬਨ ਇਕ ਦਰਜਨ ਜਾਂਚ ਕਮਿਸ਼ਨ/

(ਬਾਕੀ ਸਫਾ 6 'ਤੇ)

### ਸਿਆਸੀ ਧਿਰਾਂ ਲਈ ਸਿਰਫ ਚੋਣ ਮੁੱਦਾ

**ਚੰਡੀਗੜ੍ਹ:** ਚੋਣਾਂ ਸਮੇਂ ਸਾਰੀਆਂ ਸਿਆਸੀ ਪਾਰਟੀਆਂ ਪੀੜਤਾਂ ਦੇ ਜ਼ਖਮਾਂ ਉਤੇ ਮੱਲ੍ਹਮ ਲਾਉਣ ਲਈ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇ ਵਾਅਦੇ ਕਰਦੀਆਂ ਹਨ, ਪਰ ਇਹ ਵਾਅਦੇ 31 ਸਾਲਾਂ ਬਾਅਦ ਵੀ ਵਫਾ ਨਹੀਂ ਹੋ ਸਕੇ। ਰਾਜਸੀ ਪਾਰਟੀਆਂ ਇਕ-ਦੂਜੀ ਖਿਲਾਫ ਦੋਸ਼ ਮੜ੍ਹ ਕੇ ਆਪਣਾ ਉੱਲੂ ਸਿੱਧਾ ਕਰਨ ਵਿਚ ਲੱਗੀਆਂ ਰਹੀਆਂ। ਕੇਂਦਰੀ ਗ੍ਰਹਿ ਮੰਤਰਾਲੇ ਦੀ ਰਿਪੋਰਟ ਅਨੁਸਾਰ ਸਾਲ 2002 ਤੋਂ ਲੈ ਕੇ 2013 ਤੱਕ ਭਾਰਤ ਵਿਚ 8473 ਫਿਰਕੂ ਦੰਗਿਆਂ ਦੀਆਂ ਘਟਨਾਵਾਂ ਵਾਪਰੀਆਂ ਤੇ 2502 ਲੋਕ ਮਾਰੇ ਗਏ; ਜਦ ਕਿ ਇਨ੍ਹਾਂ ਫਸਾਦਾਂ ਦੌਰਾਨ 28 ਹਜ਼ਾਰ ਤੋਂ ਵੱਧ ਲੋਕ ਜ਼ਖਮੀ ਵੀ ਹੋਏ। ਇਹ ਗਰਾਫ ਹਰ ਸਾਲ ਤੇਜ਼ੀ ਨਾਲ ਉਤਾਂਹ ਨੂੰ ਜਾ ਰਿਹਾ ਹੈ। ਕੇਂਦਰ ਵਿਚ ਮੋਦੀ ਸਰਕਾਰ ਬਣਨ ਮਗਰੋਂ ਫਿਰਕੂ ਦੰਗਿਆਂ ਦੀਆਂ ਘਟਨਾਵਾਂ ਹੋਰ ਵੀ ਤੇਜ਼ ਹੋਈਆਂ ਹਨ। 2014 ਦੇ ਪਹਿਲੇ ਛੇ ਮਹੀਨਿਆਂ ਵਿਚ 252 ਫਿਰਕੂ ਹਿੰਸਾ ਦੀਆਂ ਘਟਨਾਵਾਂ ਵਾਪਰੀਆਂ ਜਦੋਂ ਕਿ 2015 ਦੇ ਪਹਿਲੇ ਛੇ ਮਹੀਨਿਆਂ ਵਿਚ 330 ਫਿਰਕੂ ਹਿੰਸਾ ਦੀਆਂ ਘਟਨਾਵਾਂ ਵਾਪਰੀਆਂ।


We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime Realty & Mortgage
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

# ਦਿੱਲੀ ਧਮਾਕਿਆਂ ਬਾਰੇ ਫੈਸਲੇ ਨੇ ਨਿਆਂ ਪ੍ਰਣਾਲੀ ਉਤੇ ਚੁੱਕੇ ਸਵਾਲ

**ਨਵੀਂ ਦਿੱਲੀ:** ਸਾਲ 2005 ਵਿਚ ਦੇਸ਼ ਦੀ ਰਾਜਧਾਨੀ ਨੂੰ ਦਹਿਲਾ ਦੇਣ ਵਾਲੇ ਲੜੀਵਾਰ ਧਮਾਕਿਆਂ ਦੇ ਕੇਸ ਵਿਚ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਦੇ ਫੈਸਲੇ ਨੇ ਦੇਸ਼ ਦੀ ਨਿਆਂ ਪ੍ਰਣਾਲੀ ਉਤੇ ਗੰਭੀਰ ਸਵਾਲ ਚੁੱਕੇ ਹਨ। 11 ਸਾਲ ਬਾਅਦ ਆਏ ਫੈਸਲੇ 'ਚ ਅਦਾਲਤ ਨੇ ਬੰਬ ਧਮਾਕਿਆਂ ਲਈ ਕਿਸੇ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ। ਹਮਲੇ ਦੇ ਇਕੋ-ਇਕ ਦੋਸ਼ੀ ਤਾਰਿਕ ਅਹਿਮਦ ਡਾਰ ਨੂੰ ਦਹਿਸ਼ਤਗਰਦੀ ਫੰਡਿੰਗ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਹੈ।

ਇਨ੍ਹਾਂ ਧਮਾਕਿਆਂ ਲਈ ਤਾਰਿਕ ਅਹਿਮਦ ਡਾਰ, ਮੁਹੰਮਦ ਹੁਸੈਨ ਫਾਜਿਲ ਅਤੇ ਮੁਹੰਮਦ ਰਫੀਕ ਸ਼ਾਹ ਨੂੰ ਮੁੱਖ ਦੋਸ਼ੀ ਬਣਾਇਆ ਗਿਆ ਸੀ। ਇਨ੍ਹਾਂ ਵਿਚੋਂ ਮੁਹੰਮਦ ਹੁਸੈਨ ਫਾਜਿਲ ਅਤੇ ਮੁਹੰਮਦ ਰਫੀਕ ਨੂੰ ਬਰੀ ਕਰ ਦਿੱਤਾ ਗਿਆ ਹੈ। ਬਰੀ ਹੋਏ ਦੋ ਮੁਲਜ਼ਮਾਂ ਵਿਚੋਂ ਇਕ ਕਸ਼ਮੀਰ ਯੂਨੀਵਰਸਿਟੀ ਦਾ ਸਾਬਕਾ ਵਿਦਿਆਰਥੀ ਹੈ। ਇਹ ਵਿਦਿਆਰਥੀ ਆਪਣੀ ਉਮਰ ਵਿਚੋਂ ਮਨਫੀ ਹੋਏ 12 ਵਰ੍ਹਿਆਂ ਬਾਰੇ ਦੁਹਾਈ ਪਾ ਰਿਹਾ ਹੈ। ਦਰਅਸਲ, ਪੁਲਿਸ ਨੇ ਇਨ੍ਹਾਂ ਧਮਾਕਿਆਂ ਸਬੰਧੀ ਪੰਜ ਬੰਦਿਆਂ ਵਿਚੋਂ ਦੋ ਨੂੰ ਪਹਿਲਾਂ ਚਾਰਜਸ਼ੀਟ ਦਾਖਲ ਕਰਨ ਸਮੇਂ ਹੀ ਡਿਸਚਾਰਜ ਕਰ ਦਿੱਤਾ ਗਿਆ ਅਤੇ ਬਾਕੀ ਤਿੰਨਾਂ 'ਤੇ ਕੇਸ ਚਲਾਇਆ। 12 ਸਾਲ ਮੁਲਜ਼ਮ ਬਣਾਏ ਇਹ ਨਿਰਦੋਸ਼ ਜੇਲ੍ਹ ਵਿਚ ਸੜਦੇ ਰਹੇ। ਅਦਾਲਤ ਨੇ ਵੀ ਆਪਣੇ ਫੈਸਲੇ ਵਿਚ ਸਪੱਸ਼ਟ ਤੌਰ 'ਤੇ ਲਿਖਿਆ ਹੈ ਕਿ ਕੇਸ ਦੀ ਤਫਤੀਸ਼ ਬਹੁਤ ਗੈਰ-ਪੇਸ਼ੇਵਾਰਾਨਾ ਢੰਗ ਨਾਲ ਕੀਤੀ ਗਈ ਅਤੇ ਕੇਸ ਦੀ ਪੈਰਵਾਈ ਦੌਰਾਨ ਇਸਤਗਾਸਾ ਪੱਖ ਦੀ ਵੀ ਪਹੁੰਚ ਅਜਿਹੀ ਹੀ ਰਹੀ।

ਯਾਦ ਰਹੇ, 2005 'ਚ ਦੀਵਾਲੀ ਤੋਂ ਇਕ ਦਿਨ ਪਹਿਲਾਂ ਹੋਏ ਇਨ੍ਹਾਂ ਧਮਾਕਿਆਂ ਵਿਚ 62 ਲੋਕਾਂ ਦੀ ਮੌਤ ਹੋਈ ਸੀ ਅਤੇ 210 ਲੋਕ ਗੰਭੀਰ ਜ਼ਖਮੀ ਹੋਏ ਸਨ। ਜਾਂਚ 'ਚ ਇਨ੍ਹਾਂ ਦੇ ਤਾਰ ਅਤਿਵਾਦੀ ਸੰਗਠਨ ਲਸ਼ਕਰ-ਏ-ਤਾਇਬਾ ਨਾਲ ਜੁੜੇ ਸਨ। ਇਨ੍ਹਾਂ ਧਮਾਕਿਆਂ ਦਾ ਸਾਜਿਸ਼ਕਰਤਾ ਤਾਰਿਕ ਸੀ, ਜੋ ਲਸ਼ਕਰ ਨਾਲ ਜੁੜਿਆ ਸੀ।

# ਅਮਰੀਕਾ ਵੱਲੋਂ ਗੈਰਕਾਨੂੰਨੀ ਪਰਵਾਸੀਆਂ ਉਤੇ ਸ਼ਿਕੰਜਾ

**ਵਾਸ਼ਿੰਗਟਨ:** ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ (ਡੀ.ਐਚ.ਐਸ.) ਨੇ ਅਜਿਹੀਆਂ ਵਿਆਪਕ ਸੇਧਾਂ ਦਾ ਖਰੜਾ ਤਿਆਰ ਕੀਤਾ ਹੈ, ਜਿਨ੍ਹਾਂ ਤਹਿਤ ਮੁਲਕ ਵਿਚ ਗੈਰਕਾਨੂੰਨੀ ਢੰਗ ਨਾਲ ਰਹਿ ਰਹੇ ਪਰਵਾਸੀਆਂ ਨੂੰ ਨਾ ਸਿਰਫ ਬੰਦੀ ਬਣਾਇਆ ਜਾ ਸਕੇਗਾ, ਸਗੋਂ ਉਨ੍ਹਾਂ ਦੇ ਵਤਨ ਵਾਪਸ ਵੀ ਭੇਜਿਆ ਜਾ ਸਕੇਗਾ। ਜਾਣਕਾਰੀ ਮੁਤਾਬਕ ਘਰੇਲੂ ਸੁਰੱਖਿਆ ਮੰਤਰੀ ਜੌਹਨ ਕੈਲੀ ਨੇ ਇਸ ਸਬੰਧੀ ਦਸਤਾਵੇਜ਼ਾਂ ਉਤੇ ਸਹੀ ਪਾ ਦਿੱਤੀ ਹੈ।

ਇਨ੍ਹਾਂ ਹੁਕਮਾਂ ਦਾ ਮਕਸਦ ਮੁਲਕ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਗੈਰਕਾਨੂੰਨੀ ਪਰਵਾਸੀਆਂ ਖਿਲਾਫ਼ ਕਾਰਵਾਈ ਲਈ ਜਾਰੀ ਹਦਾਇਤਾਂ ਨੂੰ ਅਮਲ ਵਿਚ ਲਿਆਉਣਾ ਹੈ। ਸ੍ਰੀ ਕੈਲੀ ਜਾਰੀ ਹੁਕਮਾਂ ਤਹਿਤ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਨ ਲਈ ਵਾਧੂ ਅਧਿਕਾਰੀ ਤਾਇਨਾਤ ਕੀਤੇ ਜਾਣਗੇ ਅਤੇ ਨਾਲ ਹੀ ਫੌਰੀ ਵਾਪਸ ਭੇਜੇ ਜਾਣ ਲਈ ਚੁਣੇ ਜਾਣ ਵਾਲੇ ਪਰਵਾਸੀਆਂ ਦੀ ਤਰਜੀਹੀ ਸੂਚੀ ਵਿਚ ਵਾਧਾ ਕੀਤਾ ਜਾਵੇਗਾ ਅਤੇ ਹੋਰ ਲੋੜੀਂਦੇ ਕਦਮ ਚੁੱਕੇ ਜਾਣਗੇ।

# ਕੈਨੇਡਾ ਵਿਚ ਗੈਂਗਵਾਰ; ਪੰਜਾਬੀ ਦੀ ਮੌਤ

**ਵੈਨਕੂਵਰ:** ਕੈਨੇਡਾ ਵਿਚ ਪੰਜਾਬੀਆਂ ਦੀ ਵੱਡੀ ਅਬਾਦੀ ਵਾਲੇ ਸ਼ਹਿਰ ਐਬਟਸਫੋਰਡ ਵਿਚ ਗੈਂਗ ਹਿੰਸਾ ਦੌਰਾਨ ਪੰਜਾਬੀ ਨੌਜਵਾਨ ਨੂੰ ਕਤਲ ਕਰ ਦਿੱਤਾ ਗਿਆ। ਮਾਰੇ ਗਏ ਨੌਜਵਾਨ ਦੀ ਪਛਾਣ ਸਤਕਾਰ ਸਿੰਘ ਸਿੱਧੂ (22) ਵਜੋਂ ਹੋਈ ਹੈ। ਉਸ ਦਾ ਪਿਛੋਕੜ ਮੋਗਾ ਨੇੜਲੇ ਪਿੰਡ ਚੰਦ ਪੁਰਾਣਾ ਨਾਲ ਹੈ।

ਪੁਲਿਸ ਨੇ ਪਿੱਛਾ ਕਰ ਕੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਵੀ ਸਾਰੇ ਪੰਜਾਬੀ ਹੀ ਹਨ। ਪੁਲਿਸ ਬੁਲਾਰੇ ਇਆਨ ਮੈਕਡੌਨਰਡ ਅਨੁਸਾਰ ਮੰਗਲਵਾਰ ਸਵੇਰੇ ਗੋਲੀਆਂ ਚਲਾ ਕੇ ਮੁਲਜ਼ਮ ਮਿਸ਼ਨ ਸ਼ਹਿਰ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਕਾਬੂ ਕਰ ਲਿਆ ਗਿਆ। ਪੁਲਿਸ ਨੇ ਅਜੇ ਮੁਲਜ਼ਮਾਂ ਦੀ ਪਛਾਣ ਜਾਰੀ ਨਹੀਂ ਕੀਤੀ, ਪਰ ਸੂਤਰਾਂ ਅਨੁਸਾਰ ਸਾਰੇ 20-22 ਸਾਲ ਦੇ ਹਨ।

# ਭਾਰਤ ਤੇ ਬਰਤਾਨੀਆ ਵਿਚਾਲੇ ਹਵਾਲਗੀ ਅਮਲ

**ਨਵੀਂ ਦਿੱਲੀ (ਬਿਊਰੋ):** ਭਾਰਤ ਵੱਲੋਂ ਬ੍ਰਿਟੇਨ ਉਤੇ ਉਘੇ ਕਾਰੋਬਾਰੀ ਵਿਜੈ ਮਾਲਿਆ ਦੀ ਵਾਪਸੀ ਲਈ ਦਬਾਅ ਦੇ ਮੱਦੇਨਜ਼ਰ ਦੋਹਾਂ ਮੁਲਕਾਂ ਨੇ ਕਿਸੇ ਵੀ ਪਾਸੇ ਬਕਾਇਆ ਪਈਆਂ ਹਵਾਲਗੀ ਦੀਆਂ ਬੇਨਤੀਆਂ ਅਤੇ ਆਪਸੀ ਕਾਨੂੰਨੀ ਸਹਿਯੋਗ ਦੀ ਪ੍ਰਕਿਰਿਆ ਤੇਜ਼ ਕਰਨ ਦਾ ਫੈਸਲਾ ਕੀਤਾ ਹੈ।

ਵਿਦੇਸ਼ ਮੰਤਰਾਲੇ ਵੱਲੋਂ ਕਿਹਾ ਗਿਆ ਹੈ ਕਿ ਦੋਵਾਂ ਪਾਸੇ ਕਾਨੂੰਨੀ ਸਹਿਯੋਗ ਮਜ਼ਬੂਤ ਕਰਨ ਲਈ ਬਕਾਇਆ ਮੰਗਾਂ ਹੱਲ ਕੀਤੀਆਂ ਜਾਣਗੀਆਂ। ਮੁੰਬਈ ਦੀ ਵਿਸ਼ੇਸ਼ ਅਦਾਲਤ ਨੇ ਐਨਫੋਰਸਮੈਂਟ ਡਾਇਰੈਕਟੋਰੇਟ ਨੂੰ ਭਾਰਤ ਬ੍ਰਿਟੇਨ ਕਾਨੂੰਨੀ ਸਹਿਯੋਗ ਸੰਧੀ ਤਹਿਤ ਸ਼ਰਾਬ ਕਾਰੋਬਾਰੀ ਵਿਜੈ ਮਾਲਿਆ ਨੂੰ ਕਾਲਾ ਧਨ ਮਾਮਲੇ ਦੀ ਜਾਂਚ ਵਿਚ ਸ਼ਾਮਲ ਕਰਨ ਲਈ ਭਾਰਤ ਲਿਆਉਣ ਦੀ ਮਨਜ਼ੂਰੀ ਦਿੱਤੀ ਸੀ। ਮਾਲਿਆ ਦੀ ਵਾਪਸੀ ਦਾ ਮਾਮਲਾ ਗੱਲਬਾਤ ਵਿਚ ਵਿਚਾਰਿਆ ਜਾਵੇਗਾ।

# ਪੰਜਾਬੀ ਦੇ ਹੱਕ ਵਿਚ ਰੋਸ ਮਾਰਚ

**ਚੰਡੀਗੜ੍ਹ:** ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਚੰਡੀਗੜ੍ਹ ਪੰਜਾਬੀ ਮੰਚ ਦੇ ਸੱਦੇ 'ਤੇ ਵੱਖ ਵੱਖ ਵਰਗਾਂ ਦੇ ਪੰਜਾਬੀ ਹਿਤੈਸ਼ੀਆਂ ਨੇ ਪੰਜਾਬ ਰਾਜ ਭਵਨ ਵੱਲ ਰੋਸ ਮਾਰਚ ਕਰ ਕੇ ਗ੍ਰਿਫ਼ਤਾਰੀਆਂ ਦਿੱਤੀਆਂ। ਗ੍ਰਿਫ਼ਤਾਰੀਆਂ ਦੇਣ ਵਾਲਿਆਂ 'ਚ ਮਹਿਲਾਵਾਂ, ਬਜ਼ੁਰਗ, ਲੇਖਕ ਤੇ ਵਿਦਿਆਰਥੀ ਸ਼ਾਮਲ ਸਨ। ਪੰਜਾਬੀ ਮੰਚ ਦੇ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ ਤੇ ਜਨਰਲ ਸਕੱਤਰ ਦੇਵੀ ਦਿਆਲ ਸ਼ਰਮਾ, ਚੰਡੀਗੜ੍ਹ ਗੁਰਦੁਆਰਾ ਸੰਗਠਨ ਦੇ ਚੇਅਰਮੈਨ ਅਜਾਇਬ ਸਿੰਘ ਤੇ ਤਾਰਾ ਸਿੰਘ, ਪੇਂਡੂ ਸੰਘਰਸ਼ ਕਮੇਟੀ ਦੇ ਸਰਪ੍ਰਸਤ ਸਾਧੂ ਸਿੰਘ ਸਾਰੰਗਪੁਰ ਤੇ ਗੁਰਦਿਆਲ ਸਿੰਘ ਖੁੱਡਾ ਅਲੀਸ਼ੇਰ ਤੇ ਜਨਰਲ ਸਕੱਤਰ ਜੋਗਿੰਦਰ ਸਿੰਘ ਬੁੜੈਲ, ਗੁਰਨਾਮ ਸਿੰਘ ਸਿੱਧੂ, ਪਿੰਡ ਹੱਲੋਮਾਜਰਾ ਦੇ ਸਾਬਕਾ ਸਰਪੰਚ ਸੁਖਜੀਤ ਸਿੰਘ ਅਤੇ ਮੁਹਾਲੀ ਦੇ ਕੌਂਸਲਰ ਸਤਬੀਰ ਸਿੰਘ ਧਨੋਆ ਆਦਿ ਦੀ ਅਗਵਾਈ ਹੇਠ ਰੈਲੀ ਕੀਤੀ ਗਈ।

ਰਾਜ ਭਵਨ ਵੱਲੋਂ ਵਫ਼ਦ ਨੂੰ ਗੱਲਬਾਤ ਲਈ ਸੱਦਾ ਦਿੱਤਾ ਗਿਆ ਪਰ ਮੰਚ ਨੇ ਇਹ ਸੱਦਾ ਠੁਕਰਾ ਕੇ ਹਰ ਹੀਲੇ ਮਾਰਚ ਕਰਨ ਦਾ ਐਲਾਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਸੜਕ ਜਾਮ ਕਰ ਕੇ ਸਮੂਹਿਕ ਗ੍ਰਿਫ਼ਤਾਰੀਆਂ ਦੇਣ ਦਾ ਐਲਾਨ ਕੀਤਾ। ਇਸ ਮੌਕੇ 500 ਦੇ ਕਰੀਬ ਲੋਕ ਗ੍ਰਿਫ਼ਤਾਰੀ ਲਈ ਅੱਗੇ ਆਏ ਪਰ ਪੁਲਿਸ ਕੋਲ ਬੱਸਾਂ ਘੱਟ ਹੋਣ ਕਾਰਨ ਕੇਵਲ 105 ਜਣੇ ਹੀ ਗ੍ਰਿਫ਼ਤਾਰ ਕੀਤੇ ਗਏ। ਬਾਅਦ ਵਿਚ ਇਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਪਹਿਲਾਂ ਰੈਲੀ ਦੌਰਾਨ ਬੁਲਾਰਿਆਂ ਨੇ ਦੋਸ਼ ਲਾਇਆ ਕਿ ਯੂਟੀ ਪ੍ਰਸ਼ਾਸਨ ਵੱਲੋਂ ਚੰਡੀਗੜ੍ਹ ਦੇ ਤਕਰੀਬਨ 12 ਲੱਖ ਵਸਨੀਕਾਂ ਉਤੇ ਅੰਗਰੇਜ਼ੀ ਥੋਪ ਕੇ ਮਾਂ ਬੋਲੀ ਦਾ ਕਤਲ ਕੀਤਾ ਜਾ ਰਿਹਾ ਹੈ ਅਤੇ ਭਾਰਤੀ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

# ਭਗਵੰਤ ਮਾਨ ਵੱਲੋਂ ਸ਼ਰਮੀਲਾ ਦੀ ਪਾਰਟੀ ਨੂੰ ਤਨਖਾਹ ਦਾਨ

**ਚੰਡੀਗੜ੍ਹ:** ਮਨੀਪੁਰ ਦੀਆਂ ਚੋਣਾਂ ਲੜ ਰਹੀ ਸ਼ਰਮੀਲਾ ਦੀ ਪਾਰਟੀ ਨੂੰ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ 50 ਹਜ਼ਾਰ ਰੁਪਏ ਦੀ ਮਦਦ ਦੇਣ ਤੋਂ ਬਾਅਦ ਪਾਰਟੀ ਦੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮੈਂਬਰ ਨੇ ਆਪਣੀ ਇਕ ਮਹੀਨੇ ਦੀ ਤਨਖਾਹ ਮਦਦ ਵਜੋਂ ਦਿੱਤੀ ਹੈ।

ਭਗਵੰਤ ਮਾਨ ਨੇ ਟਵੀਟ ਕੀਤਾ, 'ਸੰਸਦ ਦਾ ਮੈਂਬਰ ਹੋਣ ਦੇ ਨਾਤੇ ਮੈਂ ਆਪਣੀ ਇਕ ਮਹੀਨੇ ਦੀ ਤਨਖ਼ਾਹ ਇਰੋਮ ਸ਼ਰਮੀਲਾ ਨੂੰ ਦਿੰਦਾ ਹਾਂ, ਜੋ ਮਨੀਪੁਰ ਵਿਚ ਭ੍ਰਿਸ਼ਟ ਸਿਸਟਮ ਖਿਲਾਫ਼ ਤੇ ਨਿਆਂ ਲਈ ਲੜ ਰਹੀ ਹੈ।' ਇਸ ਦੇ ਜਵਾਬ ਵਿਚ ਸ਼ਰਮੀਲਾ ਦੀ ਪੀ.ਆਰ.ਜੇ.ਏ. ਪਾਰਟੀ ਨੇ ਭਗਵੰਤ ਮਾਨ ਧੰਨਵਾਦ ਕਰਦਿਆਂ ਟਵੀਟ ਕੀਤਾ ਕਿ ਉਨ੍ਹਾਂ ਦੀ ਹਮਾਇਤ ਤੇ ਪਾਰਟੀ 'ਤੇ ਭਰੋਸਾ ਕਰਨ ਲਈ ਸ਼ੁਕਰੀਆ। ਉਹ ਮਨੀਪੁਰ ਵਿਚ ਤਬਦੀਲੀ ਲੈ ਕੇ ਆਉਣਗੇ।

# ਖਾਲਸੇ ਦੀ ਧਰਤੀ ਬਣੇਗੀ ਧਾਰਮਿਕ ਸੈਰ ਸਪਾਟਾ ਕੇਂਦਰ

**ਚੰਡੀਗੜ੍ਹ:** ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਨੇ ਖਾਲਸੇ ਦੀ ਧਰਤੀ ਸ੍ਰੀ ਆਨੰਦਪੁਰ ਸਾਹਿਬ ਨੂੰ ਧਾਰਮਿਕ ਸੈਰ ਸਪਾਟਾ ਹੱਬ ਵਜੋਂ ਵਿਕਸਿਤ ਕਰਨ ਦਾ ਫੈਸਲਾ ਲਆ ਹੈ। ਇਸ ਕੰਮ ਲਈ ਗੁਰੂ ਨਗਰੀ ਵਿਖੇ 50 ਕਰੋੜ ਰੁਪਏ ਖਰਚਿਆ ਜਾਵੇਗਾ। ਵਿਭਾਗ ਵੱਲੋਂ ਆਨੰਦਪੁਰ ਸਾਹਿਬ ਸ਼ਹਿਰ ਦੇ ਅੰਦਰੂਨੀ ਤੇ ਬਾਹਰੀ ਇਲਾਕੇ ਨੂੰ ਸੁਧਾਰਿਆ ਤੇ ਸੰਵਾਰਿਆ ਜਾਵੇਗਾ।

ਵਿਭਾਗ ਵੱਲੋਂ ਸਵਾਦੇਸ਼ ਦਰਸ਼ਨ ਸਕੀਮ ਅਧੀਨ ਇਸ ਪ੍ਰਾਜੈਕਟ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਸਬੰਧੀ ਇਲਾਕੇ ਦੇ ਐਮਪੀ ਪ੍ਰੇਮ ਸਿੰਘ ਚੰਦੂਮਾਜਰਾ ਨੇ ਸੰਸਦ ਵਿਚ ਮਤਾ ਪੇਸ਼ ਕੀਤਾ ਸੀ। ਯੋਜਨਾ ਦੇ ਪਹਿਲੇ ਪੜਾਅ ਵਿਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਆਲੇ-ਦੁਆਲੇ ਨੂੰ ਖੂਬਸੂਰਤ ਬਣਾ ਕੇ ਵਿਕਸਿਤ ਕੀਤਾ ਜਾਵੇਗਾ।


Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available





# ਹੜ੍ਹ ਪੀੜਤਾਂ ਦੀ ਮਦਦ ਕਰ ਕੇ ਪੰਜਾਬੀਆਂ ਨੇ ਖੱਟਿਆ ਜੱਸ



**ਯੂਬਾ ਸਿਟੀ:** ਓਰੋਵਿਲ ਡੈਮ ਵਿਚ ਪਏ ਪਾੜ ਕਾਰਨ ਨੇੜਲੇ ਲੱਖਾਂ ਲੋਕਾਂ ਨੂੰ ਪੈਦਾ ਹੋਇਆ ਖਤਰਾ ਤਾਂ ਟਲ ਗਿਆ ਹੈ, ਪਰ ਲੋਕਾਂ ਦੀ ਸੰਭਾਲ ਲਈ ਗੁਰਦੁਆਰਾ ਕਮੇਟੀਆਂ ਵੱਲੋਂ ਕੀਤੇ ਪ੍ਰਬੰਧਾਂ ਨੇ ਗੋਰਿਆਂ ਦੇ ਮਨਾਂ ਵਿਚ ਸਿੱਖਾਂ ਦੀ ਵੱਖਰੀ ਪਛਾਣ ਤੇ ਸ਼ਾਨ ਜ਼ਰੂਰ ਵਧਾ ਦਿੱਤੀ ਹੈ।

ਇਸ ਡੈਮ ਦੇ ਪਾੜ ਨੂੰ ਪੂਰਿਆ ਜਾ ਰਿਹਾ ਹੈ ਅਤੇ ਵਾਧੂ ਪਾਣੀ ਉਸ ਵਿਚੋਂ ਨਿਕਲਦੇ ਦਰਿਆਵਾਂ 'ਚ ਛੱਡਿਆ ਜਾ ਰਿਹਾ ਹੈ। ਬੇਸ਼ੱਕ ਪ੍ਰਸ਼ਾਸਨ ਨੇ ਪਾਣੀ ਦੇ ਹੰਗਾਮੀ ਖਤਰੇ ਨੂੰ ਖਤਮ ਕਰ ਦਿੱਤਾ ਹੈ, ਪਰ ਅਗਲੇ ਦਿਨਾਂ 'ਚ ਬਾਰਸ਼ ਹੋਣ ਅਤੇ ਬਰਫ ਪਿਘਲਣ ਦੀ ਸੰਭਾਵਨਾ ਕਾਰਨ ਕੁਝ ਹੋਰ ਦਿਨ ਖਤਰਾ ਬਣੇ ਰਹਿਣ ਕਰ ਕੇ ਲੋਕਾਂ ਨੂੰ ਚੌਕਸ ਕੀਤਾ ਗਿਆ ਹੈ। ਬੰਨ੍ਹ ਵਿਚ ਪਾੜ ਪੈਣ ਵਾਲੀ ਥਾਂ 'ਤੇ ਮੁਰੰਮਤ ਦਾ ਕੰਮ 24 ਘੰਟੇ ਚੱਲ ਰਿਹਾ ਹੈ।

ਦੱਸਣਯੋਗ ਹੈ ਕਿ ਅਚਾਨਕ ਨੱਕੋ-ਨੱਕ ਭਰੇ ਓਰੋਵਿਲ ਡੈਮ 'ਚੋਂ ਹੋਏ ਰਿਸਾਅ ਨੇ ਜਿਥੇ ਪ੍ਰਸ਼ਾਸਨ ਨੂੰ ਭਾਜੜਾਂ ਪਾਈਆਂ, ਉਥੇ ਲੋਕਾਂ ਨੂੰ ਰਾਤ ਵੇਲੇ ਹੀ ਘਰ ਖਾਲੀ ਕਰ ਕੇ ਬਚਾਅ ਲਈ ਦੂਰ ਦੁਰਾਡੇ ਜਾਣਾ ਪਿਆ। ਫੇਅਰਫੀਲਡ, ਸੈਕਰਾਮੈਂਟੋ, ਸੈਨ ਹੋਜ਼ੇ, ਚੀਕੋ ਤੇ ਬੇਅ ਏਰੀਏ ਦੇ ਹੋਰਨਾਂ ਸ਼ਹਿਰਾਂ ਦੀਆਂ ਗੁਰਦੁਆਰਾ ਕਮੇਟੀਆਂ ਨੇ ਪੀੜਤਾਂ ਲਈ ਲੰਗਰ ਤੇ ਰਿਹਾਇਸ਼ ਦੇ ਪ੍ਰਬੰਧ ਕੀਤੇ। ਇਸ ਨਾਲ ਵੱਡੀ ਗਿਣਤੀ ਲੋਕ ਖੱਜਲ ਖੁਆਰੀ ਤੋਂ ਬਚ ਗਏ। ਗੁਰਦੁਆਰਿਆਂ 'ਚ ਪੀੜਤਾਂ ਨੂੰ ਰਵਾਇਤੀ ਲੰਗਰ ਦੇ ਨਾਲ-ਨਾਲ ਉਨ੍ਹਾਂ ਦੇ ਪਸੰਦੀਦਾ ਖਾਣੇ ਜਿਵੇਂ ਪਾਸਤਾ, ਨੂਡਲਜ਼, ਬਰਗਰ ਤੇ ਪੀਜ਼ਾ ਆਦਿ ਵੀ ਵਰਤਾਏ ਗਏ। ਮੁੱਖ ਧਾਰਾ ਅਮਰੀਕੀ ਭਾਈਚਾਰੇ ਵਲੋਂ ਸੰਕਟ ਸਮੇਂ ਸਿੱਖ ਭਾਈਚਾਰੇ ਵਲੋਂ ਕੀਤੇ ਗਏ ਪ੍ਰਬੰਧਾਂ ਦੀ ਵੱਡੀ ਸ਼ਲਾਘਾ ਕੀਤੀ ਜਾ ਰਹੀ ਹੈ। ਕੁਝ ਲੋਕਾਂ ਨੇ ਕਿਹਾ ਕਿ ਮੁਸੀਬਤ ਮਾਰੇ ਲੋਕਾਂ ਦੀ ਮਦਦ ਕਰਨਾ ਹੀ ਰੱਬ ਦੀ ਭਗਤੀ ਹੈ।

ਭਾਵੇਂ ਖਤਰਾ ਕੁਝ ਟਲਣ ਪਿਛੋਂ ਯੂਬਾ ਸਿਟੀ ਅਤੇ ਨਾਲ ਲੱਗਦੇ ਇਲਾਕਿਆਂ ਦੇ ਲੋਕ ਘਰਾਂ ਨੂੰ ਇਕ ਵਾਰ ਪਰਤ ਗਏ ਹਨ ਪਰ ਖਰਾਬ ਮੌਸਮ ਕਾਰਨ ਖਤਰਾ ਪੂਰੀ ਤਰ੍ਹਾਂ ਟਲਿਆ ਨਹੀਂ। ਇਸੇ ਦੌਰਾਨ ਸਨਵਾਕੀਨ ਦਰਿਆ ਵਿਚ ਪਾਣੀ ਦਾ ਪੱਧਰ ਵਧਣ ਕਰ ਕੇ ਇਸ ਦੀ ਮਾਰ ਹੇਠ ਆਉਂਦੇ ਸ਼ਹਿਰਾਂ ਮਨਟੀਕਾ, ਮਾਡੈਸਟੋ ਅਤੇ ਟਰੇਸੀ ਵਿਚ ਵਸਦੇ ਲੋਕਾਂ ਨੂੰ ਚਿਤਾਵਨੀ ਦੇ ਦਿੱਤੀ ਗਈ ਹੈ।

# ਪਾਕਿਸਤਾਨ ਨੇ ਵੀ ਕਬੂਲਿਆ ਹਾਫਿਜ਼ ਸਈਦ ਤੋਂ ਖਤਰਾ

**ਇਸਲਾਮਾਬਾਦ:** ਜਮਾਤ-ਉਦ-ਦਾਵਾ ਦੇ ਮੁਖੀ ਦੇ ਅਤਿਵਾਦੀ ਸਬੰਧਾਂ ਨੂੰ ਪਹਿਲੀ ਵਾਰ ਜਨਤਕ ਤੌਰ 'ਤੇ ਕਬੂਲਦਿਆਂ ਰੱਖਿਆ ਮੰਤਰੀ ਖਵਾਜ਼ਾ ਆਸਿਫ਼ ਨੇ ਕਿਹਾ ਕਿ ਪਾਕਿਸਤਾਨ ਦੇ 'ਵਡੇਰੇ ਹਿਤਾਂ' ਲਈ ਹਾਫਿਜ਼ ਸਈਦ ਨੂੰ ਘਰ ਵਿਚ ਨਜ਼ਰਬੰਦ ਕੀਤਾ ਗਿਆ ਹੈ ਕਿਉਂਕਿ ਉਹ ਮੁਲਕ ਲਈ 'ਗੰਭੀਰ ਖ਼ਤਰਾ' ਬਣ ਸਕਦਾ ਹੈ। ਉਨ੍ਹਾਂ ਇਹ ਟਿੱਪਣੀ ਜਰਮਨੀ ਦੇ ਮਿਊਨਿਖ ਸ਼ਹਿਰ ਵਿਚ ਕੌਮਾਂਤਰੀ ਸੁਰੱਖਿਆ ਕਾਨਫਰੰਸ ਦੌਰਾਨ ਕੀਤੀ। ਇਸ ਦੌਰਾਨ ਪਾਕਿਸਤਾਨ ਨੇ ਸੁਰੱਖਿਆ ਕਾਰਨਾਂ ਕਰ ਕੇ ਹਾਫਿਜ਼ ਸਈਦ ਅਤੇ ਉਸ ਦੀਆਂ ਜਥੇਬੰਦੀਆਂ ਦੇ ਹੋਰ ਮੈਂਬਰਾਂ ਨੂੰ ਜਾਰੀ 44 ਅਸਲਾ ਲਾਇਸੈਂਸ ਰੱਦ ਕਰ ਦਿੱਤੇ ਹਨ।

ਸ੍ਰੀ ਆਸਿਫ ਨੇ ਮਿਊਨਿਖ ਕਾਨਫਰੰਸ ਦੌਰਾਨ ਕਿਹਾ ਕਿ ਅਤਿਵਾਦ ਕਿਸੇ ਵੀ ਧਰਮ ਨਾਲ ਸਬੰਧਤ ਨਹੀਂ ਹੈ। ਅਤਿਵਾਦੀ ਇਸਾਈ ਜਾਂ ਮੁਸਲਮਾਨ ਜਾਂ ਬੋਧੀ ਜਾਂ ਹਿੰਦੂ ਨਹੀਂ ਹਨ। ਉਹ ਕੇਵਲ ਅਤਿਵਾਦੀ ਹਨ ਅਤੇ ਅਪਰਾਧੀ ਹਨ। ਗ਼ੌਰਤਲਬ ਹੈ ਕਿ ਇਸ ਮਹੀਨੇ ਪਾਕਿਸਤਾਨ ਵਿਚ ਦਸ ਅਤਿਵਾਦੀ ਹਮਲੇ ਹੋਏ ਹਨ ਜਿਨ੍ਹਾਂ ਵਿਚ 100 ਤੋਂ ਵੱਧ ਲੋਕ ਮਾਰੇ ਗਏ ਹਨ। ਇਸੇ ਦੌਰਾਨ ਪੰਜਾਬ ਦੇ ਗ੍ਰਹਿ ਵਿਭਾਗ ਮੁਤਾਬਕ, ਸਰਕਾਰ ਵੱਲੋਂ ਸਈਦ ਅਤੇ ਉਸ ਦੀਆਂ ਜਥੇਬੰਦੀਆਂ ਜਮਾਤ-ਉਦ-ਦਵਾ ਅਤੇ ਫਲਾਹਾ-ਏ-ਇਨਸਾਨੀਅਤ ਖ਼ਿਲਾਫ਼ ਲਏ ਫ਼ੈਸਲੇ ਦੇ ਮੱਦੇਨਜ਼ਰ 44 ਅਸਲਾ ਲਾਇਸੈਂਸ ਰੱਦ ਕਰ ਦਿੱਤੇ ਗਏ ਹਨ।ਨ ਵਾਲਾ ਕਦਮ ਚੁੱਕਿਆ ਗਿਆ ਹੈ। ਦੱਸਣਯੋਗ ਹੈ ਕਿ ਸਰਕਾਰ ਵੱਲੋਂ 30 ਜਨਵਰੀ ਨੂੰ ਸਈਦ ਅਤੇ ਉਸ ਦੀਆਂ ਜਥੇਬੰਦੀਆਂ ਦੇ ਚਾਰ ਹੋਰ ਲੀਡਰਾਂ ਨੂੰ ਲਾਹੌਰ ਵਿਚ 90 ਦਿਨਾਂ ਲਈ ਘਰਾਂ ਵਿਚ ਨਜ਼ਰਬੰਦ ਕੀਤਾ ਗਿਆ ਹੈ।

## ਹੁਣ ਜਨਰਲ ਮੈਕਮਾਸਟਰ ਟਰੰਪ ਦਾ ਸੁਰੱਖਿਆ ਸਲਾਹਕਾਰ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕੀ ਫ਼ੌਜ ਦੇ ਲੈਫਟੀਨੈਂਟ ਜਨਰਲ ਹਰਬਰਟ ਰੇਅਮੰਡ ਮੈਕਮਾਸਟਰ ਦੀ ਨਵੇਂ ਕੌਮੀ ਸੁਰੱਖਿਆ ਸਲਾਹਕਾਰ ਵਜੋਂ ਚੋਣ ਕੀਤੀ ਹੈ।

ਦੱਸਣਯੋਗ ਹੈ ਕਿ ਟਰੰਪ ਪ੍ਰਸ਼ਾਸਨ ਨੇ ਇਸ ਅਹੁਦੇ ਲਈ ਚੁਣੇ ਗਏ ਲੈਫਟੀਨੈਂਟ ਜਨਰਲ ਮਾਈਕਲ ਫਲਿਨ ਨੂੰ ਮਹਿਜ਼ 24 ਦਿਨਾਂ ਬਾਅਦ ਅਹੁਦਾ ਛੱਡਣ ਲਈ ਮਜਬੂਰ ਕਰ ਦਿੱਤਾ ਸੀ। 54 ਸਾਲਾ ਮੈਕਮਾਸਟਰ ਫ਼ੌਜ ਸਮਰੱਥਾ ਇਕਜੁੱਟਤਾ ਕੇਂਦਰ ਦਾ ਮੁਖੀ ਹੈ।

## ਦਿੱਲੀ ਚੋਣਾਂ ਨਹੀਂ ਲੜੇਗਾ ਮਾਨ ਦਲ

**ਫਤਹਿਗੜ੍ਹ ਸਾਹਿਬ:** ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਪਾਰਟੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਹਿੱਸਾ ਨਹੀਂ ਲੈ ਰਹੀ। ਉਨ੍ਹਾਂ ਜਥੇਦਾਰ ਰਣਜੀਤ ਸਿੰਘ ਵੱਲੋਂ ਆਮ ਆਦਮੀ ਪਾਰਟੀ ਦੀ ਸਰਪ੍ਰਸਤੀ ਹੇਠ ਚੋਣਾਂ ਲੜਨ 'ਤੇ ਅਫ਼ਸੋਸ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਯੂਥ ਆਗੂ ਪਪਲਪ੍ਰੀਤ ਸਿੰਘ ਵੱਲੋਂ ਦਿੱਲੀ ਵਿਚ ਅਕਾਲੀ ਦਲ (ਅੰਮ੍ਰਿਤਸਰ) ਦੇ ਨਾਮ ਦੀ ਦੁਰਵਰਤੋਂ ਕਰ ਕੇ ਪੰਥਕ ਸੇਵਾ ਦਲ ਅਤੇ ਆਮ ਆਦਮੀ ਪਾਰਟੀ ਦੀ ਮਦਦ ਸਬੰਧੀ ਜੋ ਬਿਆਨ ਦਿੱਤਾ ਗਿਆ ਹੈ, ਉਸ ਦਾ ਪਾਰਟੀ ਨਾਲ ਕੋਈ ਸਬੰਧ ਨਹੀਂ।

ਰਵੀ ਬਾਠ
ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ
ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫ਼ੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।
*I may help you in securing loans at good rates as well.*
ਫੋਨ: 925-323-8626
rvbaat@gmail.com



*Ravi Batth*
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741
5887A Lone Tree Way
Antioch, CA 94531
Better Homes and Gardens Real Estate | MASON-McDUFFIE

ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?
- ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
- 1% ਡਾਊਨ ਪੇਮੈਂਟ 'ਤੇ ਲੋਨ
(ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ)
- ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?
ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ
408-905-9849
*email: sanjana4loans@gmail.com*
Arcus Lending — America's Premier Mortgage Experts
*Arcus NMLS # 1035734*



ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
NMLS # 378390
ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰੀਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

# ਅਮਰੀਕੀ ਕਾਂਗਰਸ 'ਚ ਪੇਸ਼ ਵੀਜ਼ਾ ਬਿੱਲ ਬਾਰੇ ਭਾਰਤੀ ਫਿਕਰਮੰਦ

**ਵਾਸ਼ਿੰਗਟਨ:** ਅਮਰੀਕੀ ਸੰਸਦ ਵਿਚ ਪੇਸ਼ ਕੀਤੇ ਗਏ ਐਚ-1 ਬੀ ਬਿੱਲ ਤੋਂ ਬਾਅਦ ਅਮਰੀਕਾ ਵਿਚ ਕੰਮ ਕਰ ਰਹੇ ਭਾਰਤੀ ਆਈ.ਟੀ. ਮਾਹਿਰਾਂ ਦੀਆਂ ਦਿੱਕਤਾਂ ਵਧ ਗਈਆਂ ਹਨ। ਅਸਲ ਵਿਚ ਇਸ ਸਬੰਧੀ ਕਾਨੂੰਨ ਬਣਨ ਤੋਂ ਬਾਅਦ ਐਚ-1 ਬੀ ਵੀਜ਼ੇ ਉਤੇ ਅਮਰੀਕਾ ਜਾਣ ਵਾਲੇ ਭਾਰਤੀ ਆਈ.ਟੀ. ਮਾਹਿਰਾਂ ਦੀ ਗਿਣਤੀ ਵਿਚ ਕਟੌਤੀ ਕੀਤੀ ਜਾਵੇਗੀ।

ਫਿਕਰ ਵਿਚ ਡੁੱਬੇ ਭਾਰਤੀ ਆਈ.ਟੀ. ਮਾਹਿਰ ਸਿਲੀਕਾਨ ਵੈਲੀ ਵਿਚ ਇਕੱਠੇ ਹੋਏ ਤੇ ਆਪਣੇ ਭਵਿੱਖ ਨੂੰ ਲੈ ਕੇ ਵਿਚਾਰ-ਵਟਾਂਦਰਾ ਕੀਤਾ। ਸਿਲੀਕਾਨ ਵੈਲੀ ਵਿਚ ਭਾਰਤੀ ਕਾਮਿਆਂ ਦੇ ਸੰਗਠਨ ਗਲੋਬਲ ਇੰਡੀਅਨ ਤਕਨਾਲੋਜੀ ਪ੍ਰੋਫੈਸ਼ਨਲ ਐਸੋਸੀਏਸ਼ਨ ਦੇ ਮੁਖੀ ਕੇ. ਕਾਂਡ ਨੇ ਦੱਸਿਆ ਕਿ ਐਚ-1 ਬੀ ਬਿੱਲ ਦੇ ਸੁਧਾਰ ਪ੍ਰੋਗਰਾਮ ਖੁੱਲ੍ਹੇ ਲੋਕਾਂ ਸਾਹਮਣੇ ਰੱਖਣੇ ਚਾਹੀਦੇ ਹਨ। ਕੇ. ਕਾਂਡ ਅਨੁਸਾਰ ਇਸ ਬਿੱਲ ਦਾ ਸਭ ਤੋਂ ਵੱਧ ਅਸਰ ਅਮਰੀਕੀ ਯੂਨੀਵਰਸਿਟੀ ਵਿਚ ਪੜ੍ਹਾਈ ਕਰਨ ਵਾਲੇ ਉਨ੍ਹਾਂ ਨਵੇਂ ਪੜ੍ਹਾਕੂਆਂ ਉਤੇ ਪਵੇਗਾ ਜਿਨ੍ਹਾਂ ਕੋਲ ਕੰਮ ਦਾ ਤਜਰਬਾ ਨਹੀਂ ਹੋਵੇਗਾ। ਤਜਰਬੇ ਤੋਂ ਬਿਨਾਂ ਅਮਰੀਕੀ ਕਾਨੂੰਨ ਅਨੁਸਾਰ ਘੱਟੋ ਘੱਟ ਸਾਲਾਨਾ 1,30,000 ਡਾਲਰ ਦੀ ਤਨਖਾਹ ਕੌਣ ਦੇਵੇਗਾ। ਐਚ-1 ਬੀ ਵੀਜ਼ਾ ਅਮਰੀਕਾ ਦਾ ਗੈਰ ਪਰਵਾਸੀ ਵੀਜ਼ਾ ਹੈ, ਜਿਸ ਤਹਿਤ ਅਮਰੀਕੀ ਕੰਪਨੀਆਂ ਦੂਜੇ ਦੇਸ਼ਾਂ ਤੋਂ ਕਾਮਿਆਂ ਨੂੰ ਆਪਣੀ ਲੋੜ ਅਨੁਸਾਰ ਬੁਲਾ ਕੇ ਕੰਮ ਕਰਵਾਉਂਦੀਆਂ ਸਨ।



ਇਸ ਤਹਿਤ ਅਮਰੀਕੀ ਕੰਪਨੀਆਂ ਹਜ਼ਾਰਾਂ ਪਰਵਾਸੀ ਕਾਮਿਆਂ ਨੂੰ ਹਰ ਸਾਲ ਬੁਲਾਉਂਦੀਆਂ ਸਨ। ਗਲੋਬਲ ਇੰਡੀਅਨ ਤਕਨਾਲੋਜੀ ਪ੍ਰੋਫੈਸ਼ਨਲ ਐਸੋਸੀਏਸ਼ਨ ਦੇ ਪ੍ਰਬੰਧਕਾਂ ਅਨੁਸਾਰ ਨਵੇਂ ਵੀਜ਼ਾ ਕਾਨੂੰਨ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਜ਼ਰੂਰੀ ਹੈ। ਸੰਗਠਨ ਨੇ ਭਾਰਤੀ ਵਿਦੇਸ਼ ਮੰਤਰਾਲੇ ਨੂੰ ਵੀ ਚਿੱਠੀ ਲਿਖ ਕੇ ਆਪਣੀਆਂ ਚਿੰਤਾਵਾਂ ਬਾਰੇ ਜਾਣੂ ਕਰਵਾਇਆ ਹੈ।

ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਲਿਖੇ ਪੱਤਰ ਵਿਚ ਸੰਸਥਾ ਨੇ ਆਖਿਆ ਹੈ ਕਿ ਅਮਰੀਕਾ ਦੇ ਗਰੀਨ ਕਾਰਡ ਹੋਲਡਰਾਂ ਨੂੰ ਵੀ ਇਸ ਸਮੇਂ ਨਵੇਂ ਇਮੀਗ੍ਰੇਸ਼ਨ ਕੋਟਾ ਨੀਤੀ ਤਹਿਤ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗਲੋਬਲ ਇੰਡੀਅਨ ਤਕਨਾਲੋਜੀ ਪ੍ਰੋਫੈਸ਼ਨਲ ਐਸੋਸੀਏਸ਼ਨ ਨੇ ਕਿਹਾ ਕਿ ਬਿੱਲ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ। ਇਹ ਬਿੱਲ ਪ੍ਰਤੀ ਦੇਸ਼ ਕੋਟਾ ਸਿਸਟਮ ਦਾ ਖਾਤਮਾ ਕਰਦਾ ਹੈ।

## ਪਰਵਾਸ ਨੀਤੀ 'ਤੇ ਟਰੰਪ ਦਾ ਤਰਕ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੇ ਪਰਵਾਸ ਪ੍ਰਬੰਧ ਮੈਰਿਟ ਦੇ ਆਧਾਰ 'ਤੇ ਹੋਣ ਦੀ ਵਜਾਹਤ ਕਰਦਿਆਂ ਕਿਹਾ ਹੈ ਕਿ ਇਸ ਨਾਲ ਅਮਰੀਕੀ ਅਰਥ-ਵਿਵਸਥਾ ਨੂੰ ਫਾਇਦਾ ਮਿਲੇਗਾ ਤੇ ਨੌਕਰੀਆਂ ਵੀ ਪੈਦਾ ਹੋਣਗੀਆਂ। ਵ੍ਹਾਈਟ ਹਾਊਸ ਦੇ ਸੀਨੀਅਰ ਨੀਤੀ ਸਲਾਹਕਾਰ ਸਟੀਫਨ ਮਿੱਲਰ ਨੇ ਦੱਸਿਆ ਕਿ ਰਾਸ਼ਟਰਪਤੀ ਨੇ ਸਪੱਸ਼ਟ ਕੀਤਾ ਹੈ ਕਿ ਉਹ ਦੇਸ਼ ਵਿਚ ਪਰਵਾਸੀਆਂ ਦੀ ਆਮਦ ਮੈਰਿਟ ਦੇ ਆਧਾਰ ਉਤੇ ਹੋਣ ਦੇ ਸਮਰਥਕ ਹਨ। ਇਸ ਨਾਲ ਸਾਡੀ ਆਰਥਿਕਤਾ ਮਜ਼ਬੂਤ ਹੋਵੇਗੀ ਤੇ ਸਾਰਿਆਂ ਲਈ ਨੌਕਰੀਆਂ ਵਧਾਉਣ ਵਿਚ ਵੀ ਮਦਦ ਮਿਲੇਗੀ।

ਦੱਸਣਯੋਗ ਹੈ ਕਿ ਅਮਰੀਕਾ ਵਿਚ ਭਾਰਤ ਦੇ ਸੂਚਨਾ-ਤਕਨੀਕ ਨਾਲ ਸਬੰਧੀ ਪ੍ਰੋਫੈਸ਼ਨਲ ਤੇ ਕਾਰੋਬਾਰੀ ਲੋਕ ਨਾ ਸਿਰਫ ਅਮਰੀਕਾ ਦਾ ਅਰਥਚਾਰਾ ਮਜ਼ਬੂਤ ਕਰਨ ਲਈ ਜਾਣੇ ਜਾਂਦੇ ਹਨ ਬਲਕਿ ਨੌਕਰੀਆਂ ਪੈਦਾ ਕਰਨ ਲਈ ਵੀ ਮਸ਼ਹੂਰ ਹਨ। ਇਸ ਦੇ ਨਾਲ ਹੀ ਮਿੱਲਰ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਦਾ ਕਾਨੂੰਨੀ ਪਰਵਾਸ ਪ੍ਰਬੰਧ ਅਮਰੀਕਾ ਦੇ ਕਾਮਿਆਂ ਨੂੰ ਬੇਰੁਜ਼ਗਾਰ ਨਾ ਕਰਦਾ ਹੋਵੇ ਤੇ ਨਾ ਹੀ ਧੋਖਾਧੜੀ ਦੇ ਕੋਈ ਦੋਸ਼ ਲੱਗਣ। ਜ਼ਿਕਰਯੋਗ ਹੈ ਕਿ ਅਮਰੀਕਾ ਦੇ ਐਚ-1ਬੀ ਵੀਜ਼ਾ ਪ੍ਰਬੰਧ 'ਤੇ ਉਕਤ ਦੋਵੇਂ ਦੋਸ਼ ਲੱਗਦੇ ਰਹੇ ਹਨ।

## ਟਰੰਪ ਵੱਲੋਂ ਨਿੱਕੀ ਹੇਲੀ ਦੀ ਤਾਰੀਫ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤੀ ਮੂਲ ਦੀ ਅਮਰੀਕੀ ਨਾਗਰਿਕ ਨਿੱਕੀ ਹੇਲੀ ਦੀ ਤਾਰੀਫ ਕਰਦਿਆਂ ਕਿਹਾ ਹੈ ਕਿ ਉਹ ਸੰਯੁਕਤ ਰਾਸ਼ਟਰ ਵਿਚ ਅਮਰੀਕੀ ਰਾਜਦੂਤ ਦੇ ਤੌਰ 'ਤੇ ਬਹੁਤ ਵਧੀਆ ਕੰਮ ਕਰ ਰਹੀ ਹੈ। ਕਿਸੇ ਵੀ ਰਾਸ਼ਟਰਪਤੀ ਦੇ ਪ੍ਰਸ਼ਾਸਨ ਵਿਚ ਕੈਬਨਿਟ ਪੱਧਰ ਦੇ ਅਹੁਦੇ ਤੱਕ ਨਿਯੁਕਤ ਹੋਣ ਵਾਲੀ ਉਹ ਪਹਿਲੀ ਭਾਰਤੀ-ਅਮਰੀਕੀ ਹੈ। ਦੱਖਣੀ ਕੈਰੋਲਾਈਨਾ ਵਿਚ ਤਾੜੀਆਂ ਦੀ ਗੂੰਜ 'ਚ ਟਰੰਪ ਨੇ ਕਿਹਾ ਕਿ ਮੈਂ ਸਾਬਕਾ ਗਵਰਨਰ ਨਿੱਕੀ ਹੇਲੀ ਦਾ ਸ਼ੁਕਰੀਆ ਅਦਾ ਕਰਨਾ ਚਾਹੁੰਦਾ ਹਾਂ ਜੋ ਕਿ ਬਹੁਤ ਵਧੀਆ ਕੰਮ ਕਰ ਰਹੀ ਹੈ। ਟਰੰਪ ਨੇ ਜਨਤਕ ਤੌਰ 'ਤੇ ਪਹਿਲੀ ਵਾਰ ਕਿਸੇ ਭਾਰਤੀ ਮੂਲ ਦੀ ਅਮਰੀਕੀ ਸਿਆਸੀ ਰਾਜਦੂਤ ਦੇ ਕੰਮ ਦੀ ਤਾਰੀਫ ਕਰਦਿਆਂ ਕਿਹਾ ਕਿ ਸੰਯੁਕਤ ਰਾਸ਼ਟਰ ਵਿਚ ਰਾਜਦੂਤ ਦੇ ਤੌਰ 'ਤੇ ਅਮਰੀਕਾ ਦੀ ਅਗਵਾਈ ਬਹੁਤ ਹੀ ਵਧੀਆ ਢੰਗ ਨਾਲ ਕਰ ਰਹੀ ਹੈ।

## ਹਨੀਮੂਨ ਲਈ ਵਿਆਨਾ ਨੂੰ ਪਹਿਲ ਦਿੰਦੇ ਨੇ ਨਵ ਵਿਆਹੇ ਭਾਰਤੀ ਜੋੜੇ

**ਮੁੰਬਈ:** ਭਾਰਤੀ ਨਵ-ਵਿਆਹੇ ਜੋੜਿਆਂ ਲਈ ਆਸਟਰੀਆ ਦੀ ਰਾਜਧਾਨੀ ਵਿਆਨਾ ਹਨੀਮੂਨ ਦੀ ਪਸੰਦੀਦਾ ਜਗ੍ਹਾ ਬਣਦਾ ਜਾ ਰਿਹਾ ਹੈ। ਇਸ ਕਾਰਨ ਸਥਾਨਕ ਪ੍ਰਸ਼ਾਸਨ ਨੂੰ ਇਸ ਸਾਲ ਭਾਰਤ ਤੋਂ ਪਹੁੰਚਣ ਵਾਲੇ ਸੈਲਾਨੀਆਂ, ਖਾਸ ਤੌਰ ਨੌਜਵਾਨ ਸੈਲਾਨੀਆਂ ਦੀ ਗਿਣਤੀ 20 ਤੋਂ 30 ਫੀਸਦੀ ਵਧਣ ਦੀ ਉਮੀਦ ਹੈ।ਵਿਆਨਾ ਟੂਰਿਸਟ ਬੋਰਡ ਮੁਤਾਬਕ ਸਾਲ 2016 'ਚ ਭਾਰਤ ਤੋਂ ਰਿਕਾਰਡ ਗਿਣਤੀ ਵਿਚ ਸੈਲਾਨੀ ਵਿਆਨਾ ਪਹੁੰਚੇ ਸਨ, ਜਿਨ੍ਹਾਂ ਦੀ ਗਿਣਤੀ 2015 ਤੋਂ 28 ਫੀਸਦੀ ਵਧ ਸੀ।

ਰਿਸਰਚ ਮੁਤਾਬਕ, ਭਾਰਤੀ ਕਾਫੀ ਖਰਚੀਲੇ ਹੁੰਦੇ ਹਨ। ਅੰਕੜਿਆਂ ਮੁਤਾਬਕ 44 ਫੀਸਦੀ ਭਾਰਤੀ 4 ਸਟਾਰ ਹੋਟਲਾਂ ਵਿਚ ਠਹਿਰੇ, 19 ਫੀਸਦੀ 5 ਸਟਾਰ ਤੇ 25 ਫੀਸਦੀ ਭਾਰਤੀ 3 ਸਟਾਰ ਹੋਟਲਾਂ 'ਚ ਠਹਿਰੇ। ਆਸਟਰੀਆ ਦੀ ਰਾਜਧਾਨੀ ਨੇ ਸਾਲ 2015 ਵਿਚ 89,628 ਭਾਰਤੀ ਸੈਲਾਨੀਆਂ ਦੀ ਮੇਜ਼ਬਾਨੀ ਕੀਤੀ ਸੀ।

## ਚੀਨ ਵਿਚ ਕਰਜ਼ਦਾਰਾਂ ਦੀ ਸ਼ਾਮਤ

**ਬੀਜਿੰਗ:** ਚੀਨ ਦੀ ਸੁਪਰੀਮ ਕੋਰਟ ਨੇ ਦੇਸ਼ ਦੇ ਕਰਜ਼ਦਾਰਾਂ ਨਾਲ ਦੋ-ਦੋ ਹੱਥ ਕਰਨ ਲਈ ਇਕ ਇਤਿਹਾਸਕ ਫੈਸਲਾ ਸੁਣਾਇਆ ਹੈ। ਅਦਾਲਤ ਨੇ ਦੇਸ਼ ਦੇ ਤਕਰੀਬਨ 70 ਲੱਖ ਕਰਜ਼ਦਾਰਾਂ ਨੂੰ ਝਟਕਾ ਦਿੰਦਿਆਂ ਉਨ੍ਹਾਂ ਦਾ ਸਮਾਜਿਕ ਬਾਈਕਾਟ ਕੀਤੇ ਜਾਣ ਦਾ ਫੈਸਲਾ ਸੁਣਾਇਆ ਹੈ।

ਅਜਿਹੇ ਲੋਕਾਂ ਦੇ ਨਿੱਜੀ ਆਈ.ਡੀ. ਨੰਬਰਾਂ ਨੂੰ ਵੀ ਬਲਾਕ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਇਸ ਤੋਂ ਬਾਅਦ ਇਹ ਲੋਕ ਨਾ ਤਾਂ ਚੀਨ 'ਚ ਕਿਸੇ ਹਵਾਈ ਸਫਰ ਦੀ ਸਹੂਲਤ ਲੈ ਸਕਣਗੇ ਅਤੇ ਨਾ ਹੀ ਇਨ੍ਹਾਂ ਲੋਕਾਂ ਨੂੰ ਚੀਨ ਦੀ ਹਾਈ ਸਪੀਡ ਟਰੇਨਾਂ 'ਚ ਥਾਂ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਸਾਲ 2013 ਦੌਰਾਨ ਚੀਨ 'ਚ ਬੈਂਕਾਂ ਸਮੇਤ ਹੋਰ ਸੰਗਠਨਾਂ ਤੋਂ ਕਰਜ ਵਜੋਂ ਮੋਟੀ ਰਕਮ ਲੈ ਕੇ ਵਾਪਸ ਨਾ ਕਰਨ ਵਾਲੇ ਲੋਕਾਂ ਦੀ ਇਕ ਸੂਚੀ ਬਣਾਈ ਗਈ ਹੈ। ਇਸ ਸੂਚੀ ਵਿਚ ਟੈਕਸ ਦੀ ਚੋਰੀ ਕਰਨ ਵਾਲਿਆਂ ਦੇ ਨਾਂ ਵੀ ਸ਼ਾਮਲ ਕੀਤੇ ਗਏ ਸਨ। ਇਸ ਸੂਚੀ 'ਚ ਇਨ੍ਹਾਂ ਲੋਕਾਂ ਨੇ ਕਿੰਨਾ ਸਮਾਂ ਪਹਿਲਾਂ ਕਰਜ਼ ਲਿਆ ਸੀ, ਕਿੰਨੀ ਕਿਸ਼ਤ ਦਿੱਤੀ ਅਤੇ ਹਾਲੇ ਕਿੰਨਾ ਕਰਜ਼ਾ ਨਹੀਂ ਚੁਕਾਇਆ ਹੈ, ਇਨ੍ਹਾਂ ਸਾਰੀਆਂ ਗੱਲਾਂ ਨੂੰ ਦਰਜ ਕੀਤਾ ਗਿਆ ਸੀ। ਇਸ ਸੂਚੀ 'ਚ ਅਜਿਹੇ ਕਰਜ਼ਦਾਰਾਂ ਦੇ ਨਿੱਜੀ ਆਈ.ਡੀ. ਨੰਬਰਾਂ ਨੂੰ ਵੀ ਦਰਜ ਕੀਤਾ ਗਿਆ ਸੀ ਤਾਕਿ ਇਨ੍ਹਾਂ 'ਤੇ ਕਾਰਵਾਈ ਦੌਰਾਨ ਇਹ ਨੰਬਰ ਪਹਿਲਾਂ ਤੋਂ ਮੌਜੂਦ ਹੋਣ।

## ਭਾਰਤ ਨੇ ਇਕੋ ਵੇਲੇ 104 ਉਪਗ੍ਰਹਿ ਦਾਗ ਕੇ ਰਚਿਆ ਇਤਿਹਾਸ

**ਸ੍ਰੀਹਰੀਕੋਟਾ:** ਭਾਰਤ ਨੇ ਇਕੋ ਸਮੇਂ 104 ਉਪਗ੍ਰਹਿ ਦਾਗ ਅਤੇ ਇਨ੍ਹਾਂ ਨੂੰ ਆਪਣੇ ਗ੍ਰਹਿ ਪੰਧ ਉਤੇ ਪਾ ਕੇ ਇਤਿਹਾਸ ਸਿਰਜ ਦਿੱਤਾ। ਇਸਰੋ ਨੇ ਆਪਣੇ 'ਪੋਲਰ ਸੈਟੇਲਾਈਟ ਲਾਂਚ ਵਹੀਕਲ' ਦੀ 38ਵੀਂ ਸਫਲ ਉਡਾਣ ਦੌਰਾਨ ਭਾਰਤ ਦੇ ਮੌਸਮ ਉਤੇ ਨਜ਼ਰ ਰੱਖਣ ਵਾਲੇ ਕਾਰਟੋਸੈਟ-2 ਸੀਰੀਜ਼ ਦੇ ਉਪਗ੍ਰਹਿ ਅਤੇ 103 ਨੈਨੋ ਉਪਗ੍ਰਹਿਆਂ ਨੂੰ 30 ਮਿੰਟਾਂ ਦੇ ਵਕਫੇ ਵਿਚ ਗ੍ਰਹਿ ਪੰਧ ਉਤੇ ਪਾਇਆ। ਇਨ੍ਹਾਂ ਵਿਚੋਂ ਸਿਰਫ 3 ਉਪਗ੍ਰਹਿ ਭਾਰਤ ਦੇ ਹਨ, ਜਦੋਂ ਕਿ ਬਾਕੀ ਸਾਰੇ ਦੂਜੇ ਦੇਸ਼ਾਂ ਦੇ ਹਨ।

ਅਰਬਾਂ ਡਾਲਰਾਂ ਦੀ ਉਪਗ੍ਰਹਿ ਦਾਗਣ ਵਾਲੀ ਸਨਅਤ ਵਿਚ ਭਾਰਤ ਨੂੰ ਹੁਣ ਵੱਡਾ ਹਿੱਸਾ ਮਿਲ ਸਕਦਾ ਹੈ ਕਿਉਂਕਿ ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਰੂਸ ਦੀ ਪੁਲਾੜ ਏਜੰਸੀ ਵੱਲੋਂ 2014 ਵਿਚ ਇਕੋ ਉਡਾਣ ਦੌਰਾਨ 37 ਉਪਗ੍ਰਹਿ ਦਾਗਣ ਦੇ ਰਿਕਾਰਡ ਨੂੰ ਮਾਤ ਪਾ ਦਿੱਤੀ।

ਇਸ ਤੋਂ ਪਹਿਲਾਂ ਇਸਰੋ ਨੇ 2015 ਵਿਚ ਇਕੋ ਵੇਲੇ 20 ਉਪਗ੍ਰਹਿ ਦਾਗੇ ਸਨ। ਹੁਣ ਦਾਗੇ ਉਪਗ੍ਰਹਿਆਂ ਵਿਚੋਂ ਜ਼ਿਆਦਾਤਰ ਧਰਤੀ ਦੀਆਂ



ਤਸਵੀਰਾਂ ਲੈਣ ਨਾਲ ਸਬੰਧਤ ਹਨ। ਇਨ੍ਹਾਂ ਵਿਚ 96 ਨੈਨੋ ਉਪਗ੍ਰਹਿ ਦੋ ਅਮਰੀਕੀ ਕੰਪਨੀਆਂ ਦੇ ਹਨ, ਜਦੋਂ ਕਿ ਇਸਰਾਈਲ, ਕਜ਼ਾਕਿਸਤਾਨ, ਨੀਦਰਲੈਂਡ, ਸਵਿਟਜ਼ਰਲੈਂਡ ਅਤੇ ਸੰਯੁਕਤ ਅਰਬ ਅਮੀਰਾਤ ਦਾ ਇਕ ਇਕ ਉਪਗ੍ਰਹਿ ਹੈ।

## ਉਤਰੀ ਕੋਰੀਆ ਦੇ ਤਾਨਾਸ਼ਾਹ ਦੇ ਭਰਾ ਦਾ ਕਤਲ

**ਸਿਓਲ:** ਉਤਰੀ ਕੋਰੀਆ ਦੇ ਤਾਨਾਸ਼ਾਹ ਕਿਮ ਜੌਂਗ ਉਨ ਦੇ ਮਤਰੇਅ ਭਰਾ ਦਾ ਮਲੇਸ਼ੀਆ ਵਿਚ ਕਤਲ ਕਰ ਦਿੱਤਾ ਗਿਆ। ਦੱਖਣੀ ਕੋਰੀਆ ਦੀ ਇਕ ਨਿਊਜ਼ ਏਜੰਸੀ ਦਾ ਦਾਅਵਾ ਹੈ ਕਿ ਉਸ ਨੂੰ ਜ਼ਹਿਰੀਲੀ ਸੂਈ ਚੁਭੋ ਕੇ ਮਾਰਿਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਕਿਮ ਦੇ ਭਰਾ ਦੀ ਸੁਰੱਖਿਆ 'ਚ ਕਮੀਆਂ ਦਾ ਫਾਇਦਾ ਚੁੱਕਦਿਆਂ ਇਸ ਕਤਲ ਨੂੰ ਅੰਜਾਮ ਦਿੱਤਾ ਗਿਆ। ਕਿਮ ਜੌਂਗ ਉਨ ਦੇ ਭਰਾ ਦਾ ਨਾਂ ਕਿਮ ਜੌਂਗ ਸੀ।

ਇਲਜ਼ਾਮ ਇਹ ਵੀ ਲੱਗ ਰਹੇ ਹਨ ਕਿ ਕਿਮ ਨੇ ਹੀ ਆਪਣੇ ਮਤਰੇਅ ਭਰਾ ਦਾ ਕਤਲ



ਕਰਵਾਇਆ ਹੈ।

ਖਬਰਾਂ ਦੇ ਹਵਾਲੇ ਨਾਲ ਇਹ ਦਾਅਵਾ ਵੀ ਕੀਤਾ ਜਾ ਰਿਹਾ ਹੈ ਕਿ ਨਾਰਥ ਕੋਰੀਆ ਦੀ ਖੁਫੀਆ ਏਜੰਸੀ 'ਦ ਰੇਕਨੋਯਸਾਂ ਜਨਰਲ ਬਿਓਰੋ' ਦੇ ਏਜੰਟਾਂ ਨੇ ਹੀ ਇਹ ਕਤਲ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਏਅਰਪੋਰਟ 'ਤੇ ਚੈਕਿੰਗ ਦੌਰਾਨ ਜੌਂਗ ਨਾਮ (45) ਦੇ ਬਾਡੀਗਾਰਡ ਥੋੜ੍ਹਾ ਇਧਰ-ਉਧਰ ਹੋਏ। ਇਸੇ ਦੌਰਾਨ ਦੋ ਔਰਤ ਏਜੰਟਾਂ ਨੇ ਉਸ ਦਾ ਜ਼ਹਿਰੀਲੀਆਂ ਸੂਈਆਂ ਨਾਲ ਕਤਲ ਕਰ ਦਿੱਤਾ। ਹਮਲੇ ਤੋਂ ਬਾਅਦ ਇਹ ਔਰਤਾਂ ਫਰਾਰ ਹੋ ਗਈਆਂ।

## ਪ੍ਰਦੂਸ਼ਣ ਕਾਰਨ 10 ਲੱਖ ਤੋਂ ਵੱਧ ਬੱਚੇ ਸਮੇਂ ਤੋਂ ਪਹਿਲਾਂ ਲੈਂਦੇ ਹਨ ਜਨਮ



**ਨਵੀਂ ਦਿੱਲੀ:** ਇਕ ਅਧਿਐਨ ਵਿਚ ਸਾਹਮਣੇ ਆਇਆ ਹੈ ਕਿ ਪ੍ਰਦੂਸ਼ਿਤ ਹਵਾ ਵਿਚ ਸਾਹ ਲੈਣ ਕਰ ਕੇ ਸਾਲ 2010 ਵਿਚ ਭਾਰਤ ਵਿਚ ਦਸ ਲੱਖ ਬੱਚਿਆਂ ਨੇ ਸਮੇਂ ਤੋਂ ਪਹਿਲਾਂ ਜਨਮ ਲਿਆ।

ਅਧਿਐਨ 'ਚ ਦਾਅਵਾ ਕੀਤਾ ਗਿਆ ਹੈ ਕਿ ਇਹ ਅੰਕੜਾ ਵਿਸ਼ਵ ਵਿਚ ਸਭ ਤੋਂ ਵੱਧ ਅਤੇ ਚੀਨ ਵਿਚ ਜੰਮੇ ਬੱਚਿਆਂ ਨਾਲੋਂ ਦੁੱਗਣਾ ਹੈ। ਅਧਿਐਨ ਮੁਤਾਬਕ 2010 ਵਿਚ ਆਲਮੀ ਪੱਧਰ ਉਤੇ 27 ਲੱਖ ਬੱਚੇ ਪ੍ਰਦੂਸ਼ਣ ਤੋਂ ਸਿੱਧੇ ਤੌਰ ਉਤੇ ਪ੍ਰਭਾਵਿਤ ਹੋਏ। ਦੱਖਣੀ ਤੇ ਪੂਰਬੀ ਏਸ਼ੀਆ ਵਿਚ ਜੰਮੇ ਬੱਚਿਆਂ ਦੀ ਕੁੱਲ ਗਿਣਤੀ ਦਾ 75 ਫੀਸਦੀ ਹੈ। ਅਧਿਐਨ ਵਿਚ ਕਿਹਾ ਗਿਆ ਹੈ ਕਿ ਗਰਭਵਤੀ ਔਰਤ ਦਾ ਪ੍ਰਦੂਸ਼ਣ ਨਾਲ ਸਿੱਧਾ ਸੰਪਰਕ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਕਿਥੇ ਰਹਿੰਦੀ ਹੈ। ਮਿਸਾਲ ਵਜੋਂ ਚੀਨ ਜਾਂ ਭਾਰਤ ਵਿਚ ਰਹਿੰਦੀਆਂ ਮਹਿਲਾਵਾਂ, ਇੰਗਲੈਂਡ ਜਾਂ ਫਰਾਂਸ ਦੇ ਪੇਂਡੂ ਇਲਾਕਿਆਂ 'ਚ ਰਹਿੰਦੀਆਂ ਮਹਿਲਾਵਾਂ ਦੇ ਮੁਕਾਬਲੇ 10 ਗੁਣਾਂ ਵੱਧ ਪ੍ਰਦੂਸ਼ਤ ਹਵਾ ਸਾਹ ਵਜੋਂ ਅੰਦਰ ਲੈਂਦੀਆਂ ਹਨ।

## ਪਾਕਿਸਤਾਨ ਦੁਨੀਆਂ ਲਈ ਖਤਰਾ?

**ਵਾਸ਼ਿੰਗਟਨ:** ਅਮਰੀਕਾ ਦੀ ਖੁਫੀਆ ਏਜੰਸੀ ਸੀ.ਆਈ.ਏ. ਦੇ ਇਕ ਸਾਬਕਾ ਅਧਿਕਾਰੀ ਨੇ ਆਖਿਆ ਹੈ ਕਿ ਪਾਕਿਸਤਾਨ ਸੰਭਵ ਤੌਰ 'ਤੇ ਦੁਨੀਆਂ ਦਾ ਸਭ ਤੋਂ ਖਤਰਨਾਕ ਮੁਲਕ ਹੈ। ਉਨ੍ਹਾਂ ਅਜਿਹਾ ਇਸ ਆਧਾਰ ਉਤੇ ਕਿਹਾ ਹੈ ਕਿ ਇਕ ਪਾਸੇ ਪਾਕਿਸਤਾਨ ਦੀ ਅਰਥਚਾਰਾ ਮਾੜੀ ਹਾਲਤ ਵਿਚ ਹੈ, ਦੂਜੇ ਪਾਸੇ ਦਹਿਸ਼ਤਗਰਦੀ ਦਾ ਜ਼ੋਰ ਹੈ ਤੇ ਨਾਲ ਹੀ ਇਸ ਦੇ ਪਰਮਾਣੂ ਅਸਲਾਖਾਨੇ ਵਿਚ ਤੇਜ਼ੀ ਨਾਲ ਇਜ਼ਾਫ਼ਾ ਹੋ ਰਿਹਾ ਹੈ। ਇਸਲਾਮਾਬਾਦ ਵਿਚ ਸੀ.ਆਈ.ਏ. ਦੇ ਸਟੇਸ਼ਨ ਮੁਖੀ ਰਹਿ ਚੁੱਕੇ ਕੇਵਿਨ ਹਲਬਰਟ ਨੇ ਖਬਰਦਾਰ ਕੀਤਾ ਕਿ ਜੇ ਪਾਕਿਸਤਾਨ ਨਾਕਾਮ ਹੁੰਦਾ ਹੈ ਤੇ ਉਥੇ ਦਹਿਸ਼ਤਗਰਦਾਂ ਦਾ ਗਲਬਾ ਵਧਦਾ ਹੈ ਤਾਂ ਇਸ ਦਾ ਸਾਰੀ ਦੁਨੀਆਂ 'ਤੇ ਮਾੜਾ ਅਸਰ ਪਵੇਗਾ।

ਉਨ੍ਹਾਂ ਇਹ ਗੱਲ ਇੰਟੈਲੀਜੈਂਸ ਭਾਈਚਾਰੇ ਨਾਲ ਸਬੰਧਤ ਇਕ ਵੈਬਸਾਈਟ 'ਸਾਈਫਰ ਬਰੀਫ' ਉਤੇ ਪਾਈ ਇਕ ਪੋਸਟ ਵਿਚ ਆਖੀ ਹੈ। ਉਨ੍ਹਾਂ ਲਿਖਿਆ ਹੈ: ''ਸਾਨੂੰ ਅਫਗਾਨਿਸਤਾਨ ਵਿਚ ਹੀ ਇੰਨੀਆਂ ਮੁਸ਼ਕਲਾਂ ਹਨ, ਜਿਸ ਦੀ ਆਬਾਦੀ ਮਹਿਜ਼ 3.3 ਕਰੋੜ ਹੈ, ਜਦੋਂਕਿ ਪਾਕਿਸਤਾਨ ਦੀ ਆਬਾਦੀ 18.2 ਕਰੋੜ ਹੈ। ਇਸ ਦੀ ਜਨਮ ਦਰ ਵੀ ਕਾਫੀ ਉਚੀ ਹੈ ਤੇ ਇਹ ਸਾਰੀ ਦੁਨੀਆਂ ਲਈ ਭਾਰੀ ਚਿੰਤਾ ਦਾ ਵਿਸ਼ਾ ਹੈ।''

## ਵਰਲਡ ਟਰੇਡ ਸੈਂਟਰ ਦੇ ਹਮਲਾਵਰ ਦੀ ਮੌਤ

**ਕਾਹਿਰਾ:** ਅਮਰੀਕਾ ਦੇ ਵਰਲਡ ਟਰੇਡ ਸੈਂਟਰ 'ਤੇ ਸਾਲ 1993 ਵਿਚ ਬੰਬ ਨਾਲ ਹਮਲਾ ਕਰਨ ਵਾਲੇ ਮਿਸਰ ਦੇ ਜਿਹਾਦੀ ਅਧਿਆਤਮਕ ਆਗੂ ਉਮਰ ਅਬਦੁਲ ਰਹਿਮਾਨ ਦੀ ਅਮਰੀਕਾ ਦੀ ਜੇਲ੍ਹ 'ਚ ਮੌਤ ਹੋ ਗਈ। ਉਹ 78 ਵਰ੍ਹਿਆਂ ਦਾ ਸੀ ਤੇ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਸੀ।

## ਪਿਕਾਸੋ ਦੀ ਪੇਂਟਿੰਗ 1.5 ਕਰੋੜ ਪੌਂਡ 'ਚ ਵਿਕਣ ਦਾ ਅਨੁਮਾਨ

**ਲੰਡਨ:** ਮਸ਼ਹੂਰ ਸਪੈਨਿਸ਼ ਕਲਾਕਾਰ ਪਾਬਲੋ ਪਿਕਾਸੋ ਦੀ ਟਮਾਟਰਾਂ ਦੇ ਬੂਟੇ ਵਾਲੀ ਪੇਂਟਿੰਗ, ਜੋ ਕਿ ਨਾਜ਼ੀਆਂ ਵੱਲੋਂ ਪੈਰਿਸ ਉਤੇ ਕਬਜ਼ਾ ਕੀਤੇ ਜਾਣ ਦੌਰਾਨ ਬਣਾਈ ਗਈ ਸੀ, ਬਰਤਾਨੀਆ 'ਚ ਬੋਲੀ ਦੌਰਾਨ 1.5 ਕਰੋੜ ਪੌਂਡ ਵਿਚ ਵਿਕਣ ਦਾ ਅਨੁਮਾਨ ਹੈ।

ਪਿਕਾਸੋ ਵੱਲੋਂ ਇਹ ਪੇਂਟਿੰਗ ਪੈਰਿਸ ਦੀ ਨਾਜ਼ੀਆਂ ਤੋਂ ਮੁਕਤੀ ਤੋਂ ਪਹਿਲਾਂ 1944 ਹਫਤਿਆਂ ਵਿਚ ਪੇਂਟ ਕੀਤੀ ਗਈ ਸੀ। ਨਾਜ਼ੀਆਂ ਵੱਲੋਂ ਪਿਕਾਸੋ ਨੂੰ ਕਾਲੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਸੀ ਤੇ ਉਸ 'ਤੇ ਜੰਗ ਦੇ ਸਮੇਂ ਦੌਰਾਨ ਦੇ ਕੀਤੇ ਗਏ ਕਲਾਤਮਕ ਕੰਮ ਨੂੰ ਜਨਤਕ ਕਰਨ ਦੀ ਪਾਬੰਦੀ ਲਾਈ ਗਈ ਸੀ। ਇਹ ਪੇਂਟਿੰਗ ਸਭ ਤੋਂ ਪਹਿਲਾਂ 1947 ਵਿਚ ਬੋਸਬਾਲ ਹਾਲ ਆਫ ਫੇਮ ਦੇ ਬਾਨੀ ਸਟੀਫਨ ਕਾਰਲਟਨ ਕਲਾਰਕ ਨੇ ਖਰੀਦੀ ਸੀ।

# ਦਿੱਲੀ ਕਮੇਟੀ ਚੋਣਾਂ ਵਿਚ ਨਿੱਤਰੀਆਂ ਧਿਰਾਂ ਵੱਲੋਂ ਵਾਅਦਿਆਂ ਦੀ ਝੜੀ

**ਨਵੀਂ ਦਿੱਲੀ:** ਵੋਟਾਂ ਦੀ ਮੁੱਖ ਰਸਮ ਮੁਤਾਬਕ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੀ ਵੱਖ-ਵੱਖ ਪਾਰਟੀਆਂ ਵੱਲੋਂ ਸਿੱਖ ਵੋਟਰਾਂ ਨਾਲ ਲੰਮੇ-ਚੌੜੇ ਲੁਭਾਉਣੇ ਵਾਅਦੇ ਕੀਤੇ ਗਏ ਹਨ। ਰਵਾਇਤੀ ਪਾਰਟੀਆਂ ਸਮੇਤ ਇਸ ਵਾਰ ਪੰਥਕ ਸੇਵਾ ਦਲ ਵੀ ਅਹਿਮ ਪਾਰਟੀ ਵਜੋਂ ਉਭਰ ਕੇ ਸਾਹਮਣੇ ਆ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ), ਸਰਨਾ ਧੜੇ ਤੋਂ ਇਲਾਵਾ ਪੰਥਕ ਸੇਵਾ ਦਲ ਨੇ ਵੀ ਚੋਣ ਮਨੋਰਥ ਪੱਤਰ ਜਾਰੀ ਕਰ ਦਿੱਤਾ ਹੈ।

ਦਿੱਲੀ ਦੇ ਸਿੱਖਾਂ ਨਾਲ ਪੰਥਕ ਸੇਵਾ ਦਲ ਨੇ ਜੋ ਮੁੱਖ ਵਾਅਦੇ ਕੀਤੇ ਹਨ, ਉਨ੍ਹਾਂ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਣ ਵਾਲੇ ਆਦੇਸ਼ਾਂ ਉਤੇ ਪਹਿਰਾ ਦੇਣਾ, ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਦੀ ਕਾਰ ਸੇਵਾ ਬਾਬਾ ਬਚਨ ਸਿੰਘ (ਕਾਰ ਸੇਵਾ ਵਾਲਿਆਂ) ਤੋਂ ਹੀ ਕਰਵਾਉਣਾ, ਦਿੱਲੀ ਕਮੇਟੀ 'ਚ ਸੇਵਾਦਾਰਾਂ ਤੇ ਇਤਿਹਾਸਕ ਗੁਰਦੁਆਰਿਆਂ ਵਿਚ ਪਾਠੀ ਸਿੰਘਾਂ ਦੀ ਤਨਖਾਹ ਘੱਟ ਤੋਂ ਘੱਟ 15,000 ਰੁਪਏ ਮਹੀਨਾ ਕਰਨਾ, ਘੱਟ ਗਿਣਤੀ ਦੇ ਪ੍ਰਮਾਣ ਪੱਤਰ ਧਰਮ ਪ੍ਰਚਾਰ ਕਮੇਟੀ ਦੇ ਪ੍ਰਤੀਨਿਧੀ ਵੱਲੋਂ ਹੀ ਜਾਰੀ ਕੀਤੇ ਜਾਣਾ, ਸਿੱਖਾਂ ਲਈ ਸਿਹਤ ਤੇ ਸਿੱਖਿਆ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਸੁਚੱਜੇ ਪ੍ਰਬੰਧ ਕੀਤੇ ਜਾਣੇ ਤੇ ਲੋੜਵੰਦ ਸਿੱਖ ਪਰਿਵਾਰਾਂ ਲਈ ਮੁਫਤ ਸਿਹਤ ਬੀਮਾ ਯੋਜਨਾ ਸ਼ੁਰੂ ਕਰਨਾ ਆਦਿ ਸ਼ਾਮਲ ਹਨ। ਇਸ ਦੇ ਨਾਲ ਹੀ ਸਿੱਖ ਨੌਜਵਾਨਾਂ ਨੂੰ ਰੁਜ਼ਗਾਰ ਦਿਵਾਉਣ ਦੇ ਯਤਨ ਆਰੰਭ ਕਰਨੇ, 1984 ਨਸਲਕੁਸ਼ੀ ਪੀੜਤ ਪਰਿਵਾਰਾਂ ਦੀ ਮਦਦ, ਅਫਗਾਨਿਸਤਾਨ ਤੋਂ ਆਏ ਸਿੱਖ ਪਰਿਵਾਰਾਂ ਨੂੰ ਭਾਰਤ ਦੀ ਨਾਗਰਿਕਤਾ ਦਿਵਾਉਣ ਸਮੇਤ ਕਈ ਹੋਰ ਅਜਿਹੇ ਵਾਅਦੇ ਕੀਤੇ ਗਏ ਹਨ, ਜਿਹੜੇ ਜ਼ਿਆਦਾਤਰ ਸਿਰਫ ਲਿਖਤਾਂ ਵਿਚ ਹੀ ਰਹਿ ਜਾਂਦੇ ਹਨ।



## ਕਿਵੇਂ ਹੁੰਦੀ ਹੈ ਦਿੱਲੀ ਕਮੇਟੀ ਦੀ ਚੋਣ?

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਚਾਰ ਸਾਲ ਬਾਅਦ ਹੁੰਦੀ ਹੈ। ਕਮੇਟੀ ਦੇ ਮੈਂਬਰਾਂ ਦੀ ਕੁੱਲ ਗਿਣਤੀ 55 ਹੈ। ਇਨ੍ਹਾਂ ਵਿਚ 46 ਮੈਂਬਰ ਵੋਟਾਂ ਰਾਹੀਂ ਚੁਣੇ ਜਾਂਦੇ ਹਨ, ਜਦਕਿ 9 ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ। ਇਨ੍ਹਾਂ 9 ਮੈਂਬਰਾਂ ਵਿਚ ਦੋ ਮੈਂਬਰ ਦਿੱਲੀ ਦੇ ਸਿੱਖਾਂ ਵਿਚੋਂ ਹੁੰਦੇ ਹਨ, ਇਕ ਮੈਂਬਰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦਾ ਹੁੰਦਾ ਹੈ, ਚਾਰ ਮੈਂਬਰ ਅਕਾਲ ਤਖਤ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ, ਤਖਤ ਸ੍ਰੀ ਪਟਨਾ ਸਾਹਿਬ ਤੇ ਤਖਤ ਸ੍ਰੀ ਹਜ਼ੂਰ ਸਾਹਿਬ ਤੋਂ ਚੁਣ ਕੇ ਭੇਜਿਆ ਜਾਂਦਾ ਹੈ। ਬਾਕੀ ਦੋ ਮੈਂਬਰ ਦਿੱਲੀ ਕਮੇਟੀ ਦੇ ਕਾਰਜਾਂ ਵਿਚ ਅਹਿਮ ਯੋਗਦਾਨ ਪਾਉਣ ਵਾਲੇ ਨਾਮਜ਼ਦ ਕੀਤੇ ਜਾਂਦੇ ਹਨ। ਕਮੇਟੀ ਦੀ ਐਗਜ਼ੈਕਟਿਵ ਕਮੇਟੀ ਵਿਚ 15 ਮੈਂਬਰ ਹੁੰਦੇ ਹਨ, ਜਿਨ੍ਹਾਂ 'ਚ ਕਮੇਟੀ ਦਾ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਜੁਆਇੰਟ ਸਕੱਤਰ ਸਮੇਤ 10 ਹੋਰ ਕਮੇਟੀ ਮੈਂਬਰ ਸ਼ਾਮਲ ਹੁੰਦੇ ਹਨ। ਦਿੱਲੀ ਕਮੇਟੀ ਦਾ ਸਾਰਾ ਪ੍ਰਬੰਧ ਸੰਗਤ ਵੱਲੋਂ ਗੁਰਦੁਆਰਿਆਂ 'ਚ ਕੀਤੇ ਜਾਂਦਾ ਚੜ੍ਹਾਵੇ ਨਾਲ ਚਲਦਾ ਹੈ। 26 ਜਨਵਰੀ ਨੂੰ ਹੋਣ ਵਾਲੀਆਂ ਚੋਣਾਂ ਵਿਚ ਤਕਰੀਬਨ 3 ਲੱਖ 81 ਹਜ਼ਾਰ ਸਿੱਖ ਵੋਟਰ ਹਿੱਸਾ ਲੈਣਗੇ। ਸਭ ਤੋਂ ਘੱਟ 5258 ਵੋਟਰ ਰਾਜਿੰਦਰ ਨਗਰ ਵਾਰਡ ਵਿਚ ਹਨ ਤੇ ਸਭ ਤੋਂ ਵੱਧ 10,932 ਵੋਟਰ ਰਾਜੌਰੀ ਗਾਰਡਨ ਵਾਰਡ ਵਿਚ ਹਨ।

## ਸਰਨਾ ਧੜੇ ਵੱਲੋਂ ਸਿੱਖ ਯੂਨੀਵਰਸਿਟੀ ਦਾ ਵਾਅਦਾ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦਿੱਲੀ (ਸਰਨਾ) ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 26 ਫਰਵਰੀ ਨੂੰ ਹੋ ਰਹੀਆਂ ਚੋਣਾਂ ਨੂੰ ਮੁੱਖ ਰੱਖ ਕੇ ਆਪਣਾ ਚੋਣ ਮਨੋਰਥ ਪੱਤਰ ਜਾਰੀ ਕੀਤਾ, ਜਿਸ ਵਿਚ ਧਰਮ ਪ੍ਰਚਾਰ ਨੂੰ ਪਹਿਲ ਦੇਣ, ਪਤਿਤਪੁਣੇ ਨੂੰ ਠੱਲ੍ਹ ਪਾਉਣ, ਬਾਦਲ ਦਲ ਵਲੋਂ ਬੰਦ ਕੀਤੀਆਂ ਵਿਦਿਅਕ ਸੰਸਥਾਵਾਂ ਨੂੰ ਮੁੜ ਸ਼ੁਰੂ ਕਰਨ ਅਤੇ ਇਕ ਸਿੱਖ ਯੂਨੀਵਰਸਿਟੀ ਸਥਾਪਤ ਕਰਨ ਵਰਗੇ ਵਾਅਦੇ ਕੀਤੇ ਗਏ ਹਨ।



ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਦੌਰਾਨ ਗੁਰੂ ਦੀ ਗੋਲਕ ਨੂੰ ਬਾਦਲ ਦਲ ਵਾਲਿਆਂ ਨੇ ਘੁਣ ਵਾਂਗ ਖਾਧੀ ਹੈ ਅਤੇ ਇਸ ਵੇਲੇ ਦਿੱਲੀ ਕਮੇਟੀ ਦਾ ਖਜ਼ਾਨਾ ਪੂਰੀ ਤਰ੍ਹਾਂ ਖਾਲੀ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਕੋਈ ਵਪਾਰਕ ਅਦਾਰਾ ਨਹੀਂ, ਸਗੋਂ ਸੇਵਾ ਵਾਲਾ ਅਦਾਰਾ ਹੈ ਜਿਸ ਨੂੰ ਸੇਵਾ ਭਾਵਨਾ ਨਾਲ ਹੀ ਚਲਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਲਈ ਦਿੱਲੀ ਕਮੇਟੀ ਵੱਲੋਂ ਇਕ ਐਫ.ਐਮ. ਰੇਡੀਓ ਵੀ ਸ਼ੁਰੂ ਕੀਤਾ ਜਾਵੇਗਾ। ਇਸ ਦੌਰਾਨ ਸਰਨਾ ਨੇ ਸਿੱਖ ਯੂਨੀਵਰਸਿਟੀ ਸਥਾਪਤ ਕੀਤੇ ਜਾਣ ਦਾ ਵਾਅਦਾ ਵੀ ਕੀਤਾ।

## ਪੰਜਾਬੀ ਬਾਗ ਹਲਕੇ ਵਿਚ ਸਾਨ੍ਹਾਂ ਦੇ ਭੇੜ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਪੰਜਾਬੀ ਬਾਗ ਹਲਕਾ ਨੰਬਰ-9 ਵਿਚ ਸਾਨ੍ਹਾਂ ਦੇ ਭੇੜ ਹੋਣ ਕਰ ਕੇ ਇਸ ਹਲਕੇ ਉਪਰ ਸਭ ਦੀ ਨਜ਼ਰ ਲੱਗੀ ਹੋਈ ਹੈ। ਇਸ ਅਮੀਰ ਵੱਸੋਂ ਵਾਲੇ ਹਲਕੇ ਵਿਚ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਪ੍ਰਧਾਨ, ਦਿੱਲੀ ਕਮੇਟੀ ਦੇ ਜਨਰਲ ਸਕੱਤਰ ਤੇ ਪੰਜਾਬ ਦੇ ਉਪ ਮੁੱਖ ਮੰਤਰੀ ਦੇ ਸਲਾਹਕਾਰ ਮਨਜਿੰਦਰ ਸਿੰਘ ਸਿਰਸਾ ਤੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦਰਮਿਆਨ ਮੁਕਾਬਲਾ ਹੈ। ਦੋਵੇਂ ਹੀ ਆਗੂ ਪੈਸੇ ਪੱਖੋਂ ਸੌਖੇ ਹਨ ਤੇ ਚੋਣ ਪ੍ਰਚਾਰ ਲਈ ਪੈਸਾ ਪਾਣੀ ਵਾਂਗ ਵਹਾ ਰਹੇ ਹਨ। ਇਸ ਹਲਕੇ ਵਿਚ 7280 ਵੋਟਾਂ ਹਨ ਜਿਨ੍ਹਾਂ ਵਿਚੋਂ 600 ਵੋਟਾਂ ਜਾਅਲੀ ਜਾਂ ਸਹੀ ਨਾ ਹੋਣ ਕਰ ਕੇ ਕੱਟੀਆਂ ਗਈਆਂ ਹਨ, 1200 ਨਵੀਆਂ ਵੋਟਾਂ ਬਣੀਆਂ ਹਨ।

ਪਿਛਲੀਆਂ ਚੋਣਾਂ ਦੌਰਾਨ ਮਨਜਿੰਦਰ ਸਿੰਘ ਸਿਰਸਾ ਨੇ ਪਰਮਜੀਤ ਸਿੰਘ ਸਰਨਾ ਨੂੰ ਵੱਡੇ ਫਰਕ ਨਾਲ ਮਾਤ ਦਿੱਤੀ ਸੀ। ਹੱਦਬੰਦੀ ਤੋਂ ਪਹਿਲਾਂ ਇਥੇ ਕਰੀਬ 14000 ਵੋਟਾਂ ਸਨ ਤੇ ਸ੍ਰੀ ਸਿਰਸਾ ਦੀ ਜਿੱਤ ਦਾ ਅੰਤਰ ਕਰੀਬ 4300 ਸੀ। ਹੁਣ ਕੁਝ ਇਲਾਕਾ ਇਥੋਂ ਬਦਲ ਕੇ ਨੇੜੇ ਦੇ ਵਾਰਡ ਵਿਚ ਪਾ ਦਿੱਤਾ ਗਿਆ। ਪੰਥਕ ਸੇਵਾ ਦਲ ਦੇ ਹਰਜਿੰਦਰ ਸਿੰਘ ਇੰਜੀਨੀਅਰ ਵੀ ਮੈਦਾਨ ਵਿਚ ਹਨ ਤੇ ਆਜ਼ਾਦ ਵੀ ਡਟੇ ਹੋਏ ਹਨ।

# ਅਕਾਲੀ ਦਲ ਬਾਦਲ ਨੇ ਛੱਡਿਆ ਦਿੱਲੀ ਦਾ ਮੈਦਾਨ!

**ਚੰਡੀਗੜ੍ਹ:** ਬਾਦਲਾਂ ਵਾਲੇ ਸ਼੍ਰੋਮਣੀ ਅਕਾਲੀ ਦਲ ਦੀ ਇਸ ਵਾਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਐਸ.ਜੀ.ਐਮ.ਸੀ.) ਦੀਆਂ ਚੋਣਾਂ ਵਿਚ ਬਹੁਤੀ ਦਿਲਚਸਪੀ ਨਹੀਂ ਹੈ। ਚੋਣਾਂ 26 ਫਰਵਰੀ ਨੂੰ ਹੋ ਰਹੀਆਂ ਹਨ, ਪਰ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਚੁੱਪ-ਚੁਪੀਤੇ ਅਮਰੀਕਾ ਨਿਕਲੇ ਗਏ ਹਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੀ ਉਨ੍ਹਾਂ ਦੇ ਨਾਲ ਹਨ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪਹਿਲਾਂ ਹੀ ਇਲਾਜ ਲਈ ਅਮਰੀਕਾ ਗਏ ਹੋਏ ਹਨ। ਪਿਛਲੀ ਵਾਰ ਸ਼੍ਰੋਮਣੀ ਅਕਾਲੀ ਦਲ ਨੇ ਡੀ.ਐਸ.ਜੀ.ਐਮ.ਸੀ. ਦੀਆਂ ਚੋਣਾਂ ਪੰਜਾਬ ਵਾਂਗ ਹੀ ਲੜੀਆਂ ਸਨ। ਪੰਜਾਬ ਦੇ ਛੋਟੇ-ਵੱਡੇ ਅਕਾਲੀ ਦਿੱਲੀ ਵਿਚ ਡਟੇ ਰਹੇ ਸਨ। ਅਕਾਲੀ ਦਲ ਨੇ ਘਰ-ਘਰ ਤੱਕ ਪਹੁੰਚ ਕੀਤੀ ਸੀ। ਇਸ ਵਾਰ ਅਕਾਲੀ ਦਲ ਵਿਚ ਉਹ ਉਤਸ਼ਾਹ ਨਜ਼ਰ ਨਹੀਂ ਆ ਰਿਹਾ। ਕੋਈ ਵੀ ਸੀਨੀਅਰ ਅਕਾਲੀ ਆਗੂ ਦਿੱਲੀ ਵਿਚ ਚੋਣ ਪ੍ਰਚਾਰ ਕਰਨ ਨਹੀਂ ਗਿਆ। ਪਤਾ ਲੱਗਾ ਹੈ ਕਿ ਇਸ ਵਾਰ ਇਸਤਰੀ ਵਿੰਗ ਹੀ ਦਿੱਲੀ ਵਿਚ ਪ੍ਰਚਾਰ ਕਰੇਗਾ।

ਦਰਅਸਲ, ਸੱਤਾ ਵਿਚ ਰਹਿੰਦਿਆਂ ਸ਼੍ਰੋਮਣੀ ਅਕਾਲੀ ਦਲ ਪੰਥਕ ਮਸਲਿਆਂ ਉਤੇ ਬੁਰੀ ਤਰ੍ਹਾਂ ਘਿਰਿਆ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਡੇਰਾ ਸਿਰਸਾ ਦੀ ਹਮਾਇਤ ਲੈਣਾ ਤੇ ਵਿਰੋਧੀ ਸਿੱਖ ਧੜਿਆਂ ਉਤੇ ਸਖਤੀ ਆਦਿ ਮੁੱਦਿਆਂ ਕਰ ਕੇ ਸਿੱਖਾਂ ਵਿਚ ਪੰਜਾਬ ਦੇ ਅਕਾਲੀ ਲੀਡਰਾਂ ਖਿਲਾਫ ਰੋਸ ਹੈ। ਇਸ ਕਰ ਕੇ ਹੀ ਦਿੱਲੀ ਦੀ ਲੀਡਰਸ਼ਿਪ ਨੇ ਪੰਜਾਬ ਦੇ ਲੀਡਰਾਂ ਨੂੰ ਚੋਣ ਪ੍ਰਚਾਰ ਤੋਂ ਦੂਰ ਹੀ ਰਹਿਣ ਦੀ ਸਲਾਹ ਦਿੱਤੀ ਹੈ। ਸ਼ਾਇਦ ਇਸ ਕਰ ਕੇ ਅਕਾਲੀ ਦਲ ਨੂੰ ਡੀ.ਐਸ.ਜੀ.ਐਮ.ਸੀ. ਦੀਆਂ ਚੋਣਾਂ ਵਿਚ ਕੋਈ ਜ਼ਿਆਦਾ ਦਿਲਚਸਪੀ ਨਹੀਂ ਰਹੀ।

## ਬਾਦਲਾਂ ਦੇ ਬਾਈਕਾਟ ਦਾ ਸੱਦਾ

**ਨਵੀਂ ਦਿੱਲੀ:** ਯੂਨਾਈਟਡ ਅਕਾਲੀ ਦਲ ਦੇ ਪ੍ਰਧਾਨ ਤੇ ਸਰਬੱਤ ਖਾਲਸਾ ਦੇ ਪ੍ਰਬੰਧਕ ਭਾਈ ਮੋਹਕਮ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਡੇਰਾ ਸਿਰਸਾ ਮੁਖੀ ਦੀ ਪੁਸ਼ਤਪਨਾਹੀ ਲਈ ਦੋਸ਼ੀ ਠਹਿਰਾਉਂਦਿਆਂ ਕਿਹਾ ਕਿ ਇਨ੍ਹਾਂ ਪੰਥ ਦੋਖੀਆਂ ਨੂੰ ਸਿੱਖ ਦਿੱਲੀ ਕਮੇਟੀ ਦੀਆਂ ਚੋਣਾਂ ਵਿਚ ਮੂੰਹ ਨਾ ਲਾਉਣ। ਉਨ੍ਹਾਂ ਦਿੱਲੀ ਦੀਆਂ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਬਾਦਲ ਦਲੀਆਂ ਨੂੰ ਮੂੰਹ ਨਾ ਲਾਉਣ ਤੇ ਉਨ੍ਹਾਂ ਦਾ ਬਾਈਕਾਟ ਕਰ ਕੇ ਦਿੱਲੀ ਕਮੇਟੀ ਵਿਚੋਂ ਬੋਰੀਆ ਬਿਸਤਰਾ ਗੋਲ ਕਰ ਦੇਣ। ਮੋਹਕਮ ਸਿੰਘ ਨੇ ਕਿਹਾ ਕਿ ਦਿੱਲੀ ਦੇ ਸਿੱਖਾਂ ਦੇ ਵਿਰੋਧ ਕਾਰਨ ਹੀ ਮਨਜੀਤ ਸਿੰਘ ਜੀ.ਕੇ. ਤੇ ਮਨਜਿੰਦਰ ਸਿੰਘ ਸਿਰਸਾ ਨੇ ਦਿੱਲੀ ਵਿਚ ਕਿਸੇ ਵੀ ਹੋਰਡਿੰਗ 'ਤੇ ਬਾਦਲਾਂ ਦੀਆ ਤਸਵੀਰਾਂ ਨਹੀਂ ਲਾਈਆਂ ਜਦਕਿ 2013 ਵਿਚ ਚਿੱਟੇ ਦੇ ਵਪਾਰੀ ਬਿਕਰਮ ਸਿੰਘ ਮਜੀਠੀਆ ਸਮੇਤ ਬਾਦਲ ਪਰਿਵਾਰ ਦੀਆਂ ਤਸਵੀਰਾਂ ਵੀ ਲਾਈਆਂ ਸਨ। ਉਨ੍ਹਾਂ ਕਿਹਾ ਕਿ ਬੀਬੀ ਜਗੀਰ ਕੌਰ ਤੇ ਸੁਖਦੇਵ ਸਿੰਘ ਢੀਂਡਸਾ ਦਿੱਲੀ ਵਿਚ ਬਾਦਲ ਦਲ ਦਾ ਪ੍ਰਚਾਰ ਕਰਨ ਲਈ ਆ ਰਹੇ ਹਨ। ਬੀਬੀ ਜਗੀਰ ਕੌਰ ਆਪਣੀ ਬੇਟੀ ਤੇ ਉਸ ਦੇ ਪੇਟ ਵਿਚ ਪਲਦੇ ਬੱਚੇ ਦੇ ਕਤਲ ਦੀ ਦੋਸ਼ੀ ਹੈ।



# ਪਾਕਿਸਤਾਨ ਜਾਣਾ ਚਾਹੁੰਦੀ ਹੈ ਸਰਬਜੀਤ ਦੀ ਭੈਣ

**ਅੰਮ੍ਰਿਤਸਰ:** ਪਾਕਿਸਤਾਨ ਦੀ ਕੋਟ ਲੱਖਪਤ ਜੇਲ੍ਹ ਵਿਚ ਕੈਦ ਦੌਰਾਨ ਆਪਣੀ ਜਾਨ ਗਵਾ ਚੁੱਕੇ ਭਾਰਤੀ ਕੈਦੀ ਸਰਬਜੀਤ ਸਿੰਘ ਦੀ ਭੈਣ ਦਲਬੀਰ ਕੌਰ ਫਿਰ ਪਾਕਿਸਤਾਨ ਜਾਣਾ ਚਾਹੁੰਦੀ ਹੈ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਸਰਬਜੀਤ ਦੇ ਪਰਿਵਾਰ ਨੂੰ ਵੀਜ਼ਾ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਉਸ ਦਾ ਪਰਿਵਾਰ ਪਾਕਿਸਤਾਨ ਦੀ ਅਦਾਲਤ ਵਿਚ ਜਾ ਕੇ ਆਪਣੇ ਬਿਆਨ ਦਰਜ ਕਰਵਾ ਸਕੇ। ਇਹ ਮੰਗ ਦਲਬੀਰ ਕੌਰ ਨੇ ਪਾਕਿਸਤਾਨ ਦੀ ਅਦਾਲਤ ਵੱਲੋਂ ਜੇਲ੍ਹ ਦੇ ਉਚ ਅਧਿਕਾਰੀ ਖਿਲਾਫ ਸਰਬਜੀਤ ਕਤਲ ਕਾਂਡ ਵਿਚ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਜਾਣ ਤੋਂ ਬਾਅਦ ਕੀਤੀ ਹੈ।



ਦਲਬੀਰ ਕੌਰ ਨੇ ਪਾਕਿਸਤਾਨ ਦੀ ਅਦਾਲਤ ਦੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਖੁਸ਼ੀ ਜ਼ਾਹਿਰ ਕੀਤੀ। ਉਨ੍ਹਾਂ ਉਸ ਦੇ ਭਰਾ ਦੀ ਮੌਤ ਲਈ ਉਥੋਂ ਦੀ ਸਰਕਾਰ, ਏਜੰਸੀਆਂ, ਆਰਮੀ ਤੇ ਜੇਲ੍ਹ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਹੁਣ ਉਮੀਦ ਹੈ ਕਿ ਸਰਬਜੀਤ ਦੇ ਕਾਤਲਾਂ ਨੂੰ ਸਜ਼ਾ ਮਿਲ ਸਕਦੀ ਹੈ। ਦਲਬੀਰ ਕੌਰ ਨੇ ਕਿਹਾ ਕਿ ਇਕ ਹੀ ਅਣਜਾਣ ਵਿਅਕਤੀ ਸੀ ਜੋ ਵਾਰ-ਵਾਰ ਜੇਲ੍ਹ ਵਿਚ ਜਾਂਦਾ ਸੀ। ਉਹ ਸਰਬਜੀਤ ਦੇ ਕਾਤਲਾਂ ਨੂੰ ਵੱਖ-ਵੱਖ ਮੌਕਿਆਂ 'ਤੇ ਸਾਮਾਨ ਮੁਹੱਈਆ ਕਰਵਾਉਂਦਾ ਸੀ। ਅਜੇ ਤੱਕ ਉਸ ਬਾਰੇ ਕੁਝ ਵੀ ਪਤਾ ਨਹੀਂ ਲੱਗ ਸਕਿਆ। ਅਸੀਂ ਚਾਹੁੰਦੇ ਹਾਂ ਕਿ ਉਥੇ ਜਾ ਕੇ ਅਦਾਲਤ ਵਿਚ ਇਹ ਸਾਰੀਆਂ ਗੱਲਾਂ ਦਰਜ ਕਰਵਾ ਸਕੀਏ। ਦਲਬੀਰ ਕੌਰ ਨੇ ਕਿਹਾ ਕਿ ਇਹ ਖੁਲਾਸਾ ਹੋਣਾ ਜ਼ਰੂਰੀ ਹੈ ਕਿ ਪਾਕਿਸਤਾਨ ਵਿਚ ਭਾਰਤੀ ਕੈਦੀਆਂ ਨਾਲ ਕਿਹੋ ਜਿਹਾ ਵਿਹਾਰ ਕੀਤਾ ਜਾਂਦਾ ਹੈ। ਉਸ ਦੇ ਭਰਾ ਦੀ ਮੌਤ ਦੇ ਕੀ ਕਾਰਨ ਸਨ ਤੇ ਇਸ ਪਿੱਛੇ ਕੌਣ ਕੌਣ ਲੋਕ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਸਰਬਜੀਤ ਮਾਮਲੇ ਦੀ ਜਾਂਚ ਲਈ ਬਣਾਏ ਕਮਿਸ਼ਨ ਵਿਚ ਜਸਟਿਸ ਮਜ਼ਹਰ ਅਲੀ ਨਕਵੀ ਨੇ ਹੁਣ ਤੱਕ 40 ਗਵਾਹਾਂ ਦੇ ਬਿਆਨ ਦਰਜ ਕੀਤੇ ਹਨ। ਸਰਬਜੀਤ ਕਤਲ ਕਾਂਡ ਵਿਚ ਜੇਲ੍ਹ ਵਿਚ ਉਸ ਦੇ ਸਾਥੀ ਕੈਦੀਆਂ ਤੰਬਾ ਤੇ ਮੁਦੱਸਰ 'ਤੇ ਇਲਜ਼ਾਮ ਲੱਗੇ ਹਨ।

# ਮੌੜ ਬੰਬ ਧਮਾਕੇ ਬਾਰੇ ਖੁਲਾਸਿਆਂ ਨੇ ਉਲਝਾਈ ਪੁਲਿਸ

**ਚੰਡੀਗੜ੍ਹ:** ਮੌੜ ਬੰਬ ਧਮਾਕੇ ਦੀ ਜਾਂਚ ਸਵਾਲਾਂ ਦੇ ਘੇਰੇ ਵਿਚ ਹੈ। ਅਜੇ ਤੱਕ ਪੁਲਿਸ ਕਿਸੇ ਤਣ ਪੱਤਣ ਨਹੀਂ ਪਹੁੰਚ ਸਕੀ। ਚੋਣਾਂ ਤੋਂ ਪਹਿਲਾਂ ਇਸ ਦਾ ਸਬੰਧ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਨਾਲ ਜੋੜਿਆ ਗਿਆ ਸੀ। ਚੋਣਾਂ ਤੋਂ ਬਾਅਦ ਜਾਂਚ ਏਜੰਸੀਆਂ ਨੇ ਦਾਅਵਾ ਕੀਤਾ ਕਿ ਇਸ ਦਾ ਆਈ.ਐਸ.ਆਈ. ਨਾਲ ਕੋਈ ਸਬੰਧ ਨਹੀਂ।

ਪੁਲਿਸ ਨੇ ਇਸ ਮਾਮਲੇ ਵਿਚ ਸ਼ੱਕ ਦੇ ਆਧਾਰ 'ਤੇ ਪੁੱਛਗਿੱਛ ਲਈ ਮੌੜ ਦੇ ਦਸਮੇਸ਼ ਨਗਰ ਵਾਸੀ ਕੁਲਬੀਰ ਸਿੰਘ ਨੂੰ ਚੁੱਕਿਆ ਹੈ, ਪਰ ਹੁਣ ਇਸ ਕੇਸ ਵਿਚ ਨਵਾਂ ਮੋੜ ਆਇਆ ਹੈ। ਕੁਲਬੀਰ ਦੀ ਮਾਤਾ ਰਜਿੰਦਰ ਕੌਰ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਬੇਟੇ ਨੂੰ ਝੂਠੇ ਕੇਸ ਵਿਚ ਫਸਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਧਮਾਕੇ ਸਮੇਂ ਕਾਂਗਰਸੀ ਉਮੀਦਵਾਰ ਹਰਮਿੰਦਰ ਜੱਸੀ ਦੀ ਚੋਣ ਮੀਟਿੰਗ ਸਮੇਂ ਦੀ ਸੀ.ਸੀ.ਟੀ.ਵੀ. ਫੁਟੇਜ ਤੇ ਤਸਵੀਰਾਂ ਦੇ ਵਾਇਰਲ ਹੋਣ ਕਰ ਕੇ ਪਿੰਡ ਖੋਖਰ ਵਾਸੀ ਨੌਜਵਾਨਾਂ ਲਈ ਪਰੇਸ਼ਾਨੀ ਖੜ੍ਹੀ ਹੋ ਗਈ ਹੈ। ਪੁਲਿਸ ਤੇ ਪ੍ਰਸ਼ਾਸਨ ਵੱਲੋਂ ਸਥਾਨਕ ਪੱਧਰ 'ਤੇ ਸੀ.ਸੀ.ਟੀ.ਵੀ. ਵੀਡੀਓ ਕਲਿੱਪ ਤੇ ਤਸਵੀਰਾਂ ਜਾਰੀ ਕੀਤੀਆਂ ਗਈਆਂ ਸਨ। ਇਨ੍ਹਾਂ ਤਸਵੀਰਾਂ ਵਿਚ ਦੋ ਦਸਤਾਰਧਾਰੀ ਵਿਅਕਤੀਆਂ ਨੂੰ ਸਰਕਲ ਕੀਤਾ ਗਿਆ ਸੀ। ਇਹ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਜਾਣ ਤੋਂ ਬਾਅਦ ਖੋਖਰ ਵਾਸੀਆਂ ਲਖਵੀਰ ਸਿੰਘ ਤੇ ਗੁਰਨੈਬ ਸਿੰਘ ਨੇ ਦਾਅਵਾ ਕੀਤਾ ਹੈ ਕਿ 31 ਜਨਵਰੀ ਨੂੰ ਉਹ ਆਪਣੇ ਪਿੰਡੋਂ ਇਕ ਗੱਡੀ 'ਤੇ 20 ਮੋਟਰਸਾਈਕਲਾਂ ਸਮੇਤ ਪਿੰਡ ਚਾਉਕੇ ਤੋਂ ਸ਼ੁਰੂ ਹੋਏ ਜੱਸੀ ਦੇ ਰੋਡ ਸ਼ੋਅ ਵਿਚ ਸ਼ਾਮਲ ਹੋਏ ਸਨ। ਇਸ ਤੋਂ ਬਾਅਦ ਜਦੋਂ ਉਹ ਹਲਕੇ ਦੇ ਸਾਰੇ ਪਿੰਡਾਂ ਵਿਚੋਂ ਹੁੰਦੇ ਹੋਏ ਮੌੜ ਦੀ ਫੈਕਟਰੀ ਰੋਡ 'ਤੇ ਟਰੱਕ ਯੂਨੀਅਨ ਕੋਲੋਂ ਲੰਘਣ ਲੱਗੇ ਤਾਂ ਘਟਨਾ ਵਾਲੇ ਸਥਾਨ ਉਤੇ ਚਾਹ ਪੀਣ ਲੱਗ ਪਏ।



ਬਾਅਦ ਵਿਚ ਪਿੰਡ ਪਰਤ ਆਏ, ਪਰ ਉਨ੍ਹਾਂ ਨੂੰ ਜਦੋਂ ਕਿਸੇ ਪਿੰਡ ਵਾਸੀ ਤੋਂ ਸੋਸ਼ਲ ਮੀਡੀਆ 'ਤੇ ਉਨ੍ਹਾਂ ਨੂੰ ਸ਼ੱਕੀਆਂ ਵਜੋਂ ਪੇਸ਼ ਕੀਤੇ ਜਾਣ ਦਾ ਪਤਾ ਲੱਗਾ ਤਾਂ ਉਨ੍ਹਾਂ ਦੇ ਹੋਸ਼ ਉੱਡ ਗਏ। ਇਸ ਮਗਰੋਂ ਉਨ੍ਹਾਂ ਨੇ ਡੀ.ਐਸ.ਪੀ. ਮੌੜ ਕੋਲ ਪੁੱਜ ਕੇ ਆਪਣਾ ਸਪਸ਼ਟੀਕਰਨ ਦਿੱਤਾ।

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੱਤਰਕਾਰਾਂ ਤੇ ਜਮਹੂਰੀ ਕਾਰਕੁਨਾਂ ‘ਤੇ ਹਮਲਿਆਂ ਖਿਲਾਫ ਲਾਮਬੰਦੀ

**ਲੁਧਿਆਣਾ:** ਜਮਹੂਰੀ ਅਧਿਕਾਰ ਸਭਾ ਪੰਜਾਬ ਵਲੋਂ ਲੁਧਿਆਣਾ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਪਾਰਕ ਵਿਖੇ ਸਮੁੱਚੇ ਦੇਸ਼ ਵਿਚ ਪੱਤਰਕਾਰਾਂ, ਜਮਹੂਰੀ ਕਾਰਕੁਨਾਂ ਅਤੇ ਵਕੀਲਾਂ ਉਪਰ ਹਮਲਿਆਂ ਵਿਰੁੱਧ ਸੂਬਾਈ ਕਾਨਫਰੰਸ ਕੀਤੀ ਗਈ। ਸਭਾ ਦੇ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ, ਜਨਰਲ ਸਕੱਤਰ ਪ੍ਰੋ. ਜਗਮੋਹਣ ਸਿੰਘ, ਸੂਬਾ ਪ੍ਰੈੱਸ ਸਕੱਤਰ ਬੂਟਾ ਸਿੰਘ ਨਵਾਂਸ਼ਹਿਰ, ਸੂਬਾ ਦਫ਼ਤਰ ਸਕੱਤਰ ਐਡਵੋਕੇਟ ਰਾਜੀਵ ਲੋਹਟਬੱਦੀ ਅਤੇ ਸੂਬਾ ਜਥੇਬੰਦਕ ਸਕੱਤਰ ਨਰਭਿੰਦਰ ਨੇ ਸੰਬੋਧਨ ਕਰਦਿਆਂ ਮਨੁੱਖੀ ਹੱਕਾਂ ਦੀ ਨਾਜ਼ੁਕ ਹਾਲਤ ਦੀ ਚਰਚਾ ਕੀਤੀ।

ਪ੍ਰੋ. ਜਗਮੋਹਣ ਸਿੰਘ ਨੇ ਕਿਹਾ ਕਿ ਬਸਤਰ, ਝਾਰਖੰਡ ਅਤੇ ਹਰ ਥਾਂ ਹੀ ਕੁਦਰਤੀ ਵਸੀਲਿਆਂ ਦੀ ਲੁੱਟ ਦੇ ਵਿਰੋਧ ਨੂੰ ਕੁਚਲਣ ਲਈ ਜਮਹੂਰੀ ਤਾਕਤਾਂ ਦੀ ਆਵਾਜ਼ ਨੂੰ ਕੁਚਲਿਆ ਜਾ ਰਿਹਾ ਹੈ ਅਤੇ ਕਸ਼ਮੀਰੀਆਂ ਦੀ ਆਜ਼ਾਦੀ ਦੀ ਰੀਝ ਨੂੰ ਫ਼ੌਜੀ ਤਾਕਤ ਨਾਲ ਦਬਾਇਆ ਜਾ ਰਿਹਾ ਹੈ। ਬੂਟਾ ਸਿੰਘ ਨੇ ਕਿਹਾ ਕਿ ਮੁਲਕ ਅੰਦਰ ਹੁਕਮਰਾਨਾਂ ਦੀਆਂ ਕਾਰਪੋਰੇਟ ਸਰਮਾਏਦਾਰੀ ਪੱਖੀ ਨੀਤੀਆਂ ਥੋਪਣ ਦੇ ਅਮਲ ਅੰਦਰ ਲੋਕਾਂ ਖਾਸ ਕਰ ਦਲਿਤਾਂ ਅਤੇ ਆਦਿਵਾਸੀਆਂ ਦੇ ਹੱਕਾਂ

**ਜਮਹੂਰੀ ਅਧਿਕਾਰ ਸਭਾ ਵੱਲੋਂ ਰੋਸ ਮਾਰਚ ਤੇ ਕਾਨਫਰੰਸ**




‘ਤੇ ਬੇਦਰੇਗ ਹਮਲੇ ਕੀਤੇ ਜਾ ਰਹੇ ਹਨ। ਛੱਤੀਸਗੜ੍ਹ ਦੇ ਬਸਤਰ ਖੇਤਰ ਨੂੰ ਫਾਸ਼ੀਵਾਦੀ ਜਬਰ ਦੀ ਮੁੱਖ ਪ੍ਰਯੋਗਸ਼ਾਲਾ ਬਣਾਇਆ ਗਿਆ ਹੈ ਜਿਥੇ ਝੂਠੇ ਪੁਲਿਸ ਮੁਕਾਬਲਿਆਂ, ਕੇਸਾਂ ਤਹਿਤ ਸੰਘਰਸ਼ਸ਼ੀਲ ਆਦਿਵਾਸੀਆਂ ਨਾਲ ਵਧੀਕੀਆਂ ਬੇਰੋਕ-ਟੋਕ ਜਾਰੀ ਹੈ। ਇਸੇ ਤਰ੍ਹਾਂ ਕੇਰਲ ਤੇ ਤਾਮਿਲਨਾਡੂ ਵਿਚ ਵੀ ਲੋਕ ਪੱਖੀ ਵਕੀਲਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਗਿਆ ਹੈ। ਪੰਜਾਬ ਵਿਚ ਮੌੜ ਮੰਡੀ ਬੰਬ ਕਾਂਡ ਨੂੰ ਬਹਾਨਾ ਬਣਾ ਕੇ ਪੁਲਿਸ ਵਲੋਂ ਬਠਿੰਡਾ ਜ਼ਿਲ੍ਹੇ ਵਿਚ ਜਮਹੂਰੀ ਕਾਰਕੁਨਾਂ ਤੇ ਘਰਾਂ ਉਤੇ ਛਾਪੇ ਮਾਰੇ ਗਏ। ਪ੍ਰੋ. ਏ.ਕੇ.ਮਲੇਰੀ ਨੇ ਮੰਗ ਕੀਤੀ ਕਿ ਜਮਹੂਰੀ ਸ਼ਖਸੀਅਤਾਂ ਪ੍ਰੋ. ਨੰਦਿਨੀ ਸੁੰਦਰ, ਡਾ. ਬੇਲਾ ਭਾਟੀਆ ਅਤੇ ਹੋਰ ਮਨੁੱਖੀ ਅਧਿਕਾਰ ਕਾਰਕੁਨਾਂ, ਪੱਤਰਕਾਰਾਂ, ਵਕੀਲਾਂ ਅਤੇ ਆਦਿਵਾਸੀਆਂ ਵਿਰੁੱਧ ਦਰਜ ਕੀਤੇ ਝੂਠੇ ਕੇਸ ਵਾਪਸ ਲਏ ਜਾਣ। ਜੋਧਪੁਰ ਯੂਨੀਵਰਸਿਟੀ ਦੀ ਪ੍ਰੋ. ਰਾਣਾਵਤ ਦੀ ਮੁਅੱਤਲੀ ਰੱਦ ਕਰਨ ਦੀ ਮੰਗ ਵੀ ਕੀਤੀ ਗਈ।

ਸ਼ਹੀਦ ਕਰਤਾਰ ਸਿੰਘ ਸਰਾਭਾ ਪਾਰਕ ਵਿਚ ਕਾਨਫਰੰਸ ਤੋਂ ਬਾਅਦ ਹਕੂਮਤੀ ਦਹਿਸ਼ਤਵਾਦ ਅਤੇ ਹਿੰਦੂਤਵੀ ਫਾਸ਼ੀਵਾਦ ਵਿਰੁੱਧ ਨਾਅਰੇ ਲਗਾਉਂਦੇ ਹੋਏ ਅਤੇ ਆਪਣੇ ਹੀ ਲੋਕਾਂ ਵਿਰੁੱਧ ਫ਼ੌਜੀ ਅਤੇ ਨੀਮ-ਫ਼ੌਜੀ ਓਪਰੇਸ਼ਨ ਬੰਦ ਕਰਨ ਦੀ ਮੰਗ ਕਰਦੇ ਹੋਏ ਭਾਰਤ ਨਗਰ ਚੌਕ ਤੋਂ ਹੁੰਦੇ ਹੋਏ ਪੰਜਾਬੀ ਭਵਨ ਤਕ ਮਾਰਚ ਕੀਤਾ ਗਿਆ। ਸਟੇਜ ਦਾ ਸੰਚਾਲਨ ਜਸਵੰਤ ਜੀਰਖ਼ ਅਤੇ ਸਤੀਸ਼ ਸਚਦੇਵਾ ਨੇ ਕੀਤਾ। ਇਸ ਮੌਕੇ ਸਭਾ ਦੇ ਸਮੂਹ ਸੂਬਾ ਕਮੇਟੀ ਮੈਂਬਰਾਨ ਅਤੇ ਵੱਖ-ਵੱਖ ਜ਼ਿਲ੍ਹਾ ਆਗੂਆਂ ਤੋਂ ਇਲਾਵਾ ਡਾ. ਹਰਬੰਸ ਸਿੰਘ ਗਰੇਵਾਲ, ਮਾਸਟਰ ਭਜਨ ਸਿੰਘ ਕੈਨੇਡਾ, ਇਕਬਾਲ ਸੋਮੀਆਂ, ਡਾ. ਕਿਸ਼ਨ ਚੰਦ ਕੌਮੀ, ਪ੍ਰੋ. ਬਾਵਾ ਸਿੰਘ, ਕੰਵਲਜੀਤ ਖੰਨਾ, ਨਾਟਕਕਾਰ ਹਰਕੇਸ਼ ਚੌਧਰੀ ਅਤੇ ਹੋਰ ਹਾਜ਼ਰ ਸਨ।

## ਵਲਾਇਤ ਦੇ ਗੁਰਦੁਆਰੇ ਨੇ ਕੀਤਾ ਭੇਦਭਾਵ ਖਾਤਮ

**ਲੰਡਨ:** ਬਰਤਾਨੀਆ ਦੇ ਇਕ ਗੁਰਦੁਆਰੇ ਨੇ ਚੌਕੜੀ ਮਾਰ ਕੇ ਬੈਠਣ ਤੋਂ ਅਸਮਰਥ ਸੰਗਤ ਵਿਚ ਭੇਦਭਾਵ ਪੈਦਾ ਕਰਨ ਵਾਲੀ ਸਕਰੀਨ ਨੂੰ ਹਟਾਉਣ ਦਾ ਫੈਸਲਾ ਕੀਤਾ ਹੈ। ਵੁਲਵਰਹੈਂਪਟਨ ਦੇ ਗੁਰੂ ਨਾਨਕ ਸਿੱਖ ਗੁਰਦੁਆਰੇ ਵਿਚ ਵੱਡੀ ਸਕਰੀਨ ਲਗਾਈ ਹੋਈ ਸੀ ਜਿਸ ਨਾਲ ਵ੍ਹੀਲ ਚੇਅਰ ‘ਤੇ ਬੈਠਣ ਵਾਲੇ ਸ਼ਰਧਾਲੂ ਗੁਰਦੁਆਰੇ ਦੇ ਮੁੱਖ ਹਾਲ ਵਿਚ ਹੋਰ ਸੰਗਤ ਨਾਲ ਨਹੀਂ ਸਨ ਸ਼ਾਮਲ ਹੋ ਸਕਦੇ। ਅਜਿਹਾ ਰੁਝਾਨ ਪੂਰੇ ਦੇਸ਼ ਵਿਚ ਸਿਰਫ਼ ਇਸੇ ਹੀ ਗੁਰਦੁਆਰੇ ਵਿਚ ਸੀ। ਬਰਮਿੰਘਮ ਕਾਊਂਟੀ ਅਦਾਲਤ ਵਿਚ ਮਾਮਲਾ ਜਾਣ ਤੋਂ ਪਹਿਲਾਂ ਹੀ ਦੋਵਾਂ ਧਿਰਾਂ ਦੀ ਸਹਿਮਤੀ ਨਾਲ ਹੱਲ ਹੋ ਗਿਆ। ਬੀਬੀ ਭੁਪਿੰਦਰ ਕੌਰ ਚੌਹਾਨ ਨੇ ਕਿਹਾ ਕਿ ਗੁਰਦੁਆਰੇ ਵਿਚ ਲਗਾਈ ਇਹ ਸਕਰੀਨ ਜੇਲ੍ਹ ਵਰਗੀ ਸੀ। ਇਸ ਤਰ੍ਹਾਂ ਲੱਗਦਾ ਸੀ ਕਿ ਜਿਹੜੇ ਗੁਰਦੁਆਰੇ ਵਿਚ ਚੌਂਕੜੀ ਮਾਰ ਕੇ ਬੈਠ ਨਹੀਂ ਸਕਦੇ, ਉਨ੍ਹਾਂ ਨੇ ਕੋਈ ਗਲਤ ਕੰਮ ਕੀਤਾ ਹੈ। ਵੁਲਵਰਹੈਂਪਟਨ ਦੀ ਸਿੱਖ ਫੋਰਮ ਦੇ ਚੇਅਰਮੈਨ ਰਾਜਿੰਦਰ ਸਿੰਘ ਬਾਸੀ ਨੇ ਇਸ ਰੁਝਾਨ ਦੇ ਖਾਤਮੇ ਨੂੰ ਜਿੱਤ ਕਰਾਰ ਦਿੱਤਾ ਹੈ। ਸ਼ਿਕਾਇਤਕਰਤਾ ਦਾ ਕਹਿਣਾ ਸੀ ਕਿ ਅਰਦਾਸ ਵੇਲੇ ਜਿਹੜੇ ਚੌਕੜੀ ਮਾਰ ਕੇ ਬੈਠਣ ਤੋਂ ਅਸਮਰਥ ਸਨ, ਉਨ੍ਹਾਂ ਨੂੰ ਸਕਰੀਨ ਦੇ ਪਿੱਛੇ ਜਾਂ ਲੰਗਰ ਹਾਲ ਵਿਚ ਭੇਜ ਦਿੱਤਾ ਜਾਂਦਾ ਸੀ।

## ਵੀਜ਼ਾ ਧੋਖਾਧੜੀ ਮਾਮਲੇ ਵਿਚ ਕੁੜਿਕੀ ‘ਚ ਆਈ ਪਰਵਾਸੀ ਔਰਤ

**ਵਾਸ਼ਿੰਗਟਨ:** ਐਚ-1ਬੀ ਵੀਜ਼ਾ ਧੋਖਾਧੜੀ ਮਾਮਲੇ ਵਿਚ ਭਾਰਤੀ ਮੂਲ ਦੀ ਐਚ.ਆਰ. ਮੈਨੇਜਰ ਨੂੰ ਦੋਸ਼ੀ ਪਾਇਆ ਗਿਆ ਹੈ। ਇਹ ਜਾਣਕਾਰੀ ਨਿਊਜਰਸੀ ਦੇ ਫੈਡਰਲ ਵਕੀਲ ਪੌਲ ਫਿਸ਼ਮੈਨ ਨੇ ਦਿੱਤੀ ਹੈ। ਹਾਈਰਲ ਪਟੇਲ ਨਾਂ ਦੀ ਔਰਤ ਨੇ ਨਿਊਜਰਸੀ ਦਾ ਅਦਾਲਤ ਵਿਚ ਆਪਣਾ ਗੁਨਾਹ ਕਬੂਲ ਕੀਤਾ। ਉਸ ਨੇ ਮੰਨਿਆ ਕਿ ਫਰਾਡ ਸਕੀਮ ਵਿਚ ਉਹ ਵੀ ਸ਼ਾਮਲ ਸੀ। 32 ਸਾਲਾ ਪਟੇਲ ਨੂੰ ਮਈ 2016 ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਮਾਮਲੇ ਵਿਚ ਵਰਜੀਨੀਆ ਦੀ ਵਕੀਲ ਸੁਨੀਲਾ ਦੱਤ ਨੂੰ ਅਕਤੂਬਰ ਮਹੀਨੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ। ਉਸ ਤੋਂ ਬਾਅਦ ਦਸੰਬਰ 2016 ਵਿਚ ਇਮੀਗਰੇਸ਼ਨ ਮੈਨੇਜਰ ਹਰੀ ਕਾਰਨੇ ਨੇ ਆਪਣਾ ਦੋਸ਼ ਕਬੂਲ ਕੀਤਾ ਸੀ। ਇਹ ਮਾਮਲਾ ਦੋ ਫਰਾਡ ਕੰਪਨੀਆਂ ਦਾ ਸੀ ਜੋ ਸਟੂਡੈਂਟ ਵੀਜ਼ਾ ਧਾਰਕਾਂ ਜਾਂ ਫਰੈਸ਼ ਗ੍ਰੈਜੂਏਟਸ ਨੂੰ ਐਚ-1 ਬੀ ਜਾਅਲੀ ਵੀਜ਼ੇ ਤਹਿਤ ਆਪਣੀ ਕੰਪਨੀ ਵਿਚ ਸਲਾਹਕਾਰ ਭਰਤੀ ਕਰਦੀਆਂ ਸਨ। ਫਿਰ ਉਨ੍ਹਾਂ ਨੂੰ ਹੋਰ ਕੰਪਨੀਆਂ ਵਿਚ ਭਰਤੀ ਕਰਵਾ ਦਿੰਦੀਆਂ ਸਨ।

## ਕਾਲੇ ਧਨ ਵਾਲਿਆਂ ਖਿਲਾਫ ਕਾਰਵਾਈ ਤੈਅ

**ਨਵੀਂ ਦਿੱਲੀ:** ਸਿੱਧੇ ਟੈਕਸ ਨਾਲ ਸਬੰਧਤ ਕੇਂਦਰੀ ਬੋਰਡ (ਸੀ.ਬੀ.ਡੀ.ਟੀ.) ਨੇ ਕਿਹਾ ਕਿ ਕਿਸੇ ਵੀ ਸ਼ੱਕੀ ਬੈਂਕ ਖਾਤਾਧਾਰਕ ਜਿਸ ‘ਤੇ ਕਾਲੇ ਧਨ ਨੂੰ ਖਪਾਉਣ ਅਤੇ ਕੰਪਨੀ ਮਾਮਲਿਆਂ ਦਾ ਸ਼ੱਕ ਹੋਵੇਗਾ, ਨੂੰ ‘ਅਪਰੇਸ਼ਨ ਕਲੀਨ ਮਨੀ’ ਮੁਹਿੰਮ ਤਹਿਤ ਜਾਂਚ ਤੋਂ ਛੋਟ ਨਹੀਂ ਦਿੱਤੀ ਜਾਵੇਗੀ, ਭਾਵੇਂ ਉਸ ਦੇ ਖਾਤੇ ਵਿਚ ਜਮ੍ਹਾਂ ਪੂੰਜੀ ਘੱਟ ਹੀ ਕਿਉਂ ਨਾ ਹੋਵੇ। ਵਿਭਾਗ ਦੀ ਨੀਤੀ ਬਣਾਉਣ ਵਾਲੇ ਵਿਭਾਗ ਨੇ ਇਸ ਸਬੰਧੀ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਹਨ ਜਿਸ ਤਹਿਤ ਜਮ੍ਹਾਂ ਨਕਦੀ ਦੇ ਜਾਇਜ਼ ਅਤੇ ਨਾਜਾਇਜ਼ ਹੋਣ ਦੀ ਪਛਾਣ ਕੀਤੀ ਜਾਵੇਗੀ। ਵਿਭਾਗ ਨੇ ਇਨ੍ਹਾਂ ਨੇਮਾਂ ਤਹਿਤ 18 ਲੱਖ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਹੈ। ਵਿਭਾਗ ਨੇ ਕਿਹਾ ਹੈ ਕਿ ਜੇ ਕਿਸੇ ਸ਼ੱਕੀ ਬੈਂਕ ਖਾਤੇ ਵਿਚ ਕਾਲੇ ਧਨ ਨੂੰ ਖਪਾਉਣ ਦੇ ਸਬੂਤ, ਟੈਕਸ ਛੋਟ ਵਿਚ ਗੜਬੜ, ਫਰਜ਼ੀ ਕੰਪਨੀਆਂ ਬਣਾਉਣ ਅਤੇ ਪੈਸੇ ਦੀ ਨਿਰਧਾਰਤ ਸੀਮਾ ਲਈ ਬਣਾਏ ਨਿਯਮ ਲਾਗੂ ਨਹੀਂ ਹੋਣਗੇ ਤਾਂ ਉਸ ਤੋਂ ਪੁਛਗਿਛ ਕੀਤੀ ਜਾਵੇਗੀ।

## ਬਦਫੈਲੀ ਕੇਸ ‘ਚ ਜ਼ੁਲਫਿਕਾਰ ਹਾਈ ਕੋਰਟ ਪੁੱਜਾ

**ਚੰਡੀਗੜ੍ਹ:** ਬੱਚਿਆਂ ਨਾਲ ਬਦਫੈਲੀ ਕਰਨ ਦੇ ਮਾਮਲੇ ਵਿਚ ਸਜ਼ਾਯਾਫਤਾ ਜ਼ੁਲਫਿਕਾਰ ਵੱਲੋਂ ਸਜ਼ਾ ਦੇ ਵਿਰੋਧ ਵਿਚ ਹਾਈ ਕੋਰਟ ਅਪੀਲ ਦਾਖਲ ਕੀਤੀ ਗਈ ਹੈ। ਹਾਈ ਕੋਰਟ ਨੇ ਉਸ ਦੇ ਜੁਰਮਾਨੇ ‘ਤੇ ਰੋਕ ਲਾਉਂਦਿਆਂ ਅਪੀਲ ਨੂੰ ਆਮ ਸੁਣਵਾਈ ਲਈ ਦਾਖਲ ਕਰ ਲਿਆ ਹੈ। ਜ਼ੁਲਫਿਕਾਰ ਏਜ ਥੀਏਟਰ ਨਾਂ ਦੀ ਐਨ.ਜੀ.ਓ. ਚਲਾਉਂਦਾ ਸੀ। ਉਸ ਵਿਰੁੱਧ ਜੁਲਾਈ 2015 ਵਿਚ ਬਦਫੈਲੀ ਦਾ ਮਾਮਲਾ ਦਰਜ ਕੀਤਾ ਗਿਆ ਸੀ।

## ਨਾਗਾਲੈਂਡ ਦੇ ਮੁੱਖ ਮੰਤਰੀ ਵੱਲੋਂ ਅਸਤੀਫਾ

**ਕੋਹਿਮਾ:** ਨਾਗਾਲੈਂਡ ਦੇ ਮੁੱਖ ਮੰਤਰੀ ਟੀ.ਐਨ. ਜ਼ੇਲਿਆਂਗ ਨੇ ਸੂਬੇ ਵਿਚ ਚੱਲ ਰਹੇ ਸਿਆਸੀ ਮਾਹੌਲ ਦੌਰਾਨ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ, ਜਿਸ ਨੂੰ ਸੂਬੇ ਦੇ ਗਵਰਨਰ ਪੀ.ਬੀ. ਅਚਾਰੀਆ ਨੇ ਪ੍ਰਵਾਨ ਕਰ ਲਿਆ ਹੈ। ਉਨ੍ਹਾਂ ਨਵੇਂ ਆਗੂ ਦਾ ਇੰਤਜ਼ਾਮ ਹੋਣ ਤੱਕ ਜ਼ੇਲਿਆਂਗ ਨੂੰ ਜ਼ਿੰਮੇਵਾਰੀ ਨਿਭਾਉਣ ਲਈ ਕਿਹਾ ਹੈ।

## ਹੰਗਾਮੇ ਤੋਂ ਬਾਅਦ ਉਮਰ ਖਾਲਿਦ ਦਾ ਭਾਸ਼ਣ ਰੱਦ

**ਨਵੀਂ ਦਿੱਲੀ:** ਦਿੱਲੀ ਯੂਨੀਵਰਸਿਟੀ ਦੇ ਰਾਮਜਸ ਕਾਲਜ ਵਿਚ ਮੰਗਲਵਾਰ ਨੂੰ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਅਤੇ ਦਿੱਲੀ ਵਿਦਿਆਰਥੀ ਸਟੂਡੈਂਟਸ ਯੂਨੀਅਨ ਦੇ ਕਾਰਕੁਨਾਂ ਵੱਲੋਂ ਕੀਤੇ ਹੰਗਾਮੇ ਕਾਰਨ ਪ੍ਰਬੰਧਕਾਂ ਨੂੰ ਜੇ.ਐਨ.ਯੂ. ਦੇ ਵਿਦਿਆਰਥੀ ਉਮਰ ਖ਼ਾਲਿਦ ਦਾ ਭਾਸ਼ਣ ਰੱਦ ਕਰਨਾ ਪਿਆ।

ਕਾਲਜ ਦੀ ਸਾਹਿਤ ਸੁਸਾਇਟੀ ਅਤੇ ਅੰਗਰੇਜ਼ੀ ਵਿਭਾਗ ਵੱਲੋਂ ਦੋ-ਦਿਨਾਂ ‘ਕਲਚਰਜ਼ ਆਫ ਪ੍ਰੋਟੈਸਟ’ ਸਮਾਗਮ ਕਰਾਇਆ ਗਿਆ ਸੀ। ਇਸ ਵਿਚ ਉਮਰ ਖ਼ਾਲਿਦ ਨੂੰ ‘ਆਦਿਵਾਸੀ ਇਲਾਕਿਆਂ ਵਿਚ ਜੰਗ’ ਨਾਂ ਦੇ ਸੈਸ਼ਨ ਵਿਚ ਉਸ ਦੀ ਪੀਐਚ.ਡੀ. ਖੋਜ ਬਾਰੇ ਭਾਸ਼ਣ ਦੇਣ ਲਈ ਬੁਲਾਇਆ ਗਿਆ ਸੀ। ਉਸ ਦੇ ਸਮਾਗਮ ਵਿਚ



ਪਹੁੰਚਣ ਤੋਂ ਪਹਿਲਾਂ ਹੀ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਅਤੇ ਦਿੱਲੀ ਵਿਦਿਆਰਥੀ ਸਟੂਡੈਂਟਸ ਯੂਨੀਅਨ ਦੇ ਕਾਰਕੁਨਾਂ ਨੇ ਹੰਗਾਮਾ ਕਰ ਦਿੱਤਾ ਅਤੇ ਉਮਰ ਖ਼ਾਲਿਦ ਦੀ ਸ਼ਮੂਲੀਅਤ ਰੱਦ ਕਰਨ ਲਈ ਦਬਾਅ ਪਾਇਆ। ਪ੍ਰਬੰਧਕਾਂ ਨੇ ਸੈਮੀਨਾਰ ਚਲਾਉਣ ਦੀ ਕੋਸ਼ਿਸ਼ ਕੀਤੀ ਤਾਂ ਸੰਘ ਕਾਰਕੁਨਾਂ ਨੇ ਕਾਨਫਰੰਸ ਹਾਲ ਦੇ ਸ਼ੀਸ਼ੇ ਤੋੜ ਦਿੱਤੇ ਅਤੇ ਬਿਜਲੀ ਕੱਟ ਦਿੱਤੀ। ਪੁਲਿਸ ਨੇ ਅਮਨ-ਕਾਨੂੰਨ ਦੀ ਸਥਿਤੀ ਦਾ ਹਵਾਲਾ ਦੇ ਕੇ ਕਾਲਜ ਪ੍ਰਸ਼ਾਸਨ ‘ਤੇ ਉਮਰ ਖ਼ਾਲਿਦ ਦਾ ਭਾਸ਼ਣ ਸੈਸ਼ਨ ਰੱਦ ਕਰਨ ਲਈ ਦਬਾਅ ਪਾਇਆ ਜਿਸ ਕਾਰਨ ਕਾਲਜ ਪ੍ਰਸ਼ਾਸਨ ਨੇ ਇਸ ਨੂੰ ਰੱਦ ਕਰ ਦਿੱਤਾ।

ਚੰਡੀਗੜ੍ਹ: ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ, ਸੂਬਾਈ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਅਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ ਇਸ ਨੂੰ ਵਿਚਾਰਾਂ ਦੀ ਆਜ਼ਾਦੀ ਉਪਰ ਫਾਸ਼ੀਵਾਦੀ ਹਮਲਾ ਕਰਾਰ ਦਿੰਦਿਆਂ ਇਸ ਗੁੰਡਾਗਰਦੀ ਖ਼ਿਲਾਫ਼ ਡਟਣ ਦਾ ਸੱਦਾ ਦਿੱਤਾ ਹੈ।

## ਸਿੱਖ ਕਤਲੇਆਮ: ਨਿਆਂ ਲਈ ਅੱਖਾਂ ਪੱਕੀਆਂ

*(ਸਫਾ ਇਕ ਦੀ ਬਾਕੀ)*

ਕਮੇਟੀਆਂ, 3600 ਤੋਂ ਵਧੇਰੇ ਗਵਾਹ, 31 ਸਾਲ ਦਾ ਵਕਫਾ ਤੇ ਅਦਾਲਤਾਂ ਵਿਚ ਇਨਸਾਫ ਲਈ ਪੀੜਤਾਂ ਦੀਆਂ ਪੁਕਾਰਾਂ ਵੀ ਦੋਸ਼ੀਆਂ ਨੂੰ ਕਟਹਿਰੇ ਵਿਚ ਖੜ੍ਹਾ ਨਹੀਂ ਕਰ ਸਕੀਆਂ।

ਦਿੱਲੀ ਸਮੇਤ ਦੇਸ਼ ਦੇ 18 ਸੂਬਿਆਂ ਦੇ ਤਕਰੀਬਨ 110 ਸ਼ਹਿਰਾਂ ਵਿਚ 7000 ਤੋਂ ਵਧੇਰੇ ਨਿਹੱਥੇ ਤੇ ਬੇਕਸੂਰ ਸਿੱਖਾਂ ਨੂੰ ਜਿਉਂਦੇ ਸਾੜਿਆ ਜਾਂ ਕੋਹ-ਕੋਹ ਕੇ ਮਾਰ ਦਿੱਤਾ ਗਿਆ। ਕਰੋੜਾਂ ਦੀ ਸੰਪਤੀ ਲੁੱਟੀ ਤੇ ਸਾੜ ਦਿੱਤੀ। ਇਕੱਲੇ ਨਵੀਂ ਦਿੱਲੀ ਵਿਚ ਹੋਏ 2733 ਕਤਲਾਂ (ਸਰਕਾਰੀ ਰਿਕਾਰਡ ਅਨੁਸਾਰ) ਵਿਚੋਂ ਸਿਰਫ 11 ਮਾਮਲਿਆਂ ਵਿਚ 30 ਵਿਅਕਤੀਆਂ ਨੂੰ ਹੀ ਸਾਧਾਰਨ ਉਮਰ ਕੈਦ ਦੀ ਸਜ਼ਾ ਹੋਈ ਜਿਨ੍ਹਾਂ ਵਿਚ ਕਤਲ-ਏ-ਆਮ ਦੇ ਕਿਸੇ ਵੀ ਮੁੱਖ ਸਾਜ਼ਿਸ਼ਕਾਰੀ ਤੇ ਅਗਵਾਈ ਕਰਨ ਵਾਲੇ ਵੱਡੇ ਆਗੂ ਨੂੰ ਸਜ਼ਾ ਨਹੀਂ ਮਿਲੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

**ਗੁਰਬੰਸ ਸਿੰਘ ਗਿੱਲ, ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse

ਮਾਊਂਟਨਹਾਊਸ, ਟਰੇਸੀ, ਮਨਟੀਕਾ, ਲੈਥਰੂਪ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ

ਲੋਨ ਦਾ ਪ੍ਰਬੰਧ ਕਰਨ ਵਿਚ ਵੀ ਤੁਹਾਡੀ ਮਦਦ ਕਰ ਸਕਦੇ ਹਾਂ

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ



Gurbans Singh Gill
Realtor
BRE#01227109

COLDWELL BANKER VALLEY CENTRAL · EQUAL HOUSING OPPORTUNITY · REALTOR®

18 Years Experiance in Real Estate
e-mail: gurbans@gotracy.com
Fax: 209-836-0706
www.gotracy.com

**Gurbans Gill**
**Office 209-835-4545**
**Direct 209-815-1869**

1486 W 11th Street, Tracy, CA 95376


# ਤਾਮਿਲਨਾਡੂ 'ਚ ਕੁਰਸੀ ਲਈ ਕਸ਼ਮਕਸ਼ ਖਤਮ

**ਚੇਨੱਈ:** ਤਾਮਿਲਨਾਡੂ ਵਿਚ ਮੁੱਖ ਮੰਤਰੀ ਦੀ ਕੁਰਸੀ ਲਈ ਚੱਲ ਰਹੀ ਕਸ਼ਮਕਸ਼ ਸ਼ਸ਼ੀਕਲਾ ਧੜੇ ਨਾਲ ਸਬੰਧਤ ਈ. ਪਲਾਨੀਸਵਾਮੀ ਵੱਲੋਂ ਭਰੋਸੇ ਦਾ ਮੱਤ ਹਾਸਲ ਕਰਨ ਨਾਲ ਖਤਮ ਹੋ ਗਈ। ਅੰਨਾ ਡੀ.ਐਮ.ਕੇ. ਦੇ ਪਲਾਨੀਸਵਾਮੀ ਨੇ ਮੁੱਖ ਵਿਰੋਧੀ ਧਿਰ ਡੀ.ਐਮ.ਕੇ. ਦੀ ਗੈਰਹਾਜ਼ਰੀ ਵਿਚ 122-11 ਦੇ ਅੰਕੜੇ ਨਾਲ ਬਹੁਮਤ ਹਾਸਲ ਕਰ ਲਿਆ। ਤਾਮਿਲ ਨਾਡੂ ਦੀ 234 ਮੈਂਬਰੀ ਵਿਧਾਨ ਸਭਾ ਵਿਚ ਡੀ.ਐਮ.ਕੇ. ਕੋਲ 98 ਵਿਧਾਇਕ ਸਨ ਜਿਨ੍ਹਾਂ ਨੂੰ ਸਦਨ ਵਿਚ ਪਾਏ ਰੌਲੇ ਰੱਪੇ ਮਗਰੋਂ ਸਪੀਕਰ ਨੇ ਬਾਹਰ ਦਾ ਰਾਹ ਵਿਖਾ ਦਿੱਤਾ ਸੀ।



ਉਧਰ, ਸਾਬਕਾ ਮੁੱਖ ਮੰਤਰੀ ਪਨੀਰਸੇਲਵਮ ਧੜਾ ਆਪਣੇ ਹੱਕ ਵਿਚ 11 ਵੋਟਾਂ ਹੀ ਭੁਗਤਾ ਸਕਿਆ। ਰਾਜਪਾਲ ਵਿਦਿਆਸਾਗਰ ਰਾਓ ਨੇ ਇਸ ਤੋਂ ਪਹਿਲਾਂ ਪਲਾਨੀਸਵਾਮੀ ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁਕਾਉਂਦਿਆਂ 15 ਦਿਨਾਂ ਦੇ ਅੰਦਰ ਆਪਣਾ ਬਹੁਮਤ ਸਾਬਤ ਕਰਨ ਲਈ ਕਿਹਾ ਸੀ। ਬਹੁਮਤ ਸਾਬਤ ਕਰਨ ਲਈ ਜੁੜੇ ਸਦਨ ਨੂੰ ਡੀ.ਐਮ.ਕੇ. ਮੈਂਬਰਾਂ ਵੱਲੋਂ ਪਾਏ ਰੌਲੇ-ਰੱਪੇ ਤੇ ਸੱਤਾਧਾਰੀ ਵਿਧਾਇਕਾਂ ਨਾਲ ਕੀਤੀ ਖਿੱਚਧੂਹ ਕਰ ਕੇ ਦੋ ਵਾਰ ਮੁਲਤਵੀ ਕਰਨਾ ਪਿਆ। ਸਪੀਕਰ ਪੀ.ਧਨਪਾਲ ਤੇ ਵਿਰੋਧੀ ਧਿਰ ਦੇ ਆਗੂ ਐਮ.ਕੇ. ਸਟਾਲਿਨ ਨੇ ਰੌਲੇ ਦੌਰਾਨ ਉਨ੍ਹਾਂ ਦੀਆਂ ਕਮੀਜ਼ਾਂ ਪਾੜੇ ਜਾਣ ਦਾ ਦਾਅਵਾ ਕੀਤਾ ਹੈ। ਉਂਜ, ਪਿਛਲੇ ਤਿੰਨ ਦਹਾਕਿਆਂ ਵਿਚ ਤਾਮਿਲ ਨਾਡੂ 'ਚ ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਮੁੱਖ ਮੰਤਰੀ ਨੂੰ ਬਹੁਮਤ ਸਾਬਤ ਕਰਨਾ ਪਿਆ ਹੈ।


**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

**ਫੋਨ (408) 687-1899**



*Gurdip Singh Sandhu*

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

**7021 Village Park Way, Dublin, CA 94568**

Email: Homeomedicine@yahoo.com



**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*



Satwant Singh, CLCS, MBA
*(CA Lic # 0H11256)*

*Compare Auto, Home quotes online at our website: www.satwantins.com*

**Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.**

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

**ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ**

***Call today for your FREE, no-obligation quote:***

**1-408-771-2438**

satwant@satwantins.com

Allied Insurance
a Nationwide Insurance® company

# ਸੰਸਾਰ ਭਰ ਦੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣੀ ਗੁਰੂ ਨਗਰੀ

**ਅੰਮ੍ਰਿਤਸਰ:** ਗੁਰੂ ਕੀ ਨਗਰੀ ਅੰਮ੍ਰਿਤਸਰ ਵਿਸ਼ਵ ਭਰ ਦੇ ਸੈਲਾਨੀਆਂ ਲਈ ਖਾਸ ਖਿੱਚ ਦਾ ਕੇਂਦਰ ਹੈ। ਪਾਵਨ ਨਗਰੀ ਦੀ ਕਾਇਆ-ਕਲਪ ਹੋਣ ਤੋਂ ਬਾਅਦ ਇਥੇ ਸੈਲਾਨੀਆਂ ਦੀ ਆਮਦ ਕਈ ਗੁਣਾਂ ਵਧ ਗਈ ਹੈ। ਇਸ ਇਤਿਹਾਸਕ ਸ਼ਹਿਰ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਸੁਸ਼ੋਭਿਤ ਹੋਣ ਕਾਰਨ ਇਹ ਨਗਰੀ ਦੁਨੀਆਂ ਭਰ ਵਿਚ ਖਾਸ ਮਹੱਤਵ ਰੱਖਦੀ ਹੈ।

ਇਸ ਮਹਾਨ ਅਸਥਾਨ ਤੋਂ ਇਲਾਵਾ ਸ਼ਹਿਰ ਵਿਚ ਹੋਰ ਵੀ ਕਈ ਅਸਥਾਨਾਂ ਨੂੰ ਵਿਕਸਤ ਕੀਤਾ ਗਿਆ ਹੈ। ਦੇਸ਼-ਵਿਦੇਸ਼ ਤੋਂ ਜੋ ਵੀ ਸੰਗਤ ਅੰਮ੍ਰਿਤਸਰ ਪਹੁੰਚਦੀ ਹੈ, ਉਹ ਇਕ ਜਾਂ ਦੋ ਦਿਨ ਨਹੀਂ, ਬਲਕਿ ਤਕਰੀਬਨ ਪੂਰਾ ਹਫਤਾ ਰੁਕ ਕੇ ਜਾਂਦੀ ਹੈ। ਇਕ ਅੰਦਾਜ਼ੇ ਮੁਤਾਬਕ ਗੁਰੂ ਕੀ ਨਗਰੀ ਵਿਚ ਇਨ੍ਹੀਂ ਦਿਨੀਂ ਸੈਲਾਨੀਆਂ ਦੀ ਆਮਦ ਇਕ ਲੱਖ ਤੋਂ ਸਵਾ ਲੱਖ ਰੋਜ਼ਾਨਾ ਹੋ ਚੁੱਕੀ ਹੈ। ਦਰਅਸਲ, ਵਿਧਾਨ ਸਭਾ ਚੋਣਾਂ ਕਾਰਨ ਪੰਜਾਬ ਸਰਕਾਰ ਨੇ ਕਾਫੀ ਤੇਜ਼ੀ ਨਾਲ ਅੰਮ੍ਰਿਤਸਰ ਸ਼ਹਿਰ ਦੇ ਸੁੰਦਰੀਕਰਨ ਦਾ ਕੰਮ ਨੇਪਰੇ ਚੜ੍ਹਵਾਇਆ। ਇਸ ਤਹਿਤ ਹਰਿਮੰਦਰ ਸਾਹਿਬ ਪਲਾਜ਼ਾ ਦੇ ਆਸਪਾਸ ਦੇ ਇਲਾਕੇ ਨੂੰ ਇਕੋ ਜਿਹੀ ਦਿੱਖ ਪ੍ਰਦਾਨ ਕੀਤੀ ਗਈ।

ਸਾਰੇ ਇਲਾਕੇ ਦਾ ਮਾਹੌਲ ਸੱਭਿਆਚਾਰਕ ਲੱਗੇ, ਇਸ ਗੱਲ ਦਾ ਖਾਸ ਧਿਆਨ ਰੱਖਿਆ ਗਿਆ। ਇਸ ਸਾਰੇ ਇਲਾਕੇ ਨੂੰ ਗੋਲਡਨ ਪਲਾਜ਼ਾ ਦਾ ਨਾਂ ਦਿੱਤਾ ਗਿਆ ਹੈ। ਟਾਊਨ ਹਾਲ ਦੇ ਨੇੜੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਨੂੰ ਬਿਆਨ ਕਰਦਾ ਇਕ ਖੂਬਸੂਰਤ ਚੌਕ ਵੀ ਬਣਾਇਆ ਗਿਆ ਹੈ।



ਸਾਰੇ ਇਲਾਕੇ ਨੂੰ ਐਲ.ਈ.ਡੀ. ਸਕਰੀਨਾਂ ਨਾਲ ਸਜਾਇਆ ਗਿਆ ਹੈ, ਜਿਥੇ ਪੂਰਾ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਕੀਰਤਨ ਚਲਦਾ ਰਹਿੰਦਾ ਹੈ। ਇਸ ਦੇ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਕਿਲ੍ਹਾ ਗੋਬਿੰਦਗੜ੍ਹ ਨੂੰ ਵੀ ਨਵੀਂ ਦਿੱਖ ਦਿੱਤੀ ਗਈ ਹੈ। ਛੇਹਰਟਾ ਸਥਿਤ ਵਾਰ ਮੈਮੋਰੀਅਲ ਦਾ ਨਿਰਮਾਣ ਕਰ ਕੇ ਜੰਗੀ ਸ਼ਹੀਦਾਂ ਦੀਆਂ ਸ਼ਹਾਦਤਾਂ ਦਾ ਵਰਨਣ ਕੀਤਾ ਗਿਆ ਹੈ। ਸ਼ਹਿਰ ਵਿਚ ਰਾਮਤੀਰਥ ਵਿਚ ਭਗਵਾਨ ਬਾਲਮੀਕ ਦਾ ਮੰਦਰ ਬਣਾਇਆ ਗਿਆ ਹੈ। ਭਾਰਤ-ਪਾਕਿਸਤਾਨ ਨੂੰ ਕੌਮਾਂਤਰੀ ਅਟਾਰੀ ਸਰਹੱਦ ਦਾ ਵੀ ਨਵੀਨੀਕਰਨ ਕੀਤਾ ਗਿਆ ਹੈ। ਜ਼ਿਲ੍ਹਾ ਆਵਾਜਾਈ ਅਧਿਕਾਰੀ ਨੇ ਦੱਸਿਆ ਕਿ ਸ਼ਹਿਰ ਵਿਚ ਯਾਤਰੀਆਂ ਦਾ ਨਾਈਟ ਸਟੇਅ ਵੀ ਵਧਿਆ ਹੈ। ਸੈਲਾਨੀਆਂ ਦੇ ਵਧਣ ਨਾਲ ਸ਼ਹਿਰ ਅੰਦਰ ਟੂਰਿਸਟ ਬੱਸਾਂ ਵੀ ਸ਼ੁਰੂ ਕੀਤੀਆਂ ਗਈਆਂ ਹਨ। ਕੋਈ ਵੀ 250 ਰੁਪਏ ਕਿਰਾਏ ਨਾਲ ਪੂਰਾ ਦਿਨ ਗੁਰੂ ਕੀ ਨਗਰੀ ਦੇ ਦਰਸ਼ਨ ਕਰ ਸਕਦਾ ਹੈ।

## ਡਬਲ ਡੈੱਕਰ ਬੱਸਾਂ ਨੂੰ ਨਾ ਮਿਲਿਆ ਬਹੁਤਾ ਹੁੰਗਾਰਾ


**ਅੰਮ੍ਰਿਤਸਰ:** ਅੰਮ੍ਰਿਤਸਰ ਸਿਟੀ ਬੱਸ ਤੋਂ ਬਾਅਦ ਬੀ.ਆਰ.ਟੀ.ਐਸ. ਬੱਸ ਅਤੇ ਹੁਣ ਅੰਮ੍ਰਿਤਸਰ ਡਬਲ ਡੈਕਰ ਬੱਸ ਨੂੰ ਵੀ ਆਪਣੀ ਹੋਂਦ ਕਾਇਮ ਰੱਖਣ ਵਾਸਤੇ ਜੱਦੋ-ਜਹਿਦ ਕਰਨੀ ਪੈ ਰਹੀ ਹੈ। ਵਧੇਰੇ ਯਾਤਰੂ ਨਾ ਮਿਲਣ ਕਾਰਨ ਇਸ ਡਬਲ ਡੈਕਰ 'ਹੌਪ ਆਨ ਹਾਪ ਆਫ' ਬੱਸ ਨੂੰ ਨਿੱਜੀ ਸਮਾਗਮਾਂ ਵਾਸਤੇ ਵਰਤਣਾ ਸ਼ੁਰੂ ਕਰ ਦਿੱਤਾ ਗਿਆ ਹੈ।

ਪੰਜਾਬ ਸੈਰ ਸਪਾਟਾ ਵਿਭਾਗ ਵੱਲੋਂ ਇਥੇ ਸੈਰ-ਸਪਾਟੇ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਸ਼ਹਿਰ ਵਿਚ ਡਬਲ ਡੈਕਰ ਬੱਸ ਚਲਾਈ ਗਈ ਸੀ। ਵਿਦੇਸ਼ਾਂ ਵਿਚ ਚੱਲਦੀਆਂ ਬੱਸਾਂ ਦੀ ਤਰਜ਼ 'ਤੇ ਇਹ 'ਹੌਪ ਆਨ ਹਾਪ ਆਫ' ਬੱਸ ਦਾ ਉਪਰਲਾ ਹਿੱਸਾ ਖੁੱਲ੍ਹਾ ਹੈ, ਜਿਥੇ ਯਾਤਰੂ ਬੈਠ ਕੇ ਮੌਸਮ ਦਾ ਅਨੰਦ ਵੀ ਮਾਣ ਸਕਦੇ ਹਨ। ਫਿਲਹਾਲ ਇਥੇ ਅਜਿਹੀਆਂ ਤਿੰਨ ਬੱਸਾਂ ਚਲਾਈਆਂ ਗਈਆਂ ਹਨ। ਇਨ੍ਹਾਂ ਬੱਸਾਂ ਦਾ ਉਦਘਾਟਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਕੀਤਾ ਗਿਆ ਸੀ। ਦੱਸਣਯੋਗ ਹੈ ਕਿ 12 ਦਸੰਬਰ ਨੂੰ ਜਦੋਂ ਉਪ ਮੁੱਖ ਮੰਤਰੀ ਨੇ ਇਨ੍ਹਾਂ ਬੱਸਾਂ ਦਾ ਉਦਘਾਟਨ ਕੀਤਾ ਸੀ, ਉਸ ਤੋਂ ਪਹਿਲਾਂ ਹਰੀਕੇ ਵਿਚ ਜਲ ਬੱਸ ਨੂੰ ਵੀ ਹਰੀ ਝੰਡੀ ਦਿੱਤੀ ਸੀ। ਇਸ ਵੇਲੇ ਜਲ ਬੱਸ ਵੀ ਰੁਕੀ ਹੋਈ ਹੈ।

## ਲੰਗਰ ਵਿਚ ਸੇਵਾ ਲਈ ਹੁਣ ਸ਼ਨਾਖਤੀ ਕਾਰਡ!

**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਆਏ ਸ਼ਰਧਾਲੂ ਨੂੰ ਨਸ਼ੀਲੀ ਚੀਜ਼ ਸੁੰਘਾ ਕੇ ਬੇਹੋਸ਼ ਕਰਨ ਮਗਰੋਂ ਲੁੱਟਣ ਦੀ ਵਾਪਰੀ ਘਟਨਾ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਹਰਿਮੰਦਰ ਸਾਹਿਬ ਸਮੂਹ ਅਤੇ ਖਾਸ ਕਰ ਕੇ ਗੁਰੂ ਰਾਮਦਾਸ ਲੰਗਰ ਘਰ ਵਿਚ ਚੌਕਸੀ ਵਧਾ ਦਿੱਤੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਰਾਮਦਾਸ ਲੰਗਰ ਘਰ ਵਿਚ ਬਿਨਾਂ ਸ਼ਨਾਖਤੀ ਕਾਰਡ ਸੇਵਾ ਕਰਨ 'ਤੇ ਰੋਕ ਲਾ ਦਿੱਤੀ ਗਈ ਹੈ। ਲੰਗਰ ਘਰ ਵਿਚ ਰੋਜ਼ਾਨਾ ਹੀ 6 ਤੋਂ 7 ਘੰਟੇ ਲਈ ਸੇਵਾ ਕਰਨ ਵਾਸਤੇ ਆਉਂਦੇ ਕੁਝ ਲੋਕਾਂ ਨੂੰ ਛੱਡ ਕੇ ਹਰ ਕਿਸੇ ਵਿਅਕਤੀ ਵਾਸਤੇ ਸ਼ਨਾਖਤੀ ਕਾਰਡ ਹੋਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਲੰਗਰ ਘਰ ਵਿਚ ਸੇਵਾ ਕਰਨ ਤੋਂ ਪਹਿਲਾਂ ਵਿਅਕਤੀ ਨੂੰ ਆਪਣਾ ਨਾਂ ਅਤੇ ਪਤਾ ਇਥੇ ਰਜਿਸਟਰ ਵਿਚ ਦਰਜ ਕਰਾਉਣਾ ਪਵੇਗਾ ਅਤੇ ਆਪਣਾ ਸ਼ਨਾਖਤੀ ਕਾਰਡ ਵੀ ਜਮ੍ਹਾਂ ਕਰਾਉਣ ਪਵੇਗਾ, ਜੋ ਉਹ ਸੇਵਾ ਮਗਰੋਂ ਵਾਪਸ ਲੈ ਸਕਦਾ ਹੈ।

# ਪੰਜਾਬ ਵਿਚ ਆਵਾਰਾ ਕੁੱਤਿਆਂ ਨੇ ਮਚਾਈ ਦਹਿਸ਼ਤ



**ਚੰਡੀਗੜ੍ਹ:** ਆਵਾਰਾ ਕੁੱਤੇ ਰੋਜ਼ਾਨਾ 50 ਤੋਂ ਵੱਧ ਬੱਚਿਆਂ ਨੂੰ ਵੱਢਦੇ ਹਨ। ਇਸੇ ਹਫਤੇ ਪਿੰਡ ਕੈਰੋਂਵਾਲ ਵਿਚ ਅਵਾਰਾ ਕੁੱਤਿਆਂ ਨੇ ਸਾਢੇ ਚਾਰ ਸਾਲਾ ਬੱਚੇ ਨੂੰ ਮਾਰ ਦਿੱਤਾ। ਆਵਾਰਾ ਕੁੱਤਿਆਂ ਦੇ ਖਤਰੇ ਦਾ ਮੁੱਦਾ ਸਮੇਂ-ਸਮੇਂ ਉਤੇ ਰਾਜ ਵਿਧਾਨ ਸਭਾ ਵਿਚ ਵੀ ਗੂੰਜਦਾ ਰਿਹਾ ਹੈ। ਪਿਛਲੇ ਸਾਲ ਸਰਕਾਰ ਨੇ ਅਸੈਂਬਲੀ ਵਿਚ ਮੰਨਿਆ ਸੀ ਕਿ ਪਿਛਲੇ ਦੋ ਸਾਲਾਂ 'ਚ ਕੁੱਤਿਆਂ ਨੇ ਤਕਰੀਬਨ 38 ਹਜ਼ਾਰ ਬੱਚਿਆਂ ਨੂੰ ਕੱਟਿਆ ਹੈ। ਪਿਛਲੇ ਦੋ ਸਾਲਾਂ ਵਿਚ ਸੂਬੇ ਦੇ ਇਕੱਲੇ ਪੇਂਡੂ ਇਲਾਕਿਆਂ ਵਿਚ 36 ਹਜ਼ਾਰ ਤੋਂ ਵੱਧ ਵਿਅਕਤੀਆਂ 'ਤੇ ਆਵਾਰਾ ਕੁੱਤਿਆਂ ਨੇ ਹਮਲੇ ਕੀਤੇ ਹਨ।

ਪਿਛਲੇ ਤਿੰਨ ਸਾਲਾਂ ਵਿਚ ਕੁੱਤਿਆਂ ਦੇ ਵੱਢਣ ਦੇ ਕੇਸਾਂ 'ਚ ਤਿੰਨ ਗੁਣਾ ਵਾਧਾ ਹੋਇਆ ਹੈ। ਨੈਸ਼ਨਲ ਰੈਬੀਜ਼ ਕੰਟਰੋਲ ਪ੍ਰੋਗਰਾਮ, ਪੰਜਾਬ ਮੁਤਾਬਕ ਪਿਛਲੇ ਸਾਲ ਕੁੱਤਿਆਂ (ਆਵਾਰਾ ਤੇ ਘਰੇਲੂ) ਦੇ ਕੱਟਣ ਦੇ ਤਕਰੀਬਨ 54 ਹਜ਼ਾਰ ਕੇਸ ਸਾਹਮਣੇ ਆਏ ਸਨ। ਸਾਲ 2013 ਵਿਚ ਕੁੱਤਿਆਂ ਦੇ ਵੱਢਣ ਦੇ ਕੇਸਾਂ ਦੀ ਗਿਣਤੀ ਤਕਰੀਬਨ 20 ਹਜ਼ਾਰ ਸੀ। ਕੁੱਤਿਆਂ ਦੇ ਕੱਟਣ ਦੇ ਸਾਰੇ ਕੇਸ ਹਸਪਤਾਲਾਂ ਵਿਚ ਨਹੀਂ ਆਉਂਦੇ ਹਨ। ਇਸ ਲਈ ਕੇਸਾਂ ਦੀ ਗਿਣਤੀ ਕਾਫੀ ਜ਼ਿਆਦਾ ਹੋ ਸਕਦੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਕੇਸਾਂ ਦੀ ਗਿਣਤੀ ਵਧਣ ਪਿੱਛੇ ਕੁੱਤਿਆਂ ਦੀ ਗਿਣਤੀ ਕੰਟਰੋਲ 'ਚ ਅਸਫਲਤਾ ਮੁੱਖ ਕਾਰਨ ਹੈ। ਸਾਲ 2012 ਵਿਚ ਹੋਈ 19ਵੀਂ ਪਸ਼ੂ ਗਣਨਾ ਮੁਤਾਬਕ ਸੂਬੇ ਵਿਚ ਤਿੰਨ ਲੱਖ ਤੋਂ ਵੱਧ ਆਵਾਰਾ ਕੁੱਤੇ ਹਨ। ਮਾਹਿਰਾਂ ਮੁਤਾਬਕ ਸੂਬੇ ਦਾ ਸਥਾਨਕ ਸਰਕਾਰਾਂ ਤੇ ਪੇਂਡੂ ਵਿਕਾਸ ਵਿਭਾਗ ਕੁੱਤਿਆਂ ਦੀ ਸੰਖਿਆ ਕੰਟਰੋਲ ਕਰਨ ਵਿਚ ਨਾਕਾਮ ਰਿਹਾ ਹੈ।

## ਸਭ ਕੋਸ਼ਿਸ਼ਾਂ ਨਾਕਾਮ

**ਚੰਡੀਗੜ੍ਹ:** ਪਿਛਲੇ ਸਾਲ ਮੁੱਖ ਮੰਤਰੀ ਨੇ ਪੇਂਡੂ ਵਿਕਾਸ ਤੇ ਪੰਚਾਇਤ ਅਤੇ ਪਸ਼ੂ ਪਾਲਣ ਵਿਭਾਗਾਂ ਨੂੰ ਆਵਾਰਾ ਕੁੱਤਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਸਮਾਂਬੱਧ ਐਕਸ਼ਨ ਪਲਾਨ ਬਣਾਉਣ ਲਈ ਕਿਹਾ ਸੀ, ਪਰ ਹੋਇਆ ਕੁਝ ਨਹੀਂ। ਪਸ਼ੂ ਜਨਮ ਕੰਟਰੋਲ (ਕੁੱਤੇ) 2001 'ਤੇ ਆਧਾਰਤ ਨੀਤੀ ਮੁਤਾਬਕ ਹਰ ਜ਼ਿਲ੍ਹੇ ਲਈ ਅਵਾਰਾ ਕੁੱਤਿਆਂ ਦੀ ਨਸਬੰਦੀ ਤੇ ਸੰਖਿਆ ਉਤੇ ਨਜ਼ਰ ਰੱਖਣੀ ਹੈ। ਇਸ ਨੀਤੀ ਮੁਤਾਬਕ ਪੰਚਾਇਤਾਂ ਫੜੇ ਅਵਾਰਾ ਕੁੱਤਿਆਂ ਲਈ ਵਾੜੇ ਬਣਾਉਣਗੀਆਂ ਅਤੇ ਆਵਾਰਾ ਕੁੱਤਿਆਂ ਬਾਰੇ ਲਗਾਤਾਰ ਸਰਵੇਖਣ ਵੀ ਕਰਾਉਣਗੀਆਂ, ਪਰ ਜ਼ਮੀਨੀ ਪੱਧਰ 'ਤੇ ਕੁਝ ਨਹੀਂ ਹੋਇਆ।

# ਸਿੱਖ ਕਤਲੇਆਮ: ਸਿਰਫ 4 ਕੇਸਾਂ 'ਚ ਚਾਰਜਸ਼ੀਟ ਦਾਖਲ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਦੀ ਜਾਂਚ ਲਈ ਕੇਂਦਰ ਸਰਕਾਰ ਵੱਲੋਂ ਨਿਯੁਕਤ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਅਗਲੇਰੀ ਜਾਂਚ ਲਈ ਕਤਲੇਆਮ ਨਾਲ ਸਬੰਧਤ 59 ਕੇਸਾਂ ਵਿਚੋਂ ਸਿਰਫ ਚਾਰ 'ਚ ਚਾਰਜਸ਼ੀਟ ਦਾਖਲ ਕੀਤੀ ਹੈ। ਸੁਪਰੀਮ ਕੋਰਟ ਵਿਚ ਦਾਖਲ ਕੀਤੀ ਸਟੇਟਸ ਰਿਪੋਰਟ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਕਿਹਾ ਹੈ ਕਿ ਇਨ੍ਹਾਂ ਵਿਚੋਂ 38 ਕੇਸਾਂ ਨੂੰ ਬੰਦ ਕਰ ਦਿੱਤਾ ਗਿਆ ਹੈ ਤੇ 17 ਦੀ ਜਾਂਚ ਹਾਲੇ ਜਾਰੀ ਹੈ।

ਸੁਪਰੀਮ ਕੋਰਟ ਦੀਆਂ ਹਦਾਇਤਾਂ ਉਤੇ ਦਾਖਲ ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ "ਇਹ ਭਰੋਸਾ ਦਿਵਾਇਆ ਜਾਂਦਾ ਹੈ ਕਿ ਤਫਤੀਸ਼ ਤੇਜ਼ੀ ਤੇ ਡੂੰਘਾਈ ਨਾਲ ਕੀਤੀ ਜਾ ਰਹੀ ਹੈ।" ਗੌਰਤਲਬ ਹੈ ਕਿ ਮੰਤਰਾਲੇ ਨੇ ਸਿਟ ਦੀ ਮਿਆਦ 11 ਅਗਸਤ, 2017 ਤੱਕ ਵਧਾ ਦਿੱਤੀ ਹੈ ਅਤੇ ਦਿੱਲੀ ਸਰਕਾਰ ਤੇ ਦਿੱਲੀ ਹਾਈ ਕੋਰਟ ਨੂੰ ਇਨ੍ਹਾਂ ਕੇਸਾਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤ ਕਾਇਮ ਕਰਨ ਲਈ ਲਿਖਿਆ ਹੈ।

ਯਾਦ ਰਹੇ ਕਿ ਕਤਲੇਆਮ ਮਾਮਲਿਆਂ ਵਿਚ ਲਗਭਗ 650 ਕੇਸ ਦਰਜ ਕੀਤੇ ਗਏ ਸਨ। ਨਵੰਬਰ 1984 ਦੇ ਕਤਲੇਆਮ ਵਿਚ 3325 ਸਿੱਖਾਂ ਦੀ ਹੱਤਿਆ ਕਰ ਦਿੱਤੀ ਗਈ ਸੀ ਜਿਨ੍ਹਾਂ ਵਿਚੋਂ 2733 ਸਿੱਖਾਂ ਨੂੰ ਇਕੱਲੀ ਦਿੱਲੀ ਵਿਚ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ, ਬਾਕੀ ਮੌਤਾਂ ਉਤਰ ਪ੍ਰਦੇਸ਼, ਹਰਿਆਣਾ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਦੂਸਰੇ ਰਾਜਾਂ ਵਿਚ ਹੋਈਆਂ ਸਨ। ਦਿੱਲੀ ਪੁਲਿਸ ਨੇ ਸਬੂਤਾਂ ਦੀ ਘਾਟ ਕਾਰਨ 241 ਮਾਮਲਿਆਂ ਨੂੰ ਬੰਦ ਕਰ ਦਿੱਤਾ ਸੀ ਜਦਕਿ ਨਾਨਾਵਤੀ ਕਮਿਸ਼ਨ ਨੇ ਉਨ੍ਹਾਂ 'ਚੋਂ ਸਿਰਫ ਚਾਰ ਮਾਮਲੇ ਖੋਲ੍ਹਣ ਦੀ ਸਿਫਾਰਸ਼ ਕੀਤੀ ਸੀ।




ਤਿੰਨ ਮੈਂਬਰੀ ਸਿਟ ਟੀਮ ਵਿਚ ਆਈ.ਜੀ. ਰੈਂਕ ਦੇ ਦੋ ਆਈ.ਪੀ.ਐਸ. ਅਧਿਕਾਰੀ ਅਤੇ ਇਕ ਨਿਆਇਕ ਅਧਿਕਾਰੀ ਸ਼ਾਮਲ ਹਨ। ਸਿਟ ਨੇ ਕਾਂਗਰਸੀ ਨੇਤਾ ਸੱਜਣ ਕੁਮਾਰ ਤੋਂ ਤਿੰਨ ਵਾਰ ਸਵਾਲ ਪੁੱਛੇ ਹਨ ਅਤੇ ਉਨ੍ਹਾਂ ਤੋਂ ਇਨ੍ਹਾਂ ਦੋਸ਼ਾਂ ਬਾਰੇ ਵੀ ਸਵਾਲ ਕੀਤੇ ਗਏ ਕਿ ਉਸ ਨੇ ਇਕ ਨਵੰਬਰ 1984 ਨੂੰ ਜਨਕਪੁਰੀ ਵਿਚ ਭੀੜ ਨੂੰ ਭੜਕਾਇਆ ਸੀ ਜਿਸ ਨੇ ਦੋ ਸਿੱਖਾਂ ਸੋਹਣ ਸਿੰਘ ਤੇ ਉਸ ਦੇ ਦਾਮਾਦ ਅਵਤਾਰ ਸਿੰਘ ਨੂੰ ਕਤਲ ਕਰ ਦਿੱਤਾ ਸੀ। ਇਸ ਵਿਸ਼ੇਸ਼ ਮਾਮਲੇ ਨੂੰ ਸੀ.ਬੀ.ਆਈ. ਨੇ ਕੁਮਾਰ ਖਿਲਾਫ ਸਬੂਤਾਂ ਦੀ ਘਾਟ ਦਾ ਹਵਾਲਾ ਦੇ ਕੇ ਬੰਦ ਕਰ ਦਿੱਤਾ ਸੀ। ਕੁਮਾਰ ਤੋਂ ਇਲਾਵਾ ਸਿਟ ਨੇ ਕੁਝ ਦਿੱਲੀ ਪੁਲਿਸ ਦੇ ਅਧਿਕਾਰੀਆਂ ਜਿਨ੍ਹਾਂ ਨੇ ਪਹਿਲਾਂ ਜਾਂਚ ਕੀਤੀ ਸੀ, ਸਮੇਤ ਕਈ ਹੋਰ ਵਿਅਕਤੀਆਂ ਤੋਂ ਵੀ ਪੁੱਛਗਿੱਛ ਕੀਤੀ ਹੈ।

## ਹੁਣ ਪਰਵਾਸੀ ਭਾਰਤੀਆਂ ਨੂੰ ਮੁਫਤ ਸਿੰਮ

**ਨਵੀਂ ਦਿੱਲੀ:** ਭਾਰਤ ਵਿਚ ਈ-ਵੀਜ਼ੇ ਉਤੇ ਆਉਣ ਵਾਲੇ ਵਿਦੇਸ਼ੀ ਸੈਲਾਨੀਆਂ ਨੂੰ ਸਰਕਾਰ ਵੱਲੋਂ ਮੁਫਤ ਐਕਟਿਵ ਸਿੰਮ ਦਿੱਤੇ ਜਾਣਗੇ। ਕੇਂਦਰੀ ਟੂਰਿਜ਼ਮ ਮੰਤਰੀ ਮਹੇਸ਼ ਸ਼ਰਮਾ ਨੇ ਆਖਿਆ ਕਿ ਇਸ ਸਿੰਮ ਵਿਚ 50 ਰੁਪਏ ਦਾ ਟਾਕ ਟਾਈਮ ਅਤੇ 50 ਐਮ.ਬੀ. ਡਾਟਾ ਸਰਕਾਰ ਵੱਲੋਂ ਮੁਫਤ ਦਿੱਤਾ ਜਾਵੇਗਾ।

ਫਿਲਹਾਲ ਇਹ ਸੇਵਾ ਦਿੱਲੀ ਦੇ ਇੰਦਰਾ ਗਾਂਧੀ ਇੰਟਰਨੈਸ਼ਨਲ ਹਵਾਈ ਅੱਡੇ ਉਤੇ ਉਪਲਬਧ ਹੋਵੇਗੀ। ਇਸ ਪਿੱਛੋਂ ਇਹ ਸੇਵਾ ਦੇਸ਼ ਦੇ ਬਾਕੀ 15 ਹਵਾਈ ਅੱਡਿਆਂ ਉਤੇ ਸ਼ੁਰੂ ਹੋਵੇਗੀ।

# ਸ਼ਰਾਬੀਆਂ ਆਸਰੇ ਹੋਇਆ ਪੰਜਾਬ ਦੇ ਸੱਭਿਆਚਾਰ ਦਾ ਵਿਕਾਸ

**ਚੰਡੀਗੜ੍ਹ:** ਪੰਜਾਬ ਵਿਚ ਯਾਦਗਾਰਾਂ ਦੀ ਉਸਾਰੀ ਵਿਚ ਸ਼ਰਾਬੀਆਂ ਦਾ ਵੱਡਾ ਯੋਗਦਾਨ ਹੈ। ਆਰ.ਟੀ.ਆਈ. ਤੋਂ ਖੁਲਾਸਾ ਹੋਇਆ ਹੈ ਕਿ ਪੰਜਾਬ ਸਰਕਾਰ ਵੱਲੋਂ ਯਾਦਗਾਰਾਂ ਦੀ ਉਸਾਰੀ 'ਤੇ ਤਕਰੀਬਨ 1200 ਕਰੋੜ ਰੁਪਏ ਖਰਚੇ ਗਏ ਹਨ। ਇਹ ਖਰਚਾ ਸ਼ਰਾਬ ਤੋਂ ਕਲਚਰਲ ਸੈੱਸ ਰਾਹੀਂ ਪ੍ਰਾਪਤ ਕੀਤਾ ਹੈ। ਸਰਕਾਰ ਵੱਲੋਂ ਜੋ ਪ੍ਰਤੀ ਪਰੂਫ ਲਿਟਰ 10 ਰੁਪਏ ਕਲਚਰਲ ਸੈੱਸ ਲਾਇਆ ਗਿਆ ਹੈ, ਉਸ ਦੀ ਵਰਤੋਂ ਯਾਦਗਾਰਾਂ ਤੇ ਸਮਾਰਕ ਉਸਾਰਨ ਉਤੇ ਕੀਤੀ ਜਾ ਰਹੀ ਹੈ।

ਸਭਿਆਚਾਰਕ ਮਾਮਲੇ, ਪੁਰਾਤੱਤਵ ਤੇ ਅਜਾਇਬ ਘਰ ਵਿਭਾਗ ਪੰਜਾਬ ਤੋਂ ਆਰ.ਟੀ.ਆਈ. ਤਹਿਤ ਪ੍ਰਾਪਤ ਜਾਣਕਾਰੀ ਅਨੁਸਾਰ ਕਰਤਾਰਪੁਰ ਵਿਚ ਜੰਗ-ਏ-ਆਜ਼ਾਦੀ ਯਾਦਗਾਰ 'ਤੇ 315 ਕਰੋੜ ਖਰਚੇ ਗਏ ਹਨ ਅਤੇ ਇਹ ਪੈਸਾ ਕਲਚਰਲ ਸੈੱਸ 'ਚੋਂ ਲਾਇਆ ਗਿਆ ਹੈ। ਅੰਮ੍ਰਿਤਸਰ ਦੇ ਭਗਵਾਨ ਵਾਲਮੀਕ ਤੀਰਥ ਸਥਲ 'ਤੇ 200 ਕਰੋੜ ਦਾ ਫੰਡ ਵੀ ਕਲਚਰਲ ਸੈੱਸ ਵਿਚੋਂ ਖਰਚਿਆ ਜਾ ਰਿਹਾ ਹੈ। ਖੁਰਾਲਗੜ੍ਹ ਵਿਚ ਗੁਰੂ ਰਵਿਦਾਸ ਸਮਾਰਕ 'ਤੇ 100 ਕਰੋੜ



ਰੁਪਏ, ਫਤਹਿਗੜ੍ਹ ਸਾਹਿਬ ਵਿਚ ਬਾਬਾ ਮੋਤੀ ਰਾਮ ਮਹਿਰਾ ਮੈਮੋਰੀਅਲ ਉਤੇ 7.32 ਕਰੋੜ, ਸ੍ਰੀ ਆਨੰਦਪੁਰ ਸਾਹਿਬ 'ਚ ਬਾਬਾ ਜੀਵਨ ਸਿੰਘ ਸਮਾਰਕ ਉਤੇ 22 ਕਰੋੜ, ਫਿਰੋਜ਼ਪੁਰ 'ਚ ਭਾਈ ਮਰਦਾਨਾ ਯਾਦਗਾਰ 'ਤੇ 8.40 ਕਰੋੜ ਅਤੇ ਕਰਤਾਰਪੁਰ ਵਿਚ ਗੁਰੂ ਵਿਰਜਾਨੰਦ ਸਮਾਰਕ ਲਈ 9.40 ਕਰੋੜ ਦਾ ਬਜਟ ਕਲਚਰਲ ਸੈੱਸ ਵਿਚੋਂ ਹੀ ਰੱਖਿਆ ਗਿਆ ਹੈ।

ਵਿਰਾਸਤ-ਏ-ਖਾਲਸਾ ਸ੍ਰੀ ਆਨੰਦਪੁਰ ਸਾਹਿਬ 'ਤੇ 270 ਕਰੋੜ ਰੁਪਏ, ਬਾਬਾ ਬੰਦਾ ਸਿੰਘ ਬਹਾਦਰ ਮੈਮੋਰੀਅਲ ਚੱਪੜਚਿੜੀ ਦੀ ਉਸਾਰੀ ਉਤੇ 46.02 ਕਰੋੜ, ਵੱਡਾ ਘੱਲੂਘਾਰਾ ਸਮਾਰਕ ਕੁੱਪ ਰੋਹੀੜਾ ਉਤੇ 23.99 ਕਰੋੜ ਅਤੇ ਛੋਟਾ ਘੱਲੂਘਾਰਾ ਸਮਾਰਕ ਕਾਹਨੂੰਵਾਨ ਉਤੇ 17.99 ਕਰੋੜ ਰੁਪਏ ਕੇਂਦਰ ਤੇ ਰਾਜ ਸਰਕਾਰ ਨੇ ਖਰਚ ਕੀਤੇ ਹਨ, ਜਦੋਂਕਿ ਵਾਰ ਮੈਮੋਰੀਅਲ ਅੰਮ੍ਰਿਤਸਰ 'ਤੇ 145 ਕਰੋੜ ਅਤੇ ਭਾਈ ਰਣਧੀਰ ਸਿੰਘ ਮੈਮੋਰੀਅਲ ਨਾਰੰਗਵਾਲ ਉਤੇ 1.47 ਕਰੋੜ ਦੇ ਫੰਡ ਪੀ.ਆਈ.ਡੀ.ਬੀ. ਦੇ ਖਰਚੇ ਜਾ ਰਹੇ ਹਨ। ਬਾਬਾ ਬੰਦਾ ਸਿੰਘ ਬਹਾਦਰ ਮੈਮੋਰੀਅਲ ਦੀ ਸਾਂਭ ਸੰਭਾਲ ਲਈ ਸਾਲਾਨਾ ਇਕ ਕਰੋੜ, ਵੱਡਾ ਘੱਲੂਘਾਰਾ ਸਮਾਰਕ ਲਈ 70 ਲੱਖ ਰੁਪਏ ਅਤੇ ਛੋਟਾ ਘੱਲੂਘਾਰਾ ਸਮਾਰਕ ਲਈ ਸਾਲਾਨਾ 47.70 ਲੱਖ ਰੁਪਏ ਰੱਖੇ ਗਏ ਹਨ।

ਕਰ ਵਿਭਾਗ ਵੱਲੋਂ ਸ਼ਰਾਬ 'ਤੇ ਪ੍ਰਤੀ ਪਰੂਫ ਲਿਟਰ 'ਤੇ ਪਹਿਲਾਂ 23 ਰੁਪਏ ਸੈੱਸ ਲਾਇਆ ਗਿਆ ਸੀ, ਜਿਸ ਨੂੰ ਚਾਲੂ ਮਾਲੀ ਵਰ੍ਹੇ ਦੌਰਾਨ ਵਧਾ ਕੇ 29 ਰੁਪਏ ਕਰ ਦਿੱਤਾ ਗਿਆ। ਕਲਚਰਲ ਸੈੱਸ 8 ਰੁਪਏ ਤੋਂ ਵਧਾ ਕੇ 10 ਰੁਪਏ ਕੀਤਾ ਗਿਆ ਹੈ। ਨਵੇਂ ਵਾਧੇ ਮਗਰੋਂ ਸਾਲਾਨਾ ਤਕਰੀਬਨ 100 ਕਰੋੜ ਰੁਪਏ ਕਲਚਰਲ ਸੈੱਸ ਵਜੋਂ ਇਕੱਠੇ ਹੋਣ ਦਾ ਅਨੁਮਾਨ ਹੈ।

# ਦਰਗਾਹ ਹਮਲੇ ਪਿੱਛੋਂ ਪਾਕਿਸਤਾਨ ਵਲੋਂ ਅਤਿਵਾਦ ਵਿਰੁਧ ਜੰਗ ਤੇਜ਼

**ਲਾਹੌਰ**: ਸਿੰਧ ਸੂਬੇ ਦੇ ਕਸਬੇ ਸਹਿਵਨ ਵਿਚ ਸੂਫੀ ਦਰਗਾਹ ਉਤੇ ਆਤਮਘਾਤੀ ਹਮਲੇ ਮਗਰੋਂ ਪਾਕਿਸਤਾਨ ਦੇ ਸੁਰੱਖਿਆ ਦਸਤਿਆਂ ਵੱਲੋਂ ਦੇਸ਼ ਭਰ ਵਿਚ ਅਤਿਵਾਦੀਆਂ ਵਿਰੁੱਧ ਕਾਰਵਾਈ ਵਿੱਢ ਦਿੱਤੀ ਹੈ। ਪਾਕਿਸਤਾਨੀ ਫੌਜ ਵੱਲੋਂ ਦਹਿਸ਼ਤਗਰਦਾਂ ਵਿਰੁੱਧ ਚਲਾਈ ਮੁਹਿੰਮ ਤਹਿਤ 130 ਸ਼ੱਕੀ ਦਹਿਸ਼ਤਗਰਦ ਮਾਰੇ ਜਾ ਚੁੱਕੇ ਹਨ ਜਦੋਂ ਕਿ 350 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਵਿਚ ਵਧੇਰੇ ਗਿਣਤੀ ਅਫਗਾਨੀਆਂ ਦੀ ਹੈ।

ਪੰਜਾਬ ਪੁਲਿਸ ਦੇ ਬੁਲਾਰੇ ਨਿਆਬ ਹੈਦਰ ਨੇ ਦੱਸਿਆ ਕਿ 350 ਸ਼ੱਕੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ, ਜਿਨ੍ਹਾਂ ਵਿਚ ਜ਼ਿਆਦਾਤਰ ਅਫਗਾਨੀ ਹਨ। ਇਹ ਕਾਰਵਾਈ ਪਾਕਿਸਤਾਨੀ ਮਿਲਟਰੀ ਵੱਲੋਂ ਅਫਗਾਨਿਸਤਾਨੀ ਕੂਟਨੀਤਕਾਂ ਨੂੰ ਆਪਣੇ ਰਾਵਲਪਿੰਡੀ ਹੈੱਡ ਕੁਆਰਟਰ ਵਿਖੇ ਤਲਬ ਕਰਨ ਅਤੇ ਪਾਕਿਸਤਾਨ ਵਿਚ ਹਮਲਿਆਂ ਵਿਚ ਸ਼ਾਮਲ 76 ਅਤਿਵਾਦੀਆਂ ਦੀ ਸੂਚੀ ਸੌਂਪਣ ਦੇ ਬਾਅਦ ਕੀਤੀ ਗਈ। ਦੱਸਣਯੋਗ ਹੈ ਕਿ ਦੱਖਣੀ ਸੂਬੇ ਸਿੰਧ ਦੀ ਲਾਲ ਸ਼ਾਹਬਾਜ਼ ਕਲੰਦਰ ਦੀ ਮਸ਼ਹੂਰ ਦਰਗਾਹ ਉਤੇ ਹਮਲੇ ਵਿਚ 100 ਜਣੇ ਮਾਰੇ ਗਏ ਅਤੇ ਤਕਰੀਬਨ 250 ਜ਼ਖ਼ਮੀ ਹੋਏ।

*130 ਤੋਂ ਵੱਧ ਸ਼ੱਕੀ ਮਾਰੇ, ਸੈਂਕੜੇ ਹਿਰਾਸਤ ਵਿਚ*



## ਪਾਕਿਸਤਾਨ ਨੇ ਸਈਦ ਨੂੰ ਮੰਨਿਆ ਅਤਿਵਾਦੀ

**ਇਸਲਾਮਾਬਾਦ:** ਮੁੰਬਈ ਅਤਿਵਾਦੀ ਧਮਾਕਿਆਂ ਦੇ ਮੁੱਖ ਸਾਜ਼ਿਸ਼ੀ ਜਮਾਤ-ਉਲ-ਦਾਅਵਾ ਦੇ ਮੁਖੀ ਹਾਫਿਜ਼ ਸਈਦ ਦੇ ਅਤਿਵਾਦੀਆਂ ਨਾਲ ਸਬੰਧਾਂ ਕਾਰਨ ਆਖਿਰਕਾਰ ਪਾਕਿਸਤਾਨ ਸਰਕਾਰ ਨੇ ਉਸ ਦਾ ਨਾਂ ਅਤਿਵਾਦ ਵਿਰੋਧੀ ਕਾਨੂੰਨ ਤਹਿਤ ਸੂਚੀ ਵਿਚ ਸ਼ਾਮਲ ਕਰ ਲਿਆ ਹੈ। 'ਡਾਅਨ ਨਿਊਜ਼' ਦੀ ਰਿਪੋਰਟ ਅਨੁਸਾਰ ਪੰਜਾਬ ਸਰਕਾਰ ਨੇ ਹਾਫਿਜ਼ ਸਈਦ ਅਤੇ ਉਸ ਦੇ ਨਜ਼ਦੀਕੀ ਸਹਿਯੋਗੀ ਕਾਜ਼ੀ ਕਾਸ਼ਿਫ ਦੇ ਨਾਂ ਅਤਿਵਾਦੀ ਵਿਰੋਧੀ ਕਾਨੂੰਨ ਦੇ ਚੌਥੇ ਸ਼ਡਿਊਲ ਤਹਿਤ ਅਤਿਵਾਦੀਆਂ ਵਾਲੀ ਸੂਚੀ ਵਿਚ ਸ਼ਾਮਲ ਕਰ ਲਏ ਹਨ। ਇਨ੍ਹਾਂ ਤੋਂ ਇਲਾਵਾ ਅਤਿਵਾਦੀਆਂ ਦੀ ਸੂਚੀ ਵਿਚ ਫੈਸਲਾਬਾਦ ਦੇ ਅਬਦੁੱਲਾ ਓਬੇਦ, ਮੁਰੀਦਕੇ ਦੇ ਮਰਕਜ਼-ਏ-ਤਾਇਬਾ ਨਾਲ ਸਬੰਧਤ ਜ਼ਫਰ ਇਕਬਾਲ, ਅਬਦੁਰ ਰਹਿਮਾਨ ਆਬਿਦ ਦੇ ਨਾਂ ਵੀ ਸ਼ਾਮਲ ਹਨ। ਸਈਦ ਸਮੇਤ ਪੰਜ ਆਗੂ 30 ਜਨਵਰੀ ਤੋਂ ਹੀ ਘਰਾਂ ਵਿਚ ਨਜ਼ਰਬੰਦ ਹਨ। ਇਸ ਕਾਰਨ ਇਨ੍ਹਾਂ ਜਥੇਬੰਦੀਆਂ ਦੇ ਮੈਂਬਰਾਂ ਵਿਚ ਗੁੱਸੇ ਦੀ ਲਹਿਰ ਹੈ। ਪਾਕਿਸਤਾਨ ਦੇ ਗ੍ਰਹਿ ਵਿਭਾਗ ਅਨੁਸਾਰ ਇਹ ਪੰਜੋਂ ਆਗੂ ਜਮਾਤ ਉਲ ਦਾਅਵਾ, ਫਨਾਹ-ਏ-ਇਨਸਾਨੀਅਤ ਦੇ ਸਰਗਰਮ ਮੈਂਬਰ ਹਨ।



# ਕਸ਼ਮੀਰ 'ਚ ਫੌਜ ਲਈ ਔਖੇ ਬਣ ਰਹੇ ਨੇ ਹਾਲਾਤ

**ਸ੍ਰੀਨਗਰ:** ਫੌਜ ਨੇ 2017 ਦੇ ਪਹਿਲੇ 2 ਮਹੀਨਿਆਂ ਵਿਚ ਹੁਣ ਤੱਕ 26 ਜਵਾਨਾਂ ਨੂੰ ਗਵਾ ਦਿੱਤਾ ਹੈ, ਜਦਕਿ ਇਸ ਦੌਰਾਨ ਅਤਿਵਾਦੀ ਵਿਰੋਧੀ ਕਾਰਵਾਈਆਂ ਵਿਚ 50 ਦਿਨਾਂ ਦੌਰਾਨ 22 ਦਹਿਸ਼ਤਗਰਦਾਂ ਨੂੰ ਹਲਾਕ ਕਰ ਦਿੱਤਾ ਗਿਆ, ਜਿਨ੍ਹਾਂ 'ਚ ਕਈ ਚੋਟੀ ਦੇ ਕਮਾਂਡਰ ਵੀ ਸ਼ਾਮਲ ਹਨ। ਸੁਰੱਖਿਆ ਬੁਲਾਰੇ ਅਨੁਸਾਰ ਵਾਦੀ ਵਿਚ ਫੌਜ ਦੇ 20 ਜਵਾਨ, ਜਿਨ੍ਹਾਂ 'ਚ ਇਕ ਅਧਿਕਾਰੀ ਵੀ ਸ਼ਾਮਿਲ ਹੈ, ਭਾਰੀ ਬਰਫਬਾਰੀ ਕਾਰਨ ਬਰਫਾਨੀ ਤੋਦਿਆਂ ਹੇਠ ਦਬ ਕੇ ਮਾਰੇ ਗਏ। ਇਸ ਤੋਂ ਇਲਾਵਾ 6 ਜਵਾਨ ਤੇ ਅਧਿਕਾਰੀ ਮੁਠਭੇੜਾਂ ਵਿਚ ਮਾਰੇ ਗਏ। 14 ਫਰਵਰੀ ਨੂੰ ਹੰਦਵਾੜਾ ਇਲਾਕੇ 'ਚ ਫੌਜ ਦਾ ਇਕ ਮੇਜਰ ਰੈਂਕ ਅਧਿਕਾਰੀ ਅਤਿਵਾਦੀਆਂ ਨਾਲ ਮੁਕਾਬਲੇ 'ਚ ਆਪਣੀ ਜਾਨ ਦੇਸ਼ ਦੇ ਲੇਖੇ ਲਗਾ ਗਿਆ। ਇਸ ਕਾਰਵਾਈ ਵਿਚ ਲਸ਼ਕਰ-ਏ-ਤਾਇਬਾ ਨਾਲ ਸਬੰਧਤ 3 ਵਿਦੇਸ਼ੀ ਅਤਿਵਾਦੀ ਮਾਰੇ ਗਏ।

ਬਾਂਦੀਪੁਰਾ ਦੇ ਹਾਜਨ ਇਲਾਕੇ 'ਚ 3 ਫੌਜੀ ਜਵਾਨ ਇਕ ਮੁਕਾਬਲੇ ਵਿਚ ਸ਼ਹੀਦ ਹੋਏ, ਮੁਕਾਬਲੇ 'ਚ ਲਸ਼ਕਰ ਦਾ ਇਕ ਚੋਟੀ ਦਾ ਕਮਾਂਡਰ ਅਬੂ ਮੂਸਾ ਮਾਰਿਆ ਗਿਆ ਤੇ ਇਸ ਤੋਂ ਪਹਿਲਾਂ 12 ਫਰਵਰੀ ਨੂੰ ਜ਼ਿਲ੍ਹਾ ਕੁਲਗਾਮ ਵਿਖੇ ਇਕ ਭਾਰੀ ਮੁਠਭੇੜ 'ਚ 4 ਅਤਿਵਾਦੀਆਂ ਨੂੰ ਢੇਰ ਕੀਤਾ ਗਿਆ। ਇਸ ਦੌਰਾਨ ਦੋਵੇਂ ਪਾਸਿਆਂ ਤੋਂ ਹੋਈ ਗੋਲੀਬਾਰੀ 'ਚ ਇਕ ਨਾਗਰਿਕ, ਜਿਸ ਦੇ ਮਕਾਨ 'ਚ ਅਤਿਵਾਦੀ ਲੁਕੇ ਹੋਏ ਸਨ, ਗੋਲੀ ਦਾ ਸ਼ਿਕਾਰ ਹੋ ਗਿਆ ਤੇ ਮੁਠਭੇੜ ਦੇ ਬਾਅਦ ਭੜਕੇ ਪ੍ਰਦਰਸ਼ਨ ਵਿਚ ਇਕ ਹੋਰ ਨਾਗਰਿਕ ਜਾਨ ਗਵਾ ਬੈਠਾ। ਫੌਜ ਦੇ 2 ਜਵਾਨ ਵੀ ਇਸ ਕਾਰਵਾਈ ਦੌਰਾਨ ਸ਼ਹੀਦ ਹੋਏ।

ਇਸ ਦੌਰਾਨ ਸੁਰੱਖਿਆ ਏਜੰਸੀਆਂ ਨੇ ਇਸ ਵਰ੍ਹੇ ਦੇ ਚਲਦੇ ਦੂਜੇ ਮਹੀਨੇ ਤੱਕ ਵਿਸ਼ੇਸ਼ ਕਰ ਉਤਰੀ ਕਸ਼ਮੀਰ 'ਚ 40 ਦੇ ਕਰੀਬ ਅਤਿਵਾਦੀ ਸਮਰਥਕਾਂ ਨੂੰ ਗ੍ਰਿਫਤਾਰ ਕੀਤਾ। ਇਹ ਵਰਕਰ ਅਤਿਵਾਦੀਆਂ ਨੂੰ ਹਮਲੇ ਕਰਨ ਤੋਂ ਪਹਿਲਾਂ ਸੂਚਨਾ ਦੇਣ, ਹਥਿਆਰਾਂ ਸਮੇਤ ਉਨ੍ਹਾਂ ਨੂੰ ਟਿਕਾਣਿਆਂ 'ਤੇ ਪਹੁੰਚਾਉਣ ਤੋਂ ਇਲਾਵਾ ਰਹਿਣ ਦਾ ਪ੍ਰਬੰਧ ਕਰਨ 'ਚ ਸਹਾਇਤਾ ਦਿੰਦੇ ਹਨ।


TRUCK STOP 40
SAYRE, OK 73662
ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ



ਗੈਸ ਸਟੇਸ਼ਨ ਲਈ ਕੈਸ਼ੀਅਰ ਅਤੇ ਰੋਟੀਆਂ ਬਣਾਉਣ ਵਾਲੇ ਦੀ ਲੋੜ ਹੈ
ਸੰਪਰਕ ਕਰੋ, ਰਾਜ ਸਿੰਘ
ਫੋਨ: 832-512-7172
6-

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਆਜ਼ਾਦੀ ਦੀ ਲੜਾਈ ਵਿਚ ਪੰਜ ਭਗਤ ਸਿੰਘ ਹੋਏ ਸਨ ਸ਼ਹੀਦ

**ਚੰਡੀਗੜ੍ਹ:** ਆਜ਼ਾਦੀ ਦੀ ਲੜਾਈ ਵਿਚ ਆਪਣਾ ਸਭ ਕੁਝ ਵਾਰ ਦੇਣ ਵਾਲੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਨਾਂ ਤਾਂ ਸਾਰੀ ਦੁਨੀਆਂ ਜਾਣਦੀ ਹੈ, ਪਰ ਰੋਚਕ ਗੱਲ ਇਹ ਹੈ ਕਿ ਦੇਸ਼ ਖਾਤਰ ਇਕ ਭਗਤ ਸਿੰਘ ਨਹੀਂ, ਬਲਕਿ ਪੰਜ ਭਗਤ ਸਿੰਘ ਸ਼ਹੀਦ ਹੋਏ ਸਨ। ਇਨ੍ਹਾਂ ਵਿਚੋਂ ਸ਼ਹੀਦ-ਏ-ਆਜ਼ਮ ਤੋਂ ਇਲਾਵਾ ਤਿੰਨ ਦਾ ਸਬੰਧ ਅੰਮ੍ਰਿਤਸਰ ਤੇ ਇਕ ਦਾ ਸਬੰਧ ਫਿਰੋਜ਼ਪੁਰ ਨਾਲ ਸੀ। ਇਸ ਦਾ ਖੁਲਾਸਾ ਕੇਂਦਰ ਸਰਕਾਰ ਵੱਲੋਂ ਜਾਰੀ ਡਿਕਸ਼ਨਰੀ ਆਫ ਮਾਰਟੀਅਰਜ਼ ਵਿਚ ਕੀਤਾ ਗਿਆ ਹੈ। ਬਠਿੰਡਾ ਨਿਵਾਸੀ ਹਰਮਿਲਾਪ ਸਿੰਘ ਗਰੇਵਾਲ ਨੇ ਸੂਚਨਾ ਦੇ ਅਧਿਕਾਰ ਤਹਿਤ ਰਾਸ਼ਟਰਪਤੀ ਤੋਂ ਜਾਣਕਾਰੀ ਮੰਗੀ ਸੀ ਕਿ ਭਗਤ ਸਿੰਘ ਨੂੰ ਸ਼ਹੀਦ ਦਾ ਦਰਜਾ ਮਿਲਿਆ ਹੈ ਜਾਂ ਨਹੀਂ? ਇਸ ਦੇ ਜਵਾਬ ਵਿਚ ਕੇਂਦਰੀ ਸੱਭਿਆਚਾਰਕ ਮੰਤਰਾਲੇ ਨੇ ਦੱਸਿਆ ਕਿ ਸਾਲ 2008 ਵਿਚ ਸਰਕਾਰ ਨੇ ਦੇਸ਼ ਖਾਤਰ ਸ਼ਹੀਦ ਹੋਣ ਵਾਲੇ ਦੇਸ਼ ਭਗਤਾਂ ਦੀ ਜਾਣਕਾਰੀ ਇਕੱਠੀ ਕਰਨ ਦਾ ਹੁਕਮ ਦਿੱਤਾ ਸੀ।



ਇਸ ਤੋਂ ਬਾਅਦ 2012 'ਚ ਡਿਕਸ਼ਨਰੀ ਆਫ ਮਾਰਟੀਅਰਜ਼ ਰਿਲੀਜ਼ ਕੀਤੀ ਗਈ। ਇਸ ਵਿਚ ਭਗਤ ਸਿੰਘ ਨੂੰ ਸ਼ਹੀਦ ਦਾ ਦਰਜਾ ਦਿੱਤਾ ਗਿਆ ਹੈ। ਨਾਲ ਹੀ ਦੱਸਿਆ ਗਿਆ ਕਿ ਦੇਸ਼ ਖਾਤਰ ਪੰਜ ਭਗਤ ਸਿੰਘ ਨਾਂ ਦੇ ਨੌਜਵਾਨ ਸ਼ਹੀਦ ਹੋਏ ਹਨ। ਡਿਕਸ਼ਨਰੀ 'ਚ 1857 ਤੋਂ 1947 ਵਿਚਾਲੇ ਸ਼ਹੀਦ ਹੋਣ ਵਾਲੇ ਸਾਰੇ ਦੇਸ਼ ਭਗਤਾਂ ਦਾ ਜ਼ਿਕਰ ਹੈ। ਅਣਵੰਡੇ ਪੰਜਾਬ ਦੇ ਜ਼ਿਲ੍ਹਾ ਲਾਇਲਪੁਰ ਦੇ ਪਿੰਡ ਬੰਗਾ ਨਿਵਾਸੀ ਭਗਤ ਸਿੰਘ ਨੂੰ ਆਜ਼ਾਦੀ ਲਈ 8 ਅਪਰੈਲ 1929 ਨੂੰ ਨੈਸ਼ਨਲ ਅਸੈਂਬਲੀ ਵਿਚ ਬੰਬ ਸੁੱਟਣ ਦੇ ਮਾਮਲੇ 'ਚ 23 ਮਾਰਚ 1931 ਨੂੰ ਲਾਹੌਰ ਕੇਂਦਰੀ ਜੇਲ੍ਹ 'ਚ ਸੁਖਦੇਵ ਤੇ ਰਾਜਗੁਰੂ ਨਾਲ ਫਾਂਸੀ ਦਿੱਤੀ ਗਈ ਸੀ। ਇਸ ਸਬੰਧੀ ਫਿਰੋਜ਼ਪੁਰ 'ਚ ਐਫ. ਆਈ. ਆਰ. ਦਰਜ ਹੈ। ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਤਾਵਾ ਖੁਰਦ ਨਿਵਾਸੀ ਸਿੱਖ ਜੱਟ ਭਗਤ ਸਿੰਘ ਨੂੰ ਵੀ ਕੇਂਦਰ ਸਰਕਾਰ ਨੇ ਸ਼ਹੀਦ ਦਾ ਦਰਜਾ ਦਿੱਤਾ ਹੈ। ਉਹ ਗੁਰੂ ਕੇ ਬਾਗ ਅੰਮ੍ਰਿਤਸਰ ਅਗਸਤ 1922 'ਚ ਪੁਲਿਸ ਲਾਠੀਚਾਰਜ 'ਚ ਸ਼ਹੀਦ ਹੋਏ ਸਨ। ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਤੋਸਤਾ ਟੋਡਾ ਖੁਰਦ ਨਿਵਾਸੀ ਭਗਤ ਸਿੰਘ 1922 ਵਿਚ ਅੰਮ੍ਰਿਤਸਰ ਵਿਚ ਗੁਰੂ ਕੇ ਬਾਗ ਤੱਕ ਸ਼ਾਂਤਮਈ ਢੰਗ ਨਾਲ ਕੱਢੇ ਗਏ ਸਿੱਖ ਜਥੇ ਵਿਚ ਸ਼ਾਮਲ ਸਨ, ਪਰ ਲਾਠੀਚਾਰਜ 'ਚ ਸ਼ਹੀਦ ਹੋ ਗਏ। ਉਹ ਅਕਾਲੀ ਮੂਵਮੈਂਟ ਵਿਚ ਵੀ ਸ਼ਾਮਲ ਸਨ।

ਅੰਮ੍ਰਿਤਸਰ ਜ਼ਿਲ੍ਹੇ ਦੇ ਤੇਰਾ ਖੁਰਦ ਪਿੰਡ ਦੇ ਭਗਤ ਸਿੰਘ ਪੁਲਿਸ ਲਾਠੀਚਾਰਜ 'ਚ ਸ਼ਹੀਦ ਹੋ ਗਏ ਸਨ। ਉਨ੍ਹਾਂ ਨੇ ਅੰਗਰੇਜ਼ਾਂ ਖਿਲਾਫ ਅਕਾਲੀ ਲਹਿਰ 'ਚ ਹਿੱਸਾ ਲਿਆ ਸੀ। ਪੁਲਿਸ ਰਿਕਾਰਡ ਮੁਤਾਬਕ ਉਹ 4 ਦਸੰਬਰ 1922 ਨੂੰ ਸ਼ਹੀਦ ਹੋਏ ਸਨ। ਉਨ੍ਹਾਂ ਦੇ ਦੋ ਪੁੱਤਰ ਸਨ।

ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਮਬਾਨਾ ਨਿਵਾਸੀ ਭਗਤ ਸਿੰਘ ਗੁਰੀਲਾ ਰੈਜੀਮੈਂਟ 'ਚ ਸਨ, ਪਰ ਸ਼ਹੀਦ ਕਿਵੇਂ ਹੋਏ, ਇਸ ਸਬੰਧੀ ਜਾਣਕਾਰੀ ਨਹੀਂ ਦਿੱਤੀ ਗਈ ਹੈ। ਸੂਚਨਾ ਅਧਿਕਾਰ ਤਹਿਤ ਕੇਂਦਰ ਸਰਕਾਰ ਤੋਂ ਇਹ ਵੀ ਪੁੱਛਿਆ ਗਿਆ ਸੀ ਕਿ ਜਦ 2012 ਵਿਚ ਸਾਰਿਆਂ ਨੂੰ ਸ਼ਹੀਦ ਦਾ ਦਰਜਾ ਦਿੱਤਾ ਗਿਆ ਹੈ ਤਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਲੱਭਣ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ ਗਈ? ਜੇ ਨਹੀਂ ਕੀਤੀ ਗਈ ਤਾਂ ਸਾਰੇ ਸ਼ਹੀਦਾਂ ਦੇ ਪਰਿਵਾਰਾਂ ਦਾ ਬਿਨਾ ਦੇਰੀ ਸਨਮਾਨ ਕੀਤਾ ਜਾਵੇ।

## ਸਾਂਡਰਸ ਨੂੰ ਮਾਰਨ ਵਾਲੀ ਪਿਸਤੌਲ ਦੀ ਪਛਾਣ ਹੋਈ

**ਇੰਦੌਰ:** 90 ਸਾਲ ਪਹਿਲਾਂ 17 ਦਸੰਬਰ, 1928 ਨੂੰ ਭਗਤ ਸਿੰਘ ਅਤੇ ਰਾਜਗੁਰੂ ਨੇ ਅੰਗਰੇਜ਼ ਅਫਸਰ ਜਾਨ ਸਾਂਡਰਸ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ, ਜਿਸ ਪਿਸਤੌਲ ਨਾਲ ਸਾਂਡਰਸ 'ਤੇ ਗੋਲੀ ਚਲਾਈ ਗਈ ਸੀ, ਉਹ ਇੰਦੌਰ ਦੇ ਇਕ ਸੀ.ਐਸ.ਡਬਲਿਊ.ਟੀ. ਮਿਊਜ਼ੀਅਮ ਵਿਚ ਰੱਖੀ ਸੀ, ਪਰ ਇਸ ਗੱਲ ਦਾ ਕਿਸੇ ਨੂੰ ਵੀ ਪਤਾ ਨਹੀਂ ਸੀ। ਹੁਣ ਇਸ ਪਿਸਤੌਲ ਦੀ ਪਛਾਣ ਕਰ ਲਈ ਗਈ ਹੈ ਅਤੇ ਵੱਡੀ ਗਿਣਤੀ 'ਚ ਲੋਕ ਇਸ ਨੂੰ ਦੇਖਣ ਪਹੁੰਚ ਰਹੇ ਹਨ। ਇੰਦੌਰ ਸਥਿਤ ਸੀ.ਐਸ.ਡਬਲਿਊ.ਟੀ. ਸੀਮਾ ਸੁਰੱਖਿਆ ਬਲ ਦੇ ਰੇਓਟੀ ਫਾਈਰਿੰਗ ਰੇਂਜ 'ਚ ਡਿਸਪਲੇ 'ਤੇ ਭਗਤ ਸਿੰਘ ਦੀ ਗੰਨ ਦੀ ਜ਼ਿੰਮੇਵਾਰੀ ਸੀ.ਐਸ. ਡਬਲਿਊ.ਟੀ. ਮਿਊਜ਼ੀਅਮ ਦੇ ਸੁਰੱਖਿਆ ਅਸਿਸਟੈਂਟ ਕਮਾਂਡੈਂਟ ਵਿਜੇਂਦਰ ਸਿੰਘ ਦੀ ਹੈ। ਉਨ੍ਹਾਂ ਦੱਸਿਆ ਕਿ ਭਗਤ ਸਿੰਘ ਦੀ ਪਿਸਤੌਲ ਸੀਰੀਅਲ ਨੰਬਰ ਸਾਂਡਰਸ ਦੇ ਕੇਸ ਰਿਕਾਰਡ ਨਾਲ ਚੈਕ-ਮੈਚ ਕੀਤਾ ਤਾਂ ਦੋਵਾਂ ਦੇ ਨੰਬਰ ਇਕ ਹੀ ਨਿਕਲੇ। ਭਗਤ ਸਿੰਘ ਦੀ .32 ਐਮ.ਐਮ. ਦੀ ਕੋਲਟ ਆਟੋਮੈਟਿਕ ਗੰਨ 90 ਸਾਲ ਬਾਅਦ ਸਟੋਰ ਰੂਮ 'ਚੋਂ ਕੱਢ ਕੇ ਡਿਸਪਲੇ 'ਤੇ ਲਗਾਈ ਗਈ ਹੈ। ਸੀ.ਐਸ.ਡਬਲਿਊ.ਟੀ. ਮਿਊਜ਼ੀਅਮ 'ਚ ਦੂਸਰੇ ਵਿਸ਼ਵ ਯੁੱਧ ਦੇ ਸਮੇਂ ਦੇ ਵੀ ਹਥਿਆਰ ਰੱਖੇ ਹੋਏ ਹਨ।



# ਪਾਕਿ ਸੈਨੇਟ ਵੱਲੋਂ ਹਿੰਦੂ ਵਿਆਹ ਬਿੱਲ ਸਰਬਸੰਮਤੀ ਨਾਲ ਪਾਸ

**ਇਸਲਾਮਾਬਾਦ:** ਪਾਕਿਸਤਾਨ ਵਿਚ ਘੱਟ ਗਿਣਤੀ ਹਿੰਦੂਆਂ ਲਈ ਵਿਆਹਾਂ ਨੂੰ ਰਜਿਸਟਰ ਕਰਾਉਣ ਲਈ ਲੰਮੇ ਸਮੇਂ ਤੋਂ ਉਡੀਕੇ ਜਾ ਰਹੇ ਇਤਿਹਾਸਕ ਬਿੱਲ ਨੂੰ ਸੈਨੇਟ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਹੈ। ਹਿੰਦੂ ਵਿਆਹ ਬਿੱਲ 2017, ਜੋ ਹਿੰਦੂ ਭਾਈਚਾਰੇ ਦਾ ਪਹਿਲਾ ਵਿਸਥਾਰਤ ਪਰਸਨਲ ਲਾਅ ਹੈ, ਨੂੰ ਸੈਨੇਟ ਨੇ ਪਾਸ ਕੀਤਾ। ਗੌਰਤਲਬ ਹੈ ਕਿ ਇਸ ਬਿੱਲ ਨੂੰ ਹੇਠਲੇ ਸਦਨ ਜਾਂ ਕੌਮੀ ਅਸੈਂਬਲੀ ਨੇ 26 ਸਤੰਬਰ 2015 ਨੂੰ ਪਾਸ ਕਰ ਦਿੱਤਾ ਸੀ।



ਬਿੱਲ ਨੂੰ ਕਾਨੂੰਨ ਬਣਨ ਲਈ ਹੁਣ ਮਹਿਜ਼ ਰਾਸ਼ਟਰਪਤੀ ਦੀ ਸਹੀ ਦੀ ਲੋੜ ਹੈ, ਜੋ ਮਹਿਜ਼ ਰਸਮ ਮਾਤਰ ਹੈ। ਅਖਬਾਰ 'ਡਾਅਨ' ਦੀ ਰਿਪੋਰਟ ਮੁਤਾਬਕ ਇਹ ਬਿੱਲ ਪਾਕਿਸਤਾਨ 'ਚ ਰਹਿ ਰਹੇ ਹਿੰਦੂਆਂ ਵੱਲੋਂ ਵੱਡੇ ਪੱਧਰ ਉਤੇ ਮਨਜ਼ੂਰ ਕੀਤਾ ਗਿਆ ਹੈ ਕਿਉਂਕਿ ਇਹ ਵਿਆਹ, ਵਿਆਹ ਦੀ ਰਜਿਸਟਰੇਸ਼ਨ, ਵੱਖ ਹੋਣ ਅਤੇ ਮੁੜ ਵਿਆਹ ਨਾਲ ਸਬੰਧਤ ਹੈ। ਇਸ ਵਿਚ ਮੁੰਡੇ ਤੇ ਕੁੜੀ ਲਈ ਵਿਆਹ ਦੀ ਘੱਟ ਤੋਂ ਘੱਟ ਉਮਰ 18 ਸਾਲ ਨਿਰਧਾਰਤ ਕੀਤੀ ਗਈ ਹੈ। ਇਹ ਬਿੱਲ ਹਿੰਦੂ ਔਰਤਾਂ ਨੂੰ ਆਪਣੇ ਵਿਆਹ ਦਾ ਦਸਤਾਵੇਜ਼ੀ ਸਬੂਤ ਹਾਸਲ ਕਰਨ ਵਿਚ ਮਦਦ ਕਰੇਗਾ। ਇਹ ਕਾਨੂੰਨ ਪੰਜਾਬ, ਬਲੋਚਿਸਤਾਨ ਤੇ ਖੈਬਰ ਪਖਤੂਨਖਵਾ ਸੂਬਿਆਂ ਵਿਚ ਲਾਗੂ ਹੋਵੇਗਾ। ਜ਼ਿਕਰਯੋਗ ਹੈ ਕਿ ਸੂਬਾ ਸਿੰਧ ਨੇ ਪਹਿਲਾਂ ਹੀ ਹਿੰਦੂ ਵਿਆਹ ਕਾਨੂੰਨ ਤਿਆਰ ਕਰ ਲਿਆ ਹੈ। ਕਾਨੂੰਨ ਨਾਲ 'ਸ਼ਾਦੀ ਪ੍ਰਥਾ' ਦਸਤਾਵੇਜ਼, ਜੋ ਮੁਸਲਮਾਨਾਂ ਦੇ 'ਨਿਕਾਹਨਾਮਾ' ਵਾਂਗ ਹੋਵੇਗਾ, ਲਈ ਰਾਹ ਪੱਧਰ ਕਰ ਦਿੱਤਾ ਹੈ। ਇਸ 'ਤੇ ਪੰਡਿਤ ਦੇ ਹਸਤਾਖਰ ਹੋਣਗੇ ਤੇ ਸਬੰਧਤ ਵਿਭਾਗ 'ਚ ਰਜਿਸਟਰਡ ਹੋਵੇਗਾ।

ਸੈਨੇਟ ਵਿਚ ਕਾਨੂੰਨ ਮੰਤਰੀ ਜ਼ਾਹਿਦ ਹਮੀਦ ਨੇ ਇਹ ਬਿੱਲ ਪੇਸ਼ ਕੀਤਾ, ਜਿਸ ਦਾ ਕਿਸੇ ਨੇ ਵਿਰੋਧ ਨਹੀਂ ਕੀਤਾ ਕਿਉਂਕਿ ਸਬੰਧਤ ਸਥਾਈ ਕਮੇਟੀ ਵਿਚ ਸ਼ਾਮਲ ਸਿਆਸੀ ਪਾਰਟੀਆਂ ਦੇ ਸਾਰੇ ਕਾਨੂੰਨਸਾਜ਼ਾਂ ਵੱਲੋਂ ਹਮਦਰਦੀ ਵਾਲੇ ਵਿਚਾਰ ਪ੍ਰਗਟਾਏ ਜਾਣ ਕਾਰਨ ਅਜਿਹਾ ਸੰਭਵ ਹੋਇਆ।

# ਟੈਕਸ ਛੋਟ ਲਈ ਕਾਨੂੰਨਸਾਜ਼ ਵਰਤਦੇ ਨੇ ਇਹ ਢੰਗ...

**ਨਵੀਂ ਦਿੱਲੀ:** ਭਾਜਪਾ ਤੇ ਕਾਂਗਰਸ ਦੇ 72 ਫੀਸਦੀ ਸੰਸਦ ਮੈਂਬਰਾਂ ਤੇ ਵਿਧਾਇਕਾਂ ਨੇ ਆਪਣੀ ਚੋਣ ਤੋਂ ਇਕ ਸਾਲ ਪਹਿਲਾਂ ਭਰੀਆਂ ਟੈਕਸ ਰਿਟਰਨਾਂ ਵਿਚ ਦਾਅਵਾ ਕੀਤਾ ਕਿ ਉਨ੍ਹਾਂ ਦੀ ਕਮਾਈ 10 ਲੱਖ ਤੋਂ ਘੱਟ ਹੈ। ਕੁੱਲ 4910 ਕਾਨੂੰਨਸਾਜ਼ਾਂ ਵਿਚੋਂ 4848 ਦੇ ਹਲਫਨਾਮਿਆਂ ਦੇ ਵਿਸ਼ਲੇਸ਼ਣ ਵਿਚ ਇਹ ਤੱਥ ਸਾਹਮਣੇ ਆਏ।

ਦੇਸ਼ ਭਰ ਦੇ 75 ਫੀਸਦੀ ਸੰਸਦ ਮੈਂਬਰਾਂ ਤੇ ਵਿਧਾਇਕਾਂ ਨੇ ਆਪਣੀ ਸਾਲਾਨਾ ਆਮਦਨ 10 ਲੱਖ ਤੋਂ ਘੱਟ ਦੱਸੀ ਹੈ। ਤਕਰੀਬਨ 35 ਫੀਸਦੀ ਕਾਨੂੰਨਸਾਜ਼ਾਂ ਨੇ ਕਿਹਾ ਕਿ ਉਨ੍ਹਾਂ ਦੀ ਸਾਲਾਨਾ ਕਮਾਈ 2.5 ਲੱਖ ਤੋਂ ਘੱਟ ਹੈ, ਜਦੋਂ ਕਿ 40 ਫੀਸਦੀ ਨੇ ਆਪਣੀ ਸਾਲਾਨਾ ਆਮਦਨ 2.5 ਲੱਖ ਤੋਂ 10 ਲੱਖ ਵਿਚਾਲੇ ਦੱਸੀ। ਤਕਰੀਬਨ 1141 (24 ਫੀਸਦੀ) ਸੰਸਦ ਮੈਂਬਰਾਂ ਤੇ ਵਿਧਾਇਕਾਂ ਨੇ ਆਮਦਨ ਕਰ ਤੋਂ ਛੋਟ ਜਾਂ ਕੋਈ ਆਮਦਨ ਨਾ ਹੋਣ ਦਾ ਦਾਅਵਾ ਕੀਤਾ। ਜੇ ਪਰਿਵਾਰਕ ਆਮਦਨ (ਪਤੀ/ਪਤਨੀਆਂ ਤੇ ਆਸ਼ਰਿਤਾਂ ਦੀ ਕਮਾਈ) ਨੂੰ ਵੀ ਸੰਸਦ ਮੈਂਬਰਾਂ ਤੇ ਵਿਧਾਇਕਾਂ ਦੀ ਆਮਦਨ ਵਿਚ ਜੋੜਿਆ ਜਾਵੇ ਤਾਂ ਵੀ 62 ਫੀਸਦੀ ਕਾਨੂੰਨਸਾਜ਼ਾਂ ਦੀ ਸਾਲਾਨਾ ਕਮਾਈ 10 ਲੱਖ ਰੁਪਏ ਤੋਂ ਘੱਟ ਬਣਦੀ ਹੈ। ਤਕਰੀਬਨ ਅੱਧੇ (2410) ਕਾਨੂੰਨਸਾਜ਼ਾਂ ਨੇ ਆਪਣੇ ਪਰਿਵਾਰਕ ਅਸਾਸੇ (ਚੱਲ ਤੇ ਅਚੱਲ) ਦੋ ਕਰੋੜ ਤੋਂ ਵੱਧ ਐਲਾਨੇ ਹਨ। ਇਨ੍ਹਾਂ ਵਿਚੋਂ 912 (2410 ਵਿਚੋਂ 38 ਫੀਸਦੀ) ਨੇ ਆਪਣੀ ਸਾਲਾਨਾ ਪਰਿਵਾਰਕ ਆਮਦਨ 10 ਲੱਖ ਤੋਂ ਘੱਟ ਐਲਾਨੀ ਹੈ।




1843 ਕਾਨੂੰਨਸਾਜ਼ਾਂ ਨੇ ਆਪਣੀ ਪਰਿਵਾਰਕ ਆਮਦਨ 10 ਲੱਖ ਤੋਂ ਵੱਧ ਦੱਸੀ ਹੈ, ਜਦੋਂ ਕਿ ਇਨ੍ਹਾਂ ਵਿਚੋਂ 106 ਨੇ ਆਪਣੀ ਪਰਿਵਾਰਕ ਜਾਇਦਾਦ ਇਕ ਕਰੋੜ ਤੋਂ ਵੱਧ ਐਲਾਨੀ ਹੈ। ਇਨ੍ਹਾਂ 4848 ਕਾਨੂੰਨਸਾਜ਼ਾਂ ਵਿਚੋਂ 1236, ਯਾਨੀ 25 ਫੀਸਦੀ ਨੇ ਟੈਕਸ ਰਿਟਰਨਾਂ ਵਿਚ ਆਪਣੀ ਸਾਲਾਨਾ ਕਮਾਈ 10 ਲੱਖ ਤੋਂ ਵੱਧ ਐਲਾਨੀ ਹੈ।

ਇਨ੍ਹਾਂ 1676, ਲਗਭਗ 35 ਫੀਸਦੀ ਨੇ ਕਮਾਈ 2.5 ਲੱਖ ਤੋਂ ਘੱਟ ਦੱਸੀ ਹੈ। ਲੋਕ ਸਭਾ ਦੇ 63 ਫੀਸਦੀ ਮੈਂਬਰਾਂ ਨੇ ਆਪਣੀ ਕਮਾਈ 10 ਲੱਖ ਤੋਂ ਘੱਟ ਦੱਸੀ ਹੈ, ਜਦੋਂ ਕਿ ਰਾਜ ਸਭਾ ਦੇ ਸਿਰਫ 13 ਫੀਸਦੀ ਮੈਂਬਰਾਂ ਨੇ ਸਾਲਾਨਾ ਕਮਾਈ 10 ਲੱਖ ਤੋਂ ਘੱਟ ਐਲਾਨੀ ਹੈ। ਰਾਜ ਵਾਰ ਦੇਖੀਏ ਤਾਂ ਉਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ ਅਤੇ ਉੜੀਸਾ ਦੇ 80 ਫੀਸਦੀ ਵਿਧਾਇਕਾਂ ਨੇ ਆਪਣੀ ਕਮਾਈ 10 ਲੱਖ ਤੋਂ ਘੱਟ ਐਲਾਨੀ ਹੈ।

ਢਾਈ ਲੱਖ ਤੋਂ ਘੱਟ ਸਾਲਾਨਾ ਆਮਦਨ ਦੱਸਣ ਵਾਲੇ 1676 ਕਾਨੂੰਨਸਾਜ਼ਾਂ ਵਿਚੋਂ 1141 ਨੇ ਚੋਣ ਕਮਿਸ਼ਨ ਨੂੰ ਦੱਸਿਆ ਕਿ ਉਨ੍ਹਾਂ ਨੂੰ ਕਿਸਾਨ ਹੋਣ ਜਾਂ ਸੰਵਿਧਾਨ ਦੀ ਛੇਵੀਂ ਸੂਚੀ ਵਿਚ ਦਰਸਾਏ ਇਲਾਕਿਆਂ ਨਾਲ ਸਬੰਧਤ ਹੋਣ ਕਾਰਨ ਆਮਦਨ ਕਰ ਭਰਨ ਤੋਂ ਛੋਟ ਹੈ। ਇਨ੍ਹਾਂ 4848 ਵਿਚੋਂ 38 ਫੀਸਦੀ 1843 ਕਾਨੂੰਨਸਾਜ਼ਾਂ ਨੇ ਕਿਹਾ ਕਿ ਉਨ੍ਹਾਂ ਦੀ ਸਾਲਾਨਾ ਪਰਿਵਾਰਕ ਕਮਾਈ 10 ਲੱਖ ਤੋਂ ਵੱਧ ਹੈ।

# ਪੰਜਾਬ ਦੀ ਸਕੂਲੀ ਸਿੱਖਿਆ ਦੇ ਮਿਆਰ ਵਿਚ ਆਇਆ ਨਿਘਾਰ

**ਚੰਡੀਗੜ੍ਹ:** ਹਾਲ ਹੀ ਵਿਚ ਨੈਸ਼ਨਲ ਸਕੂਲ ਆਫ ਐਜੂਕੇਸ਼ਨ ਰਿਸਰਚ ਐਂਡ ਟ੍ਰੇਨਿੰਗ (ਐਨ.ਸੀ.ਈ.ਆਰ.ਟੀ.) ਵੱਲੋਂ ਲਈ ਗਈ ਕੌਮੀ ਪ੍ਰਤਿਭਾ ਖੋਜ ਪ੍ਰੀਖਿਆ ਦਾ ਨਤੀਜਾ ਪੰਜਾਬ ਵਿਚ ਸਿੱਖਿਆ ਦੇ ਮਿਆਰ ਉਤੇ ਅਨੇਕਾਂ ਸਵਾਲ ਖੜ੍ਹੇ ਕਰਦਾ ਹੈ। ਇਸ ਪ੍ਰੀਖਿਆ ਵਿਚ ਪੰਜਾਬ ਦੇ ਸਕੂਲਾਂ ਵਿਚ ਦਸਵੀਂ ਜਮਾਤ ਵਿਚ ਪੜ੍ਹਦੇ 31092 ਬੱਚੇ ਬੈਠੇ ਅਤੇ ਇਨ੍ਹਾਂ ਵਿਚੋਂ ਰਾਸ਼ਟਰੀ ਕੋਟੇ ਅਨੁਸਾਰ 101 ਬੱਚੇ ਚੁਣੇ ਗਏ ਹਨ। ਇਨ੍ਹਾਂ ਵਿਚ ਸਾਢੇ 25 ਫੀਸਦੀ ਵਿਦਿਆਰਥੀ ਅਨੁਸੂਚਿਤ ਜਾਤੀ, ਜਨ ਜਾਤੀ ਅਤੇ ਸਰੀਰਕ ਤੌਰ 'ਤੇ ਅਪੰਗ ਬੱਚਿਆਂ ਵਿਚੋਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਸਰਕਾਰੀ ਸਕੂਲਾਂ ਦੇ ਦਸਵੀਂ ਜਮਾਤ ਵਿਚ ਪੜ੍ਹਦੇ ਤਕਰੀਬਨ ਦੋ ਲੱਖ ਬੱਚਿਆਂ ਵਿਚੋਂ ਇਸ ਮੈਰਿਟ ਵਿਚ ਇਕ ਵੀ ਬੱਚਾ ਨਹੀਂ ਹੈ।



ਮੋਗਾ, ਪਠਾਨਕੋਟ, ਤਰਨ ਤਾਰਨ ਅਤੇ ਫਤਹਿਗੜ੍ਹ ਸਾਹਿਬ ਜ਼ਿਲ੍ਹਿਆਂ ਦੇ ਸਰਕਾਰੀ ਜਾਂ ਪ੍ਰਾਈਵੇਟ ਸਕੂਲਾਂ ਵਿਚੋਂ ਕੋਈ ਵੀ ਬੱਚਾ ਇਸ ਮੈਰਿਟ ਤੱਕ ਨਹੀਂ ਪਹੁੰਚ ਸਕਿਆ। ਦੇਸ਼ ਪੱਧਰ ਉਤੇ ਲਈ ਜਾਂਦੀ ਪ੍ਰੀਖਿਆ ਦਾ ਇਹ ਪਹਿਲਾ ਪੜਾਅ ਸੀ। ਮਈ 2017 ਵਿਚ ਹੋਣ ਵਾਲੀ ਪ੍ਰੀਖਿਆ ਵਿਚ ਮੈਰਿਟ ਵਿਚ ਆਏ 101 ਬੱਚੇ ਬੈਠਣਗੇ। ਇਸ ਪ੍ਰੀਖਿਆ ਨੂੰ ਪਾਸ ਕਰਨ ਵਾਲੇ ਬੱਚਿਆਂ ਨੂੰ ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਲਈ 1200 ਰੁਪਏ, ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਦੀਆਂ ਜਮਾਤਾਂ ਮੌਕੇ ਦੋ ਹਜ਼ਾਰ ਰੁਪਏ ਮਹੀਨਾ ਵਜ਼ੀਫ਼ਾ ਮਿਲਦਾ ਹੈ। ਪੀ.ਐਚ.ਡੀ. ਦੀ ਪੜ੍ਹਾਈ ਲਈ ਯੂ.ਜੀ.ਸੀ. ਦੇ ਨਿਯਮਾਂ ਮੁਤਾਬਕ ਵਿੱਤੀ ਸਹਾਇਤਾ ਮਿਲਦੀ ਹੈ।

6 ਨਵੰਬਰ 2016 ਨੂੰ ਪੰਜਾਬ ਵਿਚ ਪਹਿਲੇ ਪੜਾਅ ਦੀ ਲਈ ਗਈ ਪ੍ਰੀਖਿਆ ਵਿਚ ਕੁੱਲ 31,092 ਵਿਦਿਆਰਥੀ ਬੈਠੇ ਸਨ, ਜਿਨ੍ਹਾਂ ਵਿਚੋਂ 18 ਹਜ਼ਾਰ 681 ਵਿਦਿਆਰਥੀ ਜਨਰਲ ਵਰਗ ਦੇ, 12 ਹਜ਼ਾਰ 158 ਵਿਦਿਆਰਥੀ ਅਨੁਸੂਚਿਤ ਜਾਤੀ, 220 ਅਨੁਸੂਚਿਤ ਕਬੀਲੇ ਅਤੇ 33 ਵਿਦਿਆਰਥੀ ਅਪਾਹਜਾਂ ਵਾਲੇ ਵਰਗ ਵਿਚੋਂ ਸਨ। ਸਮਾਜ ਵਿਗਿਆਨ, ਵਿਗਿਆਨ ਤੇ ਗਣਿਤ ਵਿਸ਼ਿਆਂ ਦੇ ਆਧਾਰ 'ਤੇ ਲਈ ਗਈ ਪ੍ਰੀਖਿਆ ਮਗਰੋਂ ਸਕੂਲ ਸਿੱਖਿਆ ਵਿਭਾਗ ਨੇ 75 ਵਿਦਿਆਰਥੀ ਜਨਰਲ ਵਰਗ, 17 ਅਨੁਸੂਚਿਤ ਜਾਤੀ, 7 ਅਨੁਸੂਚਿਤ ਕਬੀਲੇ ਤੇ 2 ਵਿਦਿਆਰਥੀ ਅਪਾਹਜਾਂ ਵਾਲੇ ਵਰਗ ਤੋਂ ਚੁਣੇ ਹਨ। ਇਹ ਵਿਦਿਆਰਥੀ ਹੁਣ 14 ਮਈ ਨੂੰ ਦੂਜੇ ਪੜਾਅ ਦੀ ਪ੍ਰੀਖਿਆ ਵਿਚ ਬੈਠਣਗੇ।

ਚੁਣੇ ਗਏ ਸਾਰੇ ਵਿਦਿਆਰਥੀ ਪੰਜਾਬ ਦੇ ਪ੍ਰਾਈਵੇਟ ਸਕੂਲਾਂ ਨਾਲ ਸਬੰਧਤ ਹਨ। ਇਨ੍ਹਾਂ 101 ਵਿਦਿਆਰਥੀ ਵਿਚ ਸਭ ਤੋਂ ਵੱਧ (32) ਪਟਿਆਲਾ ਜ਼ਿਲ੍ਹੇ ਨਾਲ ਸਬੰਧਤ ਹਨ। ਇਸ ਤੋਂ ਬਾਅਦ ਜਲੰਧਰ (13), ਅੰਮ੍ਰਿਤਸਰ (12), ਲੁਧਿਆਣਾ (9) ਅਤੇ ਬਠਿੰਡਾ (7) ਦਾ ਨੰਬਰ ਹੈ। ਪੰਜਾਬ ਦੇ ਬਾਕੀ ਜ਼ਿਲ੍ਹਿਆਂ ਤੋਂ ਕੋਈ ਵੀ ਵਿਦਿਆਰਥੀ ਪ੍ਰੀਖਿਆ ਪਾਸ ਨਹੀਂ ਕਰ ਸਕਿਆ।

## ਬੱਚਿਆਂ ਨੂੰ ਭਾਰੀ ਬਸਤਿਆਂ ਤੋਂ ਮਿਲੇਗਾ ਛੁਟਕਾਰਾ

**ਨਵੀਂ ਦਿੱਲੀ:** ਸਕੂਲੀ ਵਿਦਿਆਰਥੀਆਂ ਦਾ ਭਾਰੀ ਬਸਤੇ ਘੜੀਸਣਾ ਹੁਣ ਬੀਤੇ ਦੀ ਗੱਲ ਬਣ ਸਕਦਾ ਹੈ। ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਵਿਦਿਆਰਥੀਆਂ ਦੇ ਬਸਤਿਆਂ ਦਾ ਬੋਝ ਘਟਾਉਣ ਲਈ ਸੀ.ਬੀ.ਐਸ.ਈ. ਦੇ ਸਕੂਲਾਂ ਵਾਸਤੇ ਤਾਜ਼ਾ ਮਾਪਦੰਡਾਂ ਤੈਅ ਕਰਨ ਉਤੇ ਮਨੁੱਖੀ ਸਰੋਤ ਵਿਕਾਸ ਮੰਤਰਾਲਾ ਕੰਮ ਕਰ ਰਿਹਾ ਹੈ। ਸੀ.ਬੀ.ਐਸ.ਈ. ਨੇ ਆਪਣੇ ਸਕੂਲਾਂ ਨੂੰ ਆਦੇਸ਼ ਦਿੱਤਾ ਹੈ ਕਿ ਦੂਜੀ ਜਮਾਤ ਤੱਕ ਵਿਦਿਆਰਥੀਆਂ ਨੂੰ ਸਕੂਲੀ ਬਸਤੇ ਨਹੀਂ ਲਿਆਉਣੇ ਚਾਹੀਦੇ। ਇਸ ਤੋਂ ਇਲਾਵਾ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਕਿਤਾਬਾਂ ਦੀ ਗਿਣਤੀ ਵੀ ਸੀਮਤ ਕਰ ਦਿੱਤੀ ਗਈ ਹੈ। ਮੰਤਰਾਲਾ ਮਾਪਦੰਡਾਂ ਨੂੰ ਹੋਰ ਪ੍ਰਭਾਵਸ਼ਾਲੀ ਤੇ ਵਿਆਪਕ ਬਣਾਉਣ ਲਈ ਇਨ੍ਹਾਂ ਪਹਿਲੂਆਂ ਦੀ ਘੋਖ ਕਰ ਰਿਹਾ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਉਹ ਸਕੂਲਾਂ ਵਿਚ ਹਰਿਆਲੀ ਵਧਾਉਣ ਦੀ ਲੋੜ ਉਤੇ ਵੀ ਜ਼ੋਰ ਦੇ ਰਹੇ ਹਨ। ਇਸ ਮੰਤਵ ਲਈ ਸ਼ੁਰੂ ਕੀਤਾ 'ਸਕੂਲ ਨਰਸਰੀ ਪ੍ਰੋਗਰਾਮ' ਕੇਂਦਰੀ ਵਿਦਿਆਲਾ, ਜਵਾਹਰ ਨਵੋਦਿਆ ਵਿਦਿਆਲਾ ਅਤੇ ਸੀ.ਬੀ.ਐਸ.ਈ. ਸਕੂਲਾਂ ਵਿਚ ਵੀ ਲਾਗੂ ਹੋਵੇਗਾ।

# ਪੰਜਾਬ ਵਿਚ ਨਵੀਂ ਸਰਕਾਰ ਸਿਰ ਹੋਣਗੀਆਂ ਵੱਡੀਆਂ ਜ਼ਿੰਮੇਵਾਰੀਆਂ

**ਚੰਡੀਗੜ੍ਹ:** ਪੰਜਾਬ ਵਿਚ ਨਵੀਂ ਸਰਕਾਰ ਲਈ ਖਾਲੀ ਖਜਾਨੇ ਵਿਚੋਂ ਅਦਾਇਗੀ ਕਰਨੀ ਵੱਡੀ ਚੁਣੌਤੀ ਹੋਵੇਗੀ। ਨਵੀਂ ਸਰਕਾਰ ਨੂੰ ਖਜ਼ਾਨੇ ਵਿਚੋਂ ਕਰਮਚਾਰੀਆਂ ਦੇ 1700 ਕਰੋੜ ਰੁਪਏ ਦੇ ਰੁਕੇ ਹੋਏ ਵੱਖ-ਵੱਖ ਬਿੱਲਾਂ ਦੀ ਅਦਾਇਗੀ ਤੋਂ ਇਲਾਵਾ ਕਰਮਚਾਰੀਆਂ ਨੂੰ 5 ਫੀਸਦੀ ਅੰਤ੍ਰਿਮ ਰਾਹਤ ਦੇਣ ਬਾਰੇ ਕੀਤੇ ਐਲਾਨ ਉਤੇ ਅਮਲ ਕਰਨ ਲਈ 600 ਕਰੋੜ ਰੁਪਏ ਦਾ ਪ੍ਰਬੰਧ ਕਰਨਾ ਪਵੇਗਾ।

ਜੇਕਰ ਸੁਪਰੀਮ ਕੋਰਟ ਦੀਆਂ ਹਦਾਇਤਾਂ ਮੁਤਾਬਕ ਬਰਾਬਰ ਕੰਮ-ਬਰਾਬਰ ਤਨਖਾਹ ਦੇ ਫੈਸਲੇ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਸਰਕਾਰ ਨੂੰ 7000 ਕਰੋੜ ਰੁਪਏ ਦੀ ਰਕਮ ਦਾ ਪ੍ਰਬੰਧ ਕਰਨਾ ਪਵੇਗਾ। ਇਸੇ ਤਰ੍ਹਾਂ ਬਿਜਲੀ ਸਬਸਿਡੀ ਦੀ ਅਦਾਇਗੀ ਵੀ ਨਵੀਂ ਸਰਕਾਰ ਦੇ ਅੱਗੇ ਮੂੰਹ ਅੱਡ ਕੇ ਖੜ੍ਹੀ ਹੋਵੇਗੀ। ਇਸ ਸਮੇਂ ਬਿਜਲੀ ਉਤੇ 6463 ਕਰੋੜ ਰੁਪਏ ਬਿਜਲੀ ਸਬਸਿਡੀ ਦੇ ਰੂਪ ਵਿਚ ਦਿੱਤੇ ਜਾਂਦੇ ਹਨ ਜੋ ਵਧ ਕੇ 8000 ਕਰੋੜ ਰੁਪਏ ਹੋ ਜਾਵੇਗੀ ਜਦਕਿ ਸੂਬੇ ਦੀ ਵਿੱਤੀ ਹਾਲਤ ਪਹਿਲਾਂ ਹੀ ਤਰਸਯੋਗ ਬਣੀ ਹੋਈ ਹੈ।

ਸਰਕਾਰ ਨੇ ਹੁਣ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਕੱਚੇ ਮੁਲਾਜ਼ਮਾਂ ਬਾਰੇ ਪੂਰਾ ਬਿਊਰਾ ਪਰਸੋਨਲ ਵਿਭਾਗ ਨੂੰ ਦੇਣ ਦੇ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਮੌਜੂਦਾ ਸਰਕਾਰ ਦਾ ਕਾਰਜਕਾਲ 18 ਮਾਰਚ ਤੱਕ ਦਾ ਹੈ ਤੇ 11 ਮਾਰਚ ਨੂੰ ਚੋਣ ਨਤੀਜਾ ਆਉਣ ਤੋਂ ਬਾਅਦ ਨਵੀਂ ਸਰਕਾਰ ਚੁਣੀ ਜਾਵੇਗੀ। ਨਵੀਂ ਸਰਕਾਰ ਲਈ ਸਭ ਤੋਂ ਪਹਿਲਾ ਵੱਡਾ ਮੁੱਦਾ 26 ਹਜ਼ਾਰ ਕੱਚੇ ਕਰਮਚਾਰੀਆਂ ਨੂੰ ਪੱਕੇ ਕਰਨ ਦਾ ਹੋਵੇਗਾ। ਜੇਕਰ ਵੱਖ-ਵੱਖ ਵਿਭਾਗਾਂ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਭਰ ਵਿਚ 12 ਕਰੋੜ ਤੋਂ ਵਧੇਰੇ ਦੇ ਬਿੱਲ ਬਕਾਇਆ ਪਏ ਹਨ। ਜਿਨ੍ਹਾਂ ਵਿਚ ਸਭ ਤੋਂ ਜ਼ਿਆਦਾ ਸਮਾਜਿਕ ਸੁਰੱਖਿਆ ਵਿਭਾਗ, ਜਿਸ ਵਿਚ ਵਿਧਵਾ/ਅੰਗਹੀਣ ਨੂੰ ਪੈਨਸ਼ਨਾਂ ਦਿੱਤੀਆਂ ਜਾਂਦੀਆਂ ਹਨ, ਦੇ 6 ਕਰੋੜ 35 ਲੱਖ ਰੁਪਏ ਦੇ ਕਰੀਬ ਬਿੱਲ, ਸਿੱਖਿਆ ਵਿਭਾਗ ਦੇ 2 ਕਰੋੜ 65 ਲੱਖ, ਗ੍ਰਹਿ ਵਿਭਾਗ ਦੇ 88 ਲੱਖ 55 ਹਜ਼ਾਰ, ਸਿਹਤ ਵਿਭਾਗ ਦੇ 41 ਲੱਖ 75 ਹਜ਼ਾਰ, ਵਿੱਤ ਵਿਭਾਗ ਦੇ 24 ਲੱਖ 22 ਹਜ਼ਾਰ, ਫੂਡ ਸਪਲਾਈ ਵਿਭਾਗ ਦੇ 11 ਲੱਖ 33 ਹਜ਼ਾਰ ਰੁਪਏ, ਖੇਤੀਬਾੜੀ ਵਿਭਾਗ ਦੇ 5 ਲੱਖ, ਪਸ਼ੂ ਪਾਲਣ ਵਿਭਾਗ ਦੇ 4 ਲੱਖ 50 ਹਜ਼ਾਰ ਦੇ ਕਰੀਬ ਬਿੱਲਾਂ ਦੇ ਭੁਗਤਾਨ ਤੋਂ ਇਲਾਵਾ ਹੋਰਨਾਂ ਸਰਕਾਰੀ ਵਿਭਾਗਾਂ ਦੇ ਵੀ ਲੱਖਾਂ ਰੁਪਏ ਦੇ ਬਿੱਲਾਂ ਦਾ ਭੁਗਤਾਨ ਕਰਨਾ ਬਾਕੀ ਪਿਆ ਹੈ।

### ਖਾਲੀ ਖਜ਼ਾਨੇ ਆਸਰੇ ਕੰਮ-ਕਾਜ ਚਲਾਉਣਾ ਔਖਾ



## ਚੋਣਾਂ ਤੋਂ ਬਾਅਦ ਫਿਰ ਸੰਘਰਸ਼ ਦੇ ਰਾਹ ਤੁਰੇ ਮੁਲਾਜ਼ਮ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਲਾਗੂ ਕਰਨ ਤੋਂ ਟਾਲ ਮਟੋਲ ਦੇ ਅਪਣਾਏ ਰਵੱਈਏ ਕਰ ਕੇ ਠੇਕਾ ਮੁਲਾਜ਼ਮਾਂ ਵੱਲੋਂ ਲਗਾਤਾਰ ਵਿਰੋਧ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੇ ਠੇਕਾ ਮੁਲਾਜ਼ਮਾਂ ਨੇ ਸਰਕਾਰ ਨਾਲ ਆਰ ਪਾਰ ਦੀ ਲੜਾਈ ਸ਼ੁਰੂ ਕਰ ਦਿੱਤੀ ਹੈ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਵਿਧਾਨ ਸਭਾ ਵਿਚ ਕਾਨੂੰਨ ਪਾਸ ਹੋਣ ਦੇ ਬਾਵਜੂਦ ਅਫਸਰਸ਼ਾਹੀ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਤੋਂ ਕੰਨੀ ਕਤਰਾ ਰਹੀ ਹੈ।

ਮੁਲਾਜ਼ਮ ਆਗੂਆਂ ਵੱਲੋਂ ਪਹਿਲਾਂ ਵੀ ਅਪਰੈਲ 1972, ਜੂਨ 1996 ਤੇ ਅਪਰੈਲ 2009 ਦੌਰਾਨ ਸੈਕਟਰ 17 ਚੰਡੀਗੜ੍ਹ ਵਿਖੇ ਮੁਲਾਜ਼ਮਾਂ ਦੀਆ ਮੰਗਾਂ ਲਈ ਮਰਨ ਵਰਤ ਰੱਖੇ ਗਏ ਸਨ। ਇਸ ਦੌਰਾਨ ਮੁਲਾਜ਼ਮਾਂ ਦੀਆਂ ਵੱਡੇ ਪੱਧਰ 'ਤੇ ਮੰਗਾਂ ਮੰਨ ਕੇ ਲਾਗੂ ਕੀਤੀਆਂ ਗਈਆਂ ਸਨ। ਹੁਣ ਮੁਲਾਜ਼ਮ ਆਗੂ ਵੱਲੋਂ ਮੁਲਾਜ਼ਮਾਂ ਦੀਆ ਮੰਗਾਂ ਲਾਗੂ ਕਰਵਾਉਣ ਲਈ ਚੌਥੀ ਵਾਰ ਮਰਨ ਵਰਤ ਰੱਖਣ ਦਾ ਐਲਾਨ ਕੀਤਾ ਹੈ।

## ਅੰਤਰਿਮ ਰਾਹਤ ਕਾਰਨ 115 ਕਰੋੜ ਦਾ ਵਾਧੂ ਬੋਝ

**ਚੰਡੀਗੜ੍ਹ:** ਚੋਣ ਕਮਿਸ਼ਨ ਵੱਲੋਂ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ 5 ਫੀਸਦੀ ਅੰਤਰਿਮ ਰਾਹਤ ਦੇਣ ਦੇ ਫੈਸਲੇ ਨੂੰ ਹਰੀ ਝੰਡੀ ਦੇਣ ਨਾਲ ਜਿਥੇ 6 ਲੱਖ ਤੋਂ ਜ਼ਿਆਦਾ ਕਰਮਚਾਰੀਆਂ ਤੇ ਪੈਨਸ਼ਨਰਾਂ ਨੂੰ ਵੱਡੀ ਰਾਹਤ ਮਿਲੇਗੀ, ਉਥੇ ਇਹ ਫੈਸਲਾ ਆਉਣ ਵਾਲੀ ਸਰਕਾਰ ਲਈ ਰਾਹਤ ਭਰਿਆ ਸਾਬਤ ਨਹੀਂ ਹੋਣ ਵਾਲਾ। ਨਤੀਜਿਆਂ ਮਗਰੋਂ ਜਿਸ ਵੀ ਪਾਰਟੀ ਦੀ ਸਰਕਾਰ ਬਣੇਗੀ, ਨੂੰ ਆਉਂਦਿਆਂ ਹੀ ਸਰਕਾਰੀ ਖਜ਼ਾਨੇ 'ਤੇ 115 ਕਰੋੜ ਦਾ ਵਾਧੂ ਬੋਝ ਝੱਲਣਾ ਪਵੇਗਾ। ਵਿਭਾਗੀ ਸੂਤਰਾਂ ਅਨੁਸਾਰ ਇਸ ਸਮੇਂ ਸੂਬੇ 'ਚ ਸਰਕਾਰੀ ਕਰਮਚਾਰੀਆਂ ਲਈ ਤਨਖਾਹ ਅਤੇ ਪੈਨਸ਼ਨ ਦੀ ਮਦ ਵਿਚ ਪ੍ਰਤੀ ਸਾਲ ਸਰਕਾਰ ਨੂੰ ਕਰੀਬ 2300 ਕਰੋੜ ਰੁਪਏ ਖਰਚ ਕਰਨੇ ਪੈ ਰਹੇ ਹਨ ਜੋ ਸਰਕਾਰ ਦਾ ਇਕ ਵੱਡਾ ਖਰਚਾ ਸਾਬਤ ਹੁੰਦਾ ਹੈ ਅਤੇ ਹੁਣ ਇਸ ਫੈਸਲੇ ਨਾਲ 5 ਫੀਸਦੀ ਅੰਤਰਿਮ ਰਾਹਤ ਰਾਸ਼ੀ ਦੇ ਰੂਪ ਵਿਚ ਸਰਕਾਰ ਦੇ ਖਜ਼ਾਨੇ ਉਤੇ ਕਰੀਬ 115 ਕਰੋੜ ਰੁਪਏ ਪ੍ਰਤੀ ਮਹੀਨਾ ਦਾ ਵਾਧੂ ਬੋਝ ਪੈਣ ਜਾ ਰਿਹਾ ਹੈ।

# ਕਨਿਸ਼ਕ ਬੰਬ ਧਮਾਕਾ ਮਾਮਲੇ ਵਿਚ ਇੰਦਰਜੀਤ ਸਿੰਘ ਰਿਆਤ ਰਿਹਾ

**ਓਟਾਵਾ:** 1985 ਏਅਰ ਇੰਡੀਆ ਕਨਿਸ਼ਕ ਬੰਬ ਧਮਾਕੇ ਵਿਚ ਦੋਸ਼ੀ ਇੰਦਰਜੀਤ ਸਿੰਘ ਰਿਆਤ ਨੂੰ ਰਿਹਾ ਕਰ ਦਿੱਤਾ ਗਿਆ। ਕੈਨੇਡਾ ਪੈਰੋਲ ਬੋਰਡ ਨੇ ਇਹ ਜਾਣਕਾਰੀ ਦਿੱਤੀ।

ਕਾਬਲੇਗੌਰ ਹੈ ਕਿ ਦੋ ਦਹਾਕਿਆਂ ਤੱਕ ਕੈਦ ਕੱਟਣ ਤੋਂ ਬਾਅਦ ਇਕ ਸਾਲ ਪਹਿਲਾਂ ਰਿਹਾ ਹੋਣ ਉਪਰੰਤ ਇੰਦਰਜੀਤ ਸਿੰਘ ਰਿਆਤ ਨੂੰ ਇਕ ਹਾਫਵੇਅ ਘਰ (ਸੁਧਾਰ ਗ੍ਰਹਿ) ਵਿਚ ਰਹਿਣ ਦੇ ਹੁਕਮ ਦਿੱਤੇ ਗਏ ਸਨ। ਪੈਰੋਲ ਬੋਰਡ ਦੇ ਬੁਲਾਰੇ ਪੈਟਰਿਕ ਸਟੋਰੇ ਨੇ ਦੱਸਿਆ ਕਿ ਇੰਦਰਜੀਤ ਸਿੰਘ 'ਤੇ ਲੱਗੀ ਉਕਤ ਸ਼ਰਤ ਨੂੰ ਹੁਣ ਹਟਾ ਲਿਆ ਗਿਆ ਹੈ ਅਤੇ ਹੁਣ ਉਹ ਆਮ ਜ਼ਿੰਦਗੀ ਜੀਅ ਸਕਦਾ ਹੈ ਅਤੇ ਨਿੱਜੀ ਘਰ ਵਿਚ ਰਹਿ ਸਕਦਾ ਹੈ। ਦੱਸਣਯੋਗ ਹੈ ਕਿ ਕਨਿਸ਼ਕ ਬੰਬ ਧਮਾਕੇ ਵਿਚ 331 ਲੋਕਾਂ ਦੀ ਮੌਤ ਹੋ ਗਈ ਸੀ।



# ਨਸ਼ਿਆਂ ਬਾਰੇ ਜਾਂਚ 'ਤੇ ਹਾਈ ਕੋਰਟ ਨੂੰ ਇਤਰਾਜ਼

**ਚੰਡੀਗੜ੍ਹ:** ਪੰਜਾਬ 'ਚ ਫੈਲੇ ਹਜ਼ਾਰਾਂ ਕਰੋੜ ਰੁਪਏ ਦੇ ਡਰੱਗ ਰੈਕੇਟ ਦੇ ਮਾਮਲੇ ਵਿਚ ਸਖਤੀ ਵਰਤਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨਸ਼ਿਆਂ ਦੇ ਮੂਲ ਸਰੋਤ ਲੱਭਣ ਦੀ ਹਦਾਇਤ ਕਰਦਿਆਂ ਕਿਹਾ ਹੈ ਕਿ ਜਿਨ੍ਹਾਂ ਲੋਕਾਂ ਦੇ ਨਾਂ ਐਸ.ਆਈ.ਟੀ. ਦੀ ਜਾਂਚ 'ਚ ਸਾਹਮਣੇ ਆਏ ਹਨ, ਉਨ੍ਹਾਂ ਸਬੰਧੀ ਜਾਣਕਾਰੀ ਸੀਲਬੰਦ ਲਿਫਾਫ਼ੇ 'ਚ ਪੇਸ਼ ਕੀਤੀ ਜਾਵੇ। ਇਹ ਰਿਪੋਰਟ ਐਮਾਈਕਸ ਕਿਊਰੀ ਸੀਨੀਅਰ ਐਡਵੋਕੇਟ ਅਨੂਪਮ ਗੁਪਤਾ ਤੇ ਸਾਬਕਾ ਡੀ.ਜੀ.ਪੀ. ਸ਼ਸ਼ੀਕਾਂਤ ਨੂੰ ਦੇਣ ਲਈ ਵੀ ਕਿਹਾ ਹੈ ਤੇ ਇਹ ਦੋਵੇਂ ਅਗਲੀ ਤਰੀਕ 'ਤੇ ਇਸ ਰਿਪੋਰਟ 'ਤੇ ਆਪਣੇ ਵਿਚਾਰ ਵੀ ਪੇਸ਼ ਕਰਨਗੇ।

ਸਰਕਾਰ ਵੱਲੋਂ ਪੇਸ਼ ਕੀਤੀ ਗਈ ਰਿਪੋਰਟ 'ਤੇ ਸ਼ਸ਼ੀਕਾਂਤ ਨੇ ਇਤਰਾਜ਼ ਜਤਾਉਂਦਿਆਂ ਬੈਂਚ ਮੂਹਰੇ ਪੈਰਵੀ ਕੀਤੀ ਕਿ ਹਾਈ ਕੋਰਟ ਦੇ ਹੁਕਮ ਮੁਤਾਬਕ ਡਰੱਗਸ ਸਪਲਾਈ ਕਰਨ ਵਾਲੇ ਅਸਲ ਸਰੋਤਾਂ ਤੱਕ ਨਹੀਂ ਪਹੁੰਚਿਆ ਗਿਆ ਹੈ ਤੇ ਸਿਰਫ ਥੋੜੀ ਮਾਤਰਾ 'ਚ ਡਰੱਗਸ ਵੇਚਣ ਵਾਲਿਆਂ ਦੀ ਹੀ ਜਾਣਕਾਰੀ ਦਿੱਤੀ ਗਈ ਹੈ। ਇਸ ਨਾਲ ਅਸਲ ਧੰਦੇ ਦਾ ਪਰਦਾਫਾਸ਼ ਨਹੀਂ ਹੋ ਸਕਿਆ। ਪੈਰਵੀ ਪਿਛੋਂ ਹਾਈ ਕੋਰਟ ਨੇ ਕਈ ਕੇਸਾਂ 'ਚ ਸਾਹਮਣੇ ਆਏ ਅਜਿਹੇ ਵਿਅਕਤੀਆਂ ਸਬੰਧੀ ਚਾਰਜਸ਼ੀਟ ਵੀ ਪੇਸ਼ ਕਰਨ ਲਈ ਕਿਹਾ ਹੈ, ਜਿਨ੍ਹਾਂ ਦਾ ਨਾਂ ਕੇਸਾਂ ਵਿਚੋਂ ਬਾਹਰ ਕੀਤਾ ਗਿਆ ਹੈ। ਇਸ ਮਾਮਲੇ 'ਚ ਹਰਿਆਣਾ ਸਰਕਾਰ ਵੱਲੋਂ ਵੀ ਰਿਪੋਰਟ ਪੇਸ਼ ਕੀਤੀ ਗਈ, ਪਰ ਢੁਕਵੇਂ ਅਫਸਰ ਵੱਲੋਂ ਰਿਪੋਰਟ ਪੇਸ਼ ਨਾ ਕੀਤੇ ਜਾਣ ਕਰ ਕੇ ਇਹ ਰਿਪੋਰਟ ਵਾਪਸ ਕਰ ਕੇ ਨਵੇਂ ਸਿਰੇ ਤੋਂ ਰਿਪੋਰਟ ਮੰਗੀ ਹੈ।

## ਹਰਚੰਦ ਸਿੰਘ ਸਿੱਧੂ ਦਾ ਦੇਹਾਂਤ

**ਪੋਰਟਵਿਲ, ਕੈਲੀਫੋਰਨੀਆ (ਬਿਊਰੋ):** ਇਥੋਂ ਦੇ ਇਕ ਪਤਵੰਤੇ ਸੱਜਣ ਸ. ਹਰਚੰਦ ਸਿੰਘ ਸਿੱਧੂ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ। ਉਹ 84 ਸਾਲ ਦੇ ਸਨ। ਉਨ੍ਹਾਂ ਦਾ ਪੰਜਾਬ ਵਿਚ ਪਿਛਲਾ ਪਿੰਡ ਭਗਤਾ ਭਾਈਕਾ ਸੀ ਅਤੇ ਪਿਛਲੇ 20 ਸਾਲਾ ਤੋਂ ਅਮਰੀਕਾ ਰਹਿ ਰਹੇ ਸਨ।



ਸਵਰਗੀ ਸਿੱਧੂ ਦਾ ਅੰਤਿਮ ਸਸਕਾਰ 25 ਫਰਵਰੀ, ਸਨਿਚਰਵਾਰ ਨੂੰ ਫਰਿਜ਼ਨੋ ਦੇ ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ ਵਿਖੇ 11 ਤੋਂ ਇਕ ਵਜੇ ਤੱਕ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਿੱਖ ਪੈਸਿਫਿਕ ਕੋਸਟ, ਸੈਲਮਾ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਉਨ੍ਹਾਂ ਦੇ ਪੁੱਤਰ ਦੀਪ ਸਿੱਧੂ ਫੋਨ: 559-333-1910 ਰਾਹੀਂ ਕੀਤਾ ਜਾ ਸਕਦਾ ਹੈ।

## ਹਰਬੰਸ ਸਿੰਘ ਸਰਪੰਚ ਸੁਰਗਵਾਸ

**ਬੇਕਰਜ਼ਫੀਲਡ (ਬਿਊਰੋ):** ਇਥੋਂ ਦੀ ਇਕ ਉਘੀ ਸ਼ਖਸੀਅਤ ਸ. ਹਰਬੰਸ ਸਿੰਘ ਸਰਪੰਚ ਬੀਤੀ 17 ਫਰਵਰੀ ਨੂੰ ਅਚਾਨਕ ਅਕਾਲ ਚਲਾਣਾ ਕਰ ਗਏ। ਉਹ 85 ਵਰ੍ਹਿਆਂ ਦੇ ਸਨ ਤੇ ਕੈਂਸਰ ਦੀ ਨਾਮੁਰਾਦ ਬਿਮਾਰੀ ਤੋਂ ਪੀੜਤ ਸਨ। ਉਹ 20 ਕੁ ਸਾਲ ਪਹਿਲਾਂ ਪੰਜਾਬ ਤੋਂ ਇਥੇ ਆ ਕੇ ਵਸੇ ਸਨ। ਉਹ ਆਪਣੇ ਪਿੱਛੇ ਦੋ ਪੁੱਤਰ-ਕੁਲਦੀਪ ਸਿੰਘ, ਅਮਰੀਕ ਸਿੰਘ ਗੁਰਾਇਆ (ਸਾਬਕਾ ਸਕੱਤਰ, ਗੁਰੂਘਰ ਸਟਾਈਨ ਰੋਡ), ਧੀ ਕੁਲਵਿੰਦਰ ਕੌਰ ਤੋਂ ਇਲਾਵਾ ਪੋਤੇ ਪੋਤੀਆਂ, ਦੋਹਤੇ, ਦੋਹਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।



ਸਰਪੰਚ ਹਰਬੰਸ ਸਿੰਘ ਦਾ ਪਿਛਲਾ ਪਿੰਡ ਦੌਲੋਵਾਲ (ਗੁਰਾਇਆ) ਜ਼ਿਲ੍ਹਾ ਹੁਸ਼ਿਆਰਪੁਰ ਸੀ ਅਤੇ ਉਹ 1970 ਤੋਂ 1996 ਤੱਕ ਪਿੰਡ ਦੇ ਸਰਪੰਚ ਰਹੇ। ਉਹ ਸੀਨੀਅਰ ਸਿਟੀਜ਼ਨ ਸੰਸਥਾ ਦੇ ਚੇਅਰਮੈਨ ਵੀ ਰਹੇ। ਉਨ੍ਹਾਂ ਦਾ ਸਸਕਾਰ 26 ਫਰਵਰੀ, ਐਤਵਾਰ ਨੂੰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਇਥੇ ਗ੍ਰੀਨ ਲਾਅਨ ਫਿਊਨਰਲ ਹੋਮ, ਪੈਨਮਾ ਲੇਨ ਵਿਖੇ ਕੀਤਾ ਜਾਵੇਗਾ। ਅੰਤਿਮ ਅਰਦਾਸ ਗੁਰੂਘਰ ਅੰਗਦ ਦਰਬਾਰ, ਸਟਾਈਨ ਰੋਡ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ: 661-979-0428 ਜਾਂ 661-979-7946 ਰਾਹੀਂ ਕੀਤਾ ਜਾ ਸਕਦਾ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 40 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ

ਪੰਜਾਬ ਟਾਈਮਜ਼

*ਸਨਿਚਰਵਾਰ, 25 ਫਰਵਰੀ 2017*

## ਮਾਂ-ਬੋਲੀ ਦਿਵਸ ਅਤੇ ਪੰਜਾਬੀ

ਐਤਕੀਂ 21 ਫਰਵਰੀ ਨੂੰ ਮਨਾਇਆ ਗਿਆ ਕੌਮਾਂਤਰੀ ਮਾਂ-ਬੋਲੀ ਦਿਵਸ ਪੰਜਾਬ ਅਤੇ ਪੰਜਾਬੀ ਪਿਆਰਿਆਂ ਲਈ ਪਿਛਲੇ ਸਾਲਾਂ ਨਾਲੋਂ ਨਿਆਰਾ ਅਤੇ ਨਿਵੇਕਲਾ ਸੀ। ਜਲੰਧਰ-ਚੰਡੀਗੜ੍ਹ ਵਰਗੇ ਸ਼ਹਿਰਾਂ ਵਿਚ ਵੱਡੇ ਸਮਾਗਮ ਹੀ ਨਹੀਂ ਹੋਏ, ਸਗੋਂ ਵੱਖ ਵੱਖ ਥਾਂਈਂ ਵੱਖ ਵੱਖ ਸੰਸਥਾਵਾਂ, ਅਦਾਰਿਆਂ, ਸਕੂਲਾਂ-ਕਾਲਜਾਂ ਇਹ ਦਿਵਸ ਮਨਾਇਆ ਗਿਆ। ਚੰਡੀਗੜ੍ਹ ਵਿਚ ਤਾਂ ਸਰਕਾਰੀ ਅਣਦੇਖੀ ਦੇ ਖਿਲਾਫ ਗ੍ਰਿਫਤਾਰੀਆਂ ਵੀ ਦਿੱਤੀਆਂ ਗਈਆਂ। ਜਾਗਰੂਕਤਾ ਦੇ ਪੱਖ ਤੋਂ ਐਤਕੀਂ ਇਨ੍ਹਾਂ ਯਤਨਾਂ ਦਾ ਕੋਈ ਜਵਾਬ ਨਹੀਂ। ਬਿਨਾ ਸ਼ੱਕ ਇਸ ਚੇਤਨਾ ਦਾ ਫੌਰੀ ਸਬੱਬ ਕੌਮਾਂਤਰੀ ਮਾਂ-ਬੋਲੀ ਦਿਵਸ ਹੀ ਬਣਿਆ ਹੈ ਅਤੇ ਇਸ ਮਾਂ-ਬੋਲੀ ਦਿਵਸ ਦਾ ਵੀ ਆਪਣਾ ਇਤਿਹਾਸ ਹੈ। ਸੰਤਾਲੀ ਵਾਲੀ ਵੰਡ ਤੋਂ ਬਾਅਦ 1948 ਵਿਚ ਪਾਕਿਸਤਾਨੀ ਸਰਕਾਰ ਨੇ ਉਰਦੂ ਨੂੰ ਕੌਮੀ ਭਾਸ਼ਾ ਐਲਾਨ ਦਿੱਤਾ। ਸਰਕਾਰ ਦੀ ਇਸ ਕਾਰਵਾਈ ਦਾ ਪੂਰਬੀ ਪਾਕਿਸਤਾਨ ਜੋ ਬੰਗਾਲ ਦੀ ਵੰਡ ਕਾਰਨ ਹੋਂਦ ਵਿਚ ਆਇਆ ਸੀ, ਵਿਚ ਤਿੱਖਾ ਵਿਰੋਧ ਹੋਇਆ। ਮਾਂ-ਬੋਲੀ ਨੂੰ ਪਿਆਰ ਕਰਨ ਵਾਲੇ ਬੰਗਲਾ ਲੋਕ ਸਰਕਾਰ ਦੇ ਇਸ ਫੈਸਲੇ ਖਿਲਾਫ ਲਾਮਬੰਦ ਹੋਣੇ ਸ਼ੁਰੂ ਹੋ ਗਏ। ਇਸੇ ਲਾਮਬੰਦੀ ਤਹਿਤ ਲੋਕਾਂ ਨੇ 21 ਫਰਵਰੀ 1952 ਨੂੰ ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਕੁਝ ਸਿਆਸੀ ਕਾਰਕੁਨਾਂ ਦੀ ਅਗਵਾਈ ਹੇਠ ਰੋਸ ਮੁਜ਼ਾਹਰੇ ਕੀਤੇ। ਉਥੇ ਪੁਲਿਸ ਨੇ ਗੋਲੀ ਚਲਾ ਦਿੱਤੀ ਜਿਸ ਨਾਲ ਚਾਰ ਵਿਦਿਆਰਥੀ ਆਗੂ ਮਾਰੇ ਗਏ। ਇਸ ਤੋਂ ਬਾਅਦ ਰੋਹ ਭੜਕ ਉਠਿਆ ਅਤੇ ਪਾਕਿਸਤਾਨੀ ਸਰਕਾਰ ਨੂੰ ਆਖਰਕਾਰ 1956 ਵਿਚ ਬੰਗਲਾ ਨੂੰ ਸਰਕਾਰੀ ਭਾਸ਼ਾ ਐਲਾਨਣਾ ਪਿਆ। ਫਿਰ ਸੰਸਾਰ ਪੱਧਰ ਉਤੇ ਮਾਂ-ਬੋਲੀ ਬਾਰੇ ਚੇਤਨਾ ਆਏ ਦਿਨ ਵਧਦੀ ਰਹੀ ਅਤੇ ਯੂਨੈਸਕੋ ਨੇ ਬੰਗਲਾ ਦੇਸ਼ ਦੀ ਮੰਗ ਉਤੇ 21 ਫਰਵਰੀ ਨੂੰ ਕੌਮਾਂਤਰੀ ਮਾਂ-ਬੋਲੀ ਦਿਵਸ ਵਜੋਂ ਸਵੀਕਾਰ ਕਰ ਲਿਆ। ਅੱਜ ਸੰਸਾਰ ਭਰ 'ਚ ਇਹ ਦਿਵਸ ਮਨਾਇਆ ਜਾਂਦਾ ਹੈ। ਇਹ ਠੀਕ ਹੈ ਕਿ ਸਮਾਂ ਪਾ ਕੇ ਅਜਿਹੇ ਸਮਾਗਮ ਰਸਮੀ ਜਿਹੇ ਬਣ ਜਾਂਦੇ ਹਨ, ਪਰ ਅਜਿਹੇ ਦਿਵਸਾਂ ਅਤੇ ਸਮਾਗਮਾਂ ਦੀ ਮਹੱਤਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅਜਿਹੇ ਮੌਕਿਆਂ 'ਤੇ ਆਵਾਜ਼ ਬੁਲੰਦ ਕਰਨ ਦਾ ਮੌਕਾ ਜ਼ਰੂਰ ਮਿਲਦਾ ਹੈ।

ਇਕ ਅੰਦਾਜ਼ੇ ਅਨੁਸਾਰ ਇਸ ਵੇਲੇ ਸੰਸਾਰ ਵਿਚ ਤਕਰੀਬਨ 7100 ਜ਼ੁਬਾਨਾਂ ਹਨ। ਭਾਰਤ ਵਿਚ ਇਨ੍ਹਾਂ ਦੀ ਗਿਣਤੀ 450 ਦੇ ਕਰੀਬ ਹੈ। ਕੁਝ ਸਾਲ ਪਹਿਲਾਂ ਸਾਹਮਣੇ ਆਈ ਯੂਨੈਸਕੋ ਦੀ ਰਿਪੋਰਟ ਵਿਚ ਖਦਸ਼ਾ ਪ੍ਰਗਟ ਕੀਤਾ ਗਿਆ ਸੀ ਕਿ ਅਗਲੇ 50 ਸਾਲਾਂ ਵਿਚ ਕਈ ਭਾਸ਼ਾਵਾਂ ਖਤਮ ਹੋ ਜਾਣਗੀਆਂ ਜਾਂ ਖਤਮ ਹੋਣ ਦੇ ਕੰਢੇ ਪੁੱਜ ਜਾਣਗੀਆਂ। ਅਜਿਹਾ ਖਦਸ਼ਾ ਪੰਜਾਬੀ ਬਾਰੇ ਵੀ ਪ੍ਰਗਟਾਇਆ ਜਾ ਰਿਹਾ ਹੈ। ਬਹੁਤ ਸਾਰੇ ਵਿਦਵਾਨਾਂ ਨੇ ਇਸ ਖਦਸ਼ੇ ਨੂੰ ਨਿਰਮੂਲ ਦੱਸਿਆ ਹੈ। ਉਨ੍ਹਾਂ ਦੀ ਇਸ ਦਲੀਲ ਦਾ ਆਧਾਰ ਇਹ ਹੈ ਕਿ ਜਿੰਨਾ ਚਿਰ ਤੱਕ ਕੋਈ ਜ਼ੁਬਾਨ ਬੋਲਣ ਵਾਲਾ ਇਕ ਵੀ ਬੰਦਾ ਇਸ ਧਰਤੀ ਉਤੇ ਮੌਜੂਦ ਹੈ, ਸਬੰਧਤ ਜ਼ੁਬਾਨ ਦਾ ਖਾਤਮਾ ਸੰਭਵ ਨਹੀਂ। ਇਸ ਪੱਖ ਤੋਂ ਪੰਜਾਬੀ ਦੀ ਹਾਲਤ ਤਸੱਲੀਬਖਸ਼ ਹੀ ਆਖੀ ਜਾ ਸਕਦੀ ਹੈ। ਇਸ ਵੇਲੇ ਪੰਜਾਬੀ 13 ਕਰੋੜ ਲੋਕਾਂ ਵੱਲੋਂ ਬੋਲੀ ਜਾਂਦੀ ਹੈ ਜੋ ਸੰਸਾਰ ਦੇ ਡੇਢ ਸੌ ਤੋਂ ਵੱਧ ਮੁਲਕਾਂ ਅੰਦਰ ਵਸੇ ਹੋਏ ਹਨ। ਇਸ ਗਿਣਤੀ-ਮਿਣਤੀ ਅੰਦਰ ਪੰਜਾਬੀ ਦਾ ਸੰਸਾਰ ਭਰ ਵਿਚ 12ਵਾਂ ਸਥਾਨ ਹੈ। ਵਲਾਇਤ ਵਿਚ ਪੰਜਾਬੀ ਨੇ ਦੂਜੀ ਵੱਡੀ ਜ਼ੁਬਾਨ ਦਾ ਰੁਤਬਾ ਹਾਸਲ ਕਰ ਲਿਆ ਹੈ। ਕੈਨੇਡਾ ਵਿਚ ਇਹ ਤੀਜੀ ਵੱਡੀ ਜ਼ੁਬਾਨ ਹੈ। ਹੋਰ ਖਿੱਤਿਆਂ ਅਤੇ ਮੁਲਕਾਂ ਅੰਦਰ ਵੀ ਇਸ ਦੇ ਅਗਾਂਹ ਵਧਣ ਦੀਆਂ ਸੋਆਂ ਹਨ। ਇਸ ਪੱਖ ਤੋਂ ਪੰਜਾਬੀ ਅਤੇ ਪੰਜਾਬੀਆਂ ਲਈ ਇਹ ਮਾਣ ਵਾਲੀ ਗੱਲ ਹੈ। ਜਾਪਦਾ ਹੈ, ਪੰਜਾਬੀ ਦੀਆਂ ਜੜ੍ਹਾਂ ਦੂਰ-ਦੂਰ ਤੱਕ ਫੈਲ ਰਹੀਆਂ ਹਨ।

ਦਰਅਸਲ ਅੱਜ ਪੰਜਾਬੀ ਨੂੰ ਹੋਰ ਔਕੜਾਂ ਨਾਲ ਜੂਝਣਾ ਪੈ ਰਿਹਾ ਹੈ। ਅੱਜ ਗਿਆਨ ਦਾ ਮੁੱਖ ਸਰੋਤ ਅੰਗਰੇਜ਼ੀ ਬਣ ਚੁਕੀ ਹੈ। ਆਪਣੇ ਲੋਕਾਂ ਲਈ ਤਾਂ ਅੰਗਰੇਜ਼ੀ ਦਾ ਕਰੇਜ਼ ਕੁਝ ਵਧੇਰੇ ਹੀ ਹੈ। ਦੂਜਾ, ਹਿੰਦੀ ਦਾ ਪ੍ਰਭਾਵ ਹੈ। ਇਹ ਤੱਥ ਸੋਲਾਂ ਆਨੇ ਸੱਚ ਹੈ ਕਿ ਕੋਈ ਵੀ ਭਾਸ਼ਾ ਜਾਂ ਬੋਲੀ ਸਥਿਰ ਨਹੀਂ। ਸਮੇਂ ਨਾਲ ਇਸ ਵਿਚ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ। ਕਿਸੇ ਵੀ ਖਿੱਤੇ ਦੀ ਸਥਾਨਕਤਾ ਇਸ ਪ੍ਰਸੰਗ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਪਿਛਲੀ ਅੱਧੀ ਸਦੀ ਦੌਰਾਨ ਪੰਜਾਬ ਅੰਦਰ ਜਿਸ ਤਰ੍ਹਾਂ ਦੀ ਸਿਆਸਤ ਹੋਈ ਹੈ, ਉਸ ਨੇ ਪੰਜਾਬੀ ਉਤੇ ਬਾਕਾਇਦਾ ਅਸਰ ਪਾਇਆ ਹੈ। ਇਸ ਅਸਰ ਨੂੰ ਮਹਿਸੂਸ ਕਰਨ ਲਈ ਸਾਨੂੰ ਲਹਿੰਦੇ ਪੰਜਾਬ ਦੀ ਮਿਸਾਲ ਜ਼ਰੂਰ ਸਾਹਮਣੇ ਰੱਖਣੀ ਚਾਹੀਦੀ ਹੈ। ਉਥੇ ਪੰਜਾਬੀ, ਉਰਦੂ ਦੇ ਅਸਰ ਤੋਂ ਮੁਕਤ ਨਹੀਂ। ਹਾਲਾਤ ਇਹ ਹਨ ਕਿ ਪੰਜਾਬੀ ਘਰਾਂ ਵਿਚ ਵੀ ਪੰਜਾਬੀ ਦੀ ਥਾਂ ਉਰਦੂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਪੰਜਾਬੀ ਨੂੰ ਬਿਨਾ ਸੋਚੇ-ਸਮਝੇ ਗੰਵਾਰਪੁਣੇ ਨਾਲ ਜੋੜ ਦਿੱਤਾ ਗਿਆ ਹੈ। ਚੜ੍ਹਦੇ ਪੰਜਾਬ ਵਿਚ ਵੀ ਹਾਲਾਤ ਇਸ ਤੋਂ ਕੋਈ ਬਹੁਤੇ ਵੱਖਰੇ ਨਹੀਂ। ਸਰਦੇ-ਪੁੱਜਦੇ ਪੰਜਾਬੀਆਂ ਦੇ ਘਰਾਂ ਵਿਚ ਵੀ ਹਿੰਦੀ ਘੁਸਪੈਠ ਕਰ ਗਈ ਹੈ। ਸਰਕਾਰੀ ਨਾ-ਅਹਿਲੀਅਤ ਕਾਰਨ ਪੰਜਾਬੀ ਸਕੂਲਾਂ ਵਿਚੋਂ ਬਾਹਰ ਨਿਕਲ ਰਹੀ ਹੈ, ਜਾਂ ਕਹਿ ਲਓ ਕਿ ਕੱਢੀ ਜਾ ਰਹੀ ਹੈ। ਨਵੀਂ ਪੀੜ੍ਹੀ ਦਾ ਪੰਜਾਬੀ ਨਾਲ ਰਿਸ਼ਤਾ-ਨਾਤਾ ਗੀਤਾਂ ਤੱਕ ਮਹਿਦੂਦ ਹੋ ਗਿਆ ਪ੍ਰਤੀਤ ਹੁੰਦਾ ਹੈ। ਇਕ ਨੁਕਤਾ ਹੋਰ ਵੀ ਹੈ। ਸਥਾਨਕਤਾ ਦੇ ਅਸਰ ਕਾਰਨ ਵੱਖ-ਵੱਖ ਖਿੱਤਿਆਂ ਅੰਦਰ ਪੰਜਾਬੀ ਦਾ ਸਰੂਪ ਵੱਖਰਾ-ਵੱਖਰਾ ਬਣ ਰਿਹਾ ਹੈ। ਪੰਜਾਬ, ਪੰਜਾਬ ਤੋਂ ਬਾਹਰਲੇ ਸੂਬਿਆਂ ਅਤੇ ਪਰਦੇਸਾਂ ਦੀ ਪੰਜਾਬੀ ਵਿਚ ਲਗਾਤਾਰ ਫਰਕ ਦੇਖਣ ਨੂੰ ਮਿਲ ਰਿਹਾ ਹੈ। ਇਹ ਸਮੇਂ ਅਤੇ ਸਥਾਨਕਤਾ ਦਾ ਅਸਰ ਹੈ ਜਿਸ ਦਾ ਫਿਲਹਾਲ ਕੋਈ ਤੋੜ ਨਹੀਂ। ਹਾਲ ਦੀ ਘੜੀ ਕਰਨ ਵਾਲਾ ਕੰਮ ਇਹੀ ਹੈ ਕਿ ਪੰਜਾਬੀ ਬਾਰੇ ਚੇਤਨਾ ਵੱਧ ਤੋਂ ਵੱਧ ਫੈਲਾਈ ਜਾਵੇ ਤਾਂ ਕਿ ਉਹ ਪੰਜਾਬੀ ਚੋਟੀ ਦਾ ਰੁਤਬਾ ਹਾਸਲ ਕਰ ਸਕੇ ਜਿਸ ਨੂੰ ਅੱਧੀ ਸਦੀ ਪਹਿਲਾਂ ਸਰਕਾਰੀ ਭਾਸ਼ਾ ਸਵੀਕਾਰ ਕਰ ਲਿਆ ਗਿਆ ਸੀ। ਇਸ ਪ੍ਰਸੰਗ ਵਿਚ ਵਿਦਵਾਨਾਂ ਨੂੰ ਪਹਿਲਕਦਮੀ ਕਰਨੀ ਪੈਣੀ ਹੈ ਤਾਂ ਕਿ ਪੰਜਾਬੀ ਨੂੰ ਸਮੇਂ ਦੀ ਤੋਰ ਨਾਲ ਤੋਰਿਆ ਜਾ ਸਕੇ। ਸੰਸਾਰ ਵਿਚ ਅਜਿਹੀਆਂ ਬਥੇਰੀਆਂ ਮਿਸਾਲਾਂ ਹਨ ਜਿਥੇ ਅੰਗਰੇਜ਼ੀ ਤੋਂ ਬਿਨਾ ਵੀ ਤਰੱਕੀ ਦੀਆਂ ਰਾਹਾਂ ਮੱਲੀਆਂ ਗਈਆਂ ਹਨ। ਪੰਜਾਬੀਆਂ ਲਈ ਵੀ ਅਜਿਹਾ ਹੰਭਲਾ ਸੰਭਵ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬਦਲ ਗਈ ਸਰਕਾਰ?*

ਆਸ ਬੱਝੀ ਹੈ ਜ਼ਖਮ ਪਛਾਣਨੇ ਦੀ, ਹਾਕਮ ਧਿਰ ਵਲੋਂ ਮਾਰੇ ਹੋਏ ਨਸ਼ਤਰਾਂ ਦੇ।
'ਸ਼ੀਸ਼ਾ' ਮੋਹਰੇ ਦਾ ਉਨ੍ਹਾਂ ਨੂੰ ਦਿਸਣ ਲੱਗਾ, ਕਾਰੇ ਕਰੇ ਸੀ ਜਿਨ੍ਹਾਂ ਨੇ ਤਸਕਰਾਂ ਦੇ।
ਜਥੇਦਾਰ ਜੋ ਫੋਨਾਂ ਉਤੇ ਬੜ੍ਹਕਦੇ ਸੀ, ਹੁਣ ਲਾਗੇ ਵੀ ਜਾਂਦੇ ਨਾ ਦਫਤਰਾਂ ਦੇ।
ਗਿਆਰਾਂ ਮਾਰਚ ਦੀ ਨਹੀਂ ਉਡੀਕ ਕੀਤੀ, ਤੇਵਰ ਬਦਲ ਗਏ ਹੁਣੇ ਈ ਅਫਸਰਾਂ ਦੇ।
ਹਾਲੇ ਹੋਇਆ ਐਲਾਨ ਨਾ 'ਹਾਰ ਗਏ' ਆ, 'ਉਤਲਾ ਡਰ' ਅਗਾਊਂ ਲਾਹ ਸੁੱਟਿਆ ਈ।
'ਪਾਵਰਕਾਮ' ਨੇ ਪਾਵਰ ਹੁਣ ਵਰਤ ਕੇ ਤੇ ਮੀਟਰ 'ਕੋਲਿਆਂਵਾਲੀ' ਦਾ ਪੁੱਟਿਆ ਈ!

# ਬੇਹੱਦ ਘਾਤਕ ਹੈ ਸ਼ਰਧਾ ਦੀ ਸਿਆਸਤ

***ਸਦੀਆਂ ਤੋਂ ਧਰਮ ਅਤੇ ਰਾਜਨੀਤੀ ਦਾ ਗਠਜੋੜ ਰਿਹਾ ਹੈ। ਰਾਜਨੀਤੀ ਆਪਣੇ ਸੌੜੇ ਸਵਾਰਥੀ ਹਿਤਾਂ ਲਈ ਧਰਮ ਨੂੰ ਆਪਣੀ ਲੋੜ ਅਨੁਸਾਰ ਵਰਤਦੀ ਆਈ ਹੈ, ਪਰ ਇਹ ਸਭ ਕੁਝ ਲੁਕਵੇਂ ਢੰਗ ਨਾਲ ਹੁੰਦਾ ਸੀ। ਅੱਜ ਦੇ ਗਿਆਨ-ਵਿਗਿਆਨ ਦੇ ਯੁੱਗ ਵਿਚ ਇਹ ਸਭ ਘਟਣਾ ਚਾਹੀਦਾ ਸੀ, ਪਰ ਇਹ ਸਭ ਹੁਣ ਪ੍ਰਤੱਖ ਰੂਪ ਵਿਚ ਹੋਣ ਲੱਗ ਪਿਆ ਹੈ। ਰਾਜਸੀ ਪਾਰਟੀਆਂ ਜਿਨ੍ਹਾਂ ਨੇ ਸੰਵਿਧਾਨ ਦੇ ਦਾਇਰੇ ਵਿਚ ਰਹਿ ਕੇ ਭੂਮਿਕਾ ਨਿਭਾਉਣੀ ਹੁੰਦੀ ਹੈ, ਜੇ ਉਹ ਚੋਣ ਪ੍ਰਕਿਰਿਆ ਦੀ ਸ਼ੁਰੂਆਤ ਹੀ ਸੰਵਿਧਾਨਕ ਮਰਿਆਦਾਵਾਂ ਦੇ ਖਿਲਾਫ਼ ਜਾ ਕੇ ਕਰਦੀਆਂ ਹਨ ਤਾਂ ਸਮਰੱਥ ਤੇ ਨਿਰਪੱਖ ਭੂਮਿਕਾ ਨਿਭਾਉਣ ਦੀ ਉਨ੍ਹਾਂ ਤੋਂ ਕੀ ਆਸ ਰੱਖੀ ਜਾ ਸਕਦੀ ਹੈ?***

ਪਿਆਰ ਅਤੇ ਜੰਗ ਦੇ ਵੀ ਸ਼ਾਇਦ ਕੁਝ ਨੇਮ ਹੁੰਦੇ ਹਨ, ਪਰ ਮੌਜੂਦਾ ਰਾਜਨੀਤੀ ਬਾਰੇ ਕਿਹਾ ਜਾ ਸਕਦਾ ਹੈ ਕਿ ਇਸ ਵਿਚ ਹੁਣ ਸਭ ਕੁਝ ਜਾਇਜ਼ ਹੋ ਗਿਆ ਹੈ। ਨੀਵੇਂ ਪੱਧਰ ਦੀ ਤੋਹਮਤਬਾਜ਼ੀ, ਵੱਖ-ਵੱਖ ਨਸ਼ੇ, ਅਸਰ-ਰਸੂਖ, ਪੈਸਾ, ਛੋਟੇ-ਵੱਡੇ ਲਾਲਚ, ਇਸ਼ਤਿਹਾਰਬਾਜ਼ੀ, ਮੁੱਲ ਦੀਆਂ ਖ਼ਬਰਾਂ, ਹੋਰ ਨਹੀਂ ਤਾਂ ਚੋਣਾਂ ਦੌਰਾਨ ਵਿਰੋਧੀ ਉਮੀਦਵਾਰ ਦੀਆਂ ਵੋਟਾਂ ਵੰਡਣ ਲਈ ਉਸੇ ਨਾਂ ਵਾਲੇ ਹੋਰ ਬੰਦੇ ਖੜ੍ਹੇ ਕਰਨ ਵਰਗੀਆਂ ਨੈਤਿਕ ਗਿਰਾਵਟਾਂ, ਚੋਣ ਮੁਹਿੰਮਾਂ ਦਾ ਹਿੱਸਾ ਬਣ ਰਹੀਆਂ ਹਨ। ਇਨ੍ਹਾਂ ਸਭ ਅਲਾਮਤਾਂ ਵਿਚੋਂ ਇਕ ਵੱਡੀ ਅਲਾਮਤ ਹੈ ਵੱਖ-ਵੱਖ ਡੇਰਿਆਂ ਦੇ ਸ਼ਰਧਾਲੂਆਂ ਦੀਆਂ ਵੋਟਾਂ ਲੈਣ ਲਈ ਡੇਰੇਦਾਰਾਂ ਦੇ ਚਰਨ ਫੜਨੇ। ਚੋਣਾਂ ਨੇੜੇ ਆਉਂਦਿਆਂ ਹੀ

ਗੁਰਚਰਨ ਸਿੰਘ ਨੂਰਪੁਰ
ਫੋਨ: +91-98550-51099

ਰਾਜਸੀ ਨੇਤਾਵਾਂ ਦੀ ਡੇਰੇਦਾਰਾਂ ਪ੍ਰਤੀ ਸੁੱਤੀ ਸ਼ਰਧਾ ਝੱਟ ਜਾਗ ਉਠਦੀ ਹੈ।

ਸਦੀਆਂ ਤੋਂ ਧਰਮ ਅਤੇ ਰਾਜਨੀਤੀ ਦਾ ਗਠਜੋੜ ਰਿਹਾ ਹੈ। ਰਾਜਨੀਤੀ ਆਪਣੇ ਸੌੜੇ ਸਵਾਰਥੀ ਹਿਤਾਂ ਲਈ ਧਰਮ ਨੂੰ ਆਪਣੀ ਲੋੜ ਅਨੁਸਾਰ ਵਰਤਦੀ ਆਈ ਹੈ, ਪਰ ਇਹ ਸਭ ਕੁਝ ਲੁਕਵੇਂ ਢੰਗ ਨਾਲ ਹੁੰਦਾ ਸੀ। ਅੱਜ ਦੇ ਗਿਆਨ-ਵਿਗਿਆਨ ਦੇ ਯੁੱਗ ਵਿਚ ਇਹ ਸਭ ਘਟਣਾ ਚਾਹੀਦਾ ਸੀ, ਪਰ ਇਹ ਸਭ ਹੁਣ ਪ੍ਰਤੱਖ ਰੂਪ ਵਿਚ ਹੋਣ ਲੱਗ ਪਿਆ ਹੈ। ਅੱਜ ਦੇ ਦੌਰ ਵਿਚ ਧਾਰਮਿਕ ਸ਼ਰਧਾ ਨੂੰ ਵੋਟਾਂ ਲਈ ਵਰਤਣਾ ਕਿਵੇਂ ਵੀ ਜਾਇਜ਼ ਨਹੀਂ ਆਖਿਆ ਜਾ ਸਕਦਾ। ਇਹ ਲੋਕਤੰਤਰਕ ਮਰਿਆਦਾਵਾਂ ਦੇ ਖਿਲਾਫ਼ ਹੈ। ਰਾਜਸੀ ਪਾਰਟੀਆਂ ਜਿਨ੍ਹਾਂ ਨੇ ਸੰਵਿਧਾਨ ਦੇ ਦਾਇਰੇ ਵਿਚ ਰਹਿ ਕੇ ਭੂਮਿਕਾ ਨਿਭਾਉਣੀ ਹੁੰਦੀ ਹੈ, ਜੇ ਉਹ ਚੋਣ ਪ੍ਰਕਿਰਿਆ ਦੀ ਸ਼ੁਰੂਆਤ ਹੀ ਸੰਵਿਧਾਨਕ ਮਰਿਆਦਾਵਾਂ ਦੇ ਖਿਲਾਫ਼ ਜਾ ਕੇ ਕਰਦੀਆਂ ਹਨ ਤਾਂ ਸਮਰੱਥ ਤੇ ਨਿਰਪੱਖ ਭੂਮਿਕਾ ਨਿਭਾਉਣ ਦੀ ਉਨ੍ਹਾਂ ਤੋਂ ਕੀ ਆਸ ਰੱਖੀ ਜਾ ਸਕਦੀ ਹੈ?

ਕਿਸੇ ਸੰਸਥਾ ਨਾਲ ਜੁੜੇ ਸ਼ਰਧਾਲੂਆਂ ਨੂੰ ਵੀ ਸੁਚੇਤ ਹੋਣ ਦੀ ਲੋੜ ਹੈ। ਕਿਸੇ ਸੰਸਥਾ, ਡੇਰੇ ਜਾਂ ਸਾਧ ਸੰਤ ਪ੍ਰਤੀ ਸ਼ਰਧਾ ਰੱਖਣੀ ਆਪਣੀ ਥਾਂ ਹੈ, ਪਰ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਵੱਖਰੀ ਗੱਲ ਹੈ। ਹਰ ਨਾਗਰਿਕ ਨੂੰ ਆਪਣੀ ਵੋਟ ਦੀ ਵਰਤੋਂ ਆਪਣੇ ਵਿਵੇਕ ਨਾਲ ਕਰਨੀ ਚਾਹੀਦੀ ਹੈ, ਇਹ ਕਿਸੇ ਡੇਰੇ ਦੇ ਹਿੱਤਾਂ ਲਈ ਨਹੀਂ ਬਲਕਿ ਦੇਸ਼/ਸਮਾਜ ਦੇ ਚੰਗੇ ਭਵਿੱਖ ਲਈ ਹੋਣੀ ਚਾਹੀਦੀ ਹੈ। ਚੋਣ ਕਮਿਸ਼ਨ ਵੱਲੋਂ ਚੋਣਾਂ ਦੌਰਾਨ ਇਹ ਮੁਸਤੈਦੀ ਵਰਤੀ ਜਾਂਦੀ ਹੈ ਕਿ ਕੋਈ ਧਿਰ ਪੈਸਾ, ਸ਼ਰਾਬ ਜਾਂ ਹੋਰ ਨਸ਼ੇ ਵੰਡ ਕੇ ਵੋਟਰਾਂ ਨੂੰ ਪ੍ਰਭਾਵਿਤ ਨਾ ਕਰੇ, ਪਰ ਸ਼ਰਧਾ ਵੱਸ ਹੋਏ ਲੋਕਾਂ ਦੇ ਵੱਡੇ ਵਰਗ ਨੂੰ ਜੇ ਕੋਈ ਆਪਣੀ ਮਰਜ਼ੀ ਨਾਲ ਕਿਸੇ ਇਕ ਪਾਰਟੀ ਦੇ ਹੱਕ ਵਿਚ ਭੁਗਤਾਉਂਦਾ ਹੈ ਤਾਂ ਕੀ ਇਹ ਵੀ ਉਸੇ ਤਰ੍ਹਾਂ ਦਾ ਅਪਰਾਧ ਨਹੀਂ? ਇਹ ਬਹੁਤ ਮਾੜਾ ਰੁਝਾਨ ਹੈ ਅਤੇ ਇਹ ਲੋਕਤੰਤਰ ਲਈ ਖਤਰੇ ਦੀ ਘੰਟੀ ਹੈ। ਕਿਸੇ ਸੰਸਥਾ ਜਾਂ ਸਾਧ ਸੰਤ ਦਾ ਸ਼ਰਧਾਲੂਆਂ ਦੀ ਸ਼ਰਧਾ ਨੂੰ ਵੋਟਾਂ ਵਿਚ ਵਟਾਉਣਾ ਅਤੇ ਇਨ੍ਹਾਂ ਵੋਟਾਂ ਦਾ ਸੌਦਾ ਕਰਨਾ ਨੈਤਿਕ ਗਿਰਾਵਟ ਹੈ। ਇਹ ਰੁਝਾਨ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਸੌਦੇਬਾਜ਼ੀ ਵਿਚ ਰਾਜਸੀ ਨੇਤਾਵਾਂ ਦੇ ਪ੍ਰਤੱਖ ਅਤੇ ਡੇਰੇਦਾਰਾਂ ਦੇ ਇਸ ਵਿਚ ਲੁਕਵੇਂ ਆਪਣੇ ਹਿੱਤ ਹੁੰਦੇ ਹਨ। ਇਹ ਦੋਵੇਂ ਧਿਰਾਂ ਇਕ ਦੂਜੇ ਦੀਆਂ ਪੂਰਕ ਹੋ ਕੇ ਚਲਦੀਆਂ ਹਨ। ਰਾਜਸੀ ਨੇਤਾਵਾਂ ਨੂੰ ਬਹੁਗਿਣਤੀ ਲੋਕਾਂ ਦੇ ਦਰਾਂ 'ਤੇ ਜਾਣ ਨਾਲੋਂ ਇਕੋ ਥਾਂ ਸੌਦਾ ਕਰਨਾ ਫਿੱਟ ਬੈਠਦਾ ਹੈ ਅਤੇ ਡੇਰੇਦਾਰ ਸ਼ਰਧਾਲੂਆਂ ਦੀ ਵੋਟ ਦੀ ਵੱਟਕ ਨਾਲ ਆਪਣੇ ਕਾਰੋਬਾਰਾਂ ਦਾ ਵਿਸਥਾਰ ਕਰਦੇ ਹਨ। ਇਹੋ ਕਾਰਨ ਹੈ ਕਿ ਪੰਜਾਬ ਹੀ ਨਹੀਂ, ਪੂਰੇ ਭਾਰਤ ਵਿਚ ਸਾਧਾਂ-ਸੰਤਾਂ ਦੇ ਡੇਰਿਆਂ ਦਾ ਤੇਜ਼ੀ ਨਾਲ ਵਿਸਥਾਰ ਹੋਣ ਲੱਗ ਪਿਆ ਹੈ। ਹਜ਼ਾਰਾਂ ਏਕੜ ਜ਼ਮੀਨਾਂ ਅਤੇ ਡੇਰਿਆਂ ਦੀਆਂ ਬਰਾਂਚਾਂ ਵੱਖ-ਵੱਖ ਪਿੰਡਾਂ ਸ਼ਹਿਰਾਂ ਵਿਚ ਖੁੱਲ੍ਹ ਰਹੀਆਂ ਹਨ। ਇਥੇ ਹੀ ਬਸ ਨਹੀਂ, ਡੇਰੇਦਾਰ ਹੁਣ ਕਾਰੋਬਾਰੀ ਅਤੇ ਵਪਾਰੀ ਬਣ ਕੇ ਵੱਖ-ਵੱਖ ਤਰ੍ਹਾਂ ਦੇ ਉਤਪਾਦਾਂ ਦੀਆਂ ਫੈਕਟਰੀਆਂ ਲਗਾ ਕੇ ਆਪਣਾ ਮਾਲ ਵੀ ਵੇਚਣ ਲੱਗ ਪਏ ਹਨ। ਕਾਰਪੋਰੇਟ ਕੰਪਨੀਆਂ ਵਾਂਗ ਇਹ ਹਰ ਪਾਸੇ ਆਪਣਾ ਗਲਬਾ ਪਾ ਕੇ ਕਮਾਈ ਕਰਨ ਵਿਚ ਇਕ-ਦੂਜੇ ਤੋਂ ਅੱਗੇ ਨਿਕਲ ਜਾਣ ਦੀ ਦੌੜ ਵਿਚ ਹਨ। ਇਹ ਸਭ ਕੁਝ ਰਾਜਸੀ ਨੇਤਾਵਾਂ/ਪਾਰਟੀਆਂ ਦੀ ਮਿਲੀਭੁਗਤ ਨਾਲ ਹੀ ਸੰਭਵ ਹੁੰਦਾ ਹੈ। ਕੁਝ ਡੇਰੇਦਾਰਾਂ ਖਿਲਾਫ਼ ਸਰੀਰਕ ਸ਼ੋਸ਼ਣ ਤੋਂ ਲੈ ਕੇ ਕਤਲਾਂ ਤੱਕ ਦੇ ਕੇਸ ਅਦਾਲਤਾਂ ਵਿਚ ਚੱਲ ਰਹੇ ਹਨ, ਪਰ ਇਸ ਸਬੰਧੀ ਕਾਨੂੰਨ ਦੀ ਪਹੁੰਚ ਉਸ ਤਰ੍ਹਾਂ ਦੀ ਬਿਲਕੁਲ ਨਹੀਂ ਹੁੰਦੀ ਜਿਵੇਂ ਆਮ ਬੰਦੇ ਪ੍ਰਤੀ ਹੁੰਦੀ ਹੈ। ਅੱਜ ਜਿਸ ਤਰ੍ਹਾਂ ਸਾਡੀਆਂ ਰਾਸ਼ਟਰੀ ਪੱਧਰ ਦੀਆਂ ਵੱਡੀਆਂ ਰਾਜਸੀ ਪਾਰਟੀਆਂ ਦੇ ਆਗੂ ਜਿਵੇਂ ਇਨ੍ਹਾਂ ਡੇਰੇਦਾਰਾਂ ਅੱਗੇ ਡੰਡੌਤ ਕਰਦੇ ਹਨ, ਇਸ ਤੋਂ ਇਹ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਭਵਿੱਖ ਵਿਚ ਲੋਕਤੰਤਰਕ ਮਰਿਆਦਾਵਾਂ ਰਸਾਤਲ ਵੱਲ ਜਾਣਗੀਆਂ।

***ਪੁਰੋਹਿਤ ਵਰਗ ਅਤੇ ਰਾਜਨੀਤੀ ਜਿਥੇ ਇਕ ਦੂਜੇ ਦੇ ਹਿਤਾਂ ਦੇ ਰਖਵਾਲੇ ਬਣਦੇ ਆਏ ਹਨ, ਉਥੇ ਸਮਾਜ ਵਿਚ ਲੋਕ ਹਿਤਾਂ ਲਈ ਸਥਾਪਤੀ ਦੇ ਵਿਰੁੱਧ ਬਗ਼ਾਵਤੀ ਸੁਰਾਂ ਵੀ ਉਠਦੀਆਂ ਰਹੀਆਂ ਹਨ ਜੋ ਸਮੇਂ ਦੀਆਂ ਹਕੂਮਤਾਂ ਦੀਆਂ ਕੁਟਿਲ ਨੀਤੀਆਂ ਨੂੰ ਨੰਗਿਆਂ ਕਰਦੀਆਂ ਰਹੀਆਂ ਹਨ। ਗੁਰੂ ਨਾਨਕ ਨੂੰ ਆਪਣੇ ਸਮੇਂ ਦੌਰਾਨ ਹਕੂਮਤੀ ਨਸ਼ੇ ਵਿਚ ਹੁੰਦੇ ਜਬਰ ਨੂੰ ਵੇਖ ਕੇ ਕਹਿਣਾ ਪਿਆ ਸੀ- ਰਾਜੇ ਸ਼ੀਹ ਮੁਕਦਮ ਕੁਤੇ। ਬਾਬਰ ਦੀ ਫ਼ੌਜ ਨੂੰ ਉਹ 'ਪਾਪ ਦੀ ਜੰਞ' ਕਹਿ ਕੇ ਭੰਡਦੇ ਹਨ।***

ਰਾਜਸੀ ਨੇਤਾਵਾਂ ਅਤੇ ਸਾਧਾਂ-ਸੰਤਾਂ ਦਾ ਗਠਜੋੜ, ਇਨ੍ਹਾਂ ਸਾਧਾਂ ਸੰਤਾਂ ਨੂੰ ਸੱਤਾ ਦੇ ਭਿਆਲ ਬਣਾਉਂਦਾ ਹੈ। ਲੋਕਤੰਤਰ ਦੀ ਅਸਲ ਸ਼ਕਤੀ ਲੋਕ ਹੁੰਦੇ ਹਨ, ਪਰ ਇਹ ਗਠਜੋੜ ਲੋਕਤੰਤਰ ਵਿਚੋਂ ਲੋਕਾਂ ਦੀ ਭੂਮਿਕਾ ਘਟਾਉਣ ਦਾ ਕੰਮ ਕਰਦਾ ਹੈ। ਰਾਜਸੀ ਨੇਤਾਵਾਂ ਵੱਲੋਂ ਸਾਧਾਂ-ਸੰਤਾਂ ਡੇਰਿਆਂ 'ਤੇ ਮੱਥੇ ਰਗੜਨੇ ਅਤੇ ਉਨ੍ਹਾਂ ਨੂੰ ਸੱਤਾ ਦੇ ਭਿਆਲ ਬਣਾਉਣਾ ਦਰਸਾਉਂਦਾ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਰਾਜ ਭਾਵੇਂ ਕਿਸੇ ਵੀ ਪਾਰਟੀ ਦਾ ਹੋਵੇ, ਉਸ ਨੂੰ ਸੰਚਾਲਤ ਕਰਨ ਵਾਲੀ ਤਾਕਤ ਡੇਰੇਦਾਰ ਬਣ ਜਾਣਗੇ। ਲੋਕ ਨੁਮਾਇੰਦੇ ਇਕ ਤਰ੍ਹਾਂ ਨਾਲ ਇਨ੍ਹਾਂ ਦੀਆਂ ਕਠਪੁਤਲੀਆਂ ਬਣ ਕੇ ਰਹਿ ਜਾਣਗੇ। ਦੇਸ਼ ਅਤੇ ਸਮਾਜ ਲਈ ਇਹ ਚਿੰਤਾਜਨਕ ਹੈ।

ਇਹ ਤਾਂ ਸਪਸ਼ਟ ਹੈ ਕਿ ਰਾਜਸੀ ਨੇਤਾਵਾਂ ਦੀ ਸਰਪ੍ਰਸਤੀ ਹੇਠ ਡੇਰਾਵਾਦ ਤੇਜ਼ੀ ਨਾਲ ਫੈਲ ਰਿਹਾ ਹੈ। ਰੋਜ਼ਾਨਾ ਜੀਵਨ ਦੀਆਂ ਮੁਸ਼ਕਿਲਾਂ ਅਤੇ ਦੁੱਖਾਂ ਦਰਦਾਂ ਦੇ ਸਤਾਏ ਲੋਕ ਇਸ ਪ੍ਰਬੰਧ ਨੂੰ ਕੋਸਣ ਦੀ ਬਜਾਏ ਆਪਣੀ ਕਿਸਮਤ ਨੂੰ ਕੋਸਦੇ ਇਨ੍ਹਾਂ ਸੰਸਥਾਵਾਂ 'ਤੇ ਚੜ੍ਹਾਵੇ ਚੜ੍ਹਾਉਂਦੇ ਹਨ, ਹੱਡ ਗੋਡੇ ਰਗੜਦੇ ਹਨ। ਇਥੋਂ ਆਪਣੇ ਚੰਗੇਰੇ ਭਵਿੱਖ ਦੀ ਆਸ ਕਰਦੇ ਹਨ। ਲੋਕਾਂ ਦੀ ਇਹ ਮਾਨਸਿਕਤਾ ਲੋਕਾਂ, ਖਾਸ ਕਰ ਕੇ ਉਨ੍ਹਾਂ ਦੇ ਬੱਚਿਆਂ ਨੂੰ ਅੰਧਵਿਸ਼ਵਾਸੀ ਬਣਾਉਂਦੀ ਹੈ। ਉਹ ਵਿਵੇਕਸ਼ੀਲ ਹੋਣ ਦੀ ਬਜਾਏ ਕਿਸਮਤਵਾਦੀ ਬਣ ਜਾਂਦੇ ਹਨ। ਆਪਣੀਆਂ ਨਿੱਜੀ ਅਤੇ ਸਮਾਜਿਕ ਸਮੱਸਿਆਵਾਂ ਨੂੰ ਕਿਸੇ ਗੈਬੀ ਸ਼ਕਤੀ ਦੇ ਕਰੋਪੀ ਮੰਨ ਕੇ ਇਹ ਲੋਕ ਸਾਧਾਂ-ਸੰਤਾਂ ਦੇ ਲੜ ਲੱਗ ਕੇ ਅਗਲੇ ਜਨਮਾਂ ਨੂੰ ਸੰਵਾਰਨ ਦੀ ਕਲਪਨਾ ਕਰਦੇ ਹਨ, ਭਰਮ ਪਾਲਦੇ ਹਨ, ਜਦਕਿ ਉਨ੍ਹਾਂ ਦੀ ਇਸ ਮਾਨਸਿਕਤਾ ਦਾ ਲਾਹਾ ਲੈ ਕੇ ਸਾਧ-ਸੰਤ ਇਸੇ ਜਨਮ ਵਿਚ ਹੀ ਸ਼ਹਿਨਸ਼ਾਹਾਂ ਵਰਗਾ ਜੀਵਨ ਬਿਤਾਉਂਦੇ ਹਨ। ਲੋਕਾਂ ਦੇ ਅੰਧਵਿਸ਼ਵਾਸ ਤੋਂ ਆਪਣੀਆਂ ਤਿਜੌਰੀਆਂ ਭਰਦੇ ਹਨ ਅਤੇ ਆਪਣੀਆਂ ਜਾਇਦਾਦਾਂ ਦਾ ਲਗਾਤਾਰ ਵਿਸਥਾਰ ਕਰਦੇ ਹਨ। ਦੂਜੇ ਪਾਸੇ ਸਮਾਜ ਵਿਚ ਪਸਰਦੀਆਂ ਅਜਿਹੀਆਂ ਬੁਰਾਈਆਂ ਸਮਾਜ ਨੂੰ ਬੌਧਿਕ ਪੱਖੋਂ ਕਮਜ਼ੋਰ ਬਣਾ ਦਿੰਦੀਆਂ ਹਨ। ਦੁਨੀਆ ਭਰ ਵਿਚ ਦੇਖਿਆ ਗਿਆ ਹੈ ਕਿ ਜਿਨ੍ਹਾਂ ਖਿੱਤਿਆਂ ਵਿਚ ਅਜਿਹੇ ਕਰਮ ਕਾਂਡ ਅਤੇ ਅੰਧਵਿਸ਼ਵਾਸ ਵਧੇਰੇ ਹੁੰਦੇ ਹਨ, ਉਥੇ ਬਹੁਗਿਣਤੀ ਲੋਕ ਲਾਈਲੱਗ ਮਾਨਸਿਕਤਾ ਵਾਲੇ ਬਣ ਜਾਂਦੇ ਹਨ। ਇਨ੍ਹਾਂ ਵਿਚੋਂ ਵਿਵੇਕਸ਼ੀਲ, ਵਿਦਵਾਨ, ਸਾਹਿਤਕਾਰ, ਵਿਗਿਆਨੀ ਅਤੇ ਦਾਰਸ਼ਨਿਕ ਮਨੁੱਖ ਪੈਦਾ ਨਹੀਂ ਹੁੰਦੇ। ਕਿਸੇ ਵੀ ਸਮਾਜ ਨੂੰ ਤਰੱਕੀ ਅਤੇ ਵਿਕਾਸ ਕਰਨ ਲਈ ਡੇਰਿਆਂ ਦੇ ਵਿਸਥਾਰ ਦੀ ਨਹੀਂ, ਬਲਕਿ ਚੰਗੇ ਵਿਦਵਾਨਾਂ, ਵਿਗਿਆਨੀਆਂ, ਮਨੋਵਿਗਿਆਨੀਆਂ, ਅਰਥ ਸ਼ਾਸਤਰੀਆਂ, ਸਮਾਜ ਸ਼ਾਸਤਰੀਆ, ਚੰਗੇ ਅਧਿਆਪਕਾਂ, ਵਿਵੇਕਸ਼ੀਲ ਰਾਜ ਨੇਤਾਵਾਂ ਅਤੇ ਵਿਦਵਾਨਾਂ ਦੀ ਲੋੜ ਹੈ। ਕਿਸੇ ਵੀ ਖਿੱਤੇ ਵਿਚ ਫੈਲੀ ਲਾਈਲੱਗ ਮਾਨਸਿਕਤਾ ਉਥੋਂ ਦੇ ਮਨੁੱਖਾਂ ਨੂੰ ਉਹ ਨਹੀਂ ਹੋਣ ਦਿੰਦੀ ਜੋ ਉਨ੍ਹਾਂ ਨੂੰ ਹੋਣਾ ਚਾਹੀਦਾ ਹੈ।

ਸਦੀਆਂ ਤੋਂ ਪੁਰੋਹਿਤ ਵਰਗ ਅਤੇ ਰਾਜਨੀਤੀ ਜਿਥੇ ਇਕ ਦੂਜੇ ਦੇ ਹਿਤਾਂ ਦੇ ਰਖਵਾਲੇ ਬਣਦੇ ਆਏ ਹਨ, ਉਥੇ ਸਮਾਜ ਵਿਚ ਲੋਕ ਹਿਤਾਂ ਲਈ ਸਥਾਪਤੀ ਦੇ ਵਿਰੁੱਧ ਬਗ਼ਾਵਤੀ ਸੁਰਾਂ ਵੀ ਉਠਦੀਆਂ ਰਹੀਆਂ ਹਨ ਜੋ ਸਮੇਂ ਦੀਆਂ ਹਕੂਮਤਾਂ ਦੀਆਂ ਕੁਟਿਲ ਨੀਤੀਆਂ ਨੂੰ ਨੰਗਿਆਂ ਕਰਦੀਆਂ ਰਹੀਆਂ ਹਨ। ਇਹ ਆਵਾਜ਼ਾਂ ਅਵਾਮ ਨੂੰ ਉਨ੍ਹਾਂ ਹਕੂਮਤਾਂ ਦੇ ਕੁਸ਼ਾਸਨ ਪ੍ਰਤੀ ਸੁਚੇਤ ਕਰ ਕੇ ਚੰਗਾ ਸਮਾਜ ਸਿਰਜਣ ਦਾ ਸੁਨੇਹਾ ਦਿੰਦੀਆਂ ਰਹੀਆਂ ਹਨ। ਉਹ ਧਿਰਾਂ ਜਿਨ੍ਹਾਂ ਨੇ ਲੋਕਾਂ ਨੂੰ ਪੈਰ-ਪੈਰ 'ਤੇ ਹਕੂਮਤਾਂ ਦੀਆਂ ਕੁਟਿਲ ਨੀਤੀਆਂ ਤੋਂ ਸੁਚੇਤ ਕਰਨਾ ਹੁੰਦਾ ਹੈ, ਜੇ ਉਹੀ ਰਾਜਨੇਤਾਵਾਂ ਨਾਲ ਘਿਓ-ਖਿਚੜੀ ਹੋ ਜਾਂਦੀਆਂ ਹਨ ਤਾਂ ਸਮਾਜ ਦਾ ਭਲਾ ਕਿਵੇਂ ਹੋ ਸਕਦਾ ਹੈ? ਗੁਰੂ ਨਾਨਕ ਨੂੰ ਆਪਣੇ ਸਮੇਂ ਦੌਰਾਨ ਹਕੂਮਤੀ ਨਸ਼ੇ ਵਿਚ ਹੁੰਦੇ ਜਬਰ ਨੂੰ ਵੇਖ ਕੇ ਕਹਿਣਾ ਪਿਆ ਸੀ- ਰਾਜੇ ਸ਼ੀਹ ਮੁਕਦਮ ਕੁਤੇ। ਇਸੇ ਤਰ੍ਹਾਂ ਬਾਬਰ ਦੀ ਫ਼ੌਜ ਨੂੰ ਉਹ 'ਪਾਪ ਦੀ ਜੰਞ' ਕਹਿ ਕੇ ਭੰਡਦੇ ਹਨ। ਜਿਵੇਂ ਅੱਜ ਸਾਡੇ ਸਮਾਜ ਵਿਚ ਹਰ ਪਾਸੇ ਭ੍ਰਿਸ਼ਟਾਚਾਰ, ਮਾਰਧਾੜ, ਜਬਰ ਜਨਾਹ ਅਤੇ ਅਨਿਆਂ ਹੋ ਰਹੇ ਹਨ, ਅਜਿਹੇ ਹਾਲਾਤ ਨੂੰ ਦੇਖ ਕੇ ਹੀ ਗੁਰੂ ਨਾਨਕ ਨੇ ਆਪਣੇ ਸਮੇਂ ਦੇ ਕਾਜ਼ੀਆਂ, ਮੁਲਾਂ, ਮੁਲਾਣਿਆਂ ਅਤੇ ਬ੍ਰਾਹਮਣਾਂ ਨੂੰ ਝਾੜ ਪਾਉਂਦਿਆਂ ਫਰਮਾਇਆ ਸੀ- ਕਾਜੀ ਕੂੜੁ ਬੋਲਿ ਮਲੁ ਖਾਇ ਬ੍ਰਾਹਮਣੁ ਨਾਵੈ ਜੀਆ ਘਾਇ॥ ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਦਾ ਸਾਰਾ ਜੀਵਨ ਦੱਬੇ-ਕੁਚਲੇ ਲੋਕਾਂ ਦੀ ਲੜਾਈ ਲੜਦਿਆਂ ਗੁਜ਼ਰਿਆ। ਉਹ ਸਮਾਜ ਦੀ ਹੇਠਲੀ ਸ਼੍ਰੇਣੀ ਦੇ ਲੋਕਾਂ ਨੂੰ ਹਕੂਮਤ ਦੇ ਜਬਰ ਵਿਰੁੱਧ ਸੰਘਰਸ਼ਸ਼ੀਲ ਬਣਨ ਦੀ ਪ੍ਰੇਰਨਾ ਦਿੰਦੇ ਰਹੇ। ਬੁੱਲ੍ਹੇ ਸ਼ਾਹ ਵਰਗੇ ਸੂਫੀ ਫ਼ਕੀਰ ਆਪਣੇ ਕਲਾਮ ਵਿਚ ਰੰਘੜ ਨਾਲੋਂ ਖਿੰਘਰ ਚੰਗਾ ਕਹਿ ਕੇ ਰੰਘੜਾਂ, ਜਗੀਰਦਾਰਾਂ ਅਤੇ ਰਾਜਿਆਂ ਦੇ ਝੋਲੀ ਚੁੱਕਾਂ ਦੀ ਆਲੋਚਨਾ ਕਰਦੇ ਹਨ। ਅੱਜ ਅਸੀਂ ਵੇਖਦੇ ਹਾਂ ਕਿ ਜੋ ਧਿਰਾਂ ਲੋਕ ਹਤੈਸ਼ੀ ਹੋਣ ਦਾ ਭਰਮ ਸਿਰਜਦੀਆਂ ਹਨ, ਧਾਰਮਿਕ ਅਤੇ ਸਮਾਜਿਕ ਪੱਖ ਤੋਂ ਲੋਕਾਂ ਦੀ ਅਗਵਾਈ ਕਰਦੀਆਂ ਹਨ, ਉਹ ਹੁਣ ਰਾਜਨੇਤਾਵਾਂ ਨਾਲ ਸੱਤਾ ਦੀ ਭਿਆਲੀ ਦੀ ਸੌਦੇਬਾਜ਼ੀ ਕਰ ਰਹੀਆਂ ਹਨ।

# ਆਰ.ਐਸ.ਐਸ. ਦੇ ਤਾਂਡਵ ਨਾਚ ਦਾ ਨਵਾਂ ਥੀਏਟਰ

ਬੂਟਾ ਸਿੰਘ
ਫੋਨ: +91-94634-74342

ਵਿਚਾਰਾਂ ਦੀ ਆਜ਼ਾਦੀ ਨੂੰ ਕੁਚਲਣ ਦੇ ਏਜੰਡੇ ਤਹਿਤ ਇਸ ਵਕਤ ਜੈ ਨਰਾਇਣ ਵਿਆਸ ਯੂਨੀਵਰਸਿਟੀ ਜੋਧਪੁਰ (ਰਾਜਸਥਾਨ) ਹਿੰਦੂਤਵੀ ਫਾਸ਼ੀਵਾਦੀਆਂ ਦੇ ਨਿਸ਼ਾਨੇ 'ਤੇ ਹੈ। ਬਹਾਨਾ ਇਹ ਬਣਾਇਆ ਗਿਆ ਕਿ ਮਸ਼ਹੂਰ ਵਿਦਵਾਨ ਨਿਵੇਦਿਤਾ ਮੈਨਨ ਨੇ ਜੋ ਲੈਕਚਰ ਦਿੱਤਾ ਸੀ, ਉਹ ਰਾਸ਼ਟਰ ਵਿਰੋਧੀ ਸੀ; ਕਿ ਕਾਨਫਰੰਸ ਦੀ ਰਿਸੋਰਸ ਪਰਸਨ ਨੇ ਹਿੰਦੁਸਤਾਨੀ ਫ਼ੌਜ ਬਾਬਤ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਸਨ। ਇਸ ਬਹਾਨੇ ਯੂਨੀਵਰਸਿਟੀ ਦੀ ਹੋਣਹਾਰ ਪ੍ਰੋਫੈਸਰ ਰਾਜਸ਼੍ਰੀ ਰਾਣਾਵਤ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ, ਹਾਲਾਂਕਿ ਦਲੀਲ ਦੇ ਲਿਹਾਜ਼ ਨਾਲ ਉਹ ਭਾਸ਼ਣਕਰਤਾ ਨਹੀਂ, ਮਹਿਜ਼ ਕਾਨਫਰੰਸ ਦੀ ਪ੍ਰਬੰਧਕ ਸੀ। ਸੰਘ ਬ੍ਰਿਗੇਡ ਦੇ ਦਬਾਓ ਹੇਠ ਯੂਨੀਵਰਸਿਟੀ ਪ੍ਰਸ਼ਾਸਨ ਨੇ ਕਮੇਟੀ ਬਣਾ ਦਿੱਤੀ ਜੋ ਜਾਂਚ ਕਰ ਕੇ ਸਿਫ਼ਾਰਸ਼ ਕਰੇਗੀ ਕਿ ਸਬੰਧਤ ਪ੍ਰੋਫੈਸਰ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਜਾਣਾ ਚਾਹੀਦਾ ਹੈ ਜਾਂ ਨਹੀਂ।

ਦਰਅਸਲ, ਇਸ ਵਿਚਾਰ ਚਰਚਾ ਵਿਚ ਰਾਸ਼ਟਰ ਵਿਰੋਧ ਵਾਲੀ ਕੋਈ ਗੱਲ ਨਹੀਂ ਸੀ, ਪਰ ਫਾਸ਼ੀਵਾਦੀ ਦਸਤੂਰ ਨੂੰ ਵਿਚਾਰ ਚਰਚਾ ਮਨਜ਼ੂਰ ਨਹੀਂ। ਉਨ੍ਹਾਂ ਦੀ ਸਿੱਧੀ ਜਿਹੀ ਦਲੀਲ ਹੈ ਕਿ ਉਨ੍ਹਾਂ ਦੇ ਬੋਲ ਅੰਤਮ ਸੱਚ ਹਨ, ਬਾਕੀ ਸਾਰਿਆਂ ਦੀ ਸੋਚ ਰਾਸ਼ਟਰ ਵਿਰੋਧੀ ਹੈ। ਸਰਕਾਰ ਦਾ ਵਿਰੋਧ, ਦੇਸ਼ ਦਾ ਵਿਰੋਧ ਹੈ। ਕੁਲ ਆਲਮ ਵਿਚ ਫਾਸ਼ੀਵਾਦੀਆਂ ਨੇ ਆਪਣੇ ਤਾਨਾਸ਼ਾਹ ਰਾਜ ਦੇ ਜ਼ੁਲਮਾਂ ਉਪਰ ਪਰਦਾ ਬਣਾਈ ਰੱਖਣ ਲਈ ਹਮੇਸ਼ਾ ਰਾਸ਼ਟਰ ਭਗਤੀ ਨੂੰ ਬਹਾਨਾ ਬਣਾਇਆ ਹੈ। ਯੂਨੀਵਰਸਿਟੀਆਂ ਮਨੁੱਖੀ ਦਿਮਾਗ ਨੂੰ ਹਰ ਚੀਜ਼ ਨੂੰ ਦਲੀਲ ਨਾਲ ਪਰਖਣ ਦੀ ਸਿਖਲਾਈ ਦੇਣ ਦਾ ਜ਼ਰੀਆ ਹੋਣ ਕਾਰਨ ਫਾਸ਼ੀਵਾਦੀ ਏਜੰਡੇ ਦੇ ਰਾਹ ਵਿਚ ਵੱਡੀ ਰੁਕਾਵਟ ਬਣਦੀਆਂ ਹਨ। ਇਸੇ ਲਈ ਫਾਸ਼ੀਵਾਦ ਦੇ ਸਿੱਕੇਬੰਦ ਪੈਰੋਕਾਰ ਸੰਘ ਪਰਿਵਾਰ ਦਾ ਮੂਲ ਮੰਤਰ ਹੀ ਦਲੀਲਬਾਜ਼ੀ, ਵਿਚਾਰਾਂ ਦੀ ਆਜ਼ਾਦੀ ਅਤੇ ਰਚਨਾਤਮਕਤਾ ਦੇ ਇਸ ਸੋਮੇ ਨੂੰ ਖ਼ਤਮ ਕਰਨ ਉਪਰ ਹੈ। ਇਹ ਸੰਘ-ਤੰਤਰ ਹਰ ਥਾਂ ਪਹਿਲਾਂ ਕਿਸੇ ਵਿਚਾਰ ਚਰਚਾ ਨੂੰ ਉਸ ਦੇ ਅਸਲ ਪ੍ਰਸੰਗ ਨਾਲੋਂ ਤੋੜ ਅਤੇ ਵਿਗਾੜ ਕੇ ਰਾਸ਼ਟਰ ਵਿਰੋਧ ਦਾ ਮੁੱਦਾ ਖੜ੍ਹਾ ਕਰਦਾ ਹੈ, ਜਿਸ ਨੂੰ ਪ੍ਰਚਾਰਨ ਵਿਚ ਮੀਡੀਆ ਦਾ ਇਕ ਹਿੱਸਾ ਝੱਟ ਸਰਗਰਮ ਹੋ ਜਾਂਦਾ ਹੈ। ਚੋਣਵੇਂ ਚਿੰਤਕਾਂ ਅਤੇ ਵਿਦਵਾਨਾਂ ਉਪਰ ਮੀਡੀਆ ਟਰਾਇਲ ਚਲਦਾ ਹੈ ਅਤੇ ਉਨ੍ਹਾਂ ਨੂੰ ਆਹਲਾ ਸਿੱਖਿਆ ਸੰਸਥਾਵਾਂ ਵਿਚੋਂ ਬਰਖ਼ਾਸਤ ਕਰਵਾ ਕੇ ਪਿਛਾਂਹਖਿੱਚੂ ਵਿਚਾਰਾਂ ਦੀ ਚੁਣੌਤੀ ਰਹਿਤ ਚੌਧਰ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।


ਨਿਵੇਦਿਤਾ ਮੈਨਨ

***ਜੋਧਪੁਰ ਯੂਨੀਵਰਸਿਟੀ ਦੀ ਕਾਨਫਰੰਸ ਅੰਦਰ ਪ੍ਰੋਫੈਸਰ ਮੈਨਨ ਅਤੇ ਹੋਰ ਵਿਦਵਾਨਾਂ ਵਲੋਂ ਭਾਸ਼ਣ ਦੌਰਾਨ ਉਠਾਏ ਨੁਕਤਿਆਂ ਉਪਰ ਬਹਿਸ ਕਰਨਾ ਸੰਘ ਬ੍ਰਿਗੇਡ ਦੇ ਵੱਸ ਦੀ ਗੱਲ ਨਹੀਂ ਜਿਨ੍ਹਾਂ ਦੀ ਮੂਲ ਵਿਰਾਸਤ ਨਫ਼ਰਤ, ਮਕਾਰੀ ਅਤੇ ਝੂਠ ਦਾ ਮੁਜੱਸਮਾ ਮਨੂਸਮ੍ਰਿਤੀ ਹੈ। ਉਨ੍ਹਾਂ ਨੇ ਵਿਚਾਰ ਪੇਸ਼ ਕਰਨ ਵਾਲੇ ਚਿੰਤਕਾਂ ਦੇ ਕਿਸੇ ਨੁਕਤੇ ਦਾ ਜਵਾਬ ਨਹੀਂ ਦਿੱਤਾ। ਫ਼ੌਜ ਉਪਰ ਬਦਨਾਮੀ ਦੇ ਉਪਰੋਕਤ ਕਲੰਕ ਬਾਰੇ ਸ਼ਾਇਦ ਹੀ ਕਿਸੇ ਜਾਗਰੂਕ ਬੰਦੇ ਨੂੰ ਕੋਈ ਭੁਲੇਖਾ ਹੋਵੇ।***


ਰਾਜਸ਼੍ਰੀ ਰਾਣਾਵਤ

ਆਓ ਜ਼ਰਾ ਜਾਣੀਏ ਕਿ ਜੋਧਪੁਰ ਯੂਨੀਵਰਸਿਟੀ ਵਿਚ ਵਿਚਾਰ ਚਰਚਾ ਦਾ ਮੁੱਦਾ ਕੀ ਸੀ।... ਪਹਿਲੀ ਅਤੇ ਦੋ ਫਰਵਰੀ ਨੂੰ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਨੇ 'ਹਿਸਟਰੀ ਰੀਕਾਂਸਟਰੂਡ ਥਰੂ ਲਿਟਰੇਚਰ: ਨੇਸ਼ਨ, ਆਈਡੈਂਟਿਟੀ, ਕਲਚਰ' ਸਿਰਲੇਖ ਹੇਠ ਕਾਨਫਰੰਸ ਕਰਵਾਈ ਗਈ। ਇਹ ਵਿਦਵਾਨਾਂ, ਇਤਿਹਾਸਕਾਰਾਂ ਅਤੇ ਚਿੰਤਕਾਂ ਦੀ ਗੰਭੀਰ ਵਿਚਾਰ ਚਰਚਾ ਸੀ ਜੋ ਕਿਸੇ ਵੀ ਪਹਿਲੂ ਤੋਂ ਸਿਆਸੀ ਪ੍ਰਚਾਰ ਲਈ ਨਹੀਂ ਸੀ। ਇਸ ਵਿਚ ਵੱਖ-ਵੱਖ ਵਿਚਾਰਾਂ ਦੀ ਤਰਜਮਾਨੀ ਕਰਨ ਵਾਲਿਆਂ ਨੂੰ ਬੁਲਾਇਆ ਗਿਆ। ਕਾਨਫਰੰਸ ਦੀ ਮੁੱਖ ਪ੍ਰਬੰਧਕ ਪ੍ਰੋਫੈਸਰ ਰਾਜਸ਼੍ਰੀ ਰਾਣਾਵਤ ਵਲੋਂ ਇਹ ਯਕੀਨੀ ਬਣਾਇਆ ਗਿਆ ਕਿ ਸੰਵਾਦ ਵੰਨ-ਸੁਵੰਨਤਾ ਵਾਲਾ ਹੋਵੇ ਜਿਸ ਵਿਚ ਵੱਖੋ-ਵੱਖਰੇ ਵਿਚਾਰਾਂ ਦੇ ਨੁਮਾਇੰਦੇ ਆਪਣੇ ਵਿਚਾਰ ਪੇਸ਼ ਕਰਨ। ਸੁਦਰਸ਼ਨ ਰਾਓ (ਚੇਅਰਪਰਸਨ, ਭਾਰਤੀ ਇਤਿਹਾਸ ਖੋਜ ਇੰਡੀਅਨ ਕੌਂਸਲ), ਸੰਦੀਪ ਦੀਕਸ਼ਤ (ਕਾਂਗਰਸ), ਸੇਸ਼ਾਧਾਰੀ ਚਾਰੀ (ਆਰ.ਐਸ.ਐਸ.) ਨੂੰ ਉਚੇਚੇ ਤੌਰ 'ਤੇ ਬੁਲਾਇਆ ਗਿਆ। ਸ੍ਰੀ ਸੇਸ਼ਾਧਰੀ ਦਾ ਕਹਿਣਾ ਸੀ ਕਿ ਉਸ ਦੀ ਤਬੀਅਤ ਠੀਕ ਨਹੀਂ, ਇਸ ਕਰ ਕੇ ਉਸਦੀ ਥਾਂ ਵਿਦਵਾਨ ਹਿਮਾਂਸ਼ੂ ਰਾਏ ਨੂੰ ਬੁਲਾਇਆ ਗਿਆ। ਇਨ੍ਹਾਂ ਤੋਂ ਇਲਾਵਾ ਦਿੱਲੀ, ਗੁਜਰਾਤ ਤੇ ਰਾਜਸਥਾਨ ਦੀਆਂ ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਤੋਂ ਬਹੁਤ ਸਾਰੇ ਵਿਦਵਾਨਾਂ ਨੂੰ ਬੁਲਾਇਆ ਗਿਆ, ਜਿਵੇਂ ਨਿਵੇਦਿਤਾ ਮੈਨਨ (ਜਵਾਹਰਲਾਲ ਨਹਿਰੂ ਯੂਨੀਵਰਸਿਟੀ, ਦਿੱਲੀ), ਅਮੀਨਾ ਕਾਜ਼ੀ ਅਨਸਾਰੀ ਤੇ ਰਿਜ਼ਵਾਨ ਕੈਸਰ (ਜਾਮੀਆ ਮਿਲੀਆ ਯੂਨੀਵਰਸਿਟੀ, ਦਿੱਲੀ), ਅਵਦੇਸ਼ ਕੁਮਾਰ ਸਿੰਘ (ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ), ਆਸ਼ੂਤੋਸ਼ ਮੋਹਨ (ਗੁਰੂ ਗੋਬਿੰਦ ਸਿੰਘ ਇੰਦਰਪ੍ਰਸਥ ਯੂਨੀਵਰਸਿਟੀ, ਦਿੱਲੀ), ਬਾਲਾਜੀ ਰਘੂਨਾਥਨ (ਸੈਂਟਰਲ ਯੂਨੀਵਰਸਿਟੀ ਆਫ ਗੁਜਰਾਤ), ਗੌਹਰ ਰਜ਼ਾ (ਸਾਇੰਸਦਾਨ ਤੇ ਫਿਲਮਸਾਜ਼), ਐਸ਼ਵਰਿਆ ਭੱਟੀ (ਐਡਵੋਕੇਟ ਸੁਪਰੀਮ ਕੋਰਟ)। ਨੌਜਵਾਨ ਖੋਜਕਾਰ ਵਿਦਵਾਨਾਂ ਨੂੰ ਵੀ ਵਿਚਾਰ ਰੱਖਣ ਦਾ ਮੌਕਾ ਦਿੱਤਾ ਗਿਆ। ਇੰਵ ਇਹ ਯੂਨੀਵਰਸਿਟੀ ਦੇ ਹਾਲ ਅੰਦਰ ਇਕ ਸੌ ਦੇ ਕਰੀਬ ਨੌਜਵਾਨ ਵਿਦਿਆਰਥੀਆਂ ਅਤੇ ਵਿਦਵਾਨ ਖੋਜਕਾਰਾਂ ਦੀ ਅੱਜ ਦੇ ਭਖਦੇ ਸਵਾਲਾਂ ਨੂੰ ਲੈ ਕੇ ਵਿਚਾਰ ਚਰਚਾ ਸੀ।

ਲੇਕਿਨ ਵਿਚਾਰਾਂ ਦਾ ਸੰਵਾਦ ਹੀ ਤਾਂ ਹੈ ਜੋ ਹਿੰਦੂਤਵੀ ਫਾਸ਼ੀਵਾਦੀ ਫ਼ਿਤਰਤ ਨੂੰ ਗਵਾਰਾ ਨਹੀਂ। ਪਹਿਲਾਂ ਪੂਣੇ ਦਾ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਸੰਘ ਦੇ ਫਾਸ਼ੀਵਾਦ ਦੀ ਭੇਟ ਚੜ੍ਹਿਆ ਅਤੇ ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਵਿਚ ਰੋਹਿਤ ਵੇਮੂਲਾ ਦੇ ਸੰਸਥਾਈ ਕਤਲ ਨੂੰ ਸਿਲਸਿਲੇਵਾਰ ਅੰਜਾਮ ਦਿੱਤਾ ਗਿਆ। ਫਿਰ ਸੰਘ ਬ੍ਰਿਗੇਡ ਨੇ ਜੇ.ਐਨ.ਯੂ. ਦਿੱਲੀ ਨੂੰ ਨਿਸ਼ਾਨਾ ਬਣਾਇਆ। ਤਿੰਨ ਵਿਦਿਆਰਥੀ ਆਗਿਆਂ ਨੂੰ ਜਮਹੂਰੀ ਸੰਵਾਦ ਰਚਾਉਣ (ਜੋ ਇਸ ਸੰਸਥਾ ਦੀ ਕਾਇਮੀ ਦੇ ਤੋਂ ਹੀ ਇਸ ਦੀ ਨਿਆਰੀ ਰਵਾਇਤ ਰਹੀ ਹੈ) ਦੀ ਸਜ਼ਾ ਦੇਸ਼ ਧ੍ਰੋਹ ਦਾ ਕੇਸ ਦਰਜ ਕਰ ਕੇ ਅਤੇ ਬੇਤਹਾਸ਼ਾ ਰਾਜਕੀ ਦਹਿਸ਼ਤ ਪਾ ਕੇ ਦਿੱਤੀ ਗਈ। ਕਿਸੇ ਅਦਾਲਤ ਵਿਚ ਉਨ੍ਹਾਂ ਦਾ ਜੁਰਮ ਸਾਬਤ ਕੀਤੇ ਬਿਨਾ ਹੀ ਮੀਡੀਆ ਟਰਾਇਲ ਦੁਆਰਾ ਉਨ੍ਹਾਂ ਖ਼ਿਲਾਫ਼ ਖ਼ਤਰਨਾਕ ਹੱਦ ਤਕ ਮਾਹੌਲ ਭੜਕਾਇਆ ਗਿਆ। ਹਿੰਦੁਸਤਾਨੀ ਪਾਰਲੀਮੈਂਟ ਉਪਰ ਕਥਿਤ ਹਮਲੇ ਦੇ ਮੁਲਜ਼ਮ (ਜਿਸ ਦੇ ਮੁਜਰਿਮ ਹੋਣ ਬਾਰੇ ਸਜ਼ਾ ਦੇਣ ਵਾਲੀ ਅਦਾਲਤ ਨੂੰ ਵੀ ਸ਼ੱਕ ਸੀ ਤੇ ਜਿਸ ਨੂੰ ਜੱਜਾਂ ਨੇ ਮਹਿਜ਼ ਰਾਸ਼ਟਰ ਦੀ ਸਮੂਹਿਕ ਆਤਮਾ ਦੀ ਤਸੱਲੀ ਲਈ ਹੀ ਫਾਹੇ ਲਾਉਣ ਦਾ ਹੁਕਮ ਸੁਣਨ ਦਿੱਤਾ ਸੀ) ਨੂੰ ਦਿੱਤੀ ਗਈ ਫਾਂਸੀ ਬਾਰੇ ਨਾਗਰਿਕਾਂ ਦਾ ਮਿਲ ਕੇ ਵਿਚਾਰ ਚਰਚਾ ਕਰਨਾ ਵੀ ਦੇਸ਼ ਧ੍ਰੋਹ ਬਣਾ ਦਿੱਤਾ ਗਿਆ। ਫਿਰ ਇਹ ਸਿਲਸਿਲਾ ਅਲਾਹਾਬਾਦ, ਅਲੀਗੜ੍ਹ, ਕਲਕੱਤਾ, ਪਟਿਆਲਾ, ਦਿੱਲੀ ਆਦਿ ਵੱਖ-ਵੱਖ ਯੂਨੀਵਰਸਿਟੀਆਂ ਵਿਚ ਸਾਹਮਣੇ ਆਇਆ ਜਿਥੇ ਸੰਘ ਬ੍ਰਿਗੇਡ ਵਲੋਂ ਸ਼ਰੇਆਮ ਗੁੰਡਾਗਰਦੀ ਕਰ ਕੇ ਰੌਸ਼ਨ-ਖ਼ਿਆਲ ਚਿੰਤਕਾਂ ਅਤੇ ਜ਼ਹੀਨ ਵਿਦਿਆਰਥੀਆਂ ਕੋਲੋਂ ਗੰਭੀਰ ਚਰਚਾਵਾਂ ਜਥੇਬੰਦ ਕਰਨ ਦੀ ਜਮਹੂਰੀ ਸਪੇਸ ਖੋਹਣ ਦੀ ਸਿਰਤੋੜ ਕੋਸ਼ਿਸ਼ ਕੀਤੀ ਗਈ, ਪਰ ਬੇਖ਼ੌਫ਼ ਚਿੰਤਕਾਂ ਅਤੇ ਚੇਤੰਨ ਵਿਦਿਆਰਥੀਆਂ ਦੇ ਅਡੋਲ ਜਜ਼ਬੇ ਨੇ ਸੰਘ ਨੂੰ ਇਕ ਵਾਰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ। ਜ਼ਿਆਦਾਤਰ ਮਾਮਲਿਆਂ ਵਿਚ ਮੁਕਾਮੀ ਪੁਲਿਸ ਅਧਿਕਾਰੀ, ਯੂਨੀਵਰਸਿਟੀ ਪ੍ਰਸ਼ਾਸਨ, ਮੀਡੀਆ ਦਾ ਇਕ ਹਿੱਸਾ ਅਤੇ ਸੰਘ ਬ੍ਰਿਗੇਡ ਇਨ੍ਹਾਂ ਹਮਲਿਆਂ ਦੌਰਾਨ ਜ਼ਾਹਰਾ ਤੌਰ 'ਤੇ ਇਕ ਹੋ ਕੇ ਸੰਘ ਦੇ ਏਜੰਡੇ ਲਈ ਕੰਮ ਕਰਦੇ ਦੇਖੇ ਗਏ।

ਫਿਰ ਸੰਘ ਬ੍ਰਿਗੇਡ ਨੇ ਹਰਿਆਣਾ ਸੈਂਟਰਲ ਯੂਨੀਵਰਸਿਟੀ ਨੂੰ ਨਿਸ਼ਾਨਾ ਬਣਾਇਆ ਜਿਥੇ ਅੰਗਰੇਜ਼ੀ ਅਤੇ ਵਿਦੇਸ਼ੀ ਜ਼ੁਬਾਨਾਂ ਬਾਰੇ ਵਿਭਾਗ ਵਲੋਂ 'ਦਰੋਪਦੀ' ਨਾਟਕ ਦਾ ਮੰਚਨ ਕਰਵਾਇਆ ਗਿਆ ਸੀ ਜੋ ਮਸ਼ਹੂਰ ਲਿਖਾਰੀ ਅਤੇ ਕਾਰਕੁਨ ਮਹਾਸ਼ਵੇਤਾ ਦੇਵੀ ਦੀ ਇਸੇ ਨਾਂ ਵਾਲੀ ਕਹਾਣੀ ਦਾ ਨਾਟਕੀ ਰੂਪਾਂਤਰ ਸੀ। ਕਹਾਣੀ ਵਿਚ ਨਾਟਕਕਾਰ ਨੇ ਅੰਤਿਕਾ ਦੇ ਤੌਰ 'ਤੇ ਕੁਝ ਕੁ ਅਜੋਕੀਆਂ ਮਿਸਾਲਾਂ ਜੋੜ ਕੇ ਇਸ ਨੂੰ ਵਧੇਰੇ ਪ੍ਰਸੰਗਕ ਬਣਾ ਦਿੱਤਾ ਸੀ। ਇਹ ਸਮਾਗਮ ਮਹਾਸ਼ਵੇਤਾ ਨੂੰ ਸ਼ਰਧਾਂਜਲੀ ਦੇਣ ਲਈ ਕੀਤਾ ਗਿਆ ਸੀ ਜਿਸ ਦਾ 28 ਜੁਲਾਈ ਨੂੰ ਦੇਹਾਂਤ ਹੋ ਗਿਆ ਸੀ। ਪ੍ਰੋਫੈਸਰ ਸਨੇਹਸਤਾ ਅਤੇ ਪ੍ਰੋਫੈਸਰ ਮਨੋਜ ਕੁਮਾਰ ਵਲੋਂ ਤਿਆਰ ਕਰਵਾਏ ਇਸ ਨਾਟਕ ਵਿਚ ਹਿੰਦੁਸਤਾਨੀ ਫ਼ੌਜ ਵਲੋਂ ਔਰਤਾਂ ਉਪਰ ਕੀਤੀ ਜਾ ਰਹੀ ਜਿਨਸੀ ਹਿੰਸਾ ਨੂੰ ਦਿਖਾਇਆ ਗਿਆ ਸੀ। ਨਾਟਕ ਦੀ ਅੰਤਿਕਾ ਵਿਚ ਕਸ਼ਮੀਰ, ਉੱਤਰ-ਪੂਰਬੀ ਰਿਆਸਤਾਂ ਅਤੇ ਆਦਿਵਾਸੀ ਇਲਾਕਿਆਂ ਵਿਚ ਔਰਤਾਂ ਉਪਰ ਜਿਨਸੀ ਹਿੰਸਾ ਦੀ ਬੇਬਾਕ ਤਸਵੀਰ ਪੇਸ਼ ਕੀਤੀ ਗਈ ਸੀ। ਸੰਘ ਬ੍ਰਿਗੇਡ ਨੂੰ ਇਤਰਾਜ਼ ਸੀ ਕਿ ਨਾਟਕ ਫ਼ੌਜ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਾ ਹੈ। ਇਥੇ ਸੰਘ ਦਾ ਮਖੌਟਾਧਾਰੀ ਕਿਰਦਾਰ ਮੂੰਹ ਚੜ੍ਹ ਬੋਲ ਰਿਹਾ ਸੀ- ਸੰਘ ਪ੍ਰਚਾਰਕਾਂ ਦੀ ਮੋਦੀ ਸਰਕਾਰ ਇਸ ਮਹਾਨ ਲਿਖਾਰੀ ਦੀ ਸਾਹਿਤਕ ਦੇਣ ਲਈ ਉਸ ਨੂੰ ਸ਼ਰਧਾਂਜਲੀ ਭੇਟ ਕਰ ਰਹੀ ਸੀ ਅਤੇ ਸੰਘ ਬ੍ਰਿਗੇਡ ਦੀ ਹੀ ਇਕ ਸੰਸਥਾ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਉਸੇ ਲਿਖਾਰੀ ਦੀ ਕਹਾਣੀ ਦੇ ਨਾਟਕੀ ਰੂਪਾਂਤਰ ਨੂੰ ਦੇਸ਼ ਧ੍ਰੋਹੀ ਕਰਾਰ ਦੇ ਕੇ ਨਾਟਕ ਦੇ ਪ੍ਰਬੰਧਕਾਂ ਵਿਰੁਧ ਦੇਸ਼ ਧ੍ਰੋਹ ਦੇ ਪਰਚੇ ਦਰਜ ਕਰਾਉਣ ਲਈ ਧੜਾਧੜ ਪ੍ਰਦਰਸ਼ਨ ਕਰ ਰਹੀ ਸੀ।

ਜੋਧਪੁਰ ਯੂਨੀਵਰਸਿਟੀ ਦੀ ਕਾਨਫਰੰਸ ਅੰਦਰ ਪ੍ਰੋਫੈਸਰ ਮੈਨਨ ਅਤੇ ਉਚ ਕੋਟੀ ਦੇ ਹੋਰ ਵਿਦਵਾਨਾਂ ਵਲੋਂ ਆਪਣੇ ਭਾਸ਼ਣ ਦੌਰਾਨ ਉਠਾਏ ਠੋਸ ਨੁਕਤਿਆਂ ਉਪਰ ਬਹਿਸ ਕਰਨਾ ਸੰਘ ਬ੍ਰਿਗੇਡ ਦੇ ਵੱਸ ਦੀ ਗੱਲ ਨਹੀਂ ਜਿਨ੍ਹਾਂ ਦੀ ਮੂਲ ਵਿਰਾਸਤ ਹੀ ਨਫ਼ਰਤ, ਮਕਾਰੀ ਅਤੇ ਝੂਠ ਦਾ ਮੁਜੱਸਮਾ ਮਨੂਸਮ੍ਰਿਤੀ ਤੇ ਬੁਜ਼ਦਿਲੀ ਹੈ। ਉਨ੍ਹਾਂ ਨੇ ਵਿਚਾਰ ਪੇਸ਼ ਕਰਨ ਵਾਲੇ ਚਿੰਤਕਾਂ ਦੇ ਕਿਸੇ ਇਕ ਵੀ ਨੁਕਤੇ ਦਾ ਜਵਾਬ ਨਹੀਂ ਦਿੱਤਾ। ਫ਼ੌਜ ਉਪਰ ਬਦਨਾਮੀ ਦੇ ਉਪਰੋਕਤ ਕਲੰਕ ਬਾਰੇ ਸ਼ਾਇਦ ਹੀ ਕਿਸੇ ਜਾਗਰੂਕ ਬੰਦੇ ਨੂੰ ਕੋਈ ਭੁਲੇਖਾ ਹੋਵੇ। ਹਿੰਦੁਸਤਾਨੀ ਫ਼ੌਜ, ਨੀਮ-ਫ਼ੌਜੀ ਬਲ ਅਤੇ ਪੁਲਿਸ ਸਮੇਤ ਰਾਜਤੰਤਰ ਦੀਆਂ ਤਮਾਮ ਅਖੌਤੀ ਸੁਰੱਖਿਆ ਏਜੰਸੀਆਂ ਇਸ ਮੁਲਕ ਦੇ ਗ਼ਰੀਬ, ਨਿਤਾਣੇ, ਲੁੱਟੇਪੁੱਟੇ ਅਤੇ ਦੱਬੇਕੁਚਲੇ ਲੋਕਾਂ ਪ੍ਰਤੀ ਆਪਣੇ ਧਾੜਵੀ ਰਵੱਈਏ ਨੂੰ ਲੈ ਕੇ ਹਮੇਸ਼ਾ ਵਿਵਾਦਾਂ ਦੇ ਘੇਰੇ ਵਿਚ ਰਹੀਆਂ ਹਨ। ਹਿੰਦੁਸਤਾਨੀ ਫ਼ੌਜ ਦੇ ਜਰਨਲ ਬਿਪਿਨ ਰਾਵਤ ਦਾ ਹਾਲੀਆ ਬਿਆਨ ਫ਼ੌਜ ਦੀ ਫ਼ਿਤਰਤ ਦਾ ਸਿੱਕੇਬੰਦ ਨਮੂਨਾ ਹੈ ਜਿਸ ਨੇ ਸਪਸ਼ਟ ਕਹਿ ਦਿੱਤਾ ਹੈ ਕਿ ਫ਼ੌਜ ਦੀਆਂ ਕਾਰਵਾਈਆਂ ਵਿਚ ਰੁਕਾਵਟਾਂ ਪੈਦਾ ਕਰ ਕੇ ਕਸ਼ਮੀਰ ਦੇ ਅਵਾਮ ਇੰਤਹਾਪਸੰਦਾਂ ਦੀ ਮਦਦ ਕਰਦੇ ਹਨ, ਜੇ ਉਹ ਪ੍ਰਦਰਸ਼ਨ ਬੰਦ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਇੰਤਹਾਪਸੰਦਾਂ ਦੇ ਹਮਾਇਤੀ ਮੰਨ ਕੇ ਨਿਸ਼ਾਨਾ ਬਣਾਇਆ ਜਾਵੇਗਾ।

ਹਕੂਮਤੀ ਹਥਿਆਰਬੰਦ ਲਸ਼ਕਰਾਂ ਵਲੋਂ ਢਾਹੇ ਜਾ ਰਹੇ ਬੇਤਹਾਸ਼ਾ ਜ਼ੁਲਮਾਂ ਅਤੇ ਹਿੰਦੁਸਤਾਨੀ ਸਟੇਟ ਤੋਂ ਬਾਗ਼ੀ ਸਮਾਜੀ ਸਮੂਹਾਂ ਦੀਆਂ ਔਰਤਾਂ ਵਿਰੁੱਧ ਵਿਆਪਕ ਪੈਮਾਨੇ 'ਤੇ ਜਿਨਸੀ ਹਿੰਸਾ ਦੀਆਂ ਰਿਪੋਰਟਾਂ ਨੂੰ ਤੱਥਾਂ ਸਹਿਤ ਖਾਰਜ ਕਰਨ ਦੀ ਹਿੰਮਤ ਹੁਕਮਰਾਨ ਜਮਾਤਾਂ ਦੀ ਕਿਸੇ ਪਾਰਟੀ ਵਿਚ ਵੀ ਨਹੀਂ। ਠੋਸ ਦਲੀਲਾਂ ਪੱਖੋਂ ਕੰਗਾਲ ਹੁਕਮਰਾਨ ਜਮਾਤ ਰਾਸ਼ਟਰਵਾਦੀ ਜਜ਼ਬਾਤ ਭੜਕਾਉਣ ਲਈ ਫ਼ੌਜ ਦੀ ਦੇਸ਼ ਭਗਤੀ ਦਾ ਢੰਡੋਰਾ ਪਿੱਟਣਾ ਸ਼ੁਰੂ ਕਰ ਦਿੰਦੀ ਹੈ। ਇਸ ਜ਼ਰੀਏ ਅਸਲ ਹਕੀਕਤ ਤੋਂ ਅਵਾਮ ਦਾ ਧਿਆਨ ਸਹਿਜੇ ਹੀ ਭਟਕਾਇਆ ਜਾ ਸਕਦਾ ਹੈ। ਤਵਾਰੀਖ਼ ਗਵਾਹ ਹੈ ਕਿ ਫਾਸ਼ੀਵਾਦ ਦੀ ਚੜ੍ਹ ਕਿੰਨੀ ਵੀ ਮੱਚ ਜਾਵੇ, ਜ਼ਮੀਰ ਦੀ ਆਵਾਜ਼ ਸੁਣਨ ਵਾਲੇ ਬੁੱਧੀਜੀਵੀਆਂ ਦਾ ਬੀਜਨਾਸ਼ ਕਦੇ ਨਹੀਂ ਹੁੰਦਾ। ਇਕ ਵਾਰ ਫਿਰ ਹਿਟਲਰ ਦੇ ਭਗਤਾਂ ਦੇ ਪੱਲੇ ਨਮੋਸ਼ੀ ਹੀ ਪਵੇਗੀ ਅਤੇ ਵਿਚਾਰਾਂ ਦੀ ਆਜ਼ਾਦੀ ਦਾ ਪਰਚਮ ਬੁਲੰਦ ਰਹੇਗਾ।

# ਵਿਗੜਿਆ ਲਿੰਗ ਅਨੁਪਾਤ ਅਤੇ ਔਰਤਾਂ ਖਿਲਾਫ ਜੁਰਮ

ਗੀਤਿਕਾ ਡਾਂਗ

ਕੌਮੀ ਅਪਰਾਧ ਰਿਕਾਰਡ ਬਿਊਰੋ ਦੀਆਂ ਰਿਪੋਰਟਾਂ ਮੁਤਾਬਕ, 2001 ਵਿਚ ਔਰਤਾਂ ਖਿਲਾਫ਼ ਪ੍ਰਤੀਦਿਨ 237 ਗੰਭੀਰ ਅਪਰਾਧ ਹੋਏ ਸਨ, 2015 ਵਿਚ ਇਹ ਗਿਣਤੀ ਵਧ ਕੇ ਪ੍ਰਤੀਦਿਨ 313 ਹੋ ਚੁੱਕੀ ਹੈ। ਇਨ੍ਹਾਂ ਅਪਰਾਧਾਂ ਵਿਚ ਜਬਰ ਜਨਾਹ, ਅਗਵਾ, ਦਾਜ ਖਾਤਰ ਹੱਤਿਆਵਾਂ ਅਤੇ ਪਤੀਆਂ ਜਾਂ ਹੋਰ ਰਿਸ਼ਤੇਦਾਰਾਂ ਦੇ ਅੱਤਿਆਚਾਰ ਸ਼ਾਮਿਲ ਹਨ। ਬਾਲ ਤੇ ਅੱਲ੍ਹੜ ਉਮਰ ਦੀਆਂ ਕੁੜੀਆਂ ਅਤੇ ਬਜ਼ੁਰਗ ਔਰਤਾਂ ਲਗਾਤਾਰ ਜਬਰ ਜਨਾਹ ਅਤੇ ਕਤਲਾਂ ਦੀਆਂ ਸ਼ਿਕਾਰ ਬਣ ਰਹੀਆਂ ਹਨ।

ਔਰਤਾਂ ਦੀ ਇਸ ਸਥਿਤੀ ਵਿਚ ਸੂਬਿਆਂ ਦੇ ਹਿਸਾਬ ਨਾਲ ਵਖਰੇਵੇਂ ਹਨ। 2015 ਵਿਚ ਦਿੱਲੀ ਵਿਚ ਅਪਰਾਧਾਂ ਦੀਆਂ ਸ਼ਿਕਾਰ ਹੋਣ ਵਾਲੀਆਂ ਔਰਤਾਂ ਦੀ ਗਿਣਤੀ ਇਕ ਲੱਖ ਪਿੱਛੇ 75 ਸੀ, ਜਦਕਿ ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਵਿਚ ਇਹ ਗਿਣਤੀ ਇਕ ਲੱਖ ਪਿੱਛੇ 5 ਸੀ। ਅਪਰਾਧਾਂ ਦੀ ਗਿਣਤੀ ਪੱਖੋਂ ਤਿੰਨ ਸਭ ਤੋਂ ਮਾੜੇ ਸੂਬਿਆਂ ਅਤੇ ਤਿੰਨ ਸਭ ਤੋਂ ਚੰਗੇ ਸੂਬਿਆਂ ਵਿਚਕਾਰ ਵੱਡਾ ਪਾੜਾ ਵੇਖਣ ਨੂੰ ਮਿਲਿਆ। ਤਿੰਨ ਸਭ ਤੋਂ ਮਾੜੇ ਸੂਬਿਆਂ- ਦਿੱਲੀ, ਹਰਿਆਣਾ ਤੇ ਆਸਾਮ, ਵਿਚ 2001 ਤੋਂ 2015 ਤੱਕ ਕੋਈ ਫ਼ਰਕ ਵੇਖਣ ਨੂੰ ਨਹੀਂ ਮਿਲਿਆ। ਬੱਸ ਏਨਾ ਫ਼ਰਕ ਪਿਆ ਕਿ ਆਸਾਮ ਦੀ ਥਾਂ ਹਰਿਆਣਾ ਦੂਜਾ ਸਭ ਤੋਂ ਮਾੜਾ ਸੂਬਾ ਬਣ ਗਿਆ। ਹਾਂ, ਇਸ ਦੌਰਾਨ ਚੰਗੀ ਕਾਰਗੁਜ਼ਾਰੀ ਵਾਲੇ ਸੂਬਿਆਂ ਵਿਚ ਜ਼ਰੂਰ ਤਬਦੀਲੀ ਆਈ ਹੈ। 2001 ਵਿਚ ਨਾਗਾਲੈਂਡ, ਮੇਘਾਲਿਆ ਅਤੇ ਸਿੱਕਮ ਸਭ ਤੋਂ ਘੱਟ ਅਪਰਾਧਾਂ ਵਾਲੇ ਸੂਬੇ ਸਨ। 2015 ਤੱਕ ਨਾਗਾਲੈਂਡ ਅਤੇ ਮੇਘਾਲਿਆ ਦੀ ਥਾਂ ਕ੍ਰਮਵਾਰ ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਨੇ ਲੈ ਲਈ।

ਸੂਬਿਆਂ ਵਿਚਲੇ ਵਖਰੇਵੇਂ ਪਿੱਛੇ ਜ਼ਿੰਮੇਵਾਰ ਕਾਰਨ ਸਬੰਧੀ ਵਿਸ਼ਲੇਸ਼ਣ ਲਈ ਦੋ ਅੰਤਰ-ਸਬੰਧਤ ਸਵਾਲਾਂ ਵੱਲ ਧਿਆਨ ਦਿੱਤਾ ਗਿਆ। ਪਹਿਲਾ, 2001 ਤੋਂ 2015 ਤੱਕ ਔਰਤਾਂ ਖਿਲਾਫ਼ ਅਪਰਾਧ ਵਧਣ ਦਾ ਕਾਰਨ ਕੀ ਹੈ? ਦੂਜਾ, ਅਪਰਾਧਾਂ ਦੀ ਦਰ ਸਬੰਧੀ ਸੂਬਿਆਂ ਵਿਚਲੇ ਵਖਰੇਵਿਆਂ ਨਾਲ ਕਿਹੜੇ ਕਾਰਨ ਹਨ? ਇਨ੍ਹਾਂ ਸਵਾਲਾਂ ਦੇ ਜਵਾਬ ਸੂਬਿਆਂ ਦੀ ਖੁਸ਼ਹਾਲੀ, ਧਰਮ, ਔਰਤ/ਮਰਦ ਅਨੁਪਾਤ, ਔਰਤਾਂ ਲਈ ਰੁਜ਼ਗਾਰ ਦੇ ਮੌਕੇ, ਸਾਖ਼ਰਤਾ, ਦਿਹਾਤੀ/ਸ਼ਹਿਰੀ ਆਬਾਦੀ ਦਾ ਅਨੁਪਾਤ, ਸੂਬੇ ਵਿਚ ਸ਼ਾਸਨ ਦਾ ਮਿਆਰ ਅਤੇ ਮੀਡੀਆ ਦੀ ਪਹੁੰਚ ਆਦਿ ਤੱਤਾਂ ਵਿਚ ਛੁਪੇ ਹੋਏ ਹਨ। ਅਸੀਂ ਇਨ੍ਹਾਂ ਦਾ ਵਿਸਥਾਰਤ ਵਿਸ਼ਲੇਸ਼ਣ ਕੀਤਾ ਤਾਂ ਕਿ ਵੱਖ-ਵੱਖ ਸੂਬਿਆਂ ਵਿਚ ਔਰਤਾਂ ਖਿਲਾਫ਼ ਹੋਣ ਵਾਲੇ ਅਪਰਾਧਾਂ ਦੀ ਦਰ ਵਿਚ ਇਨ੍ਹਾਂ ਤੱਤਾਂ ਦੇ ਵਿਅਕਤੀਗਤ ਜਾਂ ਸਮੂਹਿਕ ਯੋਗਦਾਨ ਬਾਰੇ ਪਤਾ ਲੱਗ ਸਕੇ। ਇਸ ਵਿਸ਼ਲੇਸ਼ਣ ਵਿਚੋਂ ਹੇਠ ਲਿਖੇ ਤੱਥ ਜ਼ਾਹਰ ਹੋਏ:

ਸੂਬੇ ਦੀ ਪ੍ਰਤੀ ਵਿਅਕਤੀ ਆਮਦਨ ਵਿਚ 1 ਫ਼ੀਸਦੀ ਵਾਧੇ ਨਾਲ ਔਰਤਾਂ ਖਿਲਾਫ਼ ਗੰਭੀਰ ਅਪਰਾਧਾਂ ਵਿਚ 0.42 ਫ਼ੀਸਦੀ ਦੀ ਕਮੀ ਆਈ। ਦੂਜਾ ਤੱਤ ਲਿੰਗੀ ਅਸੰਤੁਲਨ ਦਾ ਹੈ ਜਿਸ ਨੂੰ 1000 ਮਰਦਾਂ ਪਿੱਛੇ ਔਰਤਾਂ ਦੀ ਗਿਣਤੀ ਦੇ ਆਧਾਰ 'ਤੇ ਮਾਪਿਆ ਗਿਆ। ਲਿੰਗ ਅਨੁਪਾਤ ਦੀ ਸਾਧਾਰਨ ਦਰ 950 ਮੰਨੀ ਜਾਂਦੀ ਹੈ। ਭਾਰਤ ਵਿਚ ਇਹ ਅਨੁਪਾਤ (944) ਇਸ ਤੋਂ ਹੇਠਾਂ ਹੈ। ਲਿੰਗ ਅਨੁਪਾਤ ਵਿਚ 1 ਫ਼ੀਸਦੀ ਵਾਧੇ ਨਾਲ ਔਰਤਾਂ ਪ੍ਰਤੀ ਅਪਰਾਧਾਂ ਵਿਚ 8 ਫ਼ੀਸਦੀ ਦੀ ਕਮੀ ਹੁੰਦੀ ਹੈ। ਲਿੰਗ ਅਨੁਪਾਤ ਮਾੜਾ ਹੋਵੇ ਤਾਂ ਖੁਸ਼ਹਾਲੀ ਦਾ ਹਾਂ-ਪੱਖੀ ਅਸਰ ਵੀ ਮੱਠਾ ਪੈ ਜਾਂਦਾ ਹੈ। ਇਸੇ ਕਰ ਕੇ, ਜੇ ਦਿੱਲੀ ਅਤੇ ਹਰਿਆਣੇ ਵਰਗੇ ਸੂਬੇ ਵਧੇਰੇ ਖੁਸ਼ਹਾਲ (ਆਂਧਰਾ ਪ੍ਰਦੇਸ਼ ਆਦਿ ਨਾਲੋਂ) ਹੋਣ ਦੇ ਬਾਵਜੂਦ ਅਪਰਧਾਂ ਪੱਖੋਂ ਸਭ ਤੋਂ ਮਾੜੇ ਸੂਬੇ ਹਨ ਤਾਂ ਇਸ ਦਾ ਕਾਰਨ ਇਨ੍ਹਾਂ ਦਾ ਬੇਹੱਦ ਵਿਗੜਿਆ ਲਿੰਗ ਅਨੁਪਾਤ ਹੀ ਹੈ। ਜਿਥੇ ਕੁਝ ਸੂਬਿਆਂ ਵਿਚ 2001 ਤੋਂ 2015 ਦੌਰਾਨ ਲਿੰਗ ਅਨੁਪਾਤ ਚੰਗਾ ਹੋਇਆ, ਉਥੇ ਉਤਰ ਪ੍ਰਦੇਸ਼, ਦਿੱਲੀ, ਹਰਿਆਣਾ ਅਤੇ ਰਾਜਸਥਾਨ ਵਰਗੇ ਸੂਬਿਆਂ ਵਿਚ ਇਹ ਹੋਰ ਮਾੜਾ ਹੋਇਆ, ਜਦਕਿ ਬਿਹਾਰ, ਮਹਾਰਾਸ਼ਟਰ ਵਰਗੇ ਸੂਬਿਆਂ ਵਿਚ ਇਹ ਲਗਪਗ ਪਹਿਲਾਂ ਵਾਲੇ ਪੱਧਰ 'ਤੇ ਹੀ ਰਿਹਾ।

ਹੋਰ ਅਹਿਮ ਤੱਤਾਂ ਵਿਚ ਔਰਤ ਸਾਖ਼ਰਤਾ ਅਤੇ ਰੁਜ਼ਗਾਰ ਵਿਚ ਭਾਈਵਾਲੀ ਵਰਗੇ ਤੱਤ ਮੁੱਖ ਹਨ। ਔਰਤਾਂ ਦੀ ਮਜ਼ਬੂਤੀ ਅਤੇ ਸੁਰੱਖਿਆ ਇਨ੍ਹਾਂ ਦੋਵਾਂ 'ਤੇ ਨਿਰਭਰ ਹੈ। ਕਈ ਮਾਮਲਿਆਂ ਵਿਚ ਔਰਤਾਂ ਦਾ ਰੁਜ਼ਗਾਰ ਉਨ੍ਹਾਂ ਦੇ ਪਤੀਆਂ, ਖ਼ਾਸ ਕਰ ਕੇ ਜੋ ਬੇਰੁਜ਼ਗਾਰ ਹੁੰਦੇ ਹਨ, ਉਤੇ ਉਲਟ ਪ੍ਰਤੀਕਰਮ ਦਾ ਕਾਰਨ ਵੀ ਬਣਦਾ ਹੈ। ਉਹ ਸਰੀਰਕ ਅਤੇ ਜਿਨਸੀ ਹਿੰਸਾ ਰਾਹੀਂ ਆਪਣੀ ਉਚਤਾ ਜ਼ਾਹਰ ਕਰਨ ਦਾ ਯਤਨ ਕਰਦੇ ਹਨ। ਉਂਜ ਵਿਸ਼ਲੇਸ਼ਣ ਤੋਂ ਇਹੀ ਪਤਾ ਲੱਗਾ ਕਿ ਸਾਖ਼ਰਤਾ ਅਤੇ ਰੁਜ਼ਗਾਰ ਔਰਤਾਂ ਖਿਲਾਫ਼ ਅਪਰਾਧਾਂ ਨੂੰ ਰੋਕਣ ਸਬੰਧੀ ਸਾਂਝਾ ਹਾਂ-ਪੱਖੀ ਪ੍ਰਭਾਵ ਪਾਉਂਦੇ ਹਨ। ਹੈਰਾਨਕੁਨ ਤੱਥ ਇਹ ਜ਼ਾਹਰ ਹੋਇਆ ਕਿ ਪੇਂਡੂ/ਸ਼ਹਿਰੀ ਆਬਾਦੀ ਦਾ ਅਨੁਪਾਤ ਜਿੰਨਾ ਵਧੇਰੇ ਹੁੰਦਾ ਹੈ, ਔਰਤਾਂ ਖਿਲਾਫ਼ ਅਪਰਾਧ ਵੀ ਉਨੇ ਹੀ ਵਧੇਰੇ ਹੁੰਦੇ ਹਨ। ਪੇਂਡੂ/ਸ਼ਹਿਰੀ ਅਨੁਪਾਤ ਵਿਚ 1 ਫ਼ੀਸਦੀ ਦੀ ਕਮੀ ਨਾਲ ਅਪਰਾਧ ਦੀਆਂ ਘਟਨਾਵਾਂ ਵਿਚ 0.4 ਫ਼ੀਸਦੀ ਦੀ ਕਮੀ ਆਈ। ਸ਼ਹਿਰੀ ਇਲਾਕਿਆਂ ਵਿਚਲੇ ਅਜਿਹੇ ਅਪਰਾਧ ਭਾਵੇਂ ਮੀਡੀਆ ਰਾਹੀਂ ਵਧੇਰੇ ਜ਼ਾਹਰ ਹੁੰਦੇ ਹਨ, ਪਰ ਦੁਖਦ ਹਕੀਕਤ ਇਹ ਹੈ ਕਿ ਪੇਂਡੂ ਇਲਾਕਿਆਂ ਵਿਚ ਔਰਤਾਂ ਅਪਰਾਧਾਂ ਦੀ ਵਧੇਰੇ ਲਪੇਟ ਵਿਚ ਹਨ। ਹਾਲਾਂਕਿ ਸਮਾਜਿਕ ਰਵਾਇਤਾਂ ਵੀ ਵੱਡਾ ਮਹੱਤਵ ਰੱਖਦੀਆਂ ਹਨ, ਪਰ ਔਰਤਾਂ ਖਿਲਾਫ਼ ਅਪਰਾਧਾਂ ਦੀ ਦਰ ਦੇ ਮਾਮਲੇ ਵਿਚ ਧਰਮ ਵੀ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਆਬਾਦੀ ਨੂੰ ਹਿੰਦੂ ਅਤੇ ਮੁਸਲਮਾਨ ਵਿਚਕਾਰ ਵੰਡਿਆਂ ਅਸੀਂ ਵੇਖਿਆ ਕਿ ਦੋਵੇਂ ਪਾਸੇ ਹੀ ਔਰਤਾਂ ਅਪਰਾਧਾਂ ਦੀ ਲਪੇਟ ਵਿਚ ਹਨ, ਪਰ ਹਿੰਦੂ ਧਰਮ ਵਿਚ ਇਹ ਦਰ ਵੱਧ ਹੈ।

ਨੋਬਲ ਇਨਾਮ ਜੇਤੂ ਡਾ. ਅਮਰਿਤਿਆ ਸੇਨ ਦਾ ਕਹਿਣਾ ਹੈ ਕਿ ਜਬਰ ਜਨਾਹ ਅਤੇ ਔਰਤਾਂ ਪ੍ਰਤੀ ਹੋਰ ਅਪਰਾਧਾਂ ਦੀ ਗੱਲ ਅ-ਕੁਸ਼ਲ ਪੁਲਿਸ ਪ੍ਰਣਾਲੀ, ਨਿਆਂ ਪ੍ਰਣਾਲੀ ਅਤੇ ਸਮਾਜ ਦੀ ਲਾਪ੍ਰਵਾਹੀ ਨਾਲ ਨੇੜਿਉਂ ਜੁੜੀ ਹੋਈ ਹੈ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਵਧੀ ਖੁਸ਼ਹਾਲੀ ਅਤੇ ਲਿੰਗ ਅਨੁਪਾਤ ਵਿਚ ਥੋੜ੍ਹਾ ਸੁਧਾਰ ਹੋਣ ਦੇ ਬਾਵਜੂਦ 2001 ਤੋਂ 2015 ਦੌਰਾਨ ਜੇ ਔਰਤਾਂ ਖਿਲਾਫ਼ ਅਪਰਾਧ ਵਧੇ ਹਨ ਤਾਂ ਇਸ ਦਾ ਕਾਰਨ ਸ਼ਾਸਨ ਵਿਵਸਥਾ ਦਾ ਨਿਘਾਰ ਅਤੇ ਸੂਬਿਆਂ ਦਾ ਵਿਗੜਿਆਂ ਲਿੰਗ ਅਨੁਪਾਤ ਹੀ ਹੈ।

ਸ਼ਰਧਾਂਜਲੀ

# ਲੜਨਾ ਆ ਲੜਨਾ, ਹਾਰ ਨਹੀਂ ਮੰਨਣੀ...

"ਪਿਤਾ ਇਕ ਮਜ਼ਬੂਤ ਦੀਵਾਰ। ਝੱਖੜਾਂ ਤੇ ਤੇਜ਼ ਹਨੇਰੀਆਂ ਤੋਂ ਬਚਾਅ। ਸਮਾਜ ਦੇ ਕੁਰੱਖਤ ਵਰਤਾਰਿਆਂ ਸਾਹਵੇਂ ਤਣੀ ਹੋਈ ਹਿੱਕ, ਆਪਣੇ ਚਮਨ ਦੀ ਸਰਬਪੱਖੀ ਖੁਸ਼ਹਾਲੀ ਲਈ ਦੁਆ ਤੇ ਦਰਵੇਸ਼ੀ।"

ਹੁਣ ਜਦੋਂ ਭਾਪਾ ਜੀ ਸ. ਦਲੀਪ ਸਿੰਘ ਇਸ ਜਹਾਨੋਂ ਸਦਾ ਲਈ ਤੁਰ ਗਏ ਹਨ ਤਾਂ ਇਕ ਲੇਖਕ ਦੀਆਂ ਇਹ ਸਤਰਾਂ ਮੁੜ ਮੁੜ ਜ਼ਿਹਨ 'ਚ ਆਉਂਦੀਆਂ ਹਨ ਕਿ ਹੁਣ ਝੱਖੜਾਂ ਤੇ ਤੇਜ਼ ਹਨੇਰੀਆਂ ਤੋਂ ਕੌਣ ਬਚਾਏਗਾ, ਕੌਣ ਆਖੇਗਾ 'ਲੜਨਾ ਆ ਲੜਨਾ, ਹਾਰ ਨਹੀਂ ਮੰਨਣੀ...।' ਪੰਜ ਸਾਲ ਪਹਿਲਾਂ ਫਰਵਰੀ ਮਹੀਨੇ ਮਾਂ (ਸੁਰਜੀਤ ਕੌਰ) ਤੁਰ ਗਈ ਅਤੇ ਹੁਣ ਬਾਪ ਵੀ ਫਰਵਰੀ ਮਹੀਨੇ ਹੀ ਤੁਰ ਗਿਆ, ਜਿਵੇਂ ਸਲਾਹ ਕਰ ਕੇ ਗਏ ਹੋਣ-ਤੂੰ ਚਲ ਮੈਂ ਆਇਆ...।

ਭਾਪਾ ਜੀ ਦਾ ਜੱਦੀ-ਪੁਸ਼ਤੀ ਪਿੰਡ ਜਲੰਧਰ ਜ਼ਿਲ੍ਹੇ ਵਿਚ ਨਕੋਦਰ ਨੇੜੇ 'ਫੁਲ' ਸੀ। ਉਥੋਂ 1920ਵਿਆਂ ਵਿਚ ਉਨ੍ਹਾਂ ਦਾ ਘਰਾਣਾ ਬਾਰਾਂ ਵੱਸਣ ਸਮੇਂ ਜ਼ਿਲ੍ਹਾ ਲਾਇਲਪੁਰ ਦੀ ਤਹਿਸੀਲ ਟੋਭਾ ਟੇਕ ਸਿੰਘ ਵਿਚ ਜਾ ਵਸਿਆ। ਭਾਪਾ ਜੀ ਨੇ ਹਰ ਰੋਜ਼ ਪਿੰਡੋਂ ਪੰਜ ਮੀਲ ਪੈਦਲ ਚਲ ਕੇ ਅਠਵੀਂ ਤਕ ਪੜ੍ਹਾਈ ਕੀਤੀ ਅਤੇ ਫਿਰ ਉਨ੍ਹਾਂ ਨੂੰ ਸਾਈਕਲ ਮਿਲਿਆ, ਤੇ ਦਸਵੀਂ ਪਾਸ ਕਰ ਲਈ। ਉਨ੍ਹੀਂ ਦਿਨੀਂ ਕਈ ਕਈ ਪਿੰਡਾਂ ਵਿਚ ਕੋਈ ਇਕ ਜਣਾ ਹੀ ਦਸਵੀਂ ਪਾਸ ਹੋਇਆ ਕਰਦਾ ਸੀ। ਪਾਕਿਸਤਾਨ ਬਣਨ ਪਿਛੋਂ ਪਰਿਵਾਰ ਹਰਿਆਣੇ ਵਿਚ ਜ਼ਿਲ੍ਹਾ ਸਿਰਸਾ ਦੇ ਪਿੰਡ ਕੁਤੇ ਵੱਢ ਜਾ ਵਸਿਆ। 1950 ਵਿਚ ਭਾਪਾ ਜੀ ਪੀ.ਏ.ਪੀ. (ਪੰਜਾਬ ਆਰਮਡ ਪੁਲਿਸ) ਵਿਚ ਭਰਤੀ ਹੋ ਗਏ ਜਿਥੋਂ ਉਹ 31 ਅਕਤੂਬਰ 1984 ਨੂੰ ਇੰਸਪੈਕਟਰ ਵਜੋਂ ਰਿਟਾਇਰ ਹੋਏ। ਉਨ੍ਹਾਂ ਸਾਰੀ ਉਮਰ ਪੁਲਿਸ ਦੀ ਨੌਕਰੀ ਬੜੀ ਇਮਾਨਦਾਰੀ ਨਾਲ ਕੀਤੀ। ਆਮ ਲੋਕਾਂ ਨਾਲ ਸਿੱਧਾ ਵਾਸਤਾ ਨਾ ਪੈਣ ਕਰ ਕੇ ਰਿਸ਼ਵਤ ਖਾਣ ਦੀ ਸੰਭਾਵਨਾ ਉਂਜ ਹੀ ਬਹੁਤ ਘੱਟ ਸੀ, ਪਰ ਜਦੋਂ ਉਹ ਅਫਸਰਾਂ ਨਾਲ ਰਲ ਕੇ ਮੋਟੀ ਕਮਾਈ ਕਰ ਵੀ ਸਕਦੇ ਸਨ, ਤਾਂ ਵੀ ਉਨ੍ਹਾਂ ਹਰਾਮ ਦੀ ਕਮਾਈ ਖਾਣ ਨਾਲੋਂ ਅਫਸਰਾਂ ਦੀ ਨਾਰਾਜ਼ਗੀ ਸਹਿਣ ਨੂੰ ਪਹਿਲ ਦਿਤੀ। ਫਿਰੋਜ਼ਪੁਰ ਉਹ ਆਪਣੇ ਮਹਿਕਮੇ ਦੇ ਸਟੋਰ ਇੰਚਾਰਜ ਹੁੰਦੇ ਸਨ, ਸਟੋਰ ਵਿਚ ਬਹੁਤ ਸਾਰਾ ਸਾਮਾਨ ਬਿਨਾ ਗਿਣਤੀ ਤੋਂ ਹੁੰਦਾ ਸੀ। ਅਫਸਰਾਂ ਦੇ ਇਸ਼ਾਰਾ ਕਰਨ ਦੇ ਬਾਵਜੂਦ ਉਨ੍ਹਾਂ ਇਹ ਸਾਮਾਨ ਬਾਹਰੋ ਬਾਹਰ ਵੇਚਣ ਲਈ ਹਾਮੀ ਨਾ ਭਰੀ ਤੇ ਨਤੀਜੇ ਵਜੋਂ ਬਦਲੀ ਦਾ ਸਾਹਮਣਾ ਕਰਨਾ ਪਿਆ।

ਨੌਕਰੀ ਦੇ ਕੋਈ 17 ਸਾਲ ਉਨ੍ਹਾਂ ਪਟਿਆਲਾ ਨਜ਼ਦੀਕ ਕਿਲ੍ਹਾ ਬਹਾਦਰਗੜ੍ਹ ਵਿਚ ਗੁਜ਼ਾਰੇ ਜਿਥੇ ਕੰਟੀਨ ਇੰਚਾਰਜ ਹੁੰਦਿਆਂ ਅਫਸਰਾਂ ਦੀਆਂ ਘਰਵਾਲੀਆਂ ਦੀ ਨਾਰਾਜ਼ਗੀ ਸਹੀ, ਕਿਉਂਕਿ ਉਹ ਉਨ੍ਹਾਂ ਦੇ ਅਰਦਲੀਆਂ ਦੇ ਹੱਥ ਕੰਟੀਨ ਤੋਂ ਮਠਿਆਈ ਵਗੈਰਾ ਮੁਫਤ ਭੇਜਣ ਤੋਂ ਨਾਂਹ ਕਰ ਦਿਆ ਕਰਦੇ ਸਨ। ਅਫਸਰਾਂ ਦੇ ਇਸ਼ਾਰੇ 'ਤੇ ਉਥੇ ਵੀ ਸਟੋਰ ਦਾ ਸਾਮਾਨ ਬਾਹਰ ਵੇਚਣ ਤੋਂ



*ਭਾਪਾ ਜੀ ਮੈਨੂੰ ਅਸੀਸ ਦਿੰਦੇ ਹੋਏ, ਲੜਨਾ ਆ ਲੜਨਾ...*

ਨਾਂਹ ਕੀਤੀ ਤਾਂ ਬਦਲੀ ਹੋ ਗਈ। ਕੁਝ ਹੀ ਚਿਰ ਪਿਛੋਂ ਕਿਲ੍ਹੇ ਦੀ ਫਾਸੀਲ ਉਤੇ ਖੜ੍ਹੀਆਂ ਤੋਪਾਂ ਉਥੋਂ ਗਾਇਬ ਹੋ ਗਈਆਂ ਜੋ ਸਟੋਰ ਦਾ ਸਾਮਾਨ ਸਨ। ਬਾਅਦ ਵਿਚ ਕਿਸੇ ਨੇ ਗੱਲ ਕੀਤੀ ਕਿ ਉਹ ਤਾਂ ਮਲੇਰਕੋਟਲੇ ਦੀਆਂ ਭੱਠੀਆਂ ਵਿਚ ਢਲ ਗਈਆਂ!

ਅਫਸਰਾਂ ਦੀ ਨਾਰਾਜ਼ਗੀ ਦਾ ਉਨ੍ਹਾਂ ਨੂੰ ਤਰੱਕੀ ਦੇ ਮੌਕੇ ਖੁਸਣ ਦੇ ਰੂਪ ਵਿਚ ਖਮਿਆਜ਼ਾ ਵੀ ਭੁਗਤਣਾ ਪਿਆ। ਉਨ੍ਹਾਂ ਨਾ ਕਿਸੇ ਦੀ ਈਨ ਮੰਨੀ ਤੇ ਨਾ ਹੀ ਕਿਸੇ ਨੂੰ ਮੰਨਵਾਉਣ ਦੀ ਕੋਸ਼ਿਸ਼ ਕੀਤੀ। ਉਹ ਜਾਤ-ਪਾਤ ਦੇ ਵਲਗਣ ਤੋਂ ਬਾਹਰ ਸਨ ਜਿਸ ਦਾ ਪਤਾ ਇਸ ਗੱਲ ਤੋਂ ਲਗਦਾ ਹੈ ਕਿ ਉਨ੍ਹਾਂ ਦਾ ਸਭ ਤੋਂ ਗੂੜ੍ਹਾ ਯਾਰ ਰਵਿਦਾਸੀਆ ਭਾਈਚਾਰੇ ਦਾ ਚੌਧਰੀ ਭੰਵਰ ਸਿੰਘ ਹੁੰਦਾ ਸੀ ਜਿਸ ਨੂੰ ਅਸੀਂ ਤਾਇਆ ਜੀ ਕਿਹਾ ਕਰਦੇ।

1996 ਵਿਚ ਮੈਂ ਅਮਰੀਕਾ (ਸ਼ਿਕਾਗੋ) ਆ ਗਿਆ। 1999 ਵਿਚ ਜਦੋਂ ਮੈਂ ਪੰਜਾਬੀ ਟ੍ਰਿਬਿਊਨ ਦੀ ਨੌਕਰੀ ਤੋਂ ਅਸਤੀਫਾ ਦੇਣ ਦਾ ਫੈਸਲਾ ਕੀਤਾ ਤਾਂ ਉਨ੍ਹਾਂ ਬੜਾ ਬੁਰਾ ਮਨਾਇਆ ਕਿ ਮੈਂ ਪੰਜਾਬੀ ਟ੍ਰਿਬਿਊਨ ਦੀ ਚੰਗੀ-ਭਲੀ ਨੌਕਰੀ ਛਡ ਕੇ ਅਮਰੀਕਾ ਟਿਕ ਜਾਣ ਦਾ ਮਨ ਕਿਉਂ ਬਣਾਇਆ? ਫਿਰ ਮੈਂ 2006 ਵਿਚ ਹੀ ਇੰਡੀਆ ਜਾ ਸਕਿਆ ਅਤੇ ਉਦੋਂ ਮੇਰੀ ਸਿਹਤ ਕਾਫੀ ਤੇਜ਼ੀ ਨਾਲ ਡਿਗਣ ਲਗ ਪਈ ਸੀ। ਭਾਪਾ ਜੀ ਅਤੇ ਬੀਬੀ ਨੂੰ 2011 ਵਿਚ ਆਪਣੇ ਪੋਤੇ, ਯਾਨਿ ਸਾਡੇ ਬੇਟੇ ਮਨਦੀਪ ਦੇ ਵਿਆਹ ਉਤੇ ਪਹੁੰਚਣ ਦੀ ਬੜੀ ਰੀਝ ਸੀ ਪਰ ਵੀਜ਼ਾ ਨਾ ਮਿਲ ਸਕਿਆ। ਮੈਂ ਚਾਰ ਭੈਣ-ਭਰਾਵਾਂ ਵਿਚ ਸਭ ਤੋਂ ਵੱਡਾ ਹਾਂ। ਤਿੰਨੇ ਛੋਟੇ- ਭਰਾ ਬਲਵਿੰਦਰ, ਭੈਣਾਂ-ਸੁਰਿੰਦਰ ਤੇ ਪਰਮਿੰਦਰ, ਆਪੋ-ਆਪਣੇ ਪਰਿਵਾਰਾਂ ਨਾਲ ਇੰਡੀਆ ਹੀ ਰਹਿੰਦੇ ਹਨ। ਵਿਆਹ 'ਤੇ ਸਿਰਫ ਛੋਟੀ ਭੈਣ ਤੇ ਉਸ ਦਾ ਪ੍ਰਾਹੁਣਾ ਹੀ ਪਹੁੰਚ ਸਕੇ।

9 ਸਾਲ ਬਾਅਦ 2014 ਵਿਚ ਭਾਪਾ ਜੀ ਨਾਲ ਮੁਲਾਕਾਤ ਸ਼ਿਕਾਗੋ ਵਿਚ ਉਦੋਂ ਹੋਈ ਜਦੋਂ ਮੈਂ ਆਪਣੀ ਲਾਇਲਾਜ ਬਿਮਾਰੀ (ਏ ਐਲ ਐਸ) ਕਰ ਕੇ ਫੇਫੜਿਆਂ ਦੇ ਆਪਰੇਸ਼ਨ (ਟਰੈਕਿਓਸਟੋਮੀ) ਪਿਛੋਂ ਮੌਤ ਦੇ ਮੂੰਹੋਂ ਮਸੀਂ ਬਚਿਆ ਸਾਂ ਤੇ ਹਸਪਤਾਲ ਵਿਚ ਸਾਂ। ਆਪਰੇਸ਼ਨ ਪਿਛੋਂ ਬੋਲ ਨਹੀਂ ਸਾਂ ਸਕਦਾ, ਸਿਰਫ ਬੁਲ ਹੀ ਹਿਲਾ ਸਕਦਾ ਸਾਂ। ਟਰੈਕਿਓਸਟੋਮੀ ਰਾਹੀਂ ਗਲੇ ਤੋਂ ਥੱਲੇ ਛੇਕ ਕਰ ਕੇ ਹਵਾ ਯਾਨਿ ਆਕਸੀਜ਼ਨ ਸਿੱਧੀ ਫੇਫੜਿਆਂ ਨੂੰ ਜਾਂਦੀ ਹੈ ਅਤੇ ਉਹ ਵੀ ਮਸ਼ੀਨ (ਵੈਂਟੀਲੇਟਰ) ਰਾਹੀਂ। ਸਾਹ ਸੌਖਾ ਹੋਵੇ, ਇਸ ਲਈ ਟਰੈਕਿਓਸਟੋਮੀ ਵਿਚ ਇਕ ਭੁਕਾਨੇ-ਬੈਲੂਨ ਵਿਚ ਹਵਾ ਭਰ ਦਿਤੀ ਜਾਂਦੀ ਹੈ ਜਿਸ ਨਾਲ ਸਾਹ ਤਾਂ ਸੌਖਾ ਹੁੰਦਾ ਹੈ ਪਰ ਬੋਲ ਨਹੀਂ ਹੁੰਦਾ। ਅਜਿਹੇ ਵਿਚ ਕਿਸੇ ਕਿਸੇ ਨੂੰ ਹੀ ਮੇਰੀ ਗੱਲ ਦੀ ਮਾੜੀ ਮੋਟੀ ਸਮਝ (ਲਿਪ ਰੀਡਿੰਗ ਰਾਹੀਂ) ਪੈਂਦੀ। ਪਾਣੀ ਦਾ ਘੁਟ ਤਕ ਪੀਣ ਦੀ ਮਨਾਹੀ ਸੀ। ਹੱਥ-ਪੈਰ ਤਾਂ ਪਹਿਲਾਂ ਹੀ ਨਹੀਂ ਸੀ ਚਲਦੇ। ਅਜਿਹੇ ਹਾਲਾਤ ਵਿਚ ਕੋਈ ਬਾਪ ਆਪਣੇ ਪੁਤਰ ਨੂੰ ਮਿਲੇ ਤਾਂ ਉਸ ਦੇ ਚਿਹਰੇ 'ਤੇ ਉਦਾਸੀ ਤੇ ਫਿਕਰਮੰਦੀ ਆ ਜਾਣੀ ਸੁਭਾਵਿਕ ਹੈ, ਪਰ ਜਦੋਂ ਭਾਪਾ ਜੀ ਮੇਰੇ ਕਮਰੇ ਵਿਚ ਆਏ ਤਾਂ ਮੈਨੂੰ ਉਨ੍ਹਾਂ ਦੇ ਚਿਹਰੇ ਉਤੇ ਅਜਿਹੀ ਕੋਈ ਸ਼ੈਅ ਨਜ਼ਰ ਨਾ ਆਈ। ਬੜੇ ਸਹਿਜ-ਭਾਅ ਨਾਲ ਆ ਕੇ ਉਨ੍ਹਾਂ ਮੇਰੇ ਸਿਰ 'ਤੇ ਹੱਥ ਫੇਰਿਆ, ਮੱਥਾ ਚੁੰਮਿਆ ਤੇ ਮੋਢਾ ਥਾਪੜਿਆ, ਜਿਵੇਂ ਆਖ ਰਹੇ ਹੋਣ- ਤਗੜਾ ਹੋ, ਹੋ ਤਗੜਾ। ਭੀੜਾਂ ਬੰਦਿਆਂ 'ਤੇ ਹੀ ਪੈਂਦੀਆਂ ਨੇ।

ਭਾਪਾ ਜੀ ਨੂੰ 1962-63 ਵਿਚ ਹੀ ਉਚਾ ਸੁਣਨ ਲੱਗ ਪਿਆ ਸੀ। ਜਦੋਂ ਉਹ ਅਮਰੀਕਾ ਲਈ ਇੰਡੀਆ ਤੋਂ ਤੁਰੇ ਤਾਂ ਉਹ ਕੰਨੋਂ ਸੁਣਨ ਵਾਲੀਆਂ (ਹੀਅਰਿੰਗ ਏਡ) ਦੋ ਮਸ਼ੀਨਾਂ ਲੈ ਕੇ ਆਏ ਸਨ, ਪਰ ਮਾੜੀ ਕਿਸਮਤ ਨੂੰ ਦੋਵੇਂ ਹੀ ਖਰਾਬ ਹੋ ਗਈਆਂ। ਮੈਂ ਬੋਲ ਨਹੀਂ ਸਾਂ ਸਕਦਾ, ਤੇ ਉਹ ਸੁਣ ਨਹੀਂ ਸਨ ਸਕਦੇ। ਇਕ ਮਿੱਤਰ ਨੇ ਇਸ ਹਾਲਤ 'ਤੇ ਮਖੌਲ ਕੀਤਾ- ਤੁਹਾਡੀ ਜੋੜੀ ਵਧੀਆ ਹੈ, ਬੜੀ ਨਿਭਦੀ ਹੋਊ।

ਹਸਪਤਾਲ ਵਿਚ ਉਹ ਸਾਰਾ ਦਿਨ ਬੈਠੇ ਕੋਈ ਨਾ ਕੋਈ ਕਿਤਾਬ ਪੜ੍ਹਦੇ ਰਹਿੰਦੇ। ਜਦੋਂ ਸਾਡੀ ਨਿਗਾਹ ਆਪਸ ਵਿਚ ਮਿਲਦੀ, ਉਹ ਮੇਰੇ ਵੱਲ ਨਿੰਮਾ ਨਿੰਮਾ ਮੁਸਕਰਾ ਰਹੇ ਹੁੰਦੇ ਤੇ ਉਨ੍ਹਾਂ ਦੇ ਨਾਲ ਹੀ ਮੇਰੇ ਬੁੱਲ੍ਹਾਂ 'ਤੇ ਵੀ ਮੁਸਕਰਾਹਟ ਆ ਜਾਂਦੀ। ਹਸਪਤਾਲੋਂ ਛੁੱਟੀ ਮਿਲਣ ਤੋਂ ਪਹਿਲਾਂ ਡਾਕਟਰਾਂ ਨੇ ਬੈਲੂਨ ਵਿਚੋਂ ਹਵਾ ਕੱਢ ਕੇ ਮੈਨੂੰ ਬੋਲਣ ਜੋਗਾ ਕਰ ਦਿੱਤਾ। ਅਜੇ ਕੁਝ ਦਿਨ ਹੀ ਘਰ ਆਇਆਂ ਹੋਏ ਸਨ ਕਿ ਇਕ ਦਿਨ ਇਕ ਫੇਫੜੇ ਨੇ ਅਚਾਨਕ ਕੰਮ ਕਰਨਾ ਬੰਦ ਕਰ ਦਿੱਤਾ। ਮੇਰੀ ਬੁਰੀ ਹਾਲਤ ਸੀ, ਪਰ ਭਾਪਾ ਜੀ ਚਿਹਰੇ 'ਤੇ ਬਿਨਾ ਕੋਈ ਚਿੰਤਾ ਜ਼ਾਹਰ ਕੀਤਿਆਂ ਮੇਰਾ ਮੋਢਾ ਥਾਪੜ ਕੇ ਹੌਸਲਾ ਦੇ ਰਹੇ ਸਨ।

ਐਂਬੂਲੈਂਸ ਵਿਚ ਹਸਪਤਾਲ ਪਹੁੰਚਿਆ ਤਾਂ ਵੀ ਭਾਪਾ ਜੀ ਉਥੇ ਮੇਰੇ ਸਿਰ 'ਤੇ ਹੱਥ ਫੇਰ ਰਹੇ ਸਨ। ਕੁਝ ਟੈਸਟਾਂ ਪਿਛੋਂ ਡਾਕਟਰ ਨੇ ਆਪਰੇਸ਼ਨ ਕਰਨ ਦਾ ਫੈਸਲਾ ਕੀਤਾ। ਮੈਨੂੰ ਬੇਹੋਸ਼ ਕਰਨ ਦੀ ਥਾਂ ਉਨ੍ਹਾਂ ਮੇਰੀ ਛਾਤੀ ਦਾ ਹੀ ਕੁਝ ਹਿੱਸਾ ਸੁੰਨ ਕੀਤਾ। ਜਦੋਂ ਡਾਕਟਰ ਆਪਰੇਸ਼ਨ ਕਰ ਰਿਹਾ ਸੀ ਤਾਂ ਮੈਂ ਪੂਰੀ ਹੋਸ਼ ਵਿਚ ਸਾਂ। ਡਾਕਟਰ ਦੇ ਲਹੂ ਲਿਬੜੇ ਹੱਥ ਮੈਨੂੰ ਸਾਫ ਨਜ਼ਰ ਆ ਰਹੇ ਸਨ, ਪਰ ਮੇਰੇ ਚਿਹਰੇ 'ਤੇ ਘਬਰਾਹਟ ਜਾਂ ਉਦਾਸੀ ਦਾ ਕੋਈ ਨਿਸ਼ਾਨ ਨਹੀਂ ਸੀ। ਸ਼ਾਇਦ ਇਹ ਭਾਪਾ ਜੀ ਦੇ ਮੋਢਾ ਥਾਪੜਨ ਦਾ ਹੀ ਅਸਰ ਸੀ।

ਜ਼ਰਾ ਠੀਕ ਹੋਇਆ ਤਾਂ ਮੇਰੀ ਆਵਾਜ਼ ਵੀ ਕੁਝ ਸਮਝ ਆਉਣ ਜੋਗੀ ਹੋ ਗਈ। ਉਦੋਂ ਉਨ੍ਹਾਂ ਮੈਨੂੰ ਸਹਿਜ ਕਰਨ ਲਈ ਚਾਲੀ ਚਾਲੀ ਸਾਲ ਪੁਰਾਣੀਆਂ ਗੱਲਾਂ ਵਿਚ ਲਾਈ ਰੱਖਣਾ। ਇਕ ਦਿਨ ਕਹਿਣ ਲੱਗੇ, ਉਦੋਂ ਮੈਂ ਤੈਨੂੰ ਟ੍ਰਿਬਿਊਨ ਦੀ ਨੌਕਰੀ ਛੱਡਣ ਤੋਂ ਟੋਕਿਆ ਸੀ, ਪਰ ਇਥੇ ਹੋ ਰਹੀ ਤੇਰੀ ਸੰਭਾਲ ਕਰ ਕੇ ਮੈਨੂੰ ਸਮਝ ਆਈ ਹੈ ਕਿ ਰੱਬ ਨੇ ਠੀਕ ਹੀ ਸਬੱਬ ਬਣਾਇਆ ਸੀ। ਉਥੇ ਤੇਰੀ ਇੰਨੀ ਸੰਭਾਲ ਕਿਸ ਨੇ ਕਰਨੀ ਸੀ?

ਉਦੋਂ ਵਾਪਸ ਇੰਡੀਆ ਜਾਣ ਲਈ ਉਹ ਘਰੋਂ ਤੁਰਨ ਲੱਗਿਆਂ ਮੇਰਾ ਸਿਰ ਪਲੋਸਣ ਅਤੇ ਮੱਥਾ ਚੁੰਮਣ ਪਿਛੋਂ ਕਹਿਣ ਲੱਗੇ, "ਲੜਨਾ ਆ ਲੜਨਾ, ਹਾਰ ਨਹੀਂ ਮੰਨਣੀ।" ਉਸ ਪਿਛੋਂ ਪਿਛਲੇ ਸਾਲ ਜੁਲਾਈ ਮਹੀਨੇ ਫਿਰ ਸ਼ਿਕਾਗੋ ਆਏ, ਉਦੋਂ ਸਿਹਤ ਭਾਵੇਂ 2014 ਵਰਗੀ ਨਹੀਂ ਸੀ, ਫਿਰ ਵੀ ਚੰਗੇ ਸਿਹਤਮੰਦ ਸਨ। ਬਾਹਰ ਵਿਹੜੇ ਵਿਚ ਦਰੱਖਤਾਂ ਦੀ ਛਾਵੇਂ ਉਨ੍ਹਾਂ ਮੇਰੇ ਨਾਲ ਉਦੋਂ ਦੀਆਂ ਵੀ ਗੱਲਾਂ ਕੀਤੀਆਂ, ਜਦੋਂ ਮੈਂ ਅਜੇ ਬਚਪਨੇ ਵਿਚ ਹੀ ਸੀ। ਸ਼ਾਇਦ ਕਿਤੇ ਮਨ 'ਚ ਹੋਵੇ, ਫੇਰ ਪਤਾ ਨਹੀਂ ਮਿਲ ਸਕੀਏ ਜਾਂ ਨਾ। ਚਾਰ ਫਰਵਰੀ 2017 ਨੂੰ ਉਹ ਪੰਚਕੂਲੇ (ਬਲਵਿੰਦਰ ਪਾਸ) ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਚਲ ਵਸੇ।

ਅੱਜ ਜਦੋਂ ਉਨ੍ਹਾਂ ਦੇ ਇਸ ਜਹਾਨੋਂ ਤੁਰ ਜਾਣ ਪਿਛੋਂ ਭਾਈਵੰਦ ਹੌਸਲਾ ਬੰਨ੍ਹਾਉਂਦੇ ਹਨ ਕਿ ਉਹ 93 ਸਾਲਾਂ ਦੇ ਸਨ; ਆਖਰ ਤਾਂ ਸਭ ਨੇ ਜਾਣਾ ਹੈ; ਜਾਣ ਸਮੇਂ ਨਾ ਉਨ੍ਹਾਂ ਕੋਈ ਦੁੱਖ ਪਾਇਆ, ਨਾ ਕਿਸੇ ਨੂੰ ਦੁੱਖ ਦਿੱਤਾ; ਸ਼ਾਇਦ ਉਨ੍ਹਾਂ ਦੀ ਗੱਲ ਹੈ ਵੀ ਸੱਚ, ਪਰ ਮੇਰੇ ਮਨ ਵਿਚ ਮੁੜ ਮੁੜ ਆਉਂਦਾ ਹੈ, ਕੌਣ ਮੈਨੂੰ ਕਹੇਗਾ- ਲੜਨਾ ਆ ਲੜਨਾ, ਹਾਰ ਨਹੀਂ ਮੰਨਣੀ। ਉਨ੍ਹਾਂ ਦੀ ਇਹੋ ਹੱਲਾਸ਼ੇਰੀ ਹੀ ਤਾਂ ਮੈਨੂੰ ਆਪਣੇ ਰੋਗ ਨਾਲ ਲੜਨ ਦਾ ਬਲ ਬਖਸ਼ਦੀ ਰਹੀ ਹੈ। ਫਿਰ ਸੋਚਦਾਂ, ਜੇ ਉਨ੍ਹਾਂ ਮੈਨੂੰ ਹੱਲਾਸ਼ੇਰੀ ਦਿੱਤੀ ਹੈ ਤਾਂ ਮਨ ਵਿਚ ਮੈਥੋਂ ਆਸ ਵੀ ਤਾਂ ਕੋਈ ਰੱਖੀ ਹੋਵੇਗੀ! ਮੈਂ ਇਹ ਆਸ ਝੂਠੀ ਨਹੀਂ ਪੈਣ ਦੇਣੀ। ਹਾਂ, ਮੈਂ ਲੜਾਂਗਾ, ਭਾਪਾ ਜੀ ਲੜਾਂਗਾ...।

*-ਅਮੋਲਕ ਸਿੰਘ ਜੰਮੂ, ਸ਼ਿਕਾਗੋ*
*ਫੋਨ: 1-847-359-0746*

# ਬੁਨਿਆਦੀ ਗੱਲ

ਸ਼ਬਦ ਝਰੋਖਾ




ਬਲਜੀਤ ਬਾਸੀ
*ਫੋਨ: 734-259-9353*

ਉਂਜ ਤਾਂ ਮੈਂ ਹਮੇਸ਼ਾ ਬੁਨਿਆਦੀ ਗੱਲ ਹੀ ਕਰਦਾ ਹਾਂ, ਸ਼ਬਦਾਂ ਦੀਆਂ ਜੋ ਨਿਰੁਕਤੀਆਂ ਪੇਸ਼ ਕਰਦਾਂ, ਉਹ ਅੱਜ ਕਲ੍ਹ ਚੱਲਣ ਵਾਲੇ ਸ਼ਬਦਾਂ ਦੀ ਬੁਨਿਆਦ ਹੀ ਤਾਂ ਹਨ ਜਿਨ੍ਹਾਂ ਉਪਰ ਅਜੋਕੇ ਸ਼ਬਦ ਰੂਪਾਂ ਦਾ ਉਸਾਰ ਹੋਇਆ ਹੈ। ਪਰ ਅੱਜ ਬੁਨਿਆਦ ਦੀ ਵੀ ਬੁਨਿਆਦੀ ਗੱਲ ਕਰਨੀ ਹੈ, ਅੱਜ ਬੁਨਿਆਦ ਸ਼ਬਦ ਦੀ ਨੀਂਹ 'ਚ ਜਾਣਾ ਹੈ। ਪੰਜਾਬੀ ਵਿਚ ਭਾਵੇਂ ਇਸ ਲਈ ਨੀਂਹ ਸ਼ਬਦ ਪ੍ਰਚਲਿਤ ਹੈ ਪਰ ਜੇ ਬੁਨਿਆਦ ਮਜ਼ਬੂਤ ਤੇ ਬਹੁਤੀ ਪੁਰਾਣੀ ਨਾ ਹੋਵੇ ਤਾਂ ਇਸ ਨੂੰ ਕੌਣ ਹਿਲਾ ਸਕਦਾ ਹੈ? ਵਾਰਿਸ ਸ਼ਾਹ ਦੇ ਕਿੱਸੇ ਵਿਚ ਰਾਂਝੇ-ਸਹਿਤੀ ਦੇ ਸਵਾਲ-ਜਵਾਬ 'ਚ ਬੁਨਿਆਦ ਦੀ ਗੱਲ ਛੇੜੀ ਗਈ ਹੈ:

ਅੱਜੂ ਧੀ ਰੱਖੀ ਧਾੜੇ ਮਾਰ ਲੱਪੜ,
ਮੁਸ਼ਟੰਡੜੀ ਤ੍ਰਿੰਞਣੀਂ ਘੁੰਮਦੀ ਹੈ।
ਕਰੇ ਆਣ ਬੇਅਦਬੀਆਂ ਨਾਲ ਫੱਕਰਾਂ,
ਸਗੋਂ ਸੇਲ੍ਹੀਆਂ ਨੂੰ ਨਾਹੀਂ ਚੁੰਮਦੀ ਹੈ।
ਲਾਹ ਸੇਲ੍ਹੀਆਂ ਮਾਰਦੀ ਜੋਗੀਆਂ ਨੂੰ,
ਅਤੇ ਮਿਲਦੀਆਂ ਮਹੀਂ ਨੂੰ ਟੁੰਬਦੀ ਹੈ।
ਫਿਰੇ ਨਚਦੀ ਸ਼ੋਖ਼ ਬੇਹਾਣ ਘੋੜੀ,
ਨਾ ਇਹ ਬਹੇ ਨਾ ਕਤਦੀ ਤੁੰਬਦੀ ਹੈ।
ਸਿਰਦਾਰ ਹੈ ਲੋਹਕਾਂ ਲਾਹਕਾਂ ਦੀ,
ਪੀਹਣ ਡੋਲ੍ਹਦੀ ਤੇ ਤੌਣ ਲੁੰਬਦੀ ਹੈ।
ਵਾਰਿਸ ਸ਼ਾਹ ਦਿਲ ਆਂਵਦਾ ਚੀਰ ਸੁੱਟਾਂ,
ਬੁਨਿਆਦ ਪਰ ਜ਼ੁਲਮ ਦੀ ਖੁੰਬ ਦੀ ਹੈ।

ਬੁਨਿਆਦ ਲਫਜ਼ ਫਾਰਸੀ ਤੋਂ ਪੰਜਾਬੀ ਵਿਚ ਆਇਆ ਹੈ। ਇਹ ਸ਼ਬਦ ਬਣਿਆ ਹੈ ਫਾਰਸੀ ਬੁਨ ਤੋਂ। ਫਾਰਸੀ ਦੀਆਂ ਬੁਨਿਆਦੀ ਭਾਸ਼ਾਵਾਂ ਪਹਿਲਵੀ ਅਤੇ ਜ਼ੰਦ ਵਿਚ ਵੀ ਬੁਨ ਸ਼ਬਦ ਇਸੇ ਰੂਪ ਵਿਚ ਮਿਲਦਾ ਹੈ। ਬੁਨ ਸ਼ਬਦ ਵਿਚ ਭੁਇੰ, ਨੀਂਹ, ਆਧਾਰ, ਮੁਢ ਆਦਿ ਦੇ ਭਾਵ ਹਨ। ਫਾਰਸੀ ਵਿਚ ਇਸ ਦਾ ਅਰਥ ਕਹਾਵਤ, ਅਖਾਣ ਵੀ ਹੈ ਜਿਨ੍ਹਾਂ ਨੂੰ ਮਨੁਖੀ ਸਿਆਣਪ ਦਾ ਆਧਾਰ ਕਿਹਾ ਜਾ ਸਕਦਾ ਹੈ। ਪੋਠੋਹਾਰੀ ਕੋਸ਼ ਵਿਚ ਇਸ ਸ਼ਬਦ ਦਾ ਅਰਥ ਹੇਠਾਂ, ਤਲੇ ਵੀ ਹੈ। ਫਾਰਸੀ ਅਤੇ ਹੋਰ ਇਰਾਨੀ ਭਾਸ਼ਾਵਾਂ ਵਿਚ ਇਸ ਤੋਂ ਬਣੇ ਕੁਝ ਹੋਰ ਸ਼ਬਦ ਵੀ ਹਨ ਪਰ ਇਹ ਪੰਜਾਬੀ ਵਿਚ ਨਹੀਂ ਆਏ ਇਸ ਲਈ ਇਨ੍ਹਾਂ ਨੂੰ ਛੱਡ ਦਿੰਦੇ ਹਾਂ। ਹੁਣੇ ਹੀ ਇਕ ਗੱਲ ਸਪੱਸ਼ਟ ਕਰ ਦੇਈਏ ਕਿ ਬੁਨਿਆਦ ਜਾਂ ਬੁਨ ਸ਼ਬਦ ਨਾਲ ਮਿਲਦੇ-ਜੁਲਦੇ



*ਉਸਾਮਾ ਬਿਨ ਲਾਦਿਨ: ਲਾਦਿਨ ਦਾ ਪੁੱਤਰ ਉਸਾਮਾ*

ਰੂਪ ਅਤੇ ਅਰਥ ਵਾਲਾ ਇਕ ਹੋਰ ਸ਼ਬਦ ਹੈ, 'ਬਾਨੀ' ਜੋ ਪੰਜਾਬੀ ਵਿਚ ਕਾਫੀ ਰਚ-ਮਿਚ ਚੁਕਾ ਹੈ। ਇਹ ਮੁਢਲੇ ਤੌਰ 'ਤੇ ਅਰਬੀ ਦਾ ਸ਼ਬਦ ਹੈ, ਬਾਨੀ ਹੁੰਦਾ ਹੈ-ਬਣਾਉਣ ਵਾਲਾ, ਉਸਰੱਈਆ, ਕਰਤਾ, ਕਾਢੂ, ਬੁਨਿਆਦ ਰੱਖਣ ਵਾਲਾ, ਮੋਢੀ। ਪਰ ਪੰਜਾਬੀ ਵਿਚ ਕਿਸੇ ਧਰਮ, ਰੀਤੀ, ਰਿਵਾਜ, ਵਿਚਾਰਧਾਰਾ, ਜਾਂ ਸਿਲਸਿਲੇ ਦੀ ਨੀਂਹ ਰੱਖਣ ਵਾਲਾ ਬਾਨੀ ਕਹਾਉਂਦਾ ਹੈ ਜਿਵੇਂ ਗੁਰੂ ਨਾਨਕ ਦੇਵ ਸਿੱਖ ਧਰਮ ਦੇ ਬਾਨੀ ਹਨ ਅਤੇ ਬੰਦਾ ਬਹਾਦਰ ਸਿੱਖ ਰਾਜ ਦੇ ਬਾਨੀ। ਇਸ ਨੂੰ ਅਸੀਂ ਠੇਠ ਪੰਜਾਬੀ ਵਿਚ ਮੋਢੀ ਵੀ ਆਖਦੇ ਹਾਂ, "ਮੰਡਯੋ ਬੀਰ ਬਾਨੀ।" (ਬਚਿੱਤਰ ਨਾਟਕ).


ਅਰਬੀ ਬਾਨੀ ਦਾ ਫਾਰਸੀ ਬਨ ਜਾਂ ਬੁਨਿਆਦ ਨਾਲ ਕੋਈ ਸੁਜਾਤੀ ਸਬੰਧ ਨਹੀਂ। ਇਹ ਸ਼ਬਦ ਅਰਬੀ ਦੇ ਧਾਤੂ 'ਬਨੀ' ਤੋਂ ਬਣਿਆ ਹੈ ਜਿਸ ਵਿਚ ਬਣਾਉਣ, ਉਸਾਰਨ ਦੇ ਭਾਵ ਹਨ। ਅਰਬੀ ਵਿਚ ਇਸ ਧਾਤੂ ਤੋਂ ਬਣਿਆ ਇਕ ਹੋਰ ਸ਼ਬਦ ਹੈ, 'ਇਬਨ' ਜਿਸ ਦਾ ਅਰਥ ਹੈ, ਪੁੱਤਰ। ਅਰਬੀ ਲੋਕਾਂ ਵਿਚ ਇਹ ਸ਼ਬਦ ਖਾਸ ਨਾਂ ਵਿਚ ਲੱਗ ਕੇ ਪੁੱਤਰ ਦਾ ਅਰਥ ਦਿੰਦਾ ਹੈ ਜਿਵੇਂ 'ਉਸਾਮਾ ਬਿਨ ਲਾਦਿਨ' ਦਾ ਅਰਥ ਹੈ, ਲਾਦਿਨ ਦਾ ਪੁੱਤਰ ਉਸਾਮਾ। ਬਿਨ ਦਾ ਬਹੁਵਚਨ ਹੈ, 'ਬਨੀ' ਜਿਸ ਦਾ ਅਰਥ ਹੋਇਆ ਬੱਚੇ, ਪੁੱਤਰ ਜਿਵੇਂ 'ਬਨੀ ਆਦਮ' ਦਾ ਮਤਲਬ ਹੈ, ਆਦਮ ਦੇ ਬੱਚੇ; 'ਬਨੀ ਇਸਰਾਈਲ' ਦਾ ਮਤਲਬ ਹੈ ਇਸਰਾਈਲ ਦੇ ਬੱਚੇ, ਇਸਰਾਈਲੀ ਲੋਕ। ਪੰਜਾਬੀ ਵਿਚ ਇਸੇ ਧਾਤੂ ਨਾਲ ਬਣਿਆ ਇਕ ਹੋਰ ਸ਼ਬਦ ਬਹੁਤ ਪ੍ਰਚਲਿਤ ਹੈ, 'ਮੁਤਬੰਨਾ' ਅਰਥਾਤ ਗੋਦ ਲਿਆ ਬੱਚਾ ਜਾਂ ਲੈ-ਪਾਲਕ। ਬੁਨਿਆਦ ਦੇ ਟਾਕਰੇ 'ਤੇ ਅਰਬੀ ਸ਼ਬਦ ਹੈ, ਮਬਨਾ ਜਾਂ ਮਬਨੀ। ਪੰਜਾਬੀ ਵਿਚ ਬਨੀ ਨਾਲ ਹੀ ਬਣਿਆ ਇਕ ਹੋਰ ਅਰਬੀ ਸ਼ਬਦ ਪ੍ਰਚਲਿਤ ਹੈ, 'ਬਿਨਾਅ।' ਭਾਵੇਂ ਅਰਬੀ ਫਾਰਸੀ ਵਿਚ ਇਸ ਦੇ ਕਈ ਹੋਰ ਅਰਥ ਵੀ ਹਨ ਪਰ ਪੰਜਾਬੀ ਵਿਚ ਇਹ ਸਿਰਫ ਆਧਾਰ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ ਜਿਵੇਂ 'ਜੋ ਸਬੂਤ ਸਾਹਮਣੇ ਆਏ, ਉਨ੍ਹਾਂ ਦੀ ਬਿਨਾਅ ਉਤੇ ਸਲਮਾਨ ਖਾਂ ਨੂੰ 10 ਸਾਲ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਹੈ।'

ਖੈਰ, ਅਸੀਂ ਗੱਲ ਫਾਰਸੀ ਬੁਨਿਆਦ ਤੋਂ ਤੋਰੀ ਸੀ ਜਿਸ ਦੀ ਬੁਨਿਆਦ ਬੁਨ ਹੈ। ਪਹਿਲਾਂ ਸੰਕੇਤ ਦਿੱਤਾ ਜਾ ਚੱਕਾ ਹੈ ਕਿ ਇਹ ਸ਼ਬਦ ਭਾਰੋਪੀ ਖਾਸੇ ਵਾਲਾ ਹੈ। ਵਿਦਵਾਨਾਂ ਅਨੁਸਾਰ ਸੰਸਕ੍ਰਿਤ ਵਿਚ ਇਸ ਦਾ ਸੁਜਾਤੀ ਸ਼ਬਦ ਹੈ, 'ਬੁਧਨ' ਜਿਸ ਦਾ ਅਰਥ ਹੈ ਥੱਲਾ, ਆਧਾਰ, ਡੂੰਘਾਈ, ਜੜ੍ਹ, ਮੂਲ ਆਦਿ। ਇਹ ਸ਼ਬਦ ਬਣਿਆ ਹੈ, ਬੁੰਧ ਤੋਂ। ਪ੍ਰਾਕ੍ਰਿਤ ਵਿਚ ਬੂੰਧ ਦਾ ਅਰਥ ਜੜ੍ਹ ਜਾਂ ਮੁਢ ਹੈ। ਭਾਰਤ ਦੀਆਂ ਕਈ ਆਰੀਆਈ ਭਾਸ਼ਾਵਾਂ ਵਿਚ ਇਸ ਤੋਂ ਬਣੇ ਸ਼ਬਦਾਂ ਦੇ ਅਰਥ ਹਨ-ਹੇਠਾਂ, ਥੱਲੇ, ਜੜ੍ਹ, ਮੂਲ, ਡੂੰਘਾ, ਪੇਂਦਾ ਆਦਿ। ਬੁਧਨ ਸ਼ਬਦ ਪੰਜਾਬੀ ਵਿਚ ਨਹੀਂ ਹੈ ਪਰ ਇਸ ਤੋਂ ਬਣੇ ਕੁਝ ਸ਼ਬਦ ਜ਼ਰੂਰ ਮਿਲਦੇ ਹਨ। ਇਨ੍ਹਾਂ ਵਿਚੋਂ ਇਕ ਹੈ, 'ਬੂੰਡਾ।' ਪੰਛੀ ਦੇ ਪੂੰਝੇ ਨੂੰ ਬੂੰਡਾ ਆਖਦੇ ਹਨ, ਚਿੜੀ ਕਾਂ ਦੀ ਕਹਾਣੀ ਸਭ ਨੇ ਸੁਣੀ ਹੋਵੇਗੀ ਜਿਸ ਵਿਚ ਚਿੜੀ ਦੀ ਕੁਰਲਾਹਟ ਹੈ, "ਹਾਏ ਮੈਂ ਮਰ ਗਈ, ਮੇਰਾ ਬੂੰਡਾ ਸੜਿਆ।" ਸਿਗਰਟ ਦੇ ਆਖਰੀ ਟੋਟੇ ਨੂੰ ਵੀ ਬੂੰਡਾ ਆਖਦੇ ਹਨ, ਸਿਗਰਟ-ਨੋਸ਼ ਦਾ ਵਸ ਚੱਲੇ ਤਾਂ ਇਸ ਨੂੰ ਵੀ ਸਾੜ ਲਵੇ! ਗੌਰਤਲਬ ਹੈ ਕਿ ਅੰਗਰੇਜ਼ੀ ਸ਼ਬਦ Butt ਦੇ ਅਰਥ ਢਾਕਾਂ, ਚਿੱਤੜ ਵੀ ਹੈ ਤੇ ਸਿਗਰਟ ਆਦਿ ਦਾ ਬੂੰਡਾ ਵੀ। ਪਰ ਇਹ ਸੰਜੋਗਾਂ ਦੀ ਗੱਲ ਹੈ।

ਹੋਰ ਭਾਰੋਪੀ ਭਾਸ਼ਾਵਾਂ ਵਿਚ ਵੀ ਉਪਰੋਕਤ ਭਾਵਾਂ ਦੇ ਸ਼ਬਦ ਮਿਲਦੇ ਹਨ। ਸਭ ਤੋਂ ਪਹਿਲਾਂ ਅਸੀਂ ਲੈਂਦੇ ਹਾਂ ਅੰਗਰੇਜ਼ੀ Foundation. ਇਹ ਸ਼ਬਦ ਲਾਤੀਨੀ Fundus ਤੋਂ ਬਣਿਆ ਹੈ ਜਿਸ ਦਾ ਅਰਥ ਇਸ ਭਾਸ਼ਾ ਵਿਚ ਥੱਲਾ, ਜ਼ਮੀਨ ਦਾ ਟੋਟਾ, ਫਾਰਮ ਹੁੰਦਾ ਹੈ ਤੇ ਇਹ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਦਾਖਲ ਹੋਇਆ। ਅੰਗਰੇਜ਼ੀ ਵਿਚ ਇਸ ਦਾ ਅਰਥ ਬੁਨਿਆਦ, ਨੀਂਹ ਹੈ। ਅੰਗਰੇਜ਼ੀ Found (ਨੀਂਹ ਰੱਖਣਾ), Founder (ਬਾਨੀ, ਮੋਢੀ) ਅਤੇ Fund ਵੀ ਇਸੇ ਨਾਲ ਜਾ ਜੁੜਦੇ ਹਨ। Fund ਸ਼ਬਦ ਦਾ ਪਹਿਲਾਂ ਅਰਥ ਬੁਨਿਆਦ, ਨੀਂਹ, ਆਧਾਰ ਹੀ ਹੁੰਦਾ ਸੀ ਪਰ ਪਿਛੋਂ ਕਿਸੇ ਉਦੇਸ਼ ਲਈ ਰੱਖੇ ਧਨ ਨੂੰ ਫੰਡ ਕਿਹਾ ਜਾਣ ਲੱਗਾ। ਗਰੀਕ ਵਿਚ ਇਸ ਦਾ ਸੁਜਾਤੀ ਸ਼ਬਦ ਪੁਤਮਹ ਜਿਹਾ ਹੈ ਜਿਸ ਦਾ ਅਰਥ ਪਿਆਲੇ ਦਾ ਥੱਲਾ, ਸਮੁੰਦਰ ਦਾ ਤਲ, ਦਰਖਤ ਦਾ ਮੁਢ ਹੈ। ਥੱਲਾ ਜਾਂ ਹੇਠਲਾ ਹਿੱਸਾ ਦੇ ਅਰਥਾਂ ਵਾਲਾ ਅੰਗਰੇਜ਼ੀ ਦਾ ਇਕ ਹੋਰ ਸ਼ਬਦ Bottom ਵੀ ਸਾਡੇ ਬੂੰਡੇ ਦਾ ਹੀ ਸਕਾ ਸੋਹਦਰਾ ਹੈ। ਇਹ ਜਰਮੈਨਿਕ ਅਸਲੇ ਦਾ ਸ਼ਬਦ ਹੈ। ਪੁਰਾਣੀ ਅੰਗਰੇਜ਼ੀ ਵਿਚ ਇਸ ਦਾ ਅਰਥ ਜ਼ਮੀਨ, ਭੁੰਨਾ ਜਾਂ ਮਿੱਟੀ ਵੀ ਸੀ। ਪੁਰਾਣੀ ਫਰੀਜ਼ੀਅਨ, ਪੁਰਾਣੀ ਨੌਰਸ, ਡੱਚ ਅਤੇ ਜਰਮਨ ਭਾਸ਼ਾਵਾਂ ਵਿਚ ਇਸ ਨਾਲ ਰਲਦੇ-ਮਿਲਦੇ ਸ਼ਬਦਾਂ ਦੇ ਰਲਦੇ-ਮਿਲਦੇ ਅਰਥ ਹਨ। ਪੁਰਾਣੀ ਆਇਰਿਸ਼ ਵਿਚ ਇਸ ਦਾ ਅਰਥ ਪੈਰ ਦੀ ਤਲੀ ਵੀ ਹੁੰਦਾ ਸੀ। ਸ਼ਾਇਦ ਪੰਜਾਬੀ ਬੂੰਡੇ ਦਾ ਅਰਥ ਵੀ ਜੁੱਤੀ ਦਾ ਤਲਾ ਹੁੰਦਾ ਹੈ। ਸਾਰੇ ਸ਼ਬਦਾਂ ਦਾ ਭਾਰੋਪੀ ਮੂਲ ਹੈ, 'ਬੁਦਹ' ਜਿਸ ਵਿਚ ਥੱਲਾ, ਆਧਾਰ ਦੇ ਭਾਵ ਹਨ।

# ਲੋਕ ਸਰਕਾਰ ਨੂੰ ਮਾਣਨਗੇ, ਹੰਢਾਉਣਗੇ ਜਾਂ ਭੁਗਤਣਗੇ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਇਸ ਵਕਤ ਇੱਕ ਜਹਾਜ਼ ਤੋਂ ਉਤਰ ਕੇ ਦੂਸਰੀ ਉਡਾਣ ਦੀ ਉਡੀਕ ਵਿਚ ਕਿਸੇ ਹਵਾਈ ਅੱਡੇ 'ਤੇ ਬੈਠੇ ਮੁਸਾਫਰ ਵਰਗੀ ਹਾਲਤ ਵਿਚ ਹੈ। ਅਗਲੀ ਉਡਾਣ ਉਡੀਕਦੇ ਹੋਣ ਜਾਂ ਰੇਲਵੇ ਸਟੇਸ਼ਨ 'ਤੇ ਅਗਲੀ ਗੱਡੀ ਉਡੀਕਦੇ ਹੋਣ, ਇਕੱਠੇ ਬੈਠੇ ਲੋਕ ਆਪੋ ਵਿਚ ਕਈ ਵਾਰ ਗੱਲਾਂ ਵਿਚ ਲੱਗ ਜਾਂਦੇ ਹਨ ਤੇ ਇਹ ਗੱਲਾਂ ਮੌਸਮ ਤੋਂ ਸ਼ੁਰੂ ਹੋ ਕੇ ਘਰੇਲੂ ਹਾਲਤਾਂ ਤੱਕ ਚਲੀਆਂ ਜਾਂਦੀਆਂ ਹਨ। ਪਿਛਲੇ ਦਸ ਸਾਲ ਅਤੇ ਉਨ੍ਹਾਂ ਵਿਚੋਂ ਖਾਸ ਕਰ ਕੇ ਪਿਛਲੇ ਪੰਜ ਸਾਲ ਅਸੀਂ ਏਦਾਂ ਦੀਆਂ ਗੱਲਾਂ ਹੁੰਦੀਆਂ ਜਦੋਂ ਕਈ ਮੌਕਿਆਂ ਉਤੇ ਸੁਣੀਆਂ, ਅਤੇ ਸਿਰਫ ਸੁਣੀਆਂ ਨਾ ਕਹੀਏ, ਕਈ ਵਾਰੀ ਅਸੀਂ ਖੁਦ ਕੀਤੀਆਂ, ਤਾਂ ਚਾਰ ਪੰਜਾਬੀ ਜਿੱਥੇ ਕਿਤੇ ਵੀ ਇਹੋ ਜਿਹੇ ਹਾਲਾਤ ਵਿਚ ਇਕੱਠੇ ਹੋਏ, ਗੱਲ ਆਖਰ ਵਿਚ ਪੰਜਾਬ ਦੀ ਹਾਲਤ ਦੀ ਚਰਚਾ ਤੱਕ ਪਹੁੰਚ ਜਾਂਦੀ ਸੀ। ਫਿਰ ਵਿਚੋਂ ਕੋਈ ਜਣਾ ਇਹ ਆਖਦਾ ਸੀ, 'ਜੋ ਕੁਝ ਅੱਜ ਹੋ ਰਿਹਾ ਹੈ, ਏਦਾਂ ਚਗੱਤਿਆਂ ਵੇਲੇ ਵੀ ਨਹੀਂ ਹੋਇਆ ਹੋਣਾ।'

ਮੁਗਲ ਹਮਲਾਵਰ ਚੰਗੇਜ਼ ਖਾਂ ਦਾ ਪੁੱਤਰ ਚਗਤਾਈ ਖਾਂ ਹੁੰਦਾ ਸੀ ਤੇ ਉਸੇ ਕੁਨਬੇ ਵਿਚੋਂ ਫਿਰ ਬਾਬਰ ਬਾਦਸ਼ਾਹ ਹੋਇਆ ਹੈ। ਬਾਬਰ ਦੇ ਨਾਨਕੇ ਢੇਰੀ ਦੀ ਪੀੜ੍ਹੀ ਕਿਉਂਕਿ ਚਗਤਾਈ ਖਾਂ ਨਾਲ ਜੁੜਦੀ ਸੀ ਤੇ ਅੱਗੋਂ ਚਗਤਾਈ ਖਾਂ ਅਤੇ ਉਸ ਦੇ ਬਾਪ ਨੂੰ ਬੜੇ ਧੱਕੜਸ਼ਾਹ ਕਿਹਾ ਜਾਂਦਾ ਸੀ, ਇਸ ਲਈ ਬਾਬਰ ਨੂੰ ਵੀ ਆਮ ਲੋਕਾਂ ਦੀ ਬੋਲੀ ਵਿਚ 'ਚਗੱਤਾ' ਜਾਂ ਫਿਰ ਔਰਤਾਂ ਵੱਲੋਂ ਕਿਸੇ ਨੂੰ 'ਔਂਤਰਿਆਂ ਦਾ' ਕਹਿਣ ਵਾਂਗ 'ਚਗੱਤਿਆਂ ਦਾ' ਕਹਿ ਕੇ ਉਸ ਨਾਲ ਖਾਸ ਤਰ੍ਹਾਂ ਦੀ ਨਫਰਤ ਜ਼ਾਹਰ ਕੀਤੀ ਜਾਂਦੀ ਸੀ। ਪਿਛਲੇ ਸਾਲਾਂ ਵਿਚ ਪੰਜਾਬ ਦੇ ਜਿਹੜੇ ਰਾਜ ਬਾਰੇ ਇਹ ਕਿਹਾ ਜਾਣ ਲੱਗਾ ਕਿ 'ਏਦਾਂ ਚਗੱਤਿਆਂ ਦੇ ਵਕਤ ਵੀ ਨਹੀਂ ਸੀ ਹੋਈ', ਉਹ ਆਮ ਲੋਕਾਂ ਲਈ ਕਿੱਦਾਂ ਦਾ 'ਸੁਲੱਖਣਾ' ਸੀ, ਖੁਲਾਸਾ ਕਰਨ ਦੀ ਲੋੜ ਨਹੀਂ।

ਹੁਣ ਜਦੋਂ ਪੰਜਾਬ ਵਿਚ ਚਾਰ ਫਰਵਰੀ ਨੂੰ ਵੋਟਾਂ ਪੈ ਚੁਕੀਆਂ ਹਨ ਤੇ ਗਿਣਤੀ ਅਜੇ ਹੋਣੀ ਹੈ ਤਾਂ ਹਾਲਾਤ ਵਿਚ ਕੁਝ-ਕੁਝ ਨਵਾਂ ਜਿਹਾ ਵੇਖਿਆ ਜਾਣ ਲੱਗਾ ਹੈ। ਪਿਛਲੇ ਹਫਤੇ ਦੌਰਾਨ ਪੁਲਿਸ ਨੇ ਕਈ ਥਾਂਈਂ ਛਾਪੇ ਮਾਰੇ ਤੇ ਕਈ ਵੱਡੇ ਗੈਂਗਸਟਰ ਫੜੇ। ਅਖਬਾਰੀ ਸੂਤਰਾਂ ਵਿਚ ਇਹ ਗੱਲ ਕਈ ਵਾਰੀ ਚਰਚਾ ਵਿਚ ਆ ਚੁਕੀ ਹੈ ਕਿ ਇਨ੍ਹਾਂ ਗੈਂਗਸਟਰਾਂ ਬਾਰੇ ਪੁਲਿਸ ਨੂੰ ਬਹੁਤ ਕੁਝ ਪਤਾ ਹੁੰਦਿਆਂ ਵੀ ਉਹ ਹੁੱਥ ਪਾਉਣ ਤੋਂ ਕੰਨੀ ਕਤਰਾਉਂਦੀ ਸੀ ਤੇ ਹੁਣ ਅੱਧੀ-ਅੱਧੀ ਰਾਤ ਛਾਪੇ ਮਾਰਦੀ ਫਿਰਦੀ ਹੈ। ਪਹਿਲਾਂ ਕਾਰਵਾਈ ਕਿਉਂ ਨਾ ਕੀਤੀ ਗਈ ਤੇ ਹੁਣ ਏਨੀ ਤੇਜ਼ੀ ਕਿਸ ਗੱਲੋਂ ਵਿਖਾਈ ਜਾ ਰਹੀ ਹੈ, ਇਸ ਬਾਰੇ ਬਾਕੀ ਲੋਕਾਂ ਵਾਂਗ ਅਸੀਂ ਵੀ ਸੋਚਦੇ ਸਾਂ। ਇਸ ਹਫਤੇ ਇੱਕ ਸਮਾਜੀ ਸਮਾਗਮ ਵਿਚ ਪੁਲਿਸ ਦੇ ਕੁਝ ਅਫਸਰ ਮਿਲ ਪਏ ਤਾਂ ਰਸਮੀ ਦੁਆ-ਸਲਾਮ ਕਰਨ ਪਿੱਛੋਂ ਸਾਡੇ ਅੰਦਰਲੇ ਪੱਤਰਕਾਰ ਨੇ ਸਿਰ ਚੁਕਿਆ ਅਤੇ ਇਹੋ ਸਵਾਲ ਉਨ੍ਹਾਂ ਅਫਸਰਾਂ ਨੂੰ ਕਰ ਦਿੱਤਾ ਕਿ 'ਅੱਜ-ਕੱਲ੍ਹ ਬੜੀ ਤੇਜ਼ੀ ਨਾਲ ਛਾਪੇ ਮਾਰੇ ਜਾ ਰਹੇ ਹਨ, ਰਾਤੋ-ਰਾਤ ਬਦਮਾਸ਼ਾਂ ਦੇ ਅੱਡੇ ਵੀ ਤੁਹਾਨੂੰ ਪਤਾ ਲੱਗ ਗਏ ਹਨ, ਇਹ ਚੱਕਰ ਕਿਸ ਤਰ੍ਹਾਂ ਚੱਲ ਪਿਆ ਹੈ?' ਜਿਹੜਾ ਜਵਾਬ ਸਾਹਮਣੇ ਬੈਠੇ ਅਫਸਰ ਨੇ ਦਿੱਤਾ, ਉਹ ਸਾਡੀ ਸੋਚ ਨਾਲੋਂ ਬਹੁਤ ਪਰੇ ਦਾ ਸੀ।

ਪੁਲਿਸ ਦਾ ਉਹ ਸੀਨੀਅਰ ਅਫਸਰ ਕਹਿਣ ਲੱਗਾ ਕਿ ਤੁਸੀਂ ਵੋਟਾਂ ਪਾ ਕੇ ਜਾਂ ਪਵਾ ਕੇ ਵਿਹਲੇ ਹੋ ਗਏ ਹੋ ਤੇ ਅਸੀਂ ਵੋਟਾਂ ਦੀ ਗਿਣਤੀ ਤੋਂ ਪਹਿਲਾਂ ਕੁਝ ਕਰ ਕੇ ਵਿਹਲੇ ਹੋਣਾ ਚਾਹੁੰਦੇ ਹਾਂ। ਫਿਰ ਉਸ ਨੇ ਬਿਨਾ ਲੁਕਾਏ ਇਹ ਗੱਲ ਕਹਿ ਦਿੱਤੀ ਕਿ ਅਪਰਾਧ ਜਗਤ ਵਿਚ ਪੁਲਿਸ ਦੇ ਸੂਹੀਏ ਏਨੇ ਕੁ ਹੁੰਦੇ ਹਨ ਕਿ ਬੜਾ ਕੁਝ ਨਾਲੋ-ਨਾਲ ਵੀ ਕੀਤਾ ਜਾ ਸਕਦਾ ਹੈ ਤੇ ਅਖਬਾਰ ਵਿਚ ਖਬਰਾਂ ਦੀ ਬਾਕੀ ਕਿਸੇ ਹੋਰ ਸਫੇ ਉਤੇ ਕੱਢਣ ਵਾਂਗ ਕੋਈ ਕੇਸ ਕਿਸੇ ਅਗਲੇ ਸਾਲ ਲਈ ਰੱਖਣ ਦੀ ਲੋੜ ਬਹੁਤੀ ਨਹੀਂ ਹੁੰਦੀ, ਪਰ ਅਸੀਂ ਕੰਮ ਨਹੀਂ ਕਰ ਸਕਦੇ। ਸਾਡੇ ਉਤੇ ਸਿਰਫ ਵੱਡੇ ਗੈਂਗਸਟਰਾਂ ਵਾਸਤੇ ਹੀ ਸਿਆਸੀ ਦਬਾਅ ਨਹੀਂ ਪੈਂਦਾ, ਸਧਾਰਨ ਚੇਨੀਆਂ ਲਾਹੁਣ ਵਾਲਾ ਬੰਦਾ ਵੀ ਫੜੀਏ ਤਾਂ ਥਾਣੇ ਪਹੁੰਚਣ ਤੋਂ ਪਹਿਲਾਂ ਦਸ ਫੋਨ ਹਾਕਮ ਪਾਰਟੀ ਦੇ ਅਤੇ ਪੰਜ ਕੁ ਵਿਰੋਧੀ ਧਿਰ ਦੇ ਆਗੂਆਂ ਵੱਲੋਂ ਆ ਜਾਂਦੇ ਹਨ। ਜਿਹੜੇ ਬਦਮਾਸ਼ਾਂ ਨੇ ਪੁਲਿਸ ਉਤੇ ਹਮਲੇ ਕੀਤੇ ਤੇ ਕੁਝ ਥਾਂਈਂ ਪੁਲਿਸ ਵਾਲਿਆਂ ਦੇ ਕਤਲ ਤੱਕ ਕੀਤੇ ਹੁੰਦੇ ਹਨ, ਉਨ੍ਹਾਂ ਨੂੰ ਵੀ ਫੜ ਲਈਏ ਤਾਂ ਸਾਨੂੰ ਕਾਰਵਾਈ ਕਰਨ ਤੋਂ ਰੋਕਿਆ ਜਾਂਦਾ ਹੈ। ਬਠਿੰਡੇ ਜ਼ਿਲ੍ਹੇ ਵਿਚ ਇੱਕ ਬੰਦਾ ਪੁਲਿਸ ਵਾਲਿਆਂ ਦੇ ਅੱਖਾਂ ਵਿਚ ਮਿਰਚਾਂ ਸੁੱਟ ਕੇ ਉਨ੍ਹਾਂ ਤੋਂ ਆਪਣੇ ਬੰਦੇ ਛੁਡਾ ਕੇ ਅਤੇ ਪੁਲਿਸ ਦੇ ਆਟੋਮੈਟਿਕ ਹਥਿਆਰ ਵੀ ਖੋਹ ਕੇ ਲੈ ਗਿਆ, ਪੁਲਿਸ ਉਸ ਨੂੰ ਲੱਭਦੀ ਫਿਰੇ ਤੇ ਉਹ ਇੱਕ ਦਿਨ ਇੱਕ ਸਮਾਗਮ ਵਿਚ ਪੁਲਿਸ ਦੀਆਂ ਅੱਖਾਂ ਮੂਹਰੇ ਪੰਜਾਬ ਸਰਕਾਰ ਦੇ ਇੱਕ ਵੱਡੇ ਮੰਤਰੀ ਦੀ ਹਾਜ਼ਰੀ ਵਿਚ ਅਕਾਲੀ ਦਲ ਵਿਚ ਸ਼ਾਮਲ ਹੋ ਗਿਆ। ਅਦਾਲਤ ਵਿਚੋਂ ਭਗੌੜਾ ਐਲਾਨੇ ਜਾ ਚੁਕੇ ਉਸ ਬੰਦੇ ਲਈ ਸਾਡੇ ਕੋਲ ਗ੍ਰਿਫਤਾਰੀ ਵਾਰੰਟ ਸਨ ਤੇ ਮੰਤਰੀ ਨੇ ਜਦੋਂ ਉਸ ਦੇ ਗਲ਼ ਸਿਰੋਪਾਓ ਪਾਇਆ, ਮੂਹਰੇ ਬੈਠੀ ਭੀੜ ਉਸੇ ਬੰਦੇ ਲਈ 'ਬੋਲੇ ਸੋ ਨਿਹਾਲ' ਦੇ ਜੈਕਾਰੇ ਛੱਡੀ ਜਾਂਦੀ ਸੀ। ਸਮੁੰਦਰ ਵਿਚ ਰਹਿ ਕੇ ਮਗਰਮੱਛ ਨਾਲ ਵੈਰ ਪਾਉਣਾ ਤੇ ਕਿਸੇ ਰਾਜ ਦੀ ਪੁਲਿਸ ਵਿਚ ਰਹਿੰਦਿਆਂ ਕਿਸੇ ਕੈਬਨਿਟ ਮੰਤਰੀ ਨਾਲ ਵੈਰ ਪਾਉਣ ਦੀ ਭੁੱਲ ਕਰਨਾ, ਇੱਕੋ ਜਿਹਾ ਖਤਰਨਾਕ ਸਮਝਿਆ ਜਾਂਦਾ ਹੈ। ਹੁਣ ਅਸੀਂ ਇਸੇ ਕਰ ਕੇ ਤਿੱਖੀ ਚਾਲ ਵਗ ਰਹੇ ਹਾਂ ਕਿ ਗਿਆਰਾਂ ਮਾਰਚ ਨੂੰ ਨਤੀਜੇ ਆਉਣ ਤੋਂ ਪਹਿਲਾਂ ਜਿੰਨਾ ਗੰਦ ਸਮੇਟ ਸਕਦੇ ਹਾਂ, ਸਮੇਟ ਲਈਏ, ਵਰਨਾ ਪੰਜਾਬ ਵਿਚ ਜਿਸ ਪਾਰਟੀ ਦੀ ਸਰਕਾਰ ਵੀ ਬਣੀ, ਇਨ੍ਹਾਂ ਬਦਮਾਸ਼ਾਂ ਨੇ ਉਸ ਦੇ ਅੰਦਰ ਆਪਣੇ ਸਰਪ੍ਰਸਤ ਪੈਦਾ ਕਰ ਲੈਣੇ ਹਨ।

ਅਸੀਂ ਜਾਣਦੇ ਹਾਂ ਕਿ ਅਕਾਲੀ ਦਲ ਨੇ ਪਿਛਲੇ ਦਸ ਸਾਲ ਅਕਾਲੀ ਹੋਣ ਦਾ ਸਿਰਫ ਫੱਟਾ ਟੰਗੀ ਰੱਖਿਆ ਸੀ, ਅਕਾਲੀਪੁਣੇ ਦੀਆਂ ਬਾਕੀ ਸਭ ਗੱਲਾਂ ਛੱਡ ਦਿੱਤੀਆਂ ਸਨ। ਕਿਸੇ ਟੁੱਟੇ-ਭੱਜੇ ਯੂਥ ਅਕਾਲੀ ਲੀਡਰ ਦੇ ਰੱਖੇ ਪ੍ਰੋਗਰਾਮ ਵਾਸਤੇ ਵੀ ਗੁਰੂ ਕੀ ਗੋਲਕ ਵਿਚੋਂ ਟਰੱਕਾਂ ਵਿਚ ਭਰ ਕੇ ਏਦਾਂ ਲੰਗਰ ਭੇਜਿਆ ਜਾਂਦਾ ਸੀ, ਜਿਵੇਂ ਲੰਚ ਸਪਲਾਈ ਦੀ ਬੁਕਿੰਗ ਸਮੇਂ ਸਿਰ ਭੁਗਤਾਉਣ ਦੀ ਮਜਬੂਰੀ ਹੋਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਦਰ ਹਿਸਟਰੀ ਸ਼ੀਟਰ ਬੰਦਿਆਂ ਬਾਰੇ ਪਹਿਲਾਂ ਵੀ ਸੁਣਿਆ ਸੀ, ਫਿਰ ਇਸ ਵਿਚ ਵਾਧਾ ਹੋ ਗਿਆ। ਜਿਹੜੇ ਯੂਥ ਆਗੂ ਇਸ ਦੌਰ ਵਿਚ ਅੱਗੇ ਆਏ, ਉਨ੍ਹਾਂ ਵਿਚੋਂ ਕੁਝ ਨਾਂ ਲੋਕਾਂ ਦੀ ਜ਼ਬਾਨ ਉਤੇ ਚੜ੍ਹੇ ਹੋਏ ਹਨ। ਫਰੀਦਕੋਟ ਦੇ ਨਿਸ਼ਾਨ ਸਿੰਘ ਦੀ ਕਹਾਣੀ ਚੇਤੇ ਕਰਨ ਦੀ ਕਿਸੇ ਨੂੰ ਲੋੜ ਨਹੀਂ। ਅੰਮ੍ਰਿਤਸਰ ਵਿਚ ਥਾਣੇ ਤੋਂ ਮਸਾਂ ਸੌ ਗਜ਼ ਦੂਰ ਪੁਲਿਸ ਵਾਲਿਆਂ ਦੀਆਂ ਅੱਖਾਂ ਮੂਹਰੇ ਪੁਲਿਸ ਦੇ ਥਾਣੇਦਾਰ ਨੂੰ ਭਰੇ ਬਾਜ਼ਾਰ ਇੱਕ ਯੂਥ ਆਗੂ ਰਾਣੇ ਵੱਲੋਂ ਗੋਲੀਆਂ ਨਾਲ ਭੁੰਨਣ ਅਤੇ ਗੋਲੀਆਂ ਮੁੱਕਣ ਉਤੇ ਘਰੋਂ ਜਾ ਕੇ ਦੂਸਰੀ ਗੰਨ ਲਿਆ ਕੇ ਲਾਸ਼ ਨੂੰ ਗੋਲੀਆਂ ਮਾਰਨ ਪਿੱਛੋਂ ਪੰਜਾਬ ਦੇ ਇੱਕ ਮੰਤਰੀ ਦੇ ਨਾਂ ਦੀ ਜ਼ਿੰਦਾਬਾਦ ਦੇ ਨਾਅਰੇ ਲਾਉਣ ਦੀ ਘਟਨਾ ਵੀ ਪੰਜਾਬ ਦੇ ਲੋਕਾਂ ਨੂੰ ਯਾਦ ਹੋਵੇਗੀ।



***ਹੁਣ ਜਦੋਂ ਪੰਜਾਬ ਵਿਚ ਚਾਰ ਫਰਵਰੀ ਨੂੰ ਵੋਟਾਂ ਪੈ ਚੁਕੀਆਂ ਹਨ ਤੇ ਗਿਣਤੀ ਅਜੇ ਹੋਣੀ ਹੈ ਤਾਂ ਹਾਲਾਤ ਵਿਚ ਕੁਝ-ਕੁਝ ਨਵਾਂ ਜਿਹਾ ਵੇਖਿਆ ਜਾਣ ਲੱਗਾ ਹੈ। ਪਿਛਲੇ ਹਫਤੇ ਦੌਰਾਨ ਪੁਲਿਸ ਨੇ ਕਈ ਥਾਂਈਂ ਛਾਪੇ ਮਾਰੇ ਤੇ ਕਈ ਵੱਡੇ ਗੈਂਗਸਟਰ ਫੜੇ। ਅਖਬਾਰੀ ਸੂਤਰਾਂ ਵਿਚ ਇਹ ਗੱਲ ਕਈ ਵਾਰੀ ਚਰਚਾ ਵਿਚ ਆ ਚੁਕੀ ਹੈ ਕਿ ਇਨ੍ਹਾਂ ਗੈਂਗਸਟਰਾਂ ਬਾਰੇ ਪੁਲਿਸ ਨੂੰ ਬਹੁਤ ਕੁਝ ਪਤਾ ਹੁੰਦਿਆਂ ਵੀ ਉਹ ਹੁੱਥ ਪਾਉਣ ਤੋਂ ਕੰਨੀ ਕਤਰਾਉਂਦੀ ਸੀ ਤੇ ਹੁਣ ਅੱਧੀ-ਅੱਧੀ ਰਾਤ ਛਾਪੇ ਮਾਰਦੀ ਫਿਰਦੀ ਹੈ।***

ਲੁਧਿਆਣੇ ਦੇ ਇੱਕ ਪੱਬ ਵਿਚ ਇੱਕ ਸੀਨੀਅਰ ਪੁਲਿਸ ਅਫਸਰ ਨੂੰ ਕੁੱਟਣ ਪਿੱਛੋਂ ਪਹਿਲੀ ਮੰਜ਼ਿਲ ਤੋਂ ਹੇਠਾਂ ਸੁੱਟ ਦਿੱਤਾ ਗਿਆ ਤੇ ਹਸਪਤਾਲ ਪਿਆ ਵਿਚਾਰਾ ਪੁਲਿਸ ਅਫਸਰ ਆਪਣਾ ਦੁੱਖ ਦੱਸਣ ਦੀ ਥਾਂ ਇਹੋ ਕਹੀ ਜਾ ਰਿਹਾ ਸੀ ਕਿ ਮੇਰਾ ਪੈਰ ਤਿਲਕ ਗਿਆ ਸੀ। ਪੱਤਰਕਾਰ ਕਹਿੰਦੇ ਸਨ ਕਿ ਅਸੀਂ ਸੀ.ਸੀ.ਟੀ.ਵੀ. ਰਿਕਾਰਡਿੰਗ ਵਿਚ ਤੁਹਾਨੂੰ ਸੁੱਟੇ ਜਾਂਦੇ ਵੇਖਿਆ ਹੈ, ਪਰ ਉਹ ਜ਼ੋਰਾਵਰਾਂ ਦੇ ਦਬਕੇ ਹੇਠ ਇਹੋ ਗੱਲ ਕਹੀ ਜਾਂਦਾ ਸੀ ਕਿ ਰਿਕਾਰਡਿੰਗ ਦਾ ਪਤਾ ਨਹੀਂ, ਮੈਂ ਤਾਂ ਆਪ ਹੀ ਡਿੱਗਾ ਸਾਂ।

'ਪੰਜਾਬ ਵਿਚ ਜਿਸ ਪਾਰਟੀ ਦੀ ਸਰਕਾਰ ਵੀ ਬਣੀ', ਬਦਮਾਸ਼ਾਂ ਜੋਗੇ ਸਰਪ੍ਰਸਤ ਉਸੇ ਵਿਚ ਨਿਕਲ ਪੈਣ ਦਾ ਪੁਲਿਸ ਦੇ ਉਸ ਅਫਸਰ ਦਾ ਤੌਖਲਾ ਸਾਡੇ ਲਈ ਵੀ ਨਵੀਂ ਸੋਚ ਦਾ ਸਿਰ ਦਰਦ ਦੇਣ ਵਾਲਾ ਸੀ। ਪਿਛਲੇ ਦਿਨੀਂ ਚੋਣ ਚੱਲਦੀ ਵਿਚ, ਤੇ ਉਸ ਤੋਂ ਪਹਿਲਾਂ ਵੀ, ਪੰਜਾਬ ਵਿਚ ਹੁੰਦੇ-ਵਾਪਰਦੇ ਦੀ ਘੋਖ ਰੱਖਣ ਦੀ ਜਿੰਨੀ ਕੁ ਕੋਸ਼ਿਸ਼ ਅਸੀਂ ਕੀਤੀ ਸੀ, ਉਸ ਵਿਚੋਂ ਸਾਡਾ ਇਹ ਸਿਰ ਦਰਦ ਵਧਾਉਣ ਵਾਲੀਆਂ ਕਈ ਮਿਸਾਲਾਂ ਲੱਭ ਜਾਂਦੀਆਂ ਸਨ।

ਸਾਡੇ ਲਈ ਇਹ ਕਥਾ ਹੁਣ ਪੁਰਾਣੀ ਹੋ ਚੁਕੀ ਹੈ ਕਿ ਅਬੋਹਰ ਵਿਚ ਸ਼ਰਾਬ ਦਾ ਕਾਰੋਬਾਰੀ ਸ਼ਿਵ ਲਾਲ ਡੋਡਾ ਉਸ ਖੇਤਰ ਵਿਚ ਅਕਾਲੀ ਦਲ ਦੇ ਲੀਡਰ ਵਜੋਂ ਸਰਕਾਰ ਦੀ ਢੋਅ ਹੋਣ ਕਾਰਨ ਜ਼ੁਲਮਾਂ ਦਾ ਝੱਖੜ ਝੁਲਾਈ ਜਾਂਦਾ ਸੀ ਤੇ ਪੁਲਿਸ ਦੇ ਅਫਸਰਾਂ ਨੇ ਆਪਣੀਆਂ ਅੱਖਾਂ ਉਤੇ ਪੱਟੀ ਬੰਨ੍ਹੀ ਹੋਈ ਸੀ। ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਰੋਜ਼ ਜੇਲ੍ਹ ਵਿਚ ਉਹ ਮੀਟਿੰਗਾਂ ਕਰਦਾ ਰਿਹਾ ਤੇ ਕਿਸੇ ਰੋਕਿਆ ਨਹੀਂ ਸੀ, ਪਰ ਜ਼ਾਬਤਾ ਲੱਗਦੇ ਸਾਰ ਛਾਪਾ ਪੈ ਗਿਆ ਤਾਂ ਉਸ ਦੇ ਜੋਟੀਦਾਰ ਅਕਾਲੀ ਆਗੂ ਵੀ ਫਸੇ ਫਿਰਦੇ ਹਨ। ਨਵੀਂ ਗੱਲ ਇਹ ਜਾਣ ਲੈਣੀ ਚਾਹੀਦੀ ਹੈ ਕਿ ਰਾਜਸਥਾਨ ਵਿਚ ਇੱਕ ਚੋਣ ਮੌਕੇ ਸ਼ਿਵ ਲਾਲ ਡੋਡਾ ਦੇ ਦਿੱਤੇ ਪੈਸੇ ਨਾਲ ਜਿਹੜਾ ਬੰਦਾ ਉਮੀਦਵਾਰ ਬਣਿਆ ਤੇ ਹਾਰਨ ਪਿੱਛੋਂ ਸ਼ਰਾਬ ਦੇ ਕਾਰੋਬਾਰ ਵਿਚ ਸ਼ਿਵ ਲਾਲ ਡੋਡਾ ਦੇ ਕਾਰਿੰਦੇ ਦਾ ਕੰਮ ਕਰਦਾ ਸੀ, ਉਸ ਨੂੰ ਜਨਵਰੀ ਵਿਚ ਆਮ ਆਦਮੀ ਪਾਰਟੀ ਨੇ ਆਪਣੇ ਵਿਚ ਸ਼ਾਮਲ ਕਰ ਲਿਆ ਸੀ। ਇਸ ਤੋਂ ਵੱਡੀ ਹੈਰਾਨੀ ਦੀ ਗੱਲ ਇਹ ਕਿ ਉਸੇ ਡੋਡਾ-ਜੁੰਡੀ ਵਿਚੋਂ ਇੱਕ ਹੋਰ ਪਿਆਦਾ ਉਸ ਹਲਕੇ ਦੇ ਕਾਂਗਰਸੀ ਵਿਧਾਇਕ ਤੋਂ ਕੁਝ ਓਹਲਾ ਰੱਖ ਕੇ ਦਿੱਲੀ ਦੇ ਇੱਕ ਵੱਡੇ ਆਗੂ ਰਾਹੀਂ ਕਾਂਗਰਸ ਦੀ ਹਾਈ ਕਮਾਂਡ ਵਿਚਲੇ ਇੱਕ 'ਪੌਣਾ ਅਕਾਲੀ' ਮੰਨੇ ਜਾਂਦੇ ਲੀਡਰ ਤੱਕ ਕੁੰਡੀ ਪਾ ਆਇਆ ਹੈ।

ਪੁਲਿਸ ਅਸਲ ਵਿਚ ਰਾਜਕੀ ਤਾਕਤ ਦਾ ਸਭ ਤੋਂ ਵੱਡਾ ਹਥਿਆਰ ਹੁੰਦੀ ਹੈ। ਇਹ ਤਾਕਤ ਲੋਕਾਂ ਦੇ ਹਿੱਤ ਲਈ ਵਰਤੀ ਜਾਣੀ ਚਾਹੀਦੀ ਹੈ, ਪਰ ਰਾਜ ਜਿਹੜੀ ਵੀ ਪਾਰਟੀ ਦੇ ਹੱਥ ਆ ਜਾਵੇ, ਉਹ ਚਾਰ ਕੰਮ ਖੁਦ ਗਲਤ ਕਰਾਉਂਦੀ ਤੇ ਚੌਦਾਂ ਪੁਲਿਸ ਵਾਲਿਆਂ ਨੂੰ ਆਪਣੇ ਲਈ ਕਰਦੇ ਰਹਿਣ ਦੇ ਮੌਕੇ ਦੇ ਦਿੰਦੀ ਹੈ। ਹੋਰ ਰਾਜਾਂ ਦੀ ਪੁਲਿਸ ਵਾਂਗ ਪੰਜਾਬ ਪੁਲਿਸ ਦਾ ਅਕਸ ਵੀ ਚੰਗਾ ਨਹੀਂ ਹੋ ਸਕਿਆ, ਪਰ ਇਸ ਵਿਚ ਕਈ ਅਫਸਰ ਏਦਾਂ ਦੇ ਮੌਜੂਦ ਹਨ, ਜਿਹੜੇ ਝਿਜਕ ਤੋਂ ਬਿਨਾ ਆਖਦੇ ਹਨ ਕਿ ਸਾਡੇ ਮੋਢਿਆਂ ਉਤੇ ਤਾਰੇ ਹੀ ਚਮਕਦੇ ਹਨ, ਉਦਾਂ ਇਲਾਕੇ ਦੇ ਵਿਧਾਇਕ ਦਾ ਕੋਈ ਚੇਲਾ ਵੀ ਅੱਧੀ ਰਾਤ ਨੂੰ ਦੋ ਪੈਗ ਲਾ ਕੇ ਮੰਦਾ-ਚੰਗਾ ਬਕ ਦੇਵੇ ਤਾਂ ਉਸ ਦੀ ਬਕਵਾਸ ਸਹਿਣੀ ਪੈਂਦੀ ਹੈ। ਅਗਲੇ ਦਿਨ ਅਸੀਂ ਅਜੇ ਸੋਚਦੇ ਹੁੰਦੇ ਹਾਂ ਕਿ ਇਸ ਦੀ ਸ਼ਿਕਾਇਤ ਕਰੀਏ ਜਾਂ ਨਾ, ਤੇ ਓਨੀ ਦੇਰ ਨੂੰ ਵਿਧਾਇਕ ਜਾਂ ਮੰਤਰੀ ਦਾ ਫੋਨ ਆ ਜਾਂਦਾ ਹੈ ਕਿ ਤੁਸੀਂ ਰਾਤੀਂ ਮੇਰੇ ਬੰਦੇ ਨਾਲ ਬੜੀ 'ਬਦਤਮੀਜ਼ੀ' ਕੀਤੀ ਸੀ। ਏਨਾ ਨਿੱਘਰ ਗਿਆ ਹੈ ਪੰਜਾਬ!

ਹੁਣ ਜਦੋਂ ਪੰਜਾਬ ਦੇ ਲੋਕ ਵੋਟਾਂ ਪਾ ਕੇ ਇਨ੍ਹਾਂ ਦੇ ਨਤੀਜੇ ਬਾਰੇ ਇੱਕ ਦੂਸਰੇ ਨਾਲ ਗੱਲਾਂ ਕਰ ਰਹੇ ਹਨ, ਸਾਨੂੰ ਚਿੰਤਾ ਇਸ ਗੱਲ ਦੀ ਹੈ ਕਿ ਅਗਲਾ ਰਾਜ ਕਿੱਦਾਂ ਦਾ ਹੋਵੇਗਾ? ਪਿਛਲੇ ਦਸ ਸਾਲਾਂ ਦੇ ਰਾਜ, ਅਤੇ ਖਾਸ ਕਰ ਕੇ ਪੰਜ ਸਾਲਾਂ ਦੇ ਰਾਜ, ਬਾਰੇ ਜਦੋਂ ਇਹ ਕਿਹਾ ਜਾਂਦਾ ਹੈ ਕਿ ਇਸ ਵਿਚ ਉਹ ਕੁਝ ਹੁੰਦਾ ਰਿਹਾ, ਜਿਹੜਾ ਚਗੱਤਿਆਂ ਵੇਲੇ ਵੀ ਨਹੀਂ ਸੀ ਹੁੰਦਾ, ਇਥੇ ਕਿਤੇ ਫਿਰ ਇਹੋ ਕੁਝ ਤਾਂ ਨਹੀਂ ਹੋਣ ਲੱਗੇਗਾ? ਅਸੀਂ ਪੰਜਾਬ ਦੀ ਨਵੀਂ ਸਰਕਾਰ ਨੂੰ ਮਾਣਨ, ਹੰਢਾਉਣ ਜਾਂ ਭੁਗਤਣ ਲਈ ਜਦੋਂ ਆਪਣੇ ਆਪ ਨੂੰ ਮਾਨਸਿਕ ਪੱਖੋਂ ਤਿਆਰ ਕਰ ਰਹੇ ਹਾਂ, ਹਰ ਤਰ੍ਹਾਂ ਦੇ ਮਾੜੇ ਅਨਸਰ ਅਗਲੀ ਸਰਕਾਰ ਵਿਚ ਆਪਣਾ ਸਰਪ੍ਰਸਤ ਲੱਭਣ ਵਾਸਤੇ ਸਰਗਰਮ ਹੋ ਚੁਕੇ ਹਨ। ਇਸ ਗੱਲ ਨਾਲ ਹੁਣ ਕੋਈ ਫਰਕ ਨਹੀਂ ਪੈਂਦਾ ਕਿ ਅਸੀਂ ਕਿੱਦਾਂ ਦੀ ਸਰਕਾਰ ਚਾਹੁੰਦੇ ਹਾਂ, ਕਿਉਂਕਿ ਵੋਟਾਂ ਪੈ ਚੁਕੀਆਂ ਹਨ, ਪਰ ਇਸ ਗੱਲ ਬਾਰੇ ਚਿੰਤਾ ਜ਼ਰੂਰ ਹੈ ਕਿ ਅਗਲੀ ਸਰਕਾਰ ਕਿੱਦਾਂ ਦੀ ਹੋਵੇਗੀ, ਉਸ ਦਾ ਰਾਜ ਚਗੱਤਿਆਂ ਵਾਲਾ ਹੋਵੇਗਾ ਜਾਂ...?

# ਬਚਾਓ ਵਿਚ ਹੀ ਬਚਾਓ ਹੈ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਭਾਰਤੀ ਸੰਸਦ ਵੱਲੋਂ ਸਥਾਪਿਤ ਕੀਤੀ ਗਈ ਮਾਹਿਰਾਂ ਦੀ ਕਮੇਟੀ ਨੇ ਮੋਟਰ ਵਹੀਕਲਜ਼ (ਸੋਧ) ਬਿੱਲ ਲਈ ਕੁਝ ਅਹਿਮ ਮਦਾਂ ਸ਼ਾਮਿਲ ਕਰਨ ਦੀ ਸਿਫਾਰਸ਼ ਕੀਤੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤੀ ਵਸੋਂ ਵਿਚ ਆ ਰਹੇ ਵਾਧੇ ਵਾਂਗ ਮੋਟਰ ਗੱਡੀਆਂ ਦੇ ਵਾਧੇ ਦਾ ਵੀ ਅੰਤ ਨਹੀਂ। ਸਿੱਟੇ ਵਜੋਂ ਸੜਕ ਦੁਰਘਟਨਾਵਾਂ ਕਾਰਨ ਅਜਾਈਂ ਜਾਣ ਵਾਲੀਆਂ ਜਾਨਾਂ ਵਿਚ ਵੀ ਵਾਧਾ ਹੋ ਰਿਹਾ ਹੈ। ਮਨੁੱਖੀ ਜਾਨਾਂ ਦੇ ਬਚਾਓ ਲਈ ਜਿਹੜੇ ਉਪਾਓ ਕਮੇਟੀ ਨੇ ਸੁਝਾਏ ਹਨ, ਉਨ੍ਹਾਂ ਵਿਚ ਸੜਕਾਂ ਦੇ ਕੰਢੇ ਲੋੜੀਂਦੇ ਪਾਰਕਿੰਗ ਸਥਾਨ ਬਣਾਉਣਾ ਸਭ ਤੋਂ ਉਤੇ ਹੈ। ਵਿਗਿਆਨਿਕ ਤਫਤੀਸ਼ ਲੱਭਣਾ ਉਸ ਤੋਂ ਅੱਗੇ, ਤੇ ਸੜਕਾਂ ਦੇ ਠੇਕੇਦਾਰਾਂ ਵਲੋਂ ਕੀਤੀ ਅਣਗਹਿਲੀ ਉਤੇ ਭਾਰੀ ਜੁਰਮਾਨੇ ਤੇ ਹਰਜਾਨੇ ਦੀ ਵਿਵਸਥਾ ਕਰਨਾ, ਉਸ ਤੋਂ ਅੱਗੇ। ਭਾਰਤ ਵਿਚ ਗੱਡੀਆਂ ਬਣਾਉਣ ਵਾਲੇ ਉਦਯੋਗਾਂ ਲਈ ਲੋੜੀਂਦਾ ਕਾਨੂੰਨ ਬਣਾ ਕੇ ਨਵੀਆਂ ਗੱਡੀਆਂ ਦੀ ਰਫਤਾਰ ਤੇ ਗਤੀ ਸੀਮਤ ਕੀਤੀ ਜਾਣ ਅਤੇ ਲੋੜ ਤੋਂ ਵੱਧ ਭਾਰ ਚੁੱਕ ਕੇ ਜਾਣ ਵਾਲੀ ਗੱਡੀ ਦਾ ਵਾਧੂ ਭਾਰ ਲਾਹ ਕੇ ਸੁੱਟਣ ਤੋਂ ਬਿਨਾ ਗੱਡੀ ਦੀ ਬਣਤਰ ਸਮੇਂ ਉਸ ਵਿਚ ਅਜਿਹੀ ਵਿਧੀ ਦਾ ਪ੍ਰਬੰਧ ਕਰਨਾ ਕਿ ਉਹ ਵਾਧੂ ਭਾਰ ਲੈ ਕੇ ਚੱਲ ਹੀ ਨਾ ਸਕੇ, ਵੀ ਸ਼ਾਮਿਲ ਹੈ। ਜੇ ਕੋਈ ਬੰਦਾ ਕਿਸੇ ਗੱਡੀ ਨੂੰ ਚਲਾਉਣ ਦੇ ਅਯੋਗ ਹੁੰਦਾ ਹੋਇਆ ਵੀ ਗੱਡੀ ਚਲਾਉਂਦਾ ਫੜਿਆ ਜਾਂਦਾ ਹੈ ਤਾਂ ਉਸ ਦਾ ਜੁਰਮਾਨਾ 1000 ਰੁਪਏ ਤੋਂ ਵਧਾ ਕੇ 5000 ਰੁਪਏ ਕੀਤਾ ਜਾਵੇ। ਭਾਰੀ ਗੱਡੀਆਂ ਦੀ ਚਲਾਈ ਤੇ ਵਰਤੋਂ ਸਵੇਰੇ ਤਿੰਨ ਵਜੇ ਤੋਂ ਪੰਜ ਵਜੇ ਤੱਕ ਮਨ੍ਹਾਂ ਹੋਵੇ, 500 ਕਿਲੋਮੀਟਰ ਤੋਂ ਦੂਰ ਜਾਣ ਵਾਲੀਆਂ ਗੱਡੀਆਂ ਲਈ ਦੋ ਡਰਾਈਵਰਾਂ ਦਾ



ਹੋਣਾ ਹੀ ਨਹੀਂ ਡਰਾਈਵਰਾਂ, ਕੰਡਕਟਰਾਂ ਤੇ ਸਬੰਧਤ ਕਰਮਚਾਰੀਆਂ ਦੀ ਇੰਸ਼ੋਰੈਂਸ ਵੀ ਲਾਜ਼ਮੀ ਕੀਤੀ ਜਾਵੇ। ਇਥੇ ਹੀ ਬੱਸ ਨਹੀਂ, ਜੇ ਹੋ ਸਕੇ ਨਿਯਮਤ ਸਮੇਂ ਦੇ ਅੰਦਰ-ਅੰਦਰ ਡਰਾਈਵਰਾਂ ਨੂੰ ਦੁਰਘਟਨਾ ਦਾ ਸ਼ਿਕਾਰ ਹੋਏ ਦੋਸ਼ੀਆਂ ਦੀ ਹਸਪਤਾਲ ਵਿਚ ਪਿਆਂ ਦੀ ਬੇਵਸੀ ਦਿਖਾਈ ਜਾਵੇ।

ਸੜਕੀ ਦੁਰਘਟਨਾਵਾਂ ਦੇ ਵਾਧੇ ਨੂੰ ਮੁੱਖ ਰੱਖਦਿਆਂ ਇਨ੍ਹਾਂ ਸੁਝਾਵਾਂ ਦਾ ਸਵਾਗਤ ਕਰਨਾ ਬਣਦਾ ਹੈ ਪਰ ਇਹ ਵੀ ਦੇਖਿਆ ਜਾਵੇ ਕਿ ਇਨ੍ਹਾਂ ਉਤੇ ਅਮਲ ਕਰਨ ਵਿਚ ਅਣਗਹਿਲੀ ਨਾ ਹੋਵੇ।

**ਪੰਜਾਬ ਚੋਣਾਂ ਦੀ ਕਹਾਣੀ, ਸਬੰਧਤ ਧਿਰਾਂ ਦੀ ਜ਼ੁਬਾਨੀ:** ਪੰਜਾਬ ਵਿਧਾਨ ਸਭਾ ਚੋਣਾਂ ਉਪਰੰਤ ਨਜੂਮੀ ਤੇ ਭਵਿੱਖਵਾਣੀ ਦੇ ਮਾਹਰ ਹੀ ਨਹੀਂ, ਸਬੰਧਤ ਆਗੂ ਤੇ ਉਮੀਦਵਾਰ ਵੀ ਵੱਡੀਆਂ ਆਸਾਂ ਲਾਈ ਬੈਠੇ ਹਨ। ਹੋਰ ਤਾਂ ਹੋਰ ਚੋਣਾਂ ਲਈ ਹੁੰਮ-ਹੁਮਾ ਕੇ ਦੇਸ਼ ਆਏ ਪਰਵਾਸੀ ਵੀ ਆਪੋ ਆਪਣੀ ਪਾਰਟੀਆਂ ਤੇ ਉਮੀਦਵਾਰਾਂ ਦੀ ਜਿੱਤ ਦੇ ਜਸ਼ਨਾਂ ਵਿਚ ਸ਼ਾਮਿਲ ਹੋਏ ਬਿਨਾ ਪਰਦੇਸ ਨਹੀਂ ਪਰਤਣਾ ਚਾਹੁੰਦੇ। ਮੀਡੀਆ ਅਨੁਸਾਰ ਅਜਿਹੇ ਪਰਵਾਸੀਆਂ ਦੀ ਗਿਣਤੀ ਵੀ ਘੱਟ ਨਹੀਂ ਜੋ ਆਪਣੇ ਉਮੀਦਵਾਰਾਂ ਦੇ ਜਸ਼ਨਾਂ ਨਾਲ ਵੱਡੀ ਪੱਧਰ ਉਤੇ ਅਖੰਡ ਪਾਠ ਕਰਵਾ ਕੇ ਉਪਰ ਵਾਲੇ ਦਾ ਸ਼ੁਕਰਾਨਾ ਕੀਤੇ ਬਿਨਾ ਨਹੀਂ ਜਾਣਾ ਚਾਹੁੰਦੇ। ਕਿਸੇ ਇਕ ਪਾਰਟੀ ਦੇ ਨਹੀਂ- 'ਆਪ', ਅਕਾਲੀ-ਭਾਜਪਾ ਅਤੇ ਕਾਂਗਰਸ ਨੂੰ ਪ੍ਰਣਾਏ ਅਨੇਕਾਂ ਪਰਵਾਸੀ ਇਨ੍ਹਾਂ ਚੋਣਾਂ ਬਾਰੇ ਉਤਸੁਕ ਸਨ ਤੇ ਹਾਲੀ ਵੀ ਹਨ।

ਮੀਡੀਆ ਅਨੁਸਾਰ 'ਆਪ' ਦਾ ਸਮਰਥਨ ਕਰਨ ਲਈ 35,000 ਪਰਵਾਸੀਆਂ ਨੇ ਹੱਥ ਖੜ੍ਹੇ ਕੀਤੇ ਸਨ ਜਿਨ੍ਹਾਂ ਵਿਚੋਂ 18-20 ਹਜ਼ਾਰ ਆਏ ਤੇ ਉਨ੍ਹਾਂ ਵਿਚੋਂ ਬਹੁਤੇ ਪੰਜਾਬ ਵਿਚ ਆਪੋ-ਆਪਣੇ ਟਿਕਾਣਿਆਂ ਉਤੇ ਡਟੇ ਹੋਏ ਹਨ। ਦੇਸ਼ ਤੋਂ ਦੂਰ ਬੈਠੇ ਸਾਰੇ ਪਰਵਾਸੀਆਂ ਦਾ ਤਬਦੀਲੀ ਰਹੀ ਉਤਸੁਕ ਹੋਣਾ ਕੁਦਰਤੀ ਹੈ, ਇਸ ਲਈ ਕਿ ਤਬਦੀਲੀ ਉਨ੍ਹਾਂ ਨੂੰ ਉਤਸ਼ਾਹ ਦਿੰਦੀ ਹੈ। ਜਿਥੋਂ ਤੱਕ ਮੇਰੇ ਜਾਣੂ ਉਮੀਦਵਾਰਾਂ ਦਾ ਸਬੰਧ ਹੈ, ਕਾਂਗਰਸੀ ਆਪਣਾ ਝੰਡਾ ਲਹਿਰਾ ਰਹੇ ਹਨ ਤੇ 'ਆਪ' ਵਾਲੇ ਝਾੜੂ ਨਾਲ ਹੂੰਝਾ ਫੇਰਨ ਦੇ ਦਾਅਵੇ ਕਰਦੇ ਹਨ। ਵਿਅਕਤੀਗਤ ਸੋਚਾਂ ਦੇ ਆਧਾਰ 'ਤੇ ਗੱਲ ਕਰਨੀ ਹੋਵੇ ਤਾਂ ਅਕਾਲੀ-ਭਾਜਪਾ ਵਾਲੇ ਹੀ ਐਸੇ ਹਨ ਜਿਨ੍ਹਾਂ ਵਿਚੋਂ ਪਹਿਲਾਂ ਵਾਲਾ ਦਮ-ਖਮ ਗਾਇਬ ਹੈ। ਦੇਖੀਏ 11 ਮਾਰਚ ਦੀ ਸ਼ਾਮ ਪੰਜਾਬ ਲਈ ਕੀ ਸੁਨੇਹਾ ਲੈ ਕੇ ਆਉਂਦੀ ਹੈ। ਨਿਸ਼ਚੇ ਹੀ ਇਸ ਵਾਰ ਦੀਆਂ ਚੋਣਾਂ ਸਬੰਧਤ ਧਿਰਾਂ ਨੂੰ ਛੱਡ ਕੇ ਸਾਰਿਆਂ ਲਈ ਮੌਜ ਮੇਲਾ ਬਣੀਆਂ ਹੋਈਆਂ ਹਨ।

**ਅੰਤਿਕਾ: ਬਹਾਦਰ ਸ਼ਾਹ ਜ਼ਫਰ**

ਦੁਸ਼ਮਨ ਜੋ ਹਸੀਨੋ ਕੋ
ਹਮ ਜਾਨ ਕੇ ਕਹਿਤੇ ਹੈਂ,
ਯੂੰ ਹੀ ਨਹੀਂ ਕਹਿਤੇ
ਕੁਛ ਜਾਨ ਕੇ ਕਹਿਤੇ ਹੈਂ।
ਹਮ ਤੇਰੀ ਤਰਹ
ਕਾਫਿਰ ਝੂਠੇ ਨਹੀਂ ਉਲਫਤ ਮੇਂ,
ਜੋ ਕਹਿਤੇ ਹੈਂ ਸਾਥ ਅਪਨੇ
ਈਮਾਨ ਕੇ ਕਹਿਤੇ ਹੈਂ।
ਭੇਦ ਅਪਨਾ ਜ਼ਫਰ
ਸਭ ਸੇ ਕਹਿ ਦੇਤੇ ਨਹੀਂ ਦਾਨਾਅ,
ਕਹਿਤੇ ਹੈਂ ਤੋ ਇਨਸਾਨ ਕੋ
ਪਹਿਚਾਨ ਕੇ ਕਹਿਤੇ ਹੈਂ।

# ਕਿਲਾ ਰਾਏਪੁਰ ਦੀ ਪੇਂਡੂ ਉਲੰਪਿਕ ਅਮਿੱਟ ਯਾਦਾਂ ਛੱਡਦੀ ਸਮਾਪਤ



**ਡੇਹਲੋਂ:** ਪੇਂਡੂ ਉਲੰਪਿਕਸ ਦੇ ਨਾਮ ਨਾਲ ਜਾਣੀਆਂ ਜਾਂਦਿਆਂ ਕਿਲਾ ਰਾਏਪੁਰ ਦੀਆਂ 81ਵੀਆਂ ਖੇਡਾਂ ਅਮਿੱਟ ਯਾਦਾਂ ਛੱਡਦੀਆਂ ਸਮਾਪਤ ਹੋ ਗਈਆਂ। ਆਖਰੀ ਦਿਨ ਜਿਥੇ 100 ਤੋਲੇ ਦੇ ਭਗਵੰਤ ਮੈਮੋਰੀਅਲ ਹਾਕੀ ਕੱਪ ਲਈ ਫਸਵੇਂ ਮੁਕਾਬਲੇ ਹੋਏ, ਉਥੇ ਹੀ ਕਬੱਡੀ ਮੁਕਾਬਲੇ ਵੀ ਦੇਖਣਯੋਗ ਸਨ। ਇਸ ਤੋਂ ਇਲਾਵਾ ਬਜ਼ੁਰਗਾਂ ਦੀ ਦੌੜ, ਅਥਲੈਟਿਕਸ, ਟਰੈਕਟਰ ਦੌੜ, ਘੋੜਿਆਂ ਦੀ ਦੌੜ, ਬਾਜ਼ੀਗਰਾਂ ਦੇ ਕਰਤਬ, ਮੋਟਰਸਾਈਕਲ ਚਾਲਕਾਂ ਦੇ ਕਰਤਬ ਅਤੇ ਕੁੱਤਿਆਂ ਦੀਆਂ ਦੌੜਾਂ ਵੀ ਹੋਈਆਂ। ਨਾਲ ਹੀ ਨਿਹੰਗ ਸਿੰਘਾਂ ਦੇ ਕਰਤਬ ਵੀ ਦੇਖਣਯੋਗ ਸਨ।

ਭਗਵੰਤ ਮੈਮੋਰੀਅਲ ਗੋਲਡ ਹਾਕੀ ਕੱਪ ਲਈ ਹੋਏ ਫਸਵੇਂ ਮੁਕਾਬਲੇ ਵਿਚ ਹਾਂਸ ਕਲਾਂ ਕਲੱਬ ਨੇ ਜਰਖੜ ਇਲੈਵਨ ਨੂੰ ਪੈਨਲਟੀ ਸ਼ੂਟਆਊਟ ਰਾਹੀਂ 5-4 ਦੇ ਫਰਕ ਨਾਲ ਹਰਾ ਕੇ ਕੱਪ 'ਤੇ ਕਬਜ਼ਾ ਕਰ ਲਿਆ। ਕਬੱਡੀ 70 ਕਿੱਲੋ ਭਾਰ ਵਰਗ ਵਿਚ ਹਮੀਦੀ ਦੀ ਟੀਮ ਨੇ ਪਹਿਲਾ ਅਤੇ ਚੰਨਣਵਾਲ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਹੋਰ ਹੋਏ ਵੱਖ-ਵੱਖ ਮੁਕਾਬਲਿਆਂ ਦੌਰਾਨ ਸਵਰਨ ਸਿੰਘ ਨੇ ਢਾਈ ਕੁਇੰਟਲ ਦੀ ਬੋਰੀ ਚੁੱਕੀ, ਬਲਵੀਰ ਸਿੰਘ ਨੇ ਇੱਟਾਂ ਛਾਤੀ 'ਤੇ ਰੱਖ ਕੇ ਤੋੜੀਆਂ, ਮੁਕੰਦ ਸਿੰਘ ਮੋਗਾ ਨੇ 100 ਡੰਡ ਲਾਏ, ਲਵਪ੍ਰੀਤ ਸਿੰਘ ਨੇ ਦੋ ਬੁਲੈਟ ਮੋਟਰਸਾਈਕਲ ਬਾਹਾਂ ਨਾਲ ਰੋਕੇ, ਅੰਗਹੀਣ ਬਲਦੇਵ ਸਿੰਘ ਨੇ ਦੋਵਾਂ ਬਾਂਹਵਾਂ ਤੇ ਸਰੀਰ ਦਾ ਬੈਲੈਂਸ ਕੀਤਾ, ਪਰਮਿੰਦਰ ਸਿੰਘ ਨੇ ਦੰਦਾਂ ਨਾਲ 27 ਇੱਟਾਂ ਚੁੱਕੀਆਂ, ਅੰਗਰੇਜ਼ ਸਿੰਘ, ਮਨਜਿੰਦਰ ਸਿੰਘ ਅਤੇ ਅਰਜਨ ਸਿੰਘ ਇਕ 14 ਇੰਚ ਦੇ ਰਿੰਗ ਵਿਚੋਂ ਨਿਕਲੇ, 15 ਸਾਲਾ ਵਿਸ਼ਾਲ ਨੇ ਦੰਦਾਂ ਨਾਲ ਪੰਜ ਇੱਟਾਂ ਚੁੱਕੀਆਂ, ਸੋਨੂੰ ਨੇ ਮੋਟਰਸਾਈਕਲ ਦੰਦਾਂ ਨਾਲ ਖਿੱਚਿਆ, ਸਲਵਿੰਦਰ ਸਿੰਘ ਨੇ ਦੰਦਾਂ ਨਾਲ ਹਲ ਚੁੱਕਿਆ, ਅੰਗਹੀਣ ਨਰਿੰਦਰ ਸਿੰਘ ਨੇ ਟਰੈਕ ਦੇ 10 ਚੱਕਰ ਲਗਾਏ ਅਤੇ ਸਿਕੰਦਰ ਸਿੰਘ ਨੇ 250 ਡੰਡ ਲਾਏ। ਅਥਲੈਟਿਕਸ ਦੇ ਵੱਖ-ਵੱਖ ਮੁਕਾਬਲਿਆਂ ਦੌਰਾਨ ਉਚੀ ਛਾਲ ਲੜਕਿਆਂ ਦੇ ਮੁਕਾਬਲੇ ਵਿਚ ਲਵਪ੍ਰੀਤ ਸਿੰਘ ਨੇ ਪਹਿਲਾ, ਰਜਤ ਨੇ ਦੂਸਰਾ ਤੇ ਅਰਸ਼ਦੀਪ ਸਿੰਘ ਨੇ ਤੀਸਰਾ ਇਨਾਮ ਜਿੱਤਿਆ।

ਉਚੀ ਛਾਲ ਲੜਕੀਆਂ ਦੇ ਮੁਕਾਬਲੇ 'ਚ ਜਯੋਤੀ ਨੇ ਪਹਿਲਾ, ਰਿਤੂ ਨੇ ਦੂਸਰਾ, ਖੁਸ਼ਪ੍ਰੀਤ ਨੇ ਤੀਸਰਾ ਸਥਾਨ ਹਾਸਲ ਕੀਤਾ। 200 ਮੀਟਰ ਲੜਕਿਆਂ ਦੇ ਮੁਕਾਬਲੇ ਵਿਚ ਰਘਵੀਰ ਸਿੰਘ ਜਲੰਧਰ ਨੇ ਪਹਿਲਾ, ਜਤਿੰਦਰਪਾਲ ਸਿੰਘ ਫਤਹਿਗੜ੍ਹ ਸਾਹਿਬ ਨੇ ਦੂਸਰਾ ਤੇ ਅਰਸ਼ਦੀਪ ਸਿੰਘ ਪਟਿਆਲਾ ਨੇ ਤੀਸਰਾ ਸਥਾਨ ਹਾਸਲ ਕੀਤਾ। 75 ਸਾਲ ਤੋਂ 80 ਸਾਲ ਉਮਰ ਵਰਗ ਦੀ ਸੌ ਮੀਟਰ ਦੌੜ ਵਿਚ ਛੱਜੂ ਰਾਮ ਧਨੌਲਾ ਨੇ ਪਹਿਲਾ, ਸਕੱਤਰ ਸਿੰਘ ਤਰਨ ਤਾਰਨ ਨੇ ਦੂਸਰਾ ਤੇ ਤੇਜਾ ਸਿੰਘ ਫੱਲੇਵਾਲ ਨੇ ਤੀਸਰਾ ਸਥਾਨ ਹਾਸਲ ਕੀਤਾ। 80 ਤੋਂ 90 ਸਾਲ ਦੇ ਬਜ਼ੁਰਗਾਂ ਦੀ ਦੌੜ ਵਿਚੋਂ ਨਛੱਤਰ ਸਿੰਘ ਖੰਨਾ ਨੇ ਪਹਿਲਾ, ਤੇਜਾ ਸਿੰਘ ਫੱਲੇਵਾਲ ਨੇ ਦੂਸਰਾ, ਨਛੱਤਰ ਸਿੰਘ ਮਨਸੂਰਾਂ ਨੇ ਤੀਸਰਾ ਸਥਾਨ ਹਾਸਲ ਕੀਤਾ। 800 ਮੀਟਰ ਲੜਕਿਆਂ ਦੀ ਦੌੜ ਵਿਚੋਂ ਅਰਸ਼ਦੀਪ ਸਿੰਘ ਪਟਿਆਲਾ ਨੇ ਪਹਿਲਾ, ਬਲਜੀਤ ਸਿੰਘ ਲੁਧਿਆਣਾ ਨੇ ਦੂਸਰਾ ਤੇ ਜਗਦੇਵ ਸਿੰਘ ਪਟਿਆਲਾ ਨੇ ਤੀਸਰਾ ਸਥਾਨ ਲਿਆ। 800 ਮੀਟਰ ਲੜਕੀਆਂ ਦੀ ਦੌੜ 'ਚੋਂ ਅਮਨਦੀਪ ਕੌਰ ਸੰਗਰੂਰ ਨੇ ਪਹਿਲਾ, ਵੀਰਪਾਲ ਕੌਰ ਪਟਿਆਲਾ ਨੇ ਦੂਸਰਾ ਤੇ ਨਵਜੋਤ ਕੌਰ ਪਟਿਆਲਾ ਨੇ ਤੀਸਰਾ ਸਥਾਨ ਮੱਲਿਆ।

ਲੜਕਿਆਂ ਦੀ ਅੱਠ ਕਿਲੋਮੀਟਰ ਸਾਈਕਲ ਰੇਸ ਵਿਚੋਂ ਸਾਹਿਲ ਨੇ ਪਹਿਲਾ, ਅਮਨਦੀਪ ਸਿੰਘ ਨੇ ਦੂਸਰਾ ਤੇ ਹਰਸਿਮਰਨਜੀਤ ਸਿੰਘ ਨੇ ਤੀਸਰਾ, ਅੰਗਹੀਣਾਂ ਦੀ ਟ੍ਰਾਈਸਾਈਕਲ 100 ਮੀਟਰ ਰੇਸ ਵਿਚੋਂ ਸੁੱਖਾ ਕਿਲ੍ਹਾ ਰਾਏਪੁਰ ਨੇ ਪਹਿਲਾ, ਜੋਗਿੰਦਰ ਸਿੰਘ ਲੁਧਿਆਣਾ ਨੇ ਦੂਸਰਾ, ਨਿਰੰਜਣ ਸਿੰਘ ਲੁਧਿਆਣਾ ਨੇ ਤੀਸਰਾ, ਟਰਾਲੀ ਲੋਡਿੰਗ ਅਨਲੋਡਿੰਗ ਦੇ ਮੁਕਾਬਲੇ ਵਿਚੋਂ ਸੰਗਰੂਰ ਨੇ ਪਹਿਲਾ ਅਤੇ ਮਸਤੂਆਣਾ ਸਾਹਿਬ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।

# ਪੈਰੋਲ 'ਤੇ ਗਏ ਮੁਲਜ਼ਮ ਪੁਲਿਸ ਨੂੰ ਨਹੀਂ ਦੇ ਰਹੇ ਰਾਹ

**ਲੁਧਿਆਣਾ:** ਸੂਬੇ ਵਿਚ ਗੈਂਗਸਟਰਾਂ ਵੱਲੋਂ ਨਿੱਤ ਦਿਨ ਵਾਰਦਾਤਾਂ ਕੀਤੀਆਂ ਜਾ ਰਹੀਆਂ ਹਨ। ਅਜਿਹੇ ਵਿਚ ਜੇਲ੍ਹ ਤੇ ਪੁਲਿਸ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਉਤੇ ਸਵਾਲ ਖੜ੍ਹੇ ਹੋ ਰਹੇ ਹਨ। ਸੂਬੇ ਦੀਆਂ 8 ਸੈਂਟਰਲ ਜੇਲ੍ਹਾਂ ਵਿਚੋਂ 103 ਕਤਲ ਕੇਸਾਂ ਦੇ ਕੈਦੀ, 139 ਨਸ਼ਾ ਤਸਕਰਾਂ ਸਮੇਤ 311 ਕੈਦੀ ਕਈ ਸਾਲਾਂ ਤੋਂ ਪੈਰੋਲ ਲੈ ਕੇ ਫਰਾਰ ਹਨ। ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਮੰਗੀ ਜਾਣਕਾਰੀ ਵਿਚ ਇਹ ਖੁਲਾਸਾ ਹੋਇਆ ਹੈ।

ਕਾਗਜ਼ੀ ਖਾਨਾਪੂਰਤੀ ਤੋਂ ਇਲਾਵਾ ਜੇਲ੍ਹ ਤੇ ਪੁਲਿਸ ਪ੍ਰਸ਼ਾਸਨ ਨੇ ਇਨ੍ਹਾਂ ਕੈਦੀਆਂ ਨੂੰ ਫੜਨ ਲਈ ਕੁਝ ਨਹੀਂ ਕੀਤਾ। ਪੈਰੋਲ ਜੰਪ ਕਰਨ ਵਾਲਿਆਂ ਵਿਚ ਔਰਤਾਂ ਵੀ ਪਿੱਛੇ ਨਹੀਂ ਹਨ। ਲੁਧਿਆਣਾ ਕੇਂਦਰੀ ਜੇਲ੍ਹ ਵਿਚੋਂ 2 ਔਰਤਾਂ ਵੀ ਅਜਿਹੀਆਂ ਹਨ ਜੋ ਪੈਰੋਲ 'ਤੇ ਛੁੱਟੀ ਲੈ ਕੇ ਮੁੜ ਪੁਲਿਸ ਦੇ ਹੱਥੀਂ ਨਹੀਂ ਚੜ੍ਹੀਆਂ। ਇਨ੍ਹਾਂ ਫਰਾਰ ਕੈਦੀਆਂ ਵਿਚ 1989 ਤੋਂ ਹੁਣ ਤੱਕ ਦੇ ਕੈਦੀ ਸ਼ਾਮਲ ਹਨ। ਇਨ੍ਹਾਂ ਵਿਚ ਕਤਲ ਕੇਸ ਤੇ ਲੁੱਟਾਂ ਦੀਆਂ ਵਾਰਦਾਤਾਂ ਕਰਨ ਵਾਲੇ ਕਈ ਵੱਡੇ ਅਪਰਾਧੀ ਤੇ ਗੈਂਗਸਟਰ ਵੀ ਸ਼ਾਮਲ ਹਨ। ਆਰ.ਟੀ.ਆਈ. ਰਾਹੀਂ ਤਕਰੀਬਨ ਤਿੰਨ ਮਹੀਨੇ ਪਹਿਲਾਂ 10 ਸੈਂਟਰਲ ਜੇਲ੍ਹਾਂ ਵਿਚੋਂ ਪੈਰੋਲ ਲੈ ਕੇ ਫਰਾਰ ਹੋਏ ਕੈਦੀਆਂ ਦੀ ਜਾਣਕਾਰੀ ਮੰਗੀ ਸੀ। ਇਸ ਵਿਚੋਂ ਸਿਰਫ ਫਰੀਦਕੋਟ, ਸੰਗਰੂਰ,

### 311 ਕੈਦੀ ਕਈ ਸਾਲਾਂ ਤੋਂ ਪੈਰੋਲ ਲੈ ਕੇ ਫਰਾਰ

ਪਟਿਆਲਾ, ਕਪੂਰਥਲਾ, ਗੁਰਦਾਸਪੁਰ, ਨਾਭਾ, ਅੰਮ੍ਰਿਤਸਰ ਤੇ ਲੁਧਿਆਣਾ ਦੀਆਂ ਸੈਂਟਰਲ ਜੇਲ੍ਹਾਂ ਵਿਚੋਂ ਹੀ ਜਾਣਕਾਰੀ ਮਿਲੀ ਹੈ। ਇਸ ਅਨੁਸਾਰ 311 ਕੈਦੀ ਅਜਿਹੇ ਹਨ, ਜੋ ਲੰਮੇ ਸਮੇਂ ਤੋਂ ਪੈਰੋਲ 'ਤੇ ਜੇਲ੍ਹ ਵਿਚ ਛੁੱਟੀ ਲੈਣ ਦੇ ਬਾਅਦ ਵਾਪਸ ਨਹੀਂ ਪਰਤੇ। ਇਨ੍ਹਾਂ ਕੈਦੀਆਂ ਵਿਚ ਵੱਡੀ ਗਿਣਤੀ, 139 ਦੇ ਕਰੀਬ ਨਸ਼ਾ ਤਸਕਰਾਂ ਦੀ ਹੈ। ਇਸ ਤੋਂ ਬਾਅਦ 103 ਕਾਤਲ ਫਰਾਰ ਹੋਏ ਹਨ, ਜਿਨ੍ਹਾਂ 'ਤੇ ਪੁਲਿਸ ਨੇ ਕਤਲ ਦੇ ਕੇਸ ਦਰਜ ਕੀਤੇ ਹੋਏ ਸਨ। ਇਨ੍ਹਾਂ ਕੈਦੀਆਂ ਨੂੰ ਅਦਾਲਤ ਵੱਲੋਂ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਸੁਣਾਈ ਗਈ ਹੈ।

ਅੰਕੜਿਆਂ ਮੁਤਾਬਕ ਲੁਧਿਆਣਾ ਕੇਂਦਰੀ ਜੇਲ੍ਹ ਵਿਚੋਂ 46 ਕੈਦੀ, ਅੰਮ੍ਰਿਤਸਰ ਜੇਲ੍ਹ ਵਿਚੋਂ 47 ਕੈਦੀ, ਸੰਗਰੂਰ ਜੇਲ੍ਹ ਵਿਚੋਂ 33 ਕੈਦੀ ਪੈਰੋਲ ਲੈ ਕੇ ਫਰਾਰ ਹਨ। ਪਟਿਆਲਾ ਜੇਲ੍ਹ ਵਿਚੋਂ 38 ਕੈਦੀ, ਕਪੂਰਥਲਾ ਜੇਲ੍ਹ ਵਿਚੋਂ 46, ਨਾਭਾ ਜੇਲ੍ਹ ਵਿਚੋਂ 10, ਫਰੀਦਕੋਟ ਵਿਚੋਂ 61 ਕੈਦੀ ਪੈਰੋਲ ਲੈ ਕੇ ਫਰਾਰ ਹੋਏ ਹਨ। ਬਠਿੰਡਾ ਜੇਲ੍ਹ ਵਿਚੋਂ ਇਕ ਸਾਲ ਦੇ ਸਮੇਂ ਦੌਰਾਨ 28 ਕੈਦੀ ਪੈਰੋਲ ਲੈ ਕੇ ਫਰਾਰ ਹੋਏ, ਜੋ ਉਮਰ ਕੈਦ ਭੁਗਤ ਰਹੇ ਸਨ।

# ਦਿੱਲੀ ਚੋਣਾਂ: ਮੁੱਦਿਆਂ ਦੀ ਥਾਂ ਇਕ ਦੂਜੇ ਨੂੰ ਘੇਰਨ ਦਾ ਦੌਰ



**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪਿਛਲੇ ਕਾਰਜਕਾਲ ਦੌਰਾਨ 2012 ਦੀ ਡੀ.ਡੀ.ਏ. ਨਾਲ ਸਬੰਧਤ 'ਐਮ.ਓ.ਸੀ. ਦੇ ਮਾਮਲੇ ਵਿਚ ਪਰਮਜੀਤ ਸਿੰਘ ਸਰਨਾ ਨੂੰ ਜਾਰੀ ਸੰਮਨ, ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਪਿਛਲੇ ਸਮੇਂ ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਤੇ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਡੇਰਾ ਸੱਚਾ ਸੌਦਾ ਵੱਲੋਂ ਹਮਾਇਤ ਲੈਣ ਦੇ ਮੁੱਦੇ ਭਾਰੂ ਹੋ ਗਏ ਹਨ ਤੇ ਪੰਜਾਬੀ ਭਾਸ਼ਾ ਤੇ ਸਿੱਖ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਸਮੇਤ ਸਥਾਨਕ ਸਿੱਖਾਂ ਦੇ ਮਸਲੇ ਚੋਣਾਂ ਦੇ ਰੌਲੇ ਵਿਚ ਦੱਬ ਕੇ ਰਹਿ ਗਏ ਹਨ।

ਦਿੱਲੀ ਕਮੇਟੀ ਦੇ 46 ਵਾਰਡਾਂ ਲਈ ਉਮੀਦਵਾਰਾਂ ਵੱਲੋਂ ਪੂਰਾ ਜ਼ੋਰ ਲਾਇਆ ਜਾ ਰਿਹਾ ਹੈ। ਖਾਸ ਕਰ ਕੇ ਤਿੰਨ ਧਿਰਾਂ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਅਕਾਲੀ ਦਲ (ਦਿੱਲੀ) ਤੇ ਪੰਥਕ ਸੇਵਾ ਦਲ ਵੱਲੋਂ ਇਕ ਦੂਜੇ ਨੂੰ ਘੇਰਿਆ ਜਾ ਰਿਹਾ ਹੈ। ਵਿਰੋਧੀ ਧਿਰ ਵੱਲੋਂ ਪੰਜਾਬ ਵਿਚ ਬੇਅਦਬੀਆਂ ਤੇ ਡੇਰਾ ਸੱਚਾ ਸੌਦਾ ਵੱਲੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਸਮਰਥਨ ਦੇਣ ਦੇ ਐਲਾਨ ਸਬੰਧੀ ਲਗਾਤਾਰ ਸਿਆਸੀ ਵਾਰ ਕੀਤੇ ਜਾ ਰਹੇ ਹਨ। ਇਸੇ ਦੌਰਾਨ ਦਿੱਲੀ ਕਮੇਟੀ ਦੀ 2012 ਦੀ ਡੀ.ਡੀ.ਏ. ਦੀ ਐਨ.ਓ.ਸੀ. ਦੇ ਮਾਮਲੇ ਵਿਚ ਚਾਰਜਸ਼ੀਟ ਵਿਚ ਪਰਮਜੀਤ ਸਿੰਘ ਸਰਨਾ ਦਾ ਨਾਂ ਆਉਣ ਕਰ ਕੇ ਹੁਣ ਜਾਅਲੀ ਐਨ.ਓ.ਸੀ. ਦੇ ਮੁੱਦੇ ਸਮੇਤ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਡੇਰਾ ਸੱਚਾ ਸੌਦਾ ਦਾ ਮੁੱਦਾ ਤਿੰਨੇ ਕੇਂਦਰ ਵਿਚ ਆ ਗਏ ਹਨ। ਦੂਜੇ ਪਾਸੇ ਦਿੱਲੀ ਵਿਚ ਪੰਜਾਬੀ ਦੇ ਹੋ ਰਹੇ ਘਾਣ ਤੇ ਸਿੱਖ ਸੱਭਿਆਚਾਰ ਨੂੰ ਲੱਗ ਰਿਹੇ ਖੋਰੇ ਵਰਗੇ ਮੁੱਦੇ ਗਾਇਬ ਹੋ ਗਏ ਹਨ। ਕਦੇ ਦਿੱਲੀ ਵਿਚ ਸਿੱਖ ਘਰਾਣੇ ਕਾਰੋਬਾਰ ਵਿਚ ਮੋਢੀ ਹੁੰਦੇ ਸਨ, ਪਰ ਨਵੰਬਰ 1984 ਦੇ ਸਿੱਖ ਕਤਲੇਆਮ ਮਗਰੋਂ ਸਿੱਖਾਂ ਨੂੰ ਆਪਣੇ ਕਾਰੋਬਾਰ ਮੁੜ ਖੜ੍ਹੇ ਕਰਨ ਵਿਚ ਖਾਸੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਪੰਜਾਬੀ ਭਾਸ਼ਾ ਨੂੰ ਪੜ੍ਹਨ ਵਾਲਿਆਂ ਦੀ ਗਿਣਤੀ ਸੁੰਗੜਦੀ ਜਾ ਰਹੀ ਹੈ। ਸਿਆਸੀ ਧਿਰਾਂ ਵਿਚ ਸਿੱਖਾਂ ਦੀ ਘੱਟ ਰਹੀ ਵੁੱਕਤ ਵੀ ਚਿੰਤਾ ਦਾ ਵਿਸ਼ਾ ਬਣ ਰਹੀ ਹੈ। ਸਾਰੀਆਂ ਹੀ ਮੁੱਖ ਧਿਰਾਂ ਵੱਲੋਂ ਪੰਜਾਬੀ ਨੂੰ ਆਪਣੇ ਚੋਣ ਮਨੋਰਥ ਪੱਤਰਾਂ ਵਿਚ ਪਿਛਲੇ ਸਫਿਆਂ ਉਪਰ ਥਾਂ ਦੇ ਕੇ ਰਸਮ ਅਦਾਇਗੀ ਹੀ ਕੀਤੀ ਗਈ ਹੈ।

### ਪੰਜਾਬ ਤੋਂ ਸਿੱਖ ਆਗੂਆਂ ਨੇ ਦਿੱਲੀ ਲਾਏ ਡੇਰੇ

**ਅੰਮ੍ਰਿਤਸਰ:** ਦਿੱਲੀ ਗੁਰਦੁਆਰਾ ਚੋਣਾਂ ਵਿਚ ਅਕਾਲੀ ਦਲ ਦਿੱਲੀ (ਸਰਨਾ) ਲਈ ਪ੍ਰਚਾਰ ਕਰਨ ਵਾਸਤੇ ਪੰਜਾਬ ਦੇ ਸਿੱਖ ਆਗੂਆਂ ਨੇ ਰਾਜਧਾਨੀ ਵਿਚ ਡੇਰੇ ਲਾਏ ਹੋਏ ਹਨ। ਇਨ੍ਹਾਂ ਵਿਚ ਵਧੇਰੇ ਸਰਬਤ ਖਾਲਸਾ ਦੀ ਪ੍ਰਬੰਧਕ ਧਿਰ ਨਾਲ ਜੁੜੇ ਆਗੂ ਸ਼ਾਮਲ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਾਸਤੇ 26 ਫਰਵਰੀ ਨੂੰ ਵੋਟਾਂ ਪੈਣਗੀਆਂ। ਇਸ ਵੇਲੇ ਮੁੱਖ ਮੁਕਾਬਲਾ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਅਕਾਲੀ ਦਲ (ਦਿੱਲੀ) ਸਰਨਾ ਵਿਚਾਲੇ ਹੈ, ਜਦੋਂਕਿ ਪੰਥਕ ਸੇਵਾ ਦਲ ਨੇ ਕੁਝ ਥਾਵਾਂ 'ਤੇ ਮੁਕਾਬਲੇ ਨੂੰ ਤਿਕੋਣਾ ਬਣਾ ਦਿੱਤਾ ਹੈ। ਇਸੇ ਤਰ੍ਹਾਂ ਕੁਝ ਹਲਕਿਆਂ ਵਿਚ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦਾ ਸਮਰਥਨ ਪ੍ਰਾਪਤ ਉਮੀਦਵਾਰ ਵੀ ਸ਼ਾਮਲ ਹਨ। ਸਰਨਾ ਗੁੱਟ ਵਾਸਤੇ ਪ੍ਰਚਾਰ ਕਰਨ ਲਈ ਪੰਜਾਬ ਤੋਂ ਕਈ ਸਿੱਖ ਆਗੂ ਦਿੱਲੀ ਪੁੱਜ ਗਏ ਹਨ।

### ਆਸਟਰੇਲੀਆ 'ਚ ਜਾਰੀ ਹੋਵੇਗਾ 10 ਡਾਲਰ ਦਾ ਨਵਾਂ ਨੋਟ

**ਬ੍ਰਿਸਬੇਨ:** ਰਿਜ਼ਰਵ ਬੈਂਕ ਆਫ ਆਸਟਰੇਲੀਆ (ਆਰ.ਬੀ.ਏ.) ਵੱਲੋਂ ਇਸ ਸਾਲ ਸਤੰਬਰ ਵਿਚ 10 ਡਾਲਰ ਦੇ ਨਵੇਂ ਨੋਟ ਜਾਰੀ ਕੀਤੇ ਜਾਣਗੇ। ਆਰ.ਬੀ.ਏ. ਗਵਰਨਰ ਫਿਲਿਪ ਲੋਵ ਮੁਤਾਬਕ 10 ਡਾਲਰ ਦੇ ਨਵੇਂ ਨੋਟ ਦੇ ਦੋਵੇਂ ਪਾਸੇ ਆਸਟਰੇਲੀਆ ਦੇ ਪ੍ਰਸਿੱਧ ਲੇਖਕਾਂ ਏ.ਬੀ. ਬੈਂਜੋ ਪੈਟਰਸਨ ਅਤੇ ਡੇਮ ਮੈਰੀ ਗਿਲੋਮਰ ਦੀਆਂ ਤਸਵੀਰਾਂ ਹੋਣਗੀਆਂ। ਨਵੇਂ ਨੋਟਾਂ ਨੂੰ ਹੋਰ ਆਕਰਸ਼ਕ ਬਣਾਉਣ ਲਈ ਉਨ੍ਹਾਂ 'ਤੇ ਆਸਟਰੇਲੀਆ ਨਾਲ ਸਬੰਧਤ ਪੰਛੀਆਂ, ਫੁੱਲਾਂ ਦੀਆਂ ਤਸਵੀਰਾਂ, ਪੈੱਨ ਦੀਆਂ ਨਿੱਬਾਂ ਅਤੇ ਦੋਹਾਂ ਲੇਖਕਾਂ ਦੀਆਂ ਕਵਿਤਾਵਾਂ ਦੀਆਂ ਕੁਝ ਵੰਨਗੀਆਂ ਵੀ ਦਰਜ ਹੋਣਗੀਆਂ।

# ਪਾਣੀ ਵਾਲੀ ਬੱਸ ਬਾਰੇ ਫੜੀ ਗਈ ਸੁਖਬੀਰ ਦੀ ਚਲਾਕੀ




**ਅੰਮ੍ਰਿਤਸਰ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਸੁਪਨਿਆਂ ਵਾਲੀ ਬੱਸ ਬਦਲ ਗਈ ਹੈ। ਹੁਣ ਪੁਰਾਣੀ ਪੀਲੀ ਬੱਸ ਦੀ ਥਾਂ ਨਵੀਂ ਨੀਲੇ ਰੰਗ ਦੀ ਬੱਸ ਹਰੀਕੇ ਝੀਲ ਵਿਚ ਚੱਲੇਗੀ। ਨਵੀਂ ਬੱਸ ਹਰੀਕੇ ਪਹੁੰਚ ਚੁੱਕੀ ਹੈ। ਇਥੇ ਪਹੁੰਚੀ ਨਵੀਂ ਬੱਸ ਦੇਖਣ ਨੂੰ ਕਾਫੀ ਖੂਬਸੂਰਤ ਵੀ ਲੱਗ ਰਹੀ ਹੈ। ਹਾਲਾਂਕਿ ਇਸ ਬੱਸ ਦੇ ਚੱਲਣ ਲਈ ਅਜੇ ਤਕਰੀਬਨ 15 ਦਿਨ ਹੋਰ ਇੰਤਜ਼ਾਰ ਕਰਨਾ ਪਏਗਾ। ਹਰੀਕੇ ਪਹੁੰਚੀ ਜਲ ਬੱਸ ਦੇਖਣ ਨੂੰ ਕਾਫੀ ਅਕਰਸ਼ਿਤ ਲੱਗ ਰਹੀ ਹੈ। ਇਸ ਨੂੰ ਦੇਖ ਪਹਿਲੀ ਨਜ਼ਰੇ ਹੀ ਕੋਈ ਵਿਦੇਸ਼ੀ ਬੱਸ ਜਾਪ ਰਹੀ ਹੈ। ਅਧਿਕਾਰੀਆਂ ਮੁਤਾਬਕ ਪਹਿਲਾਂ ਚਲਾਈ ਗਈ ਪੀਲੀ ਬੱਸ ਸਿਰਫ ਟਰੈਲ ਲਈ ਹੀ ਸੀ, ਅਸਲ ਬੱਸ ਹੁਣ ਪਹੁੰਚੀ ਹੈ।

ਚਰਚਾ ਹੈ ਕਿ ਸੁਖਬੀਰ ਨੇ ਚੋਣਾਂ ਵਿਚ ਲਾਹਾ ਲੈਣ ਲਈ ਪਹਿਲਾਂ ਪੀਲੀ ਬੱਸ ਮੰਗਵਾਈ ਸੀ, ਪਰ ਉਹ ਸਿਰਫ ਉਦਘਾਟਨ ਲਈ ਹੀ ਹਰੀਕੇ ਝੀਲ 'ਚ ਉਤਰੀ ਤੇ ਉਸ ਤੋਂ ਬਾਅਦ ਗੈਰਾਜ ਦੀ ਸ਼ਾਨ ਬਣ ਕੇ ਹੀ ਰਹਿ ਗਈ ਸੀ। ਵਿਰੋਧੀਆਂ ਨੇ ਸੋਸ਼ਲ ਮੀਡੀਆ 'ਤੇ ਇਸ ਬੱਸ ਦੇ ਡਿਜ਼ਾਈਨ ਬਾਰੇ ਟਿੱਪਣੀ ਕਰਦਿਆਂ ਘੜੁੱਕਾ ਤੱਕ ਦੱਸਿਆ ਸੀ, ਪਰ ਸਵਾਲ ਇਹ ਹੈ ਕਿ ਬੇਸ਼ੱਕ ਇਸ ਨਵੀਂ ਬੱਸ ਦੀ ਰੂਪ ਰੇਖਾ ਕਾਫੀ ਸੁੰਦਰ ਹੈ, ਪਰ ਕੀ ਇਹ ਬੱਸ ਹਰੀਕੇ ਝੀਲ ਵਿਚ ਚੱਲੇਗੀ? ਕਿਉਂਕਿ ਪੀਲੀ ਬੱਸ ਦੇ ਨਾਂ ਚੱਲਣ ਦਾ ਕਾਰਨ ਝੀਲ 'ਚ ਪਾਣੀ ਦਾ ਪੱਧਰ ਪੂਰਾ ਨਾ ਹੋਣਾ ਦੱਸਿਆ ਗਿਆ ਸੀ। ਜੇਕਰ ਪਾਣੀ ਘੱਟ ਹੋਣ ਕਾਰਨ ਪੀਲੀ ਬੱਸ ਨਹੀਂ ਚੱਲੀ ਸੀ ਤਾਂ ਕੀ ਘੱਟ ਪਾਣੀ 'ਚ ਇਹ ਨਵੀਂ ਬੱਸ ਚੱਲ ਸਕੇਗੀ।

ਇਸ ਦਾ ਜਵਾਬ ਸੈਰ ਸਪਾਟਾ ਵਿਭਾਗ ਨੇ ਦੇਣਾ ਹੈ। ਜੇਕਰ ਪਾਣੀ ਦਾ ਪੱਧਰ ਵਧਾਇਆ ਜਾਂਦਾ ਹੈ ਤਾਂ ਫਸਲਾਂ ਬਰਬਾਦ ਹੁੰਦੀਆਂ ਹਨ।

### ਪੁਰਾਣੀ ਬੱਸ ਗੋਆ ਰਵਾਨਾ

**ਤਰਨਤਾਰਨ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਇੱਜ਼ਤ ਦਾ ਸਵਾਲ ਬਣੀ ਪਾਣੀ ਵਾਲੀ ਬੱਸ ਇਕ ਵਾਰ ਫਿਰ ਸਵਾਲਾਂ ਦੇ ਘੇਰੇ ਵਿਚ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਹਰੀਕੇ ਪੱਤਣ ਚੱਲਣ ਵਿਚ ਫੇਲ੍ਹ ਹੋਣ ਮਗਰੋਂ ਇਸ ਬੱਸ ਨੂੰ ਗੋਆ ਲਈ ਰਵਾਨਾ ਕਰ ਦਿੱਤਾ ਗਿਆ ਹੈ। ਕਾਂਗਰਸ ਆਗੂ ਕੁਲਬੀਰ ਸਿੰਘ ਜੀਰਾ ਵੱਲੋਂ ਜਾਰੀ ਇਕ ਵੀਡੀਓ ਮੁਤਾਬਕ ਸੁਖਬੀਰ ਦੀ ਪਾਣੀ ਵਾਲੀ ਬੱਸ ਨੂੰ ਇਕ ਟਰਾਲੇ 'ਚ ਲੱਦ ਕੇ ਗੋਆ ਲਈ ਭੇਜਿਆ ਗਿਆ ਹੈ। ਜੀਰਾ



ਤੋਂ ਕਾਂਗਰਸ ਉਮੀਦਵਾਰ ਕੁਲਬੀਰ ਸਿੰਘ ਜੀਰਾ ਮੁਤਾਬਕ ਉਨ੍ਹਾਂ ਫਰੀਦਕੋਟ ਅੰਮ੍ਰਿਤਸਰ ਹਾਈਵੇ 'ਤੇ ਮੁੱਦਕੀ ਦੇ ਇਕ ਪੈਟਰੋਲ ਪੰਪ ਕੋਲ ਇਕ ਟਰਾਲੇ ਦੇ ਆਸ-ਪਾਸ ਲੋਕਾਂ ਦੀ ਭੀੜ ਦੇਖੀ। ਇਹ ਭੀੜ ਟਰਾਲੇ 'ਤੇ ਲੱਦੇ ਕਿਸੇ ਅਜੀਬ ਵਾਹਨ ਨੂੰ ਦੇਖ ਰਹੇ ਸਨ, ਜਿਸ ਨੂੰ ਪੂਰੀ ਤਰ੍ਹਾਂ ਢਕਿਆ ਗਿਆ ਸੀ, ਪਰ ਜਦ ਕੁਲਬੀਰ ਨੇ ਜਾ ਕੇ ਦੇਖਿਆ ਤਾਂ ਪਤਾ ਲੱਗਾ ਕਿ ਇਹ ਕੋਈ ਸਧਾਰਨ ਵਹੀਕਲ ਨਹੀਂ ਸਗੋਂ ਸੁਖਬੀਰ ਬਾਦਲ ਦੇ ਸੁਪਨਿਆਂ ਵਾਲੀ ਜਲ ਬੱਸ ਹੈ।

# ਨਾਟਕ 'ਹੁਕਮੋ ਦੀ ਹਵੇਲੀ' ਨੂੰ ਯੂਬਾ ਸਿਟੀ ਵਿਚ ਭਰਵਾਂ ਹੁੰਗਾਰਾ



**ਯੂਬਾ ਸਿਟੀ (ਬਿਊਰੋ):** ਉਘੇ ਰੰਗ ਕਰਮੀ ਸੁਰਿੰਦਰ ਸਿੰਘ ਧਨੋਆ ਦਾ ਲਿਖਿਆ ਅਤੇ ਨਿਰਦੇਸ਼ਿਤ ਨਾਟਕ 'ਹੁਕਮੋ ਦੀ ਹਵੇਲੀ' ਇਥੇ ਲੰਘੀ 11 ਫਰਵਰੀ ਨੂੰ ਖੇਡਿਆ ਗਿਆ ਜਿਸ ਨੂੰ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਮਿਲਿਆ। ਨਾਟਕ ਅਰੰਭ ਹੋਣ ਤੋਂ ਪਹਿਲਾਂ ਪੰਜਾਬ ਲੋਕ ਰੰਗ ਦੇ ਆਰਗੇਨਾਈਜ਼ਰ ਪਾਲੀ ਧਨੌਲਾ ਨੇ ਆਏ ਦਰਸ਼ਕਾਂ ਨੂੰ ਜੀ ਆਇਆਂ ਆਖੀ। ਉਪਰੰਤ ਸਟੇਜ ਸਕੱਤਰ ਪਰਮਿੰਦਰ ਸਿੰਘ ਗਰੇਵਾਲ ਨੇ ਯੂਬਾ ਸਿਟੀ ਦੀ ਮਿੰਨੀ ਪੰਜਾਬ ਵਜੋਂ ਪਛਾਣ ਕਰਾਉਂਦਿਆਂ ਇਥੇ ਹੁੰਦੇ ਨਗਰ ਕੀਰਤਨ, ਕਬੱਡੀ ਮੇਲਿਆਂ ਅਤੇ ਹੋਰ ਸਮਾਗਮਾਂ ਬਾਰੇ ਜਾਣਕਾਰੀ ਦਿੱਤੀ। ਨਾਲ ਹੀ ਉਨ੍ਹਾਂ ਕਿਹਾ ਕਿ ਇਸ ਸਭ ਕੁਝ ਦੇ ਹੁੰਦਿਆਂ ਵੀ ਅਕਾਦਮਿਕ ਪੱਧਰ ਉਤੇ ਸੰਜੀਦਾ ਯਤਨਾਂ ਦੀ ਘਾਟ ਰੜਕਦੀ ਹੈ। ਉਨ੍ਹਾਂ ਕਿਹਾ ਕਿ ਨਾਟਕ 'ਹੁਕਮੋ ਦੀ ਹਵੇਲੀ' ਦਾ ਮੰਚਨ ਇਸ ਦਿਸ਼ਾ ਵਿਚ ਇਕ ਸਾਰਥਕ ਯਤਨ ਹੈ। ਇਸ ਮੌਕੇ ਬੋਲਦਿਆਂ ਪੰਜਾਬ ਲੋਕ ਰੰਗ ਦੀ ਆਰਗੇਨਾਈਜ਼ਰ ਮੋਨਿਕਾ ਉਪਲ ਨੇ ਨਾਟਕ ਕਲਾ ਨੂੰ ਪ੍ਰਫੁਲਿਤ ਕਰਨ ਵਿਚ ਪੰਜਾਬ ਲੋਕ ਰੰਗ ਦੇ ਯਤਨਾਂ ਦਾ ਜ਼ਿਕਰ ਕੀਤਾ।

ਨਾਟਕ ਦਾ ਅਰੰਭ ਇਬਾਦਤ ਦੇ ਬੋਲਾਂ 'ਅੱਵਲ ਨਾਮ ਖੁਦਾਇ ਕਾ ਬਿਰਦ ਕੀਜੈ ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ। ਪਹਿਲਾਂ ਰੱਬ ਨੇ ਖੁਦ ਇਸ਼ਕ ਕੀਤਾ, ਮਾਸ਼ੂਕ ਸੀ ਨਬੀ ਰਸੂਲ ਮੀਆਂ' ਨਾਲ ਹੋਇਆ।

ਨਾਟਕ ਦਾ ਵਿਸ਼ਾ ਜਗੀਰਦਾਰੀ ਪ੍ਰਬੰਧ ਦੀ ਦੂਜੀ ਪੀੜ੍ਹੀ ਦਾ ਵਿਸ਼ਲੇਸ਼ਣ ਹੈ ਅਤੇ ਇਸ ਵਿਚ ਜੱਟ ਤੇ ਜ਼ਮੀਨ ਦੇ ਰਿਸ਼ਤੇ ਦੀ ਗੱਲ ਉਭਾਰ ਕੇ ਕੀਤੀ ਗਈ ਹੈ। ਨਾਲ ਹੀ ਜਗੀਰਦਾਰਾਂ ਦੀ ਬੰਦੇ ਖਾਣੀ ਸੋਚ ਉਤੇ ਤਿੱਖੀ ਟਿੱਪਣੀ ਕੀਤੀ ਗਈ ਹੈ, ਜੋ ਰਿਸ਼ਤਿਆਂ ਤੋਂ ਵੱਧ ਹਵੇਲੀਆਂ ਨੂੰ ਪਹਿਲ ਦਿੰਦੀ ਹੈ। ਤਕਰੀਬਨ ਅੱਸੀ ਕੁ ਸਾਲ ਪੁਰਾਣੀ ਵਿਰਾਸਤ ਨੂੰ ਦਿਖਾਉਣ ਵਾਲਾ ਇਹ ਨਾਟਕ ਪੁਰਾਤਨ ਪਰੰਪਰਾਵਾਂ ਨੂੰ ਆਧੁਨਿਕ ਪ੍ਰਸੰਗ ਵਿਚ ਬੋਲੀ, ਸ਼ੈਲੀ, ਪਹਿਰਾਵੇ, ਰਹਿਣ-ਸਹਿਣ ਅਤੇ ਸੰਸਕ੍ਰਿਤੀ ਨੂੰ ਰੂਪਮਾਨ ਕਰਦਾ ਹੈ। ਨਾਟਕ ਦੇ ਪਾਤਰਾਂ ਦਾ ਕਿਰਦਾਰ ਅਦਾਕਾਰਾਂ ਨੇ ਬੜੀ ਖੂਬਸੂਰਤੀ ਨਾਲ ਨਿਭਾਇਆ ਹੈ ਅਤੇ ਇੰਜ ਜਾਪਦਾ ਹੈ, ਜਿਵੇਂ ਇਹ ਪਾਤਰ ਸਾਡੇ ਆਪਣੇ ਘਰਾਂ ਵਿਚੋਂ ਜਾਂ ਗਲੀ-ਗਵਾਂਢ ਵਿਚੋਂ ਹੀ ਹੋਣ। ਰਿਕਾਰਡਿੰਗ ਤੇ ਐਕਸ਼ਨ ਨਾਲ ਨਾਲ ਚਲਦੇ ਹਨ ਅਤੇ ਇਹ ਸੁਮੇਲ ਇੰਨਾ ਵਧੀਆ ਹੈ ਕਿ ਦਰਸ਼ਕਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਪਾਤਰ ਖੁਦ ਗਾ ਰਿਹਾ ਹੈ ਜਾਂ ਪਿਛੇ ਰਿਕਾਰਡਿੰਗ ਚੱਲ ਰਹੀ ਹੈ।



ਨਿਰਦੇਸ਼ਕ ਨੇ ਪਾਤਰਾਂ ਦਾ ਪਹਿਰਾਵਾ ਵੀ ਜਗੀਰਦਾਰੀ ਪ੍ਰਬੰਧ ਦੇ ਸਮਿਆਂ ਦੇ ਐਨ ਅਨੁਕੂਲ ਬਣਾਇਆ ਹੈ। ਪਹਿਰਾਵਾ ਸਭਿਅਕ ਹੈ, ਸਿਰ ਢਕ ਕੇ ਰੱਖਣਾ ਅਤੇ ਗਹਿਣਿਆਂ ਦਾ ਵਿਖਾਵਾ ਜਗੀਰਦਾਰੀ ਪ੍ਰਬੰਧ ਦਾ ਪੂਰਾ ਲਖਾਇਕ ਹੈ। ਪਾਤਰਾਂ ਦੀ ਸ਼ੈਲੀ ਵੀ ਪੂਰੇ ਰੋਹਬ ਵਾਲੀ ਹੈ। ਅਜੋਕੀਆਂ ਸਮੱਸਿਆਵਾਂ ਵੱਲ ਵੀ ਨਾਟਕ ਵਿਚ ਭਰਵਾਂ ਇਸ਼ਾਰਾ ਹੈ ਜਿਵੇਂ ਛੋਟੀ ਛੋਟੀ ਗੱਲ ਤੋਂ ਸਹੁਰੇ ਘਰੋਂ ਰੁੱਸ ਕੇ ਪੇਕੇ ਆ ਜਾਣ ਵਾਲੀਆਂ ਧੀਆਂ ਦੇ ਚਿਹਰੇ 'ਤੇ ਚਮਕ ਨਾ ਰਹਿਣੀ, ਇਸ਼ਕ ਦੇ ਚੱਕਰ ਵਿਚ ਮਾਂ-ਬਾਪ ਤੋਂ ਬਾਗੀ ਹੋਏ ਬੱਚਿਆਂ ਦਾ ਖੁਦਕੁਸ਼ੀਆਂ ਤੱਕ ਜਾ ਪਹੁੰਚਣਾ ਆਦਿ। ਨਾਟਕ ਦਰਸ਼ਕਾਂ ਦੀ ਭਰਵੀਂ ਵਾਹ ਵਾਹ ਖੱਟਣ ਵਿਚ ਕਾਮਯਾਬ ਰਿਹਾ। ਬੜੇ ਧਿਆਨ ਨਾਲ ਦੇਖ ਰਹੇ ਦਰਸ਼ਕ ਹਰ ਡਾਇਲਾਗ ਉਤੇ ਜੋਰਦਾਰ ਤਾੜੀਆਂ ਮਾਰਦੇ। ਇਹ ਗੱਲ ਵੀ ਦਿਲਚਸਪ ਰਹੀ ਕਿ ਦਰਸ਼ਕਾਂ ਦੀ ਭੀੜ ਉਪਲਬਧ ਸੀਟਾਂ ਤੋਂ ਵੱਧ ਸੀ।



ਨਾਟਕ ਦੇ ਅਹਿਮ ਕਿਰਦਾਰਾਂ ਦਾ ਰੋਲ ਜਸਵਿੰਦਰ ਧਨੋਆ (ਜੈਲਦਾਰਨੀ), ਅਨੂਪ ਚੀਮਾ (ਮੀਰ ਕਾਸਮ ਜਵੰਦਾ), ਸ਼ਕਤੀ ਮਾਣਕ (ਕੋਕਲਾਂ), ਸੋਨੀਆ ਚੇੜਾ (ਜ਼ੁਲੈਖਾਂ), ਦਰਸ਼ਨ ਔਜਲਾ (ਮੀਰ ਬਖਸ਼), ਪਰਮਪਾਲ ਸਿੰਘ (ਗੁਰਦਿੱਤ ਸਿੰਘ ਰੇਤਗੜੀਆ), ਸੋਨੂੰ ਰਾਣਾ (ਲਾਟੂ), ਜਸਵਿੰਦਰ ਸੱਗੀ (ਭੰਬੀਰੀ), ਗੁਰਜੀਤ ਕੌਰ (ਤਾਰਾਂ), ਸੁਰਿੰਦਰ ਧਨੋਆ (ਜ਼ੈਲਦਾਰ) ਅਤੇ ਮੀਤ ਰਨਮੀਤ (ਸੂਤਰਧਾਰ) ਨੇ ਬਾਖੂਬੀ ਨਿਭਾਇਆ। ਪੰਜਾਬ ਲੋਕ ਰੰਗ ਦੀ ਆਰਗੇਨਾਈਜ਼ਰ ਮੋਨਿਕਾ ਉਪਲ ਨੇ ਜਥੇਬੰਦੀ ਦੀ ਟੀਮ ਨਾਲ ਜਾਣ-ਪਛਾਣ ਕਰਵਾਈ।

ਨਾਟਕ ਸਥਾਨਕ ਪਤਵੰਤੇ ਸਰਬਜੀਤ ਸਿੰਘ ਥਿਆੜਾ ਨੇ ਇਕੱਲਿਆਂ ਸਪਾਂਸਰ ਕੀਤਾ ਸੀ। ਇਸ ਮੌਕੇ ਸ. ਥਿਆੜਾ ਦੀ ਪਤਨੀ ਸ੍ਰੀਮਤੀ ਬਖਸ਼ਿੰਦਰ ਕੌਰ ਥਿਆੜਾ, ਪਿਤਾ ਮਹਿੰਦਰ ਸਿੰਘ ਥਿਆੜਾ ਅਤੇ ਮਾਤਾ ਮੋਹਣ ਕੌਰ ਥਿਆੜਾ ਨੂੰ ਸਟੇਜ 'ਤੇ ਬੁਲਾ ਕੇ ਪੰਜਾਬ ਲੋਕ ਰੰਗ ਦੇ ਸੰਚਾਲਕ ਪਾਲੀ ਧਨੌਲਾ ਅਤੇ ਮੋਨਿਕਾ ਉਪਲ ਨੇ ਫੁੱਲਾਂ ਦੇ ਗੁਲਦਸਤੇ ਭੇਟ ਕੀਤੇ ਅਤੇ ਸ. ਥਿਆੜਾ ਅਤੇ ਬਖਸ਼ਿੰਦਰ ਕੌਰ ਥਿਆੜਾ ਦਾ ਪਲੈਕ ਅਤੇ ਸ਼ਾਲ ਦੇ ਕੇ ਸਨਮਾਨ ਕੀਤਾ।




ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%

ਸੰਪਰਕ ਕਰੋ:
ਪਾਲ ਫੋਨ 1-800-705-3863



Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc. Minneapolis, MN 55426

# ਸੀਚੇਵਾਲ ਮਾਡਲ ਦੇ ਮੁਰੀਦ ਹੋਏ ਬਿਹਾਰ ਦੇ ਮੁੱਖ ਮੰਤਰੀ

**ਕਪੂਰਥਲਾ:** ਵਾਤਾਵਰਨ ਪ੍ਰੇਮੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਵੱਲੋਂ ਦੇਸੀ ਤਕਨੀਕ ਨਾਲ ਦੂਸ਼ਿਤ ਪਾਣੀ ਨੂੰ ਸਾਫ ਕਰਨ ਦੇ ਮਾਡਲ ਨੂੰ ਬਿਹਾਰ ਸਰਕਾਰ ਆਪਣੇ ਪੇਂਡੂ ਖੇਤਰਾਂ ਵਿਚ ਲਾਗੂ ਕਰੇਗੀ। ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਕਿਹਾ ਕਿ ਸੂਬਾ ਸਰਕਾਰ ਪਿੰਡਾਂ ਦੀਆਂ ਪੱਕੀਆਂ ਗਲੀਆਂ/ਨਾਲੀਆਂ ਬਣਾਉਣ ਦਾ ਕੰਮ ਪਹਿਲਾਂ ਹੀ ਸ਼ੁਰੂ ਕਰ ਚੁੱਕੀ ਹੈ ਤੇ ਹੁਣ ਉਹ ਪਿੰਡਾਂ ਦੇ ਦੂਸ਼ਿਤ ਪਾਣੀ ਨੂੰ ਸਾਫ ਕਰ ਕੇ ਇਸ ਦੀ ਮੁੜ ਵਰਤੋਂ ਬਾਰੇ ਸੋਚ ਰਹੇ ਸਨ। ਬਾਬਾ ਸੀਚੇਵਾਲ ਵੱਲੋਂ ਪਿੰਡਾਂ ਦੇ ਪਾਣੀ ਨੂੰ ਸਾਫ ਕਰਨ ਦੀ ਤਕਨੀਕ ਨੂੰ ਦੇਖ ਕੇ ਉਹ ਬਹੁਤ ਪ੍ਰਭਾਵਿਤ ਹੋਏ ਹਨ ਤੇ ਇਸ ਤਕਨੀਕ ਨੂੰ ਉਹ ਬਿਹਾਰ ਵਿਚ ਅਮਲੀ ਰੂਪ ਦੇਣਗੇ।



ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਦਿਹਾੜੇ ਸਬੰਧੀ ਸ੍ਰੀ ਪਟਨਾ ਸਾਹਿਬ ਵਿਖੇ ਹੋਏ ਸਮਾਗਮਾਂ ਦੌਰਾਨ ਸੇਵਾ ਮੁਕਤ ਮੁੱਖ ਸਕੱਤਰ ਜੇ.ਐਸ ਕੰਗ ਜੋ ਇਨ੍ਹਾਂ ਸਮਾਗਮਾਂ ਦੇ ਕੋਆਰਡੀਨੇਟਰ ਸਨ, ਉਨ੍ਹਾਂ ਮੈਨੂੰ ਬਾਬਾ ਬਲਬੀਰ ਸਿੰਘ ਸੀਚੇਵਾਲ ਵੱਲੋਂ ਵਾਤਾਵਰਨ ਦੀ ਸੰਭਾਲ ਸਬੰਧੀ ਕੀਤੇ ਗਏ ਕਾਰਜਾਂ ਬਾਰੇ ਜਾਣੂ ਕਰਵਾਇਆ ਸੀ ਤੇ ਇਸੇ ਦੌਰਾਨ ਹੀ ਮੇਰੀ ਬਾਬਾ ਸੀਚੇਵਾਲ ਨਾਲ ਮੁਲਾਕਾਤ ਹੋਈ ਸੀ। ਬਾਬਾ ਸੀਚੇਵਾਲ ਨੇ ਮੈਨੂੰ ਪੰਜਾਬ ਆਉਣ ਲਈ ਕਿਹਾ ਸੀ ਤੇ ਉਨ੍ਹਾਂ ਦੇ ਸੱਦੇ 'ਤੇ ਇਥੇ ਆ ਕੇ ਪਿੰਡ ਸੀਚੇਵਾਲ ਤੇ ਇਤਿਹਾਸਕ ਸ਼ਹਿਰ ਸੁਲਤਾਨਪੁਰ ਲੋਧੀ ਵਿਖੇ ਉਨ੍ਹਾਂ ਵੱਲੋਂ ਕੀਤੇ ਗਏ ਕਾਰਜਾਂ ਨੂੰ ਦੇਖ ਕੇ ਬਹੁਤ ਹੀ ਪ੍ਰਭਾਵਿਤ ਹੋਇਆ ਹਾਂ।

ਮੁੱਖ ਮੰਤਰੀ ਨੇ ਬਾਬਾ ਸੀਚੇਵਾਲ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਯਾਦਾਂ ਨਾਲ ਜੁੜੀ ਪਵਿੱਤਰ ਵੇਈਂ ਦੇ ਸਫਾਈ ਦੇ ਕਾਰਜ ਤੇ ਸ਼ਹਿਰਾਂ ਦੇ ਸੀਵਰੇਜ ਦਾ ਪਾਣੀ ਸਾਫ ਕਰ ਕੇ ਖੇਤੀ ਲਈ ਵਰਤੋਂ ਕਰਨ ਲਈ ਲਿਆਉਣ ਤੇ ਵਾਤਾਵਰਨ ਦੀ ਸੰਭਾਲ ਲਈ ਕੀਤੇ ਗਏ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬਾਬਾ ਸੀਚੇਵਾਲ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ। ਇਸ ਤੋਂ ਪਹਿਲਾਂ ਸ੍ਰੀ ਨਿਤਿਸ਼ ਕੁਮਾਰ ਨੇ ਬਾਬਾ ਸੀਚੇਵਾਲ ਵੱਲੋਂ ਸੁਲਤਾਨਪੁਰ ਦਿਹਾਤੀ ਦੇ ਦੂਸ਼ਿਤ ਪਾਣੀ ਦੀ ਸਫਾਈ ਲਈ ਦੇਸੀ ਤਕਨੀਕ ਨਾਲ ਬਣਾਏ ਗਏ ਸੀਵਰੇਜ ਟਰੀਟਮੈਂਟ ਪਲਾਂਟ ਦੇਖਿਆ। ਜਿਸ ਦੌਰਾਨ ਬਾਬਾ ਸੀਚੇਵਾਲ ਨੇ ਸ੍ਰੀ ਨਿਤਿਸ਼ ਕੁਮਾਰ ਨੂੰ ਇਸ ਤਕਨੀਕ ਨਾਲ ਸਾਫ ਕੀਤੇ ਗਏ ਪਾਣੀ ਦਾ ਟੀ.ਡੀ.ਐਸ ਵੀ ਚੈੱਕ ਕਰ ਕੇ ਵਿਖਾਇਆ ਤੇ ਇਸ ਪਾਣੀ ਵਿਚ 239 ਟੀ.ਡੀ.ਐਸ ਪਾਇਆ ਗਿਆ। ਸ੍ਰੀ ਨਿਤਿਸ਼ ਕੁਮਾਰ ਨੇ ਉਨ੍ਹਾਂ ਖੇਤਾਂ ਦਾ ਦੌਰਾ ਵੀ ਕੀਤਾ, ਜਿਨ੍ਹਾਂ ਨੂੰ ਇਸ ਪਲਾਂਟ ਵਿਚੋਂ ਸੋਧਿਆ ਗਿਆ ਪਾਣੀ ਲਗਾਇਆ ਜਾਂਦਾ ਹੈ। ਉਧਰ ਸ੍ਰੀ ਨਿਤਿਸ਼ ਕੁਮਾਰ ਦੀ ਸਾਦਗੀ ਅਤੇ ਵਾਤਾਵਰਣ ਪ੍ਰਤੀ ਉਨ੍ਹਾਂ ਦਾ ਲਗਾਅ ਸਾਰਿਆਂ ਨੂੰ ਪ੍ਰਭਾਵਿਤ ਕਰ ਗਿਆ। ਆਪਣੀ ਨਿਰਮਲ ਕੁਟੀਆ ਦੀ ਫੇਰੀ ਦੌਰਾਨ ਉਹ ਕੁਝ ਪਿੰਡ ਵਾਸੀਆਂ ਨੂੰ ਵੀ ਮਿਲੇ ਅਤੇ ਉਨ੍ਹਾਂ ਵੱਲੋਂ ਮਿਲੇ ਸਵਾਗਤ ਲਈ ਉਨ੍ਹਾਂ ਦਾ ਧੰਨਵਾਦ ਵੀ ਕੀਤਾ। ਪਿੰਡ ਵਾਸੀ ਉਨ੍ਹਾਂ ਨੂੰ ਦੇਖਣ ਲਈ ਕਾਫੀ ਉਤਸੁਕ ਦਿਖਾਈ ਦਿੱਤੇ। ਇਥੇ ਦੱਸਣਯੋਗ ਹੈ ਕਿ ਪਿਛਲੇ ਮਹੀਨੇ ਪਟਨਾ (ਬਿਹਾਰ) ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਨਾਏ ਗਏ 350 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਯਾਦਗਾਰੀ ਬਣਾਉਣ ਵਿਚ ਸ੍ਰੀ ਨਿਤਿਸ਼ ਕੁਮਾਰ ਦੀ ਸਰਕਾਰ ਵਲੋਂ ਅਹਿਮ ਯੋਗਦਾਨ ਪਾਉਣ ਕਰ ਕੇ ਸਿੱਖ ਸੰਗਤਾਂ ਵਿਚ ਉਨ੍ਹਾਂ ਦਾ ਸਤਿਕਾਰ ਪਹਿਲਾਂ ਨਾਲੋਂ ਵੀ ਵੱਧ ਗਿਆ ਹੈ, ਜਿਸ ਲਈ ਲੋਕ ਉਨ੍ਹਾਂ ਦਾ ਸਵਾਗਤ ਤੇ ਉਚੇਚੇ ਤੌਰ ਉਤੇ ਧੰਨਵਾਦ ਵੀ ਕਰ ਰਹੇ ਸਨ।

### ਸ਼੍ਰੋਮਣੀ ਕਮੇਟੀ ਵੱਲੋਂ ਨਿਤਿਸ਼ ਦਾ ਸਨਮਾਨ

**ਅੰਮ੍ਰਿਤਸਰ:** ਦਸਵੇਂ ਗੁਰੂ ਗੋਬਿੰਦ ਸਿੰਘ ਦਾ 350 ਸਾਲਾ ਪ੍ਰਕਾਸ਼ ਪੁਰਬ ਬਿਹਾਰ ਵਿਚ ਸ਼ਰਧਾ ਤੇ ਉਤਸ਼ਾਹ ਨਾਲ ਮਨਾਉਣ ਮਗਰੋਂ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਹੋਰਨਾਂ ਅਧਿਕਾਰੀਆਂ ਸਮੇਤ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਇਸ ਮੌਕੇ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਵਲੋਂ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਉਨ੍ਹਾਂ ਦਾ ਸਨਮਾਨ ਕੀਤਾ। ਸ੍ਰੀ ਹਰਿਮੰਦਰ ਸਾਹਿਬ ਪੁੱਜੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਆਖਿਆ ਕਿ ਉਹ ਗੁਰੂ ਘਰ ਵਿਖੇ ਸ਼ੁਕਰਾਨੇ ਵਜੋਂ ਨਤਮਸਤਕ ਹੋਣ ਆਏ ਹਨ ਅਤੇ ਉਨ੍ਹਾਂ ਨੂੰ ਇਥੇ ਆ ਕੇ ਬਹੁਤ ਖੁਸ਼ੀ ਮਿਲੀ ਹੈ। ਉਨ੍ਹਾਂ ਨੇ ਪੰਜਾਬ ਵਿਚ ਵਾਤਾਵਰਣ ਸੰਭਾਲ ਲਈ ਕੀਤੇ ਜਾ ਰਹੇ ਕਾਰਜਾਂ ਦੀ ਜਾਣਕਾਰੀ ਲਈ ਅਤੇ ਇਸੇ ਤਰਜ਼ 'ਤੇ ਬਿਹਾਰ ਵਿਚ ਵੀ ਵਾਤਾਵਰਣ ਸੰਭਾਲ ਲਈ ਯਤਨ ਕੀਤਾ ਜਾਵੇਗਾ।



## ਸਿੱਖਾਂ ਤੇ ਡੇਰਾ ਪ੍ਰੇਮੀਆਂ 'ਚ ਟਕਰਾਅ



**ਮੱਖੂ:** ਇਥੇ ਕੈਨਾਲ ਕਾਲੋਨੀ ਵਿਚ ਉਸ ਵੇਲੇ ਸਥਿਤੀ ਤਣਾਅਪੂਰਨ ਹੋ ਗਈ, ਜਦੋਂ ਨਾਮ ਚਰਚਾ ਲਈ ਆਏ ਡੇਰਾ ਪ੍ਰੇਮੀਆਂ ਨੂੰ ਸਿੱਖ ਜਥੇਬੰਦੀ ਨੇ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਮਾਮਲੇ ਵਿਚ ਪੁਲਿਸ ਵੱਲੋਂ 37 ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਇਥੇ ਗ੍ਰੀਨ ਐਸ ਫੋਰਸ ਦੀ 15 ਮੈਂਬਰੀ ਕਮੇਟੀ ਦੇ ਮੈਂਬਰ ਰਾਜ ਕੁਮਾਰ ਤੇ ਬਲਾਕ ਭੰਗੀ ਦਾਸ ਕੁਲਵੰਤ ਸਿੰਘ ਦੀ ਅਗਵਾਈ 'ਚ ਨਾਮ ਚਰਚਾ ਹੋ ਰਹੀ ਸੀ।

ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਪੁਲਿਸ ਰੋਕਾਂ ਪਾਰ ਕਰਦੇ ਹੋਏ ਨਾਮ ਚਰਚਾ ਵਾਲੀ ਥਾਂ 'ਤੇ ਧਾਵਾ ਬੋਲ ਦਿੱਤਾ। ਦੂਜੇ ਪਾਸੇ ਡੇਰਾ ਪ੍ਰੇਮੀਆਂ ਦੇ ਆਗੂਆਂ ਨੇ ਟੈਂਟ ਪੁੱਟ ਰਹੇ ਸਿੰਘਾਂ 'ਤੇ ਜੁਆਬੀ ਹਮਲਾ ਕਰ ਦਿੱਤਾ ਜਿਸ ਕਾਰਨ ਸਥਿਤੀ ਤਣਾਅਪੂਰਨ ਹੋ ਗਈ। ਉਧਰ, ਸਿੱਖ ਆਗੂਆਂ ਨੇ ਸੰਤ ਭਿੰਡਰਾਂਵਾਲਾ ਜ਼ਿੰਦਾਬਾਦ, ਖਾਲਿਸਤਾਨ ਜ਼ਿੰਦਾਬਾਦ ਆਦਿ ਦੇ ਜੁਆਬੀ ਜੈਕਾਰੇ ਗੂੰਜਾਏ ਹੋਏ ਡੇਰਾ ਪ੍ਰੇਮੀਆਂ ਦਾ ਟੈਂਟ ਪੁੱਟ ਦਿੱਤਾ। ਇਸ ਤੋਂ ਬਾਅਦ ਪੁਲਿਸ ਨੇ ਆਪਣੀ ਨਿਗਰਾਨੀ 'ਚ ਬਾਹਰੋਂ ਆਏ ਡੇਰਾ ਪ੍ਰੇਮੀਆਂ ਨੂੰ ਝਗੜੇ ਵਾਲੀ ਥਾਂ ਤੋਂ ਉਨ੍ਹਾਂ ਦੇ ਪਿੰਡਾਂ ਨੂੰ ਰਵਾਨਾ ਕਰ ਦਿੱਤਾ ਜਿਸ ਤੋਂ ਬਾਅਦ ਮਾਮਲਾ ਸ਼ਾਂਤ ਹੋਇਆ।


ਸਿੱਖ ਜਥੇਬੰਦੀਆਂ ਦੇ ਆਗੂ ਬਾਬਾ ਦਿਲਬਾਗ ਸਿੰਘ ਨੇ ਦੱਸਿਆ ਕਿ ਅਕਾਲ ਤਖਤ ਵੱਲੋਂ ਡੇਰਾ ਮੁਖੀ ਖਿਲਾਫ ਹੁਕਮਨਾਮਾ ਜਾਰੀ ਹੋਇਆ ਹੈ, ਪਰ ਬਾਦਲ ਨੇ ਚੋਣਾਂ 'ਚ ਡੇਰੇ ਤੋਂ ਹਮਾਇਤ ਲੈ ਕੇ ਸਿੱਖਾਂ ਦੀ ਗੈਰਤ ਨੂੰ ਵੰਗਾਰਿਆ ਹੈ। ਜਥੇਬੰਦੀਆਂ ਬਾਦਲਾਂ ਦੀ ਸ਼ਹਿ 'ਤੇ ਪ੍ਰੇਮੀਆਂ ਦੀ ਕਿਤੇ ਵੀ ਨਾਮ ਚਰਚਾ ਨਹੀਂ ਹੋਣ ਦੇਣਗੀਆਂ।

## ਕੰਮ ਵਾਲੀ ਥਾਂ ਕਿਰਪਾਨ ਪਾ ਕੇ ਜਾਣ ਦੀ ਇਜਾਜ਼ਤ

**ਲੰਡਨ:** ਬਰਤਾਨੀਆ ਵਿਚ ਇਕ ਕੌਮਾਂਤਰੀ ਟੈਲੀਕਾਮ ਕੰਪਨੀ ਵਿਚ ਕੰਮ ਕਰ ਰਹੇ ਸਿੱਖ ਨੂੰ ਕੰਮ ਵਾਲੀ ਥਾਂ ਕਿਰਪਾਨ ਪਾ ਕੇ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ। ਪਹਿਲਾਂ ਉਸ ਨੂੰ ਰੋਕ ਦਿੱਤਾ ਗਿਆ ਸੀ। ਇਸ ਕਾਮੇ ਦੀ ਪਛਾਣ ਨਹੀਂ ਦੱਸੀ ਗਈ। ਉਸ ਵੱਲੋਂ 'ਸਿੱਖ ਕੌਂਸਲ' ਨੇ ਕੰਪਨੀ ਪ੍ਰਬੰਧਕਾਂ ਨੂੰ ਸਿੱਖ ਕਕਾਰਾਂ ਬਾਰੇ ਜਾਣਕਾਰੀ ਦਿੱਤੀ, ਜਿਸ ਨੂੰ ਪ੍ਰਬੰਧਕਾਂ ਨੇ ਸਵੀਕਾਰ ਕਰ ਲਿਆ ਅਤੇ ਕੰਮ ਵਾਲੀ ਥਾਂ ਕਿਰਪਾਨ ਪਾ ਕੇ ਜਾਣ ਸਬੰਧੀ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ। ਕੌਂਸਲ ਦੇ ਸਕੱਤਰ ਜਨਰਲ ਜਗਤਾਰ ਸਿੰਘ ਨੇ ਕਿਹਾ ਕਿ ਖਾਸ ਤੌਰ 'ਤੇ ਬਹੁਕੌਮੀ ਕੰਪਨੀਆਂ ਵਿਚ ਅਜਿਹੇ ਮਾਮਲੇ ਵਾਪਰਨੇ ਮੰਦਭਾਗੇ ਹਨ। ਫਿਰ ਵੀ ਅਸੀਂ ਇਨ੍ਹਾਂ ਕੇਸਾਂ ਬਾਰੇ ਆਏ ਹਾਂ ਪੱਖੀ ਨਤੀਜਿਆਂ ਤੋਂ ਖੁਸ਼ ਹਾਂ। ਕੌਂਸਲ ਨੇ ਦਾਅਵਾ ਕੀਤਾ ਕਿ ਪਿਛਲੇ ਥੋੜ੍ਹੇ ਸਮੇਂ ਵਿਚ ਸਾਹਮਣੇ ਆਇਆ ਇਹ ਆਪਣੀ ਤਰ੍ਹਾਂ ਦਾ ਦੂਜਾ ਮਾਮਲਾ ਹੈ, ਜਿਸ ਵਿਚ ਕੰਪਨੀ ਪ੍ਰਬੰਧਕਾਂ ਨੂੰ ਮਨਾ ਲਿਆ ਗਿਆ। ਇਸ ਤੋਂ ਪਹਿਲਾਂ ਦੱਖਣੀ ਪੂਰਬੀ ਇੰਗਲੈਂਡ ਵਿਚ ਕੌਮਾਂਤਰੀ ਹਵਾਈ ਅੱਡੇ ਉਤੇ ਦੋ ਸਿੱਖ ਮੁਲਾਜ਼ਮਾਂ ਨੂੰ ਕਿਰਪਾਨ ਪਾ ਕੇ ਕੰਮ ਕਰਨੋਂ ਰੋਕ ਦਿੱਤਾ ਗਿਆ ਸੀ। ਕੌਂਸਲ ਨਾਲ ਚਰਚਾ ਤੋਂ ਬਾਅਦ ਹਵਾਈ ਅੱਡਾ ਪ੍ਰਬੰਧਕਾਂ ਨੇ ਮੁਲਾਜ਼ਮਾਂ ਨੂੰ ਕਿਰਪਾਨ ਸਮੇਤ ਕੰਮ ਉਤੇ ਜਾਣ ਦੀ ਨੀਤੀ ਬਣਾ ਦਿੱਤੀ ਹੈ।

## ਮਾਰਕ ਜ਼ੁਕਰਬਰਗ ਵੱਲੋਂ ਮੋਦੀ ਦੇ ਸੋਹਲੇ

**ਨਵੀਂ ਦਿੱਲੀ:** ਫੇਸਬੁੱਕ ਦੇ ਸੀ.ਈ.ਓ. ਮਾਰਕ ਜ਼ੁਕਰਬਰਗ ਨੇ ਸ਼ੇਅਰ ਕੀਤੀ ਆਪਣੀ ਲੰਬੀ ਪੋਸਟ 'ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਜ਼ਿਕਰ ਕੀਤਾ ਹੈ। ਇਸ ਪੋਸਟ ਵਿਚ ਜ਼ੁਕਰਬਰਗ ਨੇ ਵਿਸ਼ਵ ਸਭਿਆਚਾਰ ਦੇ ਨਿਰਮਾਣ ਵਿਸ਼ੇ ਸਬੰਧੀ ਚਰਚਾ ਕੀਤੀ। ਮਾਰਕ ਜ਼ੁਕਰਬਰਗ ਨੇ ਦੱਸਿਆ ਕਿ ਅੱਜ-ਕੱਲ੍ਹ ਲੋਕ ਵੋਟਾਂ ਦੇ ਖਤਮ ਹੋਣ ਤੋਂ ਬਾਅਦ ਵੀ ਆਪਣੇ ਨੇਤਾ ਨਾਲ ਸਬੰਧਤ ਮੁੱਦਿਆਂ ਅਤੇ ਰੋਜ਼ਮਰ੍ਹਾਂ ਦੀਆਂ ਜ਼ਰੂਰਤਾਂ ਲਈ ਜੁੜੇ ਰਹਿੰਦੇ ਹਨ। ਮਾਰਕ ਜ਼ੁਕਰਬਰਗ ਨੇ ਨਰੇਂਦਰ ਮੋਦੀ ਦੀ ਉਦਾਹਰਣ ਦਿੰਦਿਆਂ ਦੱਸਿਆ ਕਿ ਪ੍ਰਧਾਨ ਮੰਤਰੀ ਆਪਣੇ ਮੰਤਰੀਆਂ ਨੂੰ ਫੇਸਬੁੱਕ 'ਤੇ ਜਾਣਕਾਰੀ ਸਾਂਝੀ ਕਰਨ ਦੀ ਸਲਾਹ ਦਿੰਦੇ ਹਨ, ਤਾਂ ਜੋ ਲੋਕਾਂ ਦੀ ਰਾਏ ਪਤਾ ਲੱਗ ਸਕੇ। ਪੋਸਟ ਵਿਚ ਉਨ੍ਹਾਂ ਵਿਸ਼ਵ ਰਾਜਨੀਤੀ ਬਾਰੇ ਵੀ ਲਿਖਿਆ ਅਤੇ ਉਸੇ ਦੌਰਾਨ ਨਰੇਂਦਰ ਮੋਦੀ ਦਾ ਵੀ ਜ਼ਿਕਰ ਕੀਤਾ ਗਿਆ ਹੈ।



## ਅਲ ਕਾਇਦਾ ਦੇ ਨਿਸ਼ਾਨੇ 'ਤੇ ਭਾਰਤ

**ਵਾਸ਼ਿੰਗਟਨ:** ਅਲ ਕਾਇਦਾ, ਏਸ਼ੀਆ ਵਿਚ ਆਪਣੇ ਆਪ ਨੂੰ ਸਰਗਰਮ ਕਰਨ ਦੀ ਤਿਆਰੀ ਵਿਚ ਹੈ। ਅਮਰੀਕੀ ਸਾਂਸਦਾਂ ਦੇ ਇਕ ਗਰੁੱਪ ਨੇ ਚਿਤਾਵਨੀ ਦਿੱਤੀ ਹੈ ਕਿ ਅਮਰੀਕਾ ਦੇ ਇਸਲਾਮਿਕ ਸਟੇਟ ਨਾਲ ਰੁੱਝੇ ਹੋਣ ਦਾ ਫਾਇਦਾ ਚੁੱਕ ਕੇ ਅਲ ਕਾਇਦਾ ਦੱਖਣੀ ਏਸ਼ੀਆ ਵਿਚ ਆਪਣੇ ਆਪ ਨੂੰ ਮਜ਼ਬੂਤ ਕਰ ਰਿਹਾ ਹੈ। ਅਮਰੀਕੀ ਸਾਂਸਦਾਂ ਅਨੁਸਾਰ ਅਲ ਕਾਇਦਾ ਪਾਕਿਸਤਾਨ ਵਿਚੋਂ ਆਪਣੇ 'ਘਰ' ਤੋਂ ਭਾਰਤ ਵਿਚ ਆਪਣੀ ਵਿਚਾਰਧਾਰਾ ਦਾ ਪ੍ਰਸਾਰ ਕਰਨ ਦੀ ਤਿਆਰੀ ਕਰ ਰਿਹਾ ਹੈ।

ਜਾਰਜ ਟਾਊਨ ਯੂਨੀਵਰਸਿਟੀ ਦੇ ਸੈਂਟਰ ਫਾਰ ਸੁਰੱਖਿਆ ਸਟੱਡੀਜ਼ ਦੇ ਬਰੂਸ ਹਾਫਮੈਨ ਨੇ ਹਾਊਸ ਆਰਮਡ ਸਰਵਿਸ ਕਮੇਟੀ ਦੇ ਮੈਂਬਰਾਂ ਨੂੰ ਆਖਿਆ ਹੈ ਕਿ ਅਲ ਕਾਇਦਾ ਕਦੇ ਵੀ ਨਹੀਂ ਬਦਲਿਆ। ਉਹ ਹੁਣ ਵੀ ਇਹੀ ਸਮਝਦਾ ਹੈ ਕਿ ਉਹ ਪੱਛਮੀ ਤੇ ਵਿਸ਼ੇਸ਼ਕਰ ਅਮਰੀਕਾ ਖਿਲਾਫ਼ ਰੁਤਬੇ ਦੀ ਲੜਾਈ ਲੜ ਰਿਹਾ ਹੈ।

## ਮੋਦੀ ਦੀ ਨੋਟਬੰਦੀ ਫਲਾਪ, ਨਕਲੀ ਨੋਟਾਂ ਦੀ ਭਰਮਾਰ

**ਚੰਡੀਗੜ੍ਹ:** ਦੇਸ਼ ਵਿਚ ਨਕਲੀ ਦੋ ਹਜ਼ਾਰ ਤੇ 500 ਦੇ ਨਵੇਂ ਨੋਟਾਂ ਦੀ ਭਰਮਾਰ ਹੋ ਗਈ ਹੈ। ਹਾਲਾਤ ਇਹ ਹਨ ਕਿ ਪੜ੍ਹੇ-ਲਿਖੇ ਤੇ ਅਨਪੜ੍ਹ, ਦੋਵੇਂ ਹੀ ਇਨ੍ਹਾਂ ਨਕਲੀ ਨੋਟਾਂ ਦੀ ਠੱਗੀ ਦਾ ਸ਼ਿਕਾਰ ਹੋ ਰਹੇ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦਾਅਵਾ ਕੀਤਾ ਸੀ ਕਿ ਨੋਟਬੰਦੀ ਨਾਲ ਨਕਲੀ ਨੋਟ ਬੰਦ ਹੋ ਜਾਣਗੇ, ਪਰ ਅਜਿਹਾ ਨਹੀਂ ਹੋਇਆ।

ਰਿਪੋਰਟਾਂ ਮੁਤਾਬਕ ਪ੍ਰਿੰਟ ਨੋਟ ਵੱਡੀ ਗਿਣਤੀ ਵਿਚ ਮਿਲ ਰਹੇ ਹਨ। ਇਹ ਨੋਟ ਦੇਖਣ ਨੂੰ ਬਿਲਕੁਲ ਨਵੀਂ ਕਰੰਸੀ ਵਾਂਗ ਹਨ। ਇਸ ਕਾਰਨ ਘੱਟ ਪੜ੍ਹੇ-ਲਿਖੇ ਦੁਕਾਨਦਾਰ ਇਸ ਰਾਹੀਂ ਠੱਗੇ ਜਾ ਰਹੇ ਹਨ। ਖਾਸ ਤੌਰ ਉਤੇ ਨੋਟਾਂ ਦੀ ਪ੍ਰਿੰਟਿੰਗ ਤੇ ਰੰਗ ਦੇਖ ਕੋਈ ਵੀ ਆਮ ਵਿਅਕਤੀ ਭੁਲੇਖਾ ਖਾ ਸਕਦਾ ਹੈ। ਇਨ੍ਹਾਂ ਨੋਟਾਂ ਉਤੇ ਰਿਜ਼ਰਵ ਬੈਂਕ ਆਫ ਇੰਡੀਆ ਤੇ ਫੁੱਲ ਆਫ ਫਨ ਲਿਖਿਆ ਹੈ। ਜ਼ਿਆਦਾਤਰ ਬਜ਼ੁਰਗ ਦੁਕਾਨਦਾਰ ਅਸਲੀ ਨਕਲੀ ਨੋਟਾਂ ਵਿਚ ਫਰਕ ਨਹੀਂ ਕਰ ਪਾਉਂਦੇ। ਇਕ ਤੋਂ ਬਾਅਦ ਇਕ ਠੱਗੀ ਦਾ ਸ਼ਿਕਾਰ ਹੋ ਰਹੇ ਹਨ।

## ਅਫਸਰਸ਼ਾਹੀ ਨੂੰ ਆਪ ਜਾਂ ਕਾਂਗਰਸ ਸਰਕਾਰ ਆਉਣ ਦੀ ਉਮੀਦ

### ਦੋਵਾਂ ਧਿਰਾਂ ਨਾਲ ਨੇੜਤਾ ਬਣਾਉਣ ਲਈ ਕੋਸ਼ਿਸ਼ਾਂ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਵੋਟਰਾਂ ਵੱਲੋਂ ਨਿਭਾਈ ਖਾਮੋਸ਼ ਭੂਮਿਕਾ ਕਾਰਨ ਸਿਆਸੀ ਤੌਰ 'ਤੇ ਭਾਵੇਂ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਹੈ, ਪਰ ਸੀਨੀਅਰ ਆਈ.ਏ.ਐਸ. ਤੇ ਆਈ.ਪੀ.ਐਸ. ਅਧਿਕਾਰੀਆਂ ਨੇ ਭਵਿੱਖ ਦੀ ਸਰਕਾਰ ਵਿਚ ਅਹੁਦੇ ਹਾਸਲ ਕਰਨ ਲਈ ਜੋੜ-ਤੋੜ ਦੀ ਰਾਜਨੀਤੀ ਸ਼ੁਰੂ ਕਰ ਦਿੱਤੀ ਹੈ। ਬਦਲੀਆਂ ਹੋਈਆਂ ਰਾਜਸੀ ਪ੍ਰਸਥਿਤੀਆਂ ਵਿਚ ਅਫਸਰਾਂ ਵੱਲੋਂ ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਆਗੂਆਂ ਨਾਲ ਨੇੜਤਾ ਬਣਾਈ ਜਾ ਰਹੀ ਹੈ। 'ਆਪ' ਆਗੂਆਂ ਤੱਕ ਪਹੁੰਚ ਲਈ ਸਾਬਕਾ ਪੱਤਰਕਾਰਾਂ ਦੀ ਮਦਦ ਲਈ ਜਾ ਰਹੀ ਹੈ, ਜਦੋਂ ਕਿ ਕਾਂਗਰਸ ਤੱਕ ਅਫਸਰਾਂ ਦੀ ਪਹੁੰਚ ਸੁਖਾਲੀ ਕਰਨ ਲਈ ਡੀ.ਜੀ.ਪੀ. ਰੈਂਕ ਦਾ ਇਕ ਅਧਿਕਾਰੀ ਕੇਂਦਰ ਬਿੰਦੂ ਬਣਿਆ ਹੋਇਆ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਦਰਜਨ ਦੇ ਕਰੀਬ ਆਈ.ਜੀ., ਡੀ.ਆਈ.ਜੀ. ਅਤੇ ਐਸ.ਪੀ. ਰੈਂਕ ਦੇ ਅਧਿਕਾਰੀਆਂ ਨੇ 'ਆਪ' ਤੱਕ ਪਹੁੰਚ ਬਣਾ ਲਈ ਹੈ। ਇਨ੍ਹਾਂ ਵਿਚ ਜ਼ਿਆਦਾਤਰ ਅਜਿਹੇ ਆਗੂ ਹਨ, ਜਿਨ੍ਹਾਂ ਬਾਦਲ ਸਰਕਾਰ ਨੂੰ ਖੁਸ਼ ਕਰਨ ਲਈ ਵਿਰੋਧੀਆਂ 'ਤੇ ਪਰਚੇ ਦਰਜ ਕਰਨ ਵਿਚ ਕਸਰ ਨਹੀਂ ਸੀ ਛੱਡੀ। ਸਕੱਤਰੇਤ ਦੇ ਗਲਿਆਰਿਆਂ ਵਿਚ ਭਾਰੀ ਚਰਚਾ ਹੈ ਕਿ ਮੁੱਖ ਸਕੱਤਰ, ਮੁੱਖ ਮੰਤਰੀ ਦਾ ਪ੍ਰਮੁੱਖ ਸਕੱਤਰ ਅਤੇ ਡੀ.ਜੀ.ਪੀ. ਰੈਂਕ ਲਈ ਅਧਿਕਾਰੀਆਂ ਵੱਲੋਂ ਸਿਰ ਤੋੜ ਯਤਨ ਕੀਤੇ ਜਾ ਰਹੇ ਹਨ। ਕਈ ਸੀਨੀਅਰ ਅਧਿਕਾਰੀਆਂ ਵੱਲੋਂ ਆਪਣੇ ਮੌਜੂਦਾ ਅਹੁਦੇ ਕਾਇਮ ਰੱਖਣ ਲਈ ਵੀ ਹੁਣੇ ਤੋਂ ਜ਼ੋਰ ਅਜ਼ਮਾਈ ਕੀਤੀ ਜਾਣ ਲੱਗੀ ਹੈ। ਰਾਜ ਦੇ ਇਕ ਸੀਨੀਅਰ ਅਧਿਕਾਰੀ ਨੇ ਇਕ ਸੇਵਾ ਮੁਕਤ ਵਧੀਕ ਡੀ.ਜੀ.ਪੀ. ਦੀਆਂ ਸੇਵਾਵਾਂ ਲੈਣ ਲਈ ਕਈ ਦਿਨ ਦਿੱਲੀ ਵਿਚ ਡੇਰੇ ਲਾਈ ਰੱਖੇ। ਇਹ ਅਧਿਕਾਰੀ ਕੇਂਦਰ ਵਿਚ ਕੋਈ ਅਹੁਦਾ ਹਾਸਲ ਕਰਨ ਦੀ ਝਾਕ ਵਿਚ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਪਿਛਲੇ ਦਿਨਾਂ ਦੌਰਾਨ ਮੁੱਖ ਮੰਤਰੀ ਦਫਤਰ ਦੇ ਇਕ ਅਧਿਕਾਰੀ ਨੇ ਵੀ ਸਾਬਕਾ ਮੁੱਖ ਮੰਤਰੀ ਤੇ ਭਵਿੱਖੀ ਮੁੱਖ ਮੰਤਰੀ ਮੰਨੇ ਜਾਂਦੇ ਆਗੂ ਨਾਲ ਮੀਟਿੰਗ ਕੀਤੀ ਤਾਂ ਜੋ ਗਿਲੇ ਸ਼ਿਕਵੇ ਦੂਰ ਕੀਤੇ ਜਾ ਸਕਣ।




ਪੰਜਾਬ ਪੁਲਿਸ ਦੇ ਇਕ ਸੀ.ਆਈ.ਡੀ. ਅਧਿਕਾਰੀ ਵੱਲੋਂ 'ਆਪ' ਨੂੰ ਰਿਪੋਰਟ ਦਿੱਤੀ ਜਾਣ ਲੱਗੀ ਹੈ। ਇਥੋਂ ਤੱਕ ਕਿ 1990 ਬੈਚ ਦੇ ਇਕ ਅਧਿਕਾਰੀ ਨੂੰ 'ਆਪ' ਦੀ ਸਰਕਾਰ ਬਣਨ 'ਤੇ ਮੁੱਖ ਮੰਤਰੀ ਦਾ ਪ੍ਰਮੁੱਖ ਸਕੱਤਰ ਨਿਯੁਕਤ ਹੋਣ ਦੇ ਦਾਅਵੇ ਵੀ ਕੀਤੇ ਜਾਣ ਲੱਗੇ ਹਨ। ਪੰਜਾਬ ਵਿਧਾਨ ਸਭਾ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਸਮੁੱਚੀ ਅਫਸਰਸ਼ਾਹੀ ਇਕ ਤਰ੍ਹਾਂ ਨਾਲ ਵਿਹਲੀ ਹੈ।

ਸਾਧਾਰਨ ਮੀਟਿੰਗਾਂ ਤੋਂ ਬਾਅਦ ਵਿਭਾਗੀ ਕੰਮਕਾਜ ਪੂਰੀ ਤਰ੍ਹਾਂ ਠੱਪ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਵਿਦੇਸ਼ ਦੌਰੇ ਹੋਣ ਕਾਰਨ ਅਫਸਰਾਂ ਉਪਰ ਕੰਮ ਦਾ ਭਾਰ ਹੋਰ ਘਟ ਗਿਆ ਹੈ। ਜ਼ਿਕਰਯੋਗ ਹੈ ਕਿ 2012 ਦੀਆਂ ਚੋਣਾਂ ਦੌਰਾਨ ਵੀ ਅਫਸਰਸ਼ਾਹੀ ਨੇ ਕੈਪਟਨ ਅਮਰਿੰਦਰ ਅਤੇ ਉਨ੍ਹਾਂ ਦੇ ਨੇੜਲਿਆਂ ਤੱਕ ਪਹੁੰਚ ਬਣਾ ਲਈ ਸੀ। ਉਦੋਂ ਨਤੀਜੇ ਅਕਾਲੀ ਦਲ ਤੇ ਭਾਜਪਾ ਪੱਖੀ ਨਿਕਲੇ ਤਾਂ ਅਫਸਰਾਂ ਨੂੰ ਸਦਮੇ ਵਿਚੋਂ ਨਿਕਲਣ ਲਈ ਕਈ ਮਹੀਨੇ ਲੱਗੇ ਅਤੇ ਕਈਆਂ ਦੀ ਤਾਂ ਗੱਡੀ ਲੀਹ 'ਤੇ ਚੜ੍ਹੀ ਹੀ ਨਹੀਂ।

ੴ ਸਤਿਗੁਰ ਪ੍ਰਸਾਦਿ॥

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sanjosegurdwara.org or facebook "San Jose Gurdwara"



# ਹੋਲਾ ਮਹੱਲਾ

## ਸੰਗਤਾਂ ਨੂੰ ਹੋਲੇ ਮਹੱਲੇ ਦੀ ਲੱਖ ਲੱਖ ਵਧਾਈ

## ਖੇਡ ਮੇਲਾ ਐਤਵਾਰ 19 ਮਾਰਚ 2017

*ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ*

ਖਾਲਸਾ ਜੀ ਕੇ ਬੋਲਬਾਲੇ ਦਾ ਪ੍ਰਤੀਕ ਹੋਲਾ ਮਹੱਲਾ ਗੁਰਦੁਆਰਾ ਸੈਨ ਹੋਜ਼ੇ ਵਿਖੇ ਖਾਲਸਾਈ ਰਵਾਇਤ ਅਨੁਸਾਰ ਐਤਵਾਰ 19 ਮਾਰਚ 2017 ਨੂੰ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਜਾ ਰਿਹਾ ਹੈ। ਕੀਰਤਨ ਦੀਵਾਨ ਦੌਰਾਨ ਪੰਥ ਪ੍ਰਸਿਧ ਕੀਰਤਨੀ ਤੇ ਢਾਡੀ ਜਥੇ, ਵਿਆਖਿਆਕਾਰ ਅਤੇ ਕਵੀਸ਼ਰ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਨਗੇ ਤੇ ਸਿੱਖੀ ਇਤਿਹਾਸ ਸਰਵਣ ਕਰਵਾਉਣਗੇ। ਗੁਰਦੁਆਰਾ ਪ੍ਰਬੰਧਕਾਂ ਵਲੋਂ ਖੇਡਾਂ ਪ੍ਰਤੀ ਲਗਾਓ ਪੈਦਾ ਕਰਨ ਦੇ ਮਨੋਰਥ ਨਾਲ ਵਾਲੀਬਾਲ, ਰੱਸਾਕਸ਼ੀ, ਬਾਸਕਿਟਬਾਲ, ਗਤਕਾ, ਘੋੜ ਸਵਾਰੀ ਤੋਂ ਇਲਾਵਾ ਬੱਚਿਆਂ ਅਤੇ ਬਜ਼ੁਰਗਾਂ ਦੀਆਂ ਦੌੜਾਂ ਅਤੇ ਹੋਰ ਖੇਡਾਂ ਕਰਵਾਈਆਂ ਜਾਣਗੀਆਂ। ਅਨੰਦਪੁਰ ਸਾਹਿਬ ਵਰਗਾ ਮਾਹੌਲ ਸਿਰਜਣ ਲਈ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਸਮੂਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਦੌਰਾਨ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।




Call For Registration: (Volleyball) Charan Singh Bhandal 408-482-1372
(Basketball) Jaswinder Singh Sohal 408-391-7013
Harjinder Singh Purewal 408-824-8762
Bhupinder Singh Dhillon 408-926-6650

**ਵਿਸ਼ੇਸ਼ ਲੰਗਰ:** ਇਸ ਮੌਕੇ ਛੱਲੀਆਂ, ਛੋਲੇ-ਭਠੂਰੇ, ਗੰਨੇ ਦਾ ਰਸ, ਪਕੌੜੇ, ਤਾਜਾ ਫਲ, ਫਰਾਈਆਂ ਅਤੇ ਬਰੈਡ ਪਕੌੜਿਆਂ ਦਾ ਵਿਸ਼ੇਸ਼ ਬੰਦੋਬਸਤ ਹੋਵੇਗਾ

## ਨਾਟਕ 'ਸਿੰਘ ਸੂਰਮੇ' ਦਾ ਮੰਚਨ

18 ਮਾਰਚ 2017, *ਸਨਿਚਰਵਾਰ ਸ਼ਾਮ 7 ਵਜੇ*

*ਸੰਗਤ ਨੂੰ ਬੇਨਤੀ ਹੈ ਕਿ ਇਹ ਨਾਟਕ ਵੇਖਣ ਲਈ ਜ਼ਰੂਰ ਪਹੁੰਚੇ*

**General Info:** Sukhdev Singh Bainiwal 408-421-9463
**Langer Seva:** Harjinder Singh Ladhar 408-904-9158
**Stall Reservations:** Khushvinder P. Singh 408-507-1290

*Parking available at Evergreen Valley High School; shuttles available for rides. Do not park on streets with "No Parking" signs.*

# ਗਰੈਮੀ... ਗੁਰੂਜਸ



ਕਲਾ ਪਰਿਕਰਮਾ

## ਐਲਬਮ 'ਵ੍ਹਾਈਟ ਸਨ' ਨੂੰ ਮਿਲਿਆ ਗਰੈਮੀ ਇਨਾਮ

ਗਰੈਮੀ ਪੁਰਸਕਾਰ ਜਿੱਤ ਕੇ 33 ਵਰ੍ਹਿਆਂ ਦੀ ਗੁਰੂਜਸ ਕੌਰ ਖਾਲਸਾ ਬਾਗੋ-ਬਾਗ ਹੈ। ਉਸ ਦੇ ਸੰਗੀਤ ਗਰੁੱਪ 'ਵ੍ਹਾਈਟ ਸਨ' ਜਿਸ ਵਿਚ ਉਸ ਤੋਂ ਇਲਾਵਾ ਹਰੀ ਜੀਵਨ ਸਿੰਘ ਅਤੇ ਐਡਮ ਬੈਰੀ ਸ਼ਾਮਲ ਹਨ, ਵੱਲੋਂ ਪਿਛਲੇ ਸਾਲ ਅਗਸਤ ਵਿਚ ਤਿਆਰ ਕੀਤੀ ਐਲਬਮ 'ਵ੍ਹਾਈਟ ਸਨ-2' ਨੂੰ ਇਸ ਇਨਾਮ ਨਾਲ ਨਿਵਾਜਿਆ ਗਿਆ ਹੈ। ਗੁਰੂਜਸ ਕੌਰ ਇਸ ਸੰਗੀਤ ਗਰੁੱਪ ਦੀ ਮੁੱਖ ਗਾਇਕਾ ਅਤੇ ਗੀਤਕਾਰ ਹੈ। ਉਹ ਦੱਸਦੀ ਹੈ ਕਿ ਹੁਣ ਉਨ੍ਹਾਂ ਦਾ ਗਰੁੱਪ ਆਪਣੀ ਤੀਜੀ

**ਕੀਰਤ ਕਾਸ਼ਣੀ**

ਐਲਬਮ ਦੀ ਤਿਆਰੀ ਜ਼ੋਰ-ਸ਼ੋਰ ਨਾਲ ਕਰ ਰਿਹਾ ਹੈ। ਇਹ ਐਲਬਮ ਮੁਕੰਮਲ ਹੋਣ ਤੋਂ ਬਾਅਦ ਉਹ ਸੰਸਾਰ ਯਾਤਰਾ 'ਤੇ ਨਿਕਲਣਗੇ ਜਿਸ ਦੌਰਾਨ ਭਾਰਤ ਵਿਚ ਉਨ੍ਹਾਂ ਦਾ ਵਿਸ਼ੇਸ਼ ਮੁਕਾਮ ਹੋਵੇਗਾ। ਕਲੀਵਲੈਂਡ (ਓਹਾਇਓ) ਵਿਚ ਜੰਮੀ-ਪਲੀ ਗੁਰੂਜਸ ਕੌਰ ਦਾ ਪਰਿਵਾਰ ਸੰਗੀਤ ਨਾਲ ਡੂੰਘਾ ਜੁੜਿਆ ਹੋਇਆ ਹੈ। ਉਸ ਦੀ ਮਾਂ ਵਾਇਲਨਵਾਦਕ ਹੈ ਜਿਸ ਨੇ ਬਾਕਾਇਦਾ ਵਾਇਲਨ ਵਜਾਉਣ ਦੀ ਸਿਖਲਾਈ ਪ੍ਰਾਪਤ ਕੀਤੀ ਹੋਈ ਹੈ ਅਤੇ ਉਸ ਦੀ ਭੈਣ ਪਿਆਨੋ ਬਹੁਤ ਚੰਗੀ ਵਜਾ ਲੈਂਦੀ ਹੈ।

ਗੁਰੂਜਸ ਕੌਰ ਸੰਗੀਤ ਦੀਆਂ ਸੁਰਾਂ ਨਾਲ ਤਾਂ ਪਹਿਲਾਂ ਹੀ ਇਕ-ਮਿਕ ਸੀ, ਪਰ ਜਦੋਂ ਉਹ ਮਿਸ਼ੀਗਨ ਕਾਲਜ ਵਿਚ ਪੜ੍ਹਨ ਲੱਗੀ ਤਾਂ ਸੰਗੀਤ ਦੇ ਹੋਰ ਨੇੜੇ ਹੋ ਗਈ ਅਤੇ ਉਸ ਨੇ ਸੰਗੀਤ ਨੂੰ ਹੌਬੀ ਵਜੋਂ ਲੈ ਲਿਆ। ਬਾਅਦ ਵਿਚ ਜਦੋਂ 2005 ਵਿਚ ਲਾਸ ਏਂਜਲਸ ਵਿਖੇ ਉਸ ਦੀ ਮੁਲਾਕਾਤ ਅਮਰੀਕੀ ਸਿੱਖ ਹਰੀ ਜੀਵਨ ਸਿੰਘ ਖਾਲਸਾ ਨਾਲ ਹੋਈ ਤਾਂ ਸਮਝੋ ਉਸ ਦੀ ਜ਼ਿੰਦਗੀ ਹੀ ਬਦਲ ਗਈ। ਹਰੀ ਜੀਵਨ ਸਿੰਘ ਨੇ ਉਸ ਨੂੰ ਗੁਰਬਾਣੀ ਨਾਲ ਜੋੜਿਆ। ਇਸ ਤੋਂ ਬਾਅਦ ਦੋਹਾਂ ਨੇ ਲਗਾਤਾਰ ਸੰਗੀਤ ਦੇ ਖੇਤਰ ਵਿਚ ਕੰਮ ਕੀਤਾ। ਦੋ ਸਾਲ ਪਹਿਲਾਂ (2015 ਵਿਚ) ਉਨ੍ਹਾਂ 'ਵ੍ਹਾਈਟ ਸਨ' ਦੇ ਨਾਂ ਹੇਠ ਆਪਣਾ ਸੰਗੀਤ ਗਰੁੱਪ ਤਿਆਰ ਕਰ ਲਿਆ। ਇਹ ਸਾਰੀ ਪਹਿਲਕਦਮੀ ਹਰੀ ਜੀਵਨ ਸਿੰਘ ਖਾਲਸਾ ਵੱਲੋਂ ਕੀਤੀ ਗਈ ਸੀ। ਉਸ ਨੇ ਹੀ ਇਸ ਗਰੁੱਪ ਦਾ ਨਾਮਕਰਨ ਕੀਤਾ।






ਗੁਰੂਜਸ ਕੌਰ ਅਤੇ (ਉਪਰ) ਐਲਬਮ 'ਵ੍ਹਾਈਟ ਸਨ-2' ਦੀ ਝਲਕ।

ਗਰੁੱਪ ਦਾ ਨਾਂ ਰੱਖਣ ਵੇਲੇ ਹਰੀ ਜੀਵਨ ਸਿੰਘ ਦੇ ਮਨ ਮਸਤਕ ਵਿਚ 'ਸਮੇਂ, ਸਪੇਸ ਅਤੇ ਬ੍ਰਹਿਮੰਡ' ਦੀਆਂ ਸਾਂਝੀਆਂ ਗੂੰਜਾਂ ਪੈ ਰਹੀਆਂ ਸਨ। ਉਸ ਦਾ ਦਾਈਆ ਸੀ ਕਿ ਗੁਰਬਾਣੀ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਲੈ ਕੇ ਜਾਣਾ ਹੈ। ਗੁਰੂਜਸ ਕੌਰ ਮੁਤਾਬਕ, ਕੁੰਡਲਿਨੀ ਯੋਗ ਨੇ ਉਸ ਦੀ ਜ਼ਿੰਦਗੀ ਨੂੰ ਬਹੁਤ ਪ੍ਰਭਾਵਤ ਕੀਤਾ। ਜਦੋਂ ਉਹ ਕਾਲਜ ਵਿਚ ਪੜ੍ਹਦੀ ਸੀ ਤਾਂ ਉਹ ਹਠ ਯੋਗ ਕਰਦੀ ਹੁੰਦੀ ਸੀ। ਇਕ ਦਿਨ ਉਸ ਦੀ ਅਧਿਆਪਕਾ ਨੇ ਕੁੰਡਲਿਨੀ ਯੋਗ ਬਾਰੇ ਦੱਸਿਆ ਤਾਂ ਰੁਚੀ ਹੋਰ ਵਧ ਗਈ। ਫਿਰ ਜਦੋਂ ਹਰੀ ਜੀਵਨ ਸਿੰਘ ਨਾਲ ਮੁਲਾਕਾਤ ਹੋਈ ਤਾਂ ਉਸ ਨੇ ਕੁੰਡਲਿਨੀ ਯੋਗ ਅਪਣਾ ਲਿਆ।

ਗੁਰੂਜਸ ਕੌਰ ਦਾ ਪਤੀ ਹਰੀਮੰਦਰ ਸਿੰਘ ਖਾਲਸਾ ਵੀ ਸੰਗੀਤ ਨਾਲ ਜੁੜਿਆ ਹੈ ਅਤੇ ਹਾਲੀਵੁੱਡ 'ਚ ਵਿਯੂਅਲ ਇਫੈਕਟ ਦਾ ਸੁਪਰਵਾਈਜ਼ਰ ਹੈ। ਉਹ ਖੁਦ ਉਮਦਾ ਕੰਮ ਲਈ ਵੱਕਾਰੀ ਐਮੀ ਇਨਾਮ ਜਿੱਤ ਚੁੱਕਾ ਹੈ। ਇਸ ਜੋੜੀ ਦੇ ਘਰ 11 ਵਰ੍ਹਿਆਂ ਦੀ ਧੀ ਪ੍ਰੀਤਮ ਸ਼ਾਂਤੀ ਹੈ। ਗੁਰੂਜਸ ਕੌਰ ਦੱਸਦੀ ਹੈ ਕਿ ਜਿਸ ਦਿਨ ਗਰੈਮੀ ਇਨਾਮ ਸਮਾਗਮ ਹੋ ਰਿਹਾ ਸੀ, ਉਸ ਦਿਨ ਪ੍ਰੀਤਮ ਸ਼ਾਂਤੀ ਉਨ੍ਹਾਂ ਦੇ ਨਾਲ ਸੀ। ਗੁਰੂਜਸ ਕੌਰ 2005 ਤੋਂ ਲੈ ਹੁਣ ਤੱਕ ਉਹ ਕਈ ਵਾਰ ਭਾਰਤ ਜਾ ਚੁੱਕੀ ਹੈ। ਗੁਰਦੁਆਰਾ ਗੋਇੰਦਵਾਲ ਸਾਹਿਬ ਉਸ ਦਾ ਪਸੰਦੀਦਾ ਮੁਕਾਮ ਹੈ। ਗੁਰਦੁਆਰਾ ਬੰਗਲਾ ਸਾਹਿਬ ਦੇ ਰਾਗੀ ਭਾਈ ਕਰਤਾਰ ਸਿੰਘ, ਭਾਈ ਸਤਨਾਮ ਸਿੰਘ, ਭਾਈ ਅਵਤਾਰ ਸਿੰਘ ਦੇ ਸ਼ਬਦ ਉਸ ਨੂੰ ਬਹੁਤ ਪਸੰਦ ਹਨ। ਉਹ ਦੱਸਦੀ ਹੈ ਕਿ ਉਸ ਨੂੰ ਧਰਮਸ਼ਾਲਾ (ਹਿਮਾਚਲ ਪ੍ਰਦੇਸ਼) ਜਾਣਾ ਵੀ ਚੰਗਾ ਲੱਗਦਾ ਹੈ ਅਤੇ ਬੋਧ ਮੱਠਾਂ 'ਤੇ ਜਾ ਕੇ ਉਸ ਨੇ ਮਨ ਨੂੰ ਤਸੱਲੀ ਮਿਲਦੀ ਹੈ।



ਵੱਕਾਰੀ ਗਰੈਮੀ ਪੁਰਸਕਾਰ ਹਾਸਲ ਕਰਨ ਤੋਂ ਬਾਅਦ ਗੁਰੂਜਸ ਕੌਰ ਆਪਣੇ ਸੰਗੀਤ ਗਰੁੱਪ ਦੇ ਸਾਥੀ ਐਡਮ ਬੈਰੀ ਅਤੇ ਹਰੀ ਜੀਵਨ ਸਿੰਘ ਨਾਲ।

### 'ਵ੍ਹਾਈਟ ਸਨ-2' ਅਤੇ ਭਾਰਤ ਦਾ ਨਾਤਾ

*ਗੁਰੂਜਸ ਕੌਰ ਦੀ ਇਨਾਮ ਜੇਤੂ ਐਲਬਮ ਦਾ ਭਾਰਤ ਨਾਲ ਸਿੱਧਾ ਸਬੰਧ ਹੈ। ਐਲਬਮ ਲਈ ਤਬਲਾ ਅਭਿਮਾਨ ਕੌਸ਼ਲ ਨੇ ਵਜਾਇਆ ਜੋ ਹੈਦਾਰਾਬਾਦ ਤੋਂ ਹੈ। ਉਹ ਅੱਜ ਕੱਲ੍ਹ ਲਾਸ ਏਂਜਲਸ 'ਚ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਅਤੇ ਰਿਵਰਸਾਈਡ ਵਾਲੀ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਨਾਲ ਜੁੜਿਆ ਹੋਇਆ ਹੈ। ਗੁਰੂਜਸ ਕੌਰ ਦਾ ਉਸ ਨਾਲ ਸੰਪਰਕ ਵੀ ਸੰਗੀਤ ਸਮਾਗਮ ਦੌਰਾਨ ਹੀ ਹੋਇਆ ਸੀ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਮਾਰਚ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-262




**ਹੱਥ ਝਾੜੂ ਫੜ ਕੇ ਬੋਲਦਾ ਆਵੇ, ਬੋਲੇ ਈ ਸੋ ਨਿਹਾਲ।**
**ਜੋਸ਼ 'ਚ ਆ ਕੇ ਤੁਰਦਾ ਜਾਪੇ ਪੰਜਾਬ ਦਾ ਕੇਜਰੀਵਾਲ।**

## ਕੈਪਸ਼ਨ ਮੁਕਾਬਲਾ-260



ਆ ਡੱਡੀਏ ਤੈਨੂੰ ਲੈ ਬੁੱਕਲ ਵਿਚ
ਚੂੰਘਣੀ ਦੇ ਨਾਲ ਦੁੱਧ ਪਿਆਵਾਂ।
ਬਚਾਵਣ ਖਾਤਰ ਠਾਰੀ ਕੋਲੋਂ
ਲਪੇਟ ਕੇ ਕੰਬਲ ਹਿੱਕ ਨਾਲ ਲਾਵਾਂ।
ਤੰਗੀਆਂ-ਤੋੜਿਆਂ ਬੁੱਢੇ ਕਰ'ਤਾ
ਪਰ ਤੇਰੇ ਉਤੋਂ ਸਦਕੇ ਜਾਵਾਂ।

***-ਜਗਮੀਤ ਸਿੰਘ ਪੰਧੇਰ***

---

ਗੋਦੀ ਵਿਚ ਲੈ ਕੇ ਮਾਸੂਮ ਨੂੰ
ਬਾਬਾ ਬੁੱਕਲ ਵਿਚ ਲੁਕੋਵੇ।
ਠੰਡ ਨਾ ਕਿਧਰੇ ਲੱਗ ਜਾਏ ਇਹਨੂੰ
ਨਾ ਭੁੱਖਾ ਦੁੱਧ ਤੋਂ ਹੋਵੇ।
ਕਹਿੰਦੇ ਮੂਲ ਤੋਂ ਵਿਆਜ ਪਿਆਰਾ
ਚੁੰਮ-ਚੁੰਮ ਲਾਵੇ ਸੀਨੇ।
ਨੂੰਹ-ਪੁੱਤ ਲੱਗੇ ਨਿੱਤ ਦੇ ਧੰਦੇ
ਇਵੇਂ ਹੀ ਬੀਤਦੇ ਦਿਨ-ਮਹੀਨੇ।

***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਮੂਲ ਨਾਲੋਂ ਵਿਆਜ ਪਿਆਰਾ
ਬਾਬਾ ਦੇਵੇ ਪੋਤੇ ਨੂੰ ਲੋਰੀਆਂ।
ਧਰਵਾਸ ਨਾਲ ਵੀ ਮੁਸ਼ਕਿਲਾਂ
ਹੁੰਦੀਆਂ ਨਹੀਂ ਥੋੜੀਆਂ।
ਰੀਝਾਂ ਨਾਲ ਦੁੱਧ ਪਿਲਾਵੇ
ਬਾਕੀ ਟੱਬਰ ਕੋਲ ਵਿਹਲ ਨਹੀਂ।
ਛੋਟੇ ਬੱਚਿਆਂ ਦਾ ਪਾਲਣ ਪੋਸ਼ਣ
ਕੋਈ ਐਵੇਂ ਦਾ ਖੇਲ੍ਹ ਨਹੀਂ।

***-ਅਮਰਜੀਤ ਸਿੰਘ ਤੂਰ***

---

ਪੋਤੇ ਨੂੰ ਦੁੱਧ ਪਿਲਾਉਣਾ ਪੈ ਗਿਆ
ਗੋਦੀ ਵਿਚ ਸੁਲਾਉਣਾ ਪੈ ਗਿਆ।
ਬਾਬਾ ਬੈਠਾ ਬਿੱਟ ਬਿੱਟ ਤੱਕੇ
ਗੋਡੇ ਤਾਂ ਪਏ ਨੇ ਥੱਕੇ।
ਅੰਦਰੋਂ ਆਪਣਾ ਮਨ ਸਮਝਾਵੇ
ਪੁੱਤ-ਪੋਤਿਆਂ ਦੀ ਖੈਰ ਮਨਾਵੇ।

***-ਦਵਿੰਦਰ ਕੌਰ***

---

ਰਿਸ਼ਤੇ ਸਭ ਨਿਭਾਉਣੇ ਪੈਂਦੇ
ਇਹ ਹੈ ਦੁਨੀਆਂਦਾਰੀ।
ਧੀਆਂ-ਪੁੱਤਰ ਕੰਮ ਲੱਗੇ
ਬਾਬਾ ਕਰਦਾ ਪੋਤੀ ਦੀ ਸੇਵਾਦਾਰੀ।
ਮੋਹ ਹੈ ਧੀਆਂ-ਪੁੱਤਰਾਂ ਵਾਲਾ
ਜਾਂ ਇਹ ਹੈ ਸਾਡੀ ਮਜਬੂਰੀ।
ਪਰਮਾਤਮਾ ਅੱਗੇ ਇਹੋ ਅਰਜ
ਨਾ ਬਣਾਈ ਰਿਸ਼ਤਿਆਂ 'ਚ ਦੂਰੀ।

***-ਗੋਰਾ ਪ੍ਰਜਾਪਤ, ਨਿਊ ਯਾਰਕ***

---

ਬੁਢਾਪਾ ਵੀ ਬੜਾ ਕਸੂਤਾ
ਹੋ ਨਿਰਭਰ ਦੂਜੇ 'ਤੇ ਰਹਿਣਾ।
ਨਿਰਾਦਰੀ ਨੂੰਹਾਂ-ਪੁੱਤਾਂ ਤੋਂ ਸਹਿਣੀ
ਫਿਰ ਵੀ ਜਿਉਂਦਾ ਰਹਿ ਬੱਚਾ
ਕਹਿ ਸਭ ਨੂੰ ਭਰਮਾਉਣਾ।
ਮੱਥੇ ਤਿਓੜੀਆਂ, ਦੁਬਲੀ ਹਾਲਤ
ਕਰ ਕਰ ਖੁਸ਼ਾਮਦਾਂ ਨਿੰਮੋਝੂਣਾ ਹੋਇਆ।
ਰੋਟੀ ਮਿਲਣੀ ਸੁਖਾਲੀ ਹੋ ਗਈ
ਜਦੋਂ ਤੋਂ ਬੱਚੇ ਨੂੰ ਦੁੱਧ ਪਿਆਇਆ।

***-ਦਰਸ਼ਨਪਾਲ ਦੋਸਾਂਝ***

## ਕਰਮਨ ਗੁਰੂ ਘਰ 'ਚ ਗੁਰਮਤਿ ਸਮਾਗਮ



**ਕਰਮਨ, ਕੈਲੀਫੋਰਨੀਆ (ਬਿਊਰੋ):** ਇਥੇ ਗੁਰਦੁਆਰਾ ਅਨੰਦਗੜ੍ਹ ਸਾਹਿਬ ਵਿਖੇ ਹੋਏ ਗੁਰਮਤਿ ਸਮਾਗਮ ਦੌਰਾਨ ਰਾਗੀ ਸਿੰਘਾਂ ਵਲੋਂ ਕੀਰਤਨ ਤੋਂ ਇਲਾਵਾ ਬੱਚਿਆਂ ਨੇ ਸ਼ਬਦ ਕੀਰਤਨ ਰਾਹੀਂ ਹਾਜਰੀ ਭਰੀ। ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਸੋਢੀ ਸਿੰਘ ਦੇ ਜਥੇ ਤੋਂ ਇਲਾਵਾ ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਤੋਂ ਪਹੁੰਚੇ ਭਾਈ ਰਣਜੀਤ ਸਿੰਘ ਦੇ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਇਥੋਂ ਦੇ ਪੰਜਾਬੀ ਸਕੂਲ ਦੇ ਬੱਚਿਆਂ ਦੇ ਵੱਖ-ਵੱਖ ਗਰੁੱਪਾਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਗੁਰੂਘਰ ਦੇ ਬਾਹਰ ਲਾਏ ਬੂਥ ਰਾਹੀਂ ਸੰਗਤਾਂ ਨਾਲ ਪ੍ਰਾਪਤੀਆਂ ਦੀ ਸਾਂਝ ਪਾਈ। ਇਸੇ ਸਮੇਂ ਗੁਰਮਤਿ ਪ੍ਰਚਾਰ ਮਿਸ਼ਨ ਨਾਲ ਜੁੜੇ ਭਾਈ ਸੁਰਜਨ ਸਿੰਘ ਨੇ ਨਵੀਂ ਪੀੜ੍ਹੀ ਨੂੰ ਸਿੱਖੀ ਨਾਲ ਜੋੜਨ ਲਈ ਕਥਾ ਵਿਆਖਿਆ ਕੀਤੀ।

ਇਸ ਉਪਰੰਤ ਕਵੀ ਸ. ਪਿਸ਼ੌਰਾ ਸਿੰਘ ਢਿੱਲੋਂ ਨੇ ਕਵਿਤਾ ਅਤੇ ਕੁਲਵੰਤ ਸਿੰਘ ਖਹਿਰਾ ਨੇ ਧਾਰਮਿਕ ਗੀਤ ਰਾਹੀਂ ਹਾਜ਼ਰੀ ਭਰੀ। ਸ. ਗੁਰਬਿੰਦਰ ਸਿੰਘ ਧਾਲੀਵਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਸੇਵਾ ਗੁਰਪ੍ਰੀਤ ਸਿੰਘ ਜਾਨੀ ਨੇ ਨਿਭਾਈ। ਪ੍ਰੋਗਰਾਮ ਦੀ ਸੇਵਾ ਰਾਜ ਧਾਲੀਵਾਲ ਅਤੇ ਪਰਿਵਾਰ ਨੇ ਕਰਵਾਈ।

## ਅੰਟਾਰਕਟਿਕਾ ਵਿਚ ਬਰਫ ਦਾ ਪੱਧਰ ਘਟਿਆ

**ਵਾਸ਼ਿੰਗਟਨ:** ਵਿਗਿਆਨੀਆਂ ਦਾ ਕਹਿਣਾ ਹੈ ਕਿ ਤਕਰੀਬਨ ਚਾਰ ਦਹਾਕੇ ਪਹਿਲਾਂ ਜਦੋਂ ਤੋਂ ਰਿਕਾਰਡ ਰੱਖਣਾ ਸ਼ੁਰੂ ਕੀਤਾ ਗਿਆ, ਹੁਣ ਤੱਕ ਅੰਟਾਰਕਟਿਕ ਦੀ ਬਰਫ ਪਿਘਲ ਕੇ ਸਭ ਤੋਂ ਹੇਠਲੇ ਪੱਧਰ ਉਤੇ ਪੁੱਜ ਗਈ ਹੈ।

ਅਮਰੀਕਾ ਦੇ ਬਰਫ ਬਾਰੇ ਅੰਕੜੇ ਇਕੱਤਰ ਕਰਨ ਵਾਲੇ ਕੌਮੀ ਸੈਂਟਰ (ਐਨ. ਐਸ. ਆਈ.ਡੀ.ਸੀ.) ਮੁਤਾਬਕ ਅੰਟਾਰਕਟਿਕ ਵਿਚ ਬਰਫ ਨਾਲ ਢਕਿਆ ਇਲਾਕਾ ਘਟ ਕੇ ਸਿਰਫ 22.6 ਲੱਖ ਵਰਗ ਕਿਲੋਮੀਟਰ ਰਹਿ ਗਿਆ, ਜੋ 1997 ਦੇ ਸ਼ੁਰੂ ਵਿਚ ਰਿਕਾਰਡ ਹੋਏ ਪੱਧਰ ਨਾਲੋਂ ਘੱਟ ਹੈ। ਖੋਜਾਰਥੀਆਂ ਨੇ ਕਿਹਾ ਕਿ ਬਰਫ ਹੋਰ ਘਟਣ ਦੀ ਸੰਭਾਵਨਾ ਹੈ ਕਿਉਂਕਿ ਧਰਤੀ ਦੇ ਦੱਖਣੀ ਅੱਧ ਉਤੇ ਸਰਦੀਆਂ ਦਾ ਸੀਜ਼ਨ ਫਰਵਰੀ ਦੇ ਅੰਤ ਤੱਕ ਖਤਮ ਹੋ ਜਾਵੇਗਾ।

ਮਨੁੱਖਾਂ ਵੱਲੋਂ ਪੈਦਾ ਕੀਤੀ ਆਲਮੀ ਤਪਸ਼ ਕਾਰਨ ਧਰਤੀ ਗਰਮ ਹੋ ਰਹੀ ਹੈ, ਜਿਸ ਕਾਰਨ ਬਰਫ ਘਟ ਰਹੀ ਹੈ। ਪਿਛਲੇ ਕਈ ਸਾਲਾਂ ਵਿਚ ਦੱਖਣੀ ਧਰੁਵ ਦੁਆਲੇ ਬਰਫ ਵਿਚ ਔਸਤਨ ਵਾਧਾ ਹੀ ਹੋਇਆ ਹੈ ਅਤੇ ਸਤੰਬਰ 2014 ਵਿਚ ਇਥੇ ਤਕਰੀਬਨ 201.6 ਲੱਖ ਵਰਗ ਕਿਲੋਮੀਟਰ ਇਲਾਕੇ ਵਿਚ ਬਰਫ ਦਰਜ ਹੋਈ, ਜੋ ਰਿਕਾਰਡ ਹੈ। ਕੇਂਦਰ ਦੇ ਡਾਇਰੈਕਟਰ ਮਾਰਕ ਸੇਰੇਜ਼ੇ ਨੇ ਕਿਹਾ ਕਿ ਨਵੇਂ ਅੰਕੜਿਆਂ ਦੀ ਹਾਲੇ ਕਈ ਦਿਨਾਂ ਦੀ ਗਣਨਾ ਤੋਂ ਬਾਅਦ ਪੁਸ਼ਟੀ ਹੋਵੇਗੀ।


## ਅਸਲਾ ਬਰਾਮਦਗੀ ਕੇਸ 'ਚ ਹਵਾਰਾ ਨੂੰ ਜ਼ਮਾਨਤ

**ਲੁਧਿਆਣਾ:** ਸਥਾਨਕ ਚੰਦਰ ਨਗਰ ਨੇੜਿਉਂ ਸਾਲ 1995 ਵਿਚ ਅਸਲਾ ਬਰਾਮਦਗੀ ਦੇ ਮਾਮਲੇ 'ਚ ਅਦਾਲਤ ਨੇ ਭਾਈ ਜਗਤਾਰ ਸਿੰਘ ਹਵਾਰਾ ਨੂੰ ਜ਼ਮਾਨਤ ਦੇ ਦਿੱਤੀ ਹੈ। ਪੁਲਿਸ ਵੱਲੋਂ 30 ਦਸੰਬਰ 1995 ਨੂੰ ਚੰਦਰ ਨਗਰ ਨੇੜਿਉਂ ਭਾਰੀ ਮਾਤਰਾ 'ਚ ਅਸਲਾ ਬਰਾਮਦ ਕੀਤਾ ਗਿਆ ਸੀ। ਪੁਲਿਸ ਵੱਲੋਂ ਇਥੋਂ ਤਿੰਨ ਏ.ਕੇ. 56, ਅਸਾਲਟ ਰਾਈਫਲਜ਼ ਤੇ 50 ਦੇ ਕਰੀਬ ਕਾਰਤੂਸ ਬਰਾਮਦ ਕੀਤੇ ਗਏ ਸਨ।

ਪੁਲਿਸ ਵੱਲੋਂ ਇਸ ਮਾਮਲੇ 'ਚ ਜਗਤਾਰ ਸਿੰਘ ਹਵਾਰਾ ਨੂੰ ਨਾਮਜ਼ਦ ਕੀਤਾ ਗਿਆ ਸੀ ਤੇ ਕੁਝ ਸਮਾਂ ਪਹਿਲਾਂ ਹੀ ਉਸ ਖਿਲਾਫ਼ ਅਦਾਲਤ 'ਚ ਚਲਾਨ ਪੇਸ਼ ਕੀਤਾ ਗਿਆ ਸੀ। ਇਸ ਮੁਕਦਮੇ ਦੀ ਸੁਣਵਾਈ ਸਮੇਂ ਭਾਈ ਹਵਾਰਾ ਅਦਾਲਤ 'ਚ ਪੇਸ਼ ਨਹੀਂ ਹੋ ਰਹੇ ਸਨ ਤੇ ਉਨ੍ਹਾਂ ਦੀ ਪੇਸ਼ੀ ਵੀਡੀਓ ਕਾਨਫਰੰਸਿੰਗ ਰਾਹੀਂ ਹੀ ਕੀਤੀ ਜਾਂਦੀ ਹੈ।

## ਹਿਟਲਰ ਦਾ ਫੋਨ 2.43 ਲੱਖ ਡਾਲਰ ਵਿਚ ਨਿਲਾਮ

**ਵਾਸ਼ਿੰਗਟਨ:** ਦੂਜੇ ਵਿਸ਼ਵ ਯੁੱਧ ਵਿਚ ਅਡੋਲਫ ਹਿਟਲਰ ਵੱਲੋਂ ਇਸਤੇਮਾਲ ਕੀਤਾ ਗਿਆ ਟੈਲੀਫੋਨ ਅਮਰੀਕਾ ਵਿਚ 2.43 ਲੱਖ



ਡਾਲਰ ਵਿਚ ਨਿਲਾਮ ਹੋਇਆ। ਲਾਲ ਰੰਗ ਦੇ ਇਸ ਫੋਨ ਉਤੇ ਹਿਟਲਰ ਦਾ ਨਾਮ ਲਿਖਿਆ ਹੋਇਆ ਹੈ। ਇਹ ਫੋਨ 1945 ਵਿਚ ਬਰਲਿਨ ਦੇ ਇਕ ਬੰਕਰ ਵਿਚੋਂ ਮਿਲਿਆ ਸੀ।

ਜਰਮਨੀ ਦੇ ਆਤਮ ਸਮਰਪਣ ਕਰਨ ਤੋਂ ਬਾਅਦ ਸੋਵੀਅਤ ਸੈਨਿਕ ਨੇ ਇਹ ਫੋਨ ਬਰਤਾਨੀਆ ਦੇ ਬ੍ਰਿਗੇਡੀਅਰ ਰਾਲਫ ਰੇਨਰ ਨੂੰ ਨਿਸ਼ਾਨੀ ਵਜੋਂ ਦਿੱਤਾ ਸੀ। ਫੋਨ ਦੀ ਸ਼ੁਰੂਆਤੀ ਕੀਮਤ 67 ਲੱਖ ਰੁਪਏ ਰੱਖੀ ਗਈ ਸੀ।


## ਵਿਆਹਾਂ 'ਚ ਫਜ਼ੂਲ ਖਰਚੀ ਹੋਵੇਗੀ ਬੰਦ

**ਨਵੀਂ ਦਿੱਲੀ:** ਵਿਆਹ ਸਮਾਗਮਾਂ 'ਚ ਫਜ਼ੂਲ ਖਰਚ ਰੋਕਣ, ਮਹਿਮਾਨਾਂ ਦੀ ਗਿਣਤੀ ਸੀਮਤ ਕਰਨ, ਸਮਾਗਮ ਦੌਰਾਨ ਪਰੋਸੇ ਜਾਣ ਵਾਲੇ ਖਾਣੇ ਨੂੰ ਸੀਮਤ ਕਰਨ ਅਤੇ 'ਪੈਸੇ ਦੇ ਪ੍ਰਦਰਸ਼ਨ' ਉਤੇ ਲਗਾਮ ਲਾਉਣ ਲਈ ਲੋਕ ਸਭਾ ਵਿਚ ਬਿੱਲ ਪੇਸ਼ ਹੋਵੇਗਾ। ਇਸ ਪ੍ਰਾਈਵੇਟ ਮੈਂਬਰ ਬਿੱਲ 'ਚ ਇਹ ਵਿਵਸਥਾ ਕੀਤੀ ਗਈ ਹੈ ਕਿ ਜੋ ਲੋਕ ਵਿਆਹ 'ਚ 5 ਲੱਖ ਰੁਪਏ ਤੋਂ ਜ਼ਿਆਦਾ ਰਾਸ਼ੀ ਖਰਚ ਕਰਦੇ ਹਨ, ਉਹ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ 'ਚ ਯੋਗਦਾਨ ਪਾਉਣ।

ਲੋਕ ਸਭਾ 'ਚ ਕਾਂਗਰਸ ਦੀ ਸੰਸਦ ਮੈਂਬਰ ਰਣਜੀਤ ਰੰਜਨ ਇਸ ਪ੍ਰਾਈਵੇਟ ਮੈਂਬਰ ਬਿੱਲ ਨੂੰ ਪੇਸ਼ ਕਰੇਗੀ, ਜਿਸ ਵਿਚ ਕਿਹਾ ਗਿਆ ਹੈ ਕਿ ਜੇ ਕੋਈ ਪਰਿਵਾਰ ਵਿਆਹ ਉਤੇ 5 ਲੱਖ ਰੁਪਏ ਤੋਂ ਵੱਧ ਦੀ ਰਾਸ਼ੀ ਖਰਚ ਕਰਦਾ ਹੈ ਤਾਂ ਉਸ ਨੂੰ ਗਰੀਬ ਪਰਿਵਾਰ ਦੀ ਲੜਕੀ ਦੇ ਵਿਆਹ ਵਿਚ ਉਕਤ ਰਾਸ਼ੀ ਦਾ 10 ਫੀਸਦੀ ਯੋਗਦਾਨ ਦੇਣਾ ਚਾਹੀਦਾ ਹੈ। ਲੋਕ ਸਭਾ ਦੇ ਅਗਲੇ ਇਜਲਾਸ 'ਚ ਵਿਆਹ ਬਿੱਲ 2016 ਇਕ ਨਿੱਜੀ ਬਿੱਲ ਦੇ ਰੂਪ ਵਿਚ ਪੇਸ਼ ਕੀਤਾ ਜਾਵੇਗਾ। ਸੰਸਦ ਮੈਂਬਰ ਰਣਜੀਤ ਰੰਜਨ ਅਨੁਸਾਰ ਇਸ ਬਿੱਲ ਦਾ ਉਦੇਸ਼ ਵਿਆਹਾਂ 'ਚ ਫਜ਼ੂਲ ਖਰਚ ਨੂੰ ਰੋਕਣਾ ਅਤੇ ਸਾਦਗੀ ਨੂੰ ਉਤਸ਼ਾਹਿਤ ਕਰਨਾ ਹੈ।








ਲੇਖਕ ਮੱਤ ਸਿੰਘ ਢਿੱਲੋਂ

**ਕਿਤਾਬ ਲੈਣ ਲਈ ਸੰਪਰਕ ਕਰੋ**

**ਫੋਨ: 847-308-5411**

E-mail: matdhillon@gmail.com

ਕੀਮਤ 10 ਡਾਲਰ

*(ਪੰਜ ਡਾਲਰ ਡਾਕ ਖਰਚਾ ਵੱਖਰਾ)*

### ਦੋ ਸ਼ਬਦ

ਨਾਵਲ 'ਸਿਆਸਤਦਾਨ' ਵਿਚ ਮੱਤ ਸਿੰਘ ਢਿੱਲੋਂ ਨੇ ਇਕ ਘਟੀਆ ਸਿਆਸਤਦਾਨ ਦਾ ਚਿੱਤਰ ਪੇਸ਼ ਕੀਤਾ ਹੈ ਜੋ ਬਾਹਰ ਲੋਕਾਂ ਨਾਲ ਤਾਂ ਸਿਆਸਤ ਖੇਡਦਾ ਹੈ ਹੀ, ਆਪਣੇ ਘਰ ਵਿਚ ਵੀ ਸਿਆਸਤ ਖੇਡਣ ਤੋਂ ਬਾਜ ਨਹੀਂ ਆਉਂਦਾ। ਨਾਵਲ ਵਿਚ ਚੰਗੇ ਅਤੇ ਮਾੜੇ, ਦੋਵੇਂ ਕਿਸਮ ਦੇ ਪਾਤਰ ਹਨ ਜੋ ਸਮਾਜ ਵਿਚ ਆਮ ਵਿਚਰਦੇ ਦਿਸ ਪੈਂਦੇ ਹਨ। ਨਾਵਲ ਵਿਚ ਵੱਖ ਵੱਖ ਤਰ੍ਹਾਂ ਦੀਆਂ ਘਟਨਾਵਾਂ ਪੇਸ਼ ਕਰ ਕੇ ਮੱਤ ਸਿੰਘ ਨੇ ਪੰਜਾਬ ਦੇ ਦਿਨੋ ਦਿਨ ਨਿੱਘਰ ਰਹੇ ਹਾਲਾਤ ਦੀ ਤਸਵੀਰ ਪੇਸ਼ ਕੀਤੀ ਹੈ।

***-ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸ਼ਿਕਾਗੋ***

ਇਸ ਨਾਵਲ ਦੀ ਕਹਾਣੀ ਲੇਖਕ ਨੇ ਬੜੇ ਸੁਚੱਜੇ ਢੰਗ ਨਾਲ ਰਚੀ ਹੈ। ਨਾਵਲ ਦਾ ਅੰਤ ਬੜੇ ਚੰਗੇ ਪ੍ਰਭਾਵ ਛੱਡਦਾ ਹੈ। ਇਕ ਪਿੰਡ ਦੀ ਸਾਧਾਰਣ ਕਹਾਣੀ ਕਹਿੰਦਿਆਂ ਮੱਤ ਸਿੰਘ ਨੇ ਪੰਜਾਬ ਦੀ ਸਿਆਸਤ, ਆਰਥਿਕ ਤੇ ਸਮਾਜਿਕ ਖੇਤਰ ਵਿਚ ਆਈ ਗਿਰਾਵਟ ਦੀ ਗੱਲ ਕਹੀ ਹੈ। ਵਿਅੰਗ ਅਤੇ ਟੋਟਕੇ ਵੀ ਨਵਾਲ ਪੜ੍ਹਨ ਦੀ ਦਿਲਚਸਪੀ ਬਣਾਈ ਰੱਖਦੇ ਹਨ।

***-ਹਰਿੰਦਰ ਕੌਰ, ਨਿਊ ਪੋਰਟ***

ਇਹ ਨਾਵਲ ਪੰਜਾਬ ਦੇ ਮੌਜੂਦਾ ਹਾਲਾਤ ਅਤੇ ਜੂਝ ਰਹੇ ਲੋਕਾਂ ਦੀ ਜ਼ਿੰਦਗੀ 'ਤੇ ਭਰਪੂਰ ਝਾਤ ਪੁਆਉਂਦਾ ਹੈ। ਬਲੈਕ ਮੇਲਿੰਗ, ਭ੍ਰਿਸ਼ਟਾਚਾਰ, ਨਸ਼ੇ, ਨਸ਼ਾ ਤਸਕਰ, ਮਾਫੀਆ ਗਰੁਪ, ਨਿੱਘਰ ਚੁੱਕਾ ਸਿਆਸੀ ਢਾਂਚਾ ਅਤੇ ਲੋਕਾਂ ਦੀ ਇਕ-ਦੂਜੇ ਪ੍ਰਤੀ ਬੇਵਸਾਹੀ-ਇਹ ਸਾਰਾ ਕੁਝ ਬਹੁਤ ਸਹਿਜ ਰੂਪ ਵਿਚ ਨਾਵਲ ਦਾ ਹਿੱਸਾ ਬਣਿਆ ਹੈ। ਇਸ ਦੇ ਨਾਲ ਹੀ ਭਾਸ਼ਾ ਦਾ ਸਥਾਨਕ ਰੰਗ ਅਤੇ ਖੁੱਲ੍ਹਾ-ਡੁੱਲ੍ਹਾ ਬਿਰਤਾਂਤ ਸੋਨੇ ਉਤੇ ਸੁਹਾਗੇ ਦਾ ਕੰਮ ਕਰਦਾ ਹੈ।

***-ਹਰਵਿੰਦਰ ਸਿੰਘ ਆਹੂਜਾ, ਮਿਲਵਾਕੀ***

ਨਾਵਲ 'ਸਿਆਸਤਦਾਨ' ਵਿਚਲਾ ਮੁੱਖ ਪਾਤਰ ਧਰਮ ਸਿੰਘ ਭ੍ਰਿਸ਼ਟ ਸਿਸਟਮ ਦਾ ਹਿੱਸਾ ਬਣ ਕੇ ਉਹ ਸਭ ਗਲਤ ਕੰਮ ਕਰਦਾ ਹੈ, ਜੋ ਅੱਜ ਕੱਲ੍ਹ ਕਰੀਬ ਸਾਰੇ ਕਥਿਤ ਸਿਆਸੀ ਆਗੂ ਕਰ ਤੇ ਕਰਵਾ ਰਹੇ ਹਨ। ਨਾਵਲ ਵਿਚ ਲੇਖਕ ਨੇ ਅਜਿਹੇ ਕਿਰਦਾਰਾਂ ਉਤੇ ਹੀ ਵਿਅੰਗ ਕੱਸੇ ਹਨ।

ਨਾਵਲ ਦੇ ਬਾਕੀ ਪਾਤਰ ਬਿੱਲਾ, ਖੜੱਪਾ, ਨੰਬਰਦਾਰ ਸਵਰਨ ਸਿੰਘ, ਵਕੀਲ ਚਮਨ ਚੱਢਾ, ਥਾਣੇਦਾਰ ਗੱਜਣ ਸਿੰਘ-ਸਭ ਖਲਨਾਇਕ ਹਨ। ਥਾਣੇਦਾਰ ਤੋਂ ਐਸ.ਪੀ. ਬਣਿਆ ਮੰਗਲ ਸਿੰਘ, ਮਾਸਟਰ ਸਰਵਣ ਸਿੰਘ, ਥਾਣੇਦਾਰ ਫੁੰਮਣ ਸਿੰਘ ਚਾਵਲਾ, ਭਾਗ ਕੌਰ, ਪਵਨ ਕੌਰ-ਸਭ ਵਧੀਆ ਤੇ ਅਨੋਖੇ ਕਿਰਦਾਰਾਂ ਦੀ ਭੂਮਿਕਾ ਵਿਚ ਹਨ।

***-ਜੁਗਰਾਜ ਸਿੰਘ ਗਿੱਲ, ਸਾਊਥ ਕੈਰੋਲਾਈਨਾ***

ਇਹ ਨਾਵਲ ਪੰਜਾਬੀ ਸਾਹਿਤ ਲਈ ਨਵੀਂ ਉਮੀਦ ਲੈ ਕੇ ਆਇਆ ਹੈ। ਪੰਜਾਬ ਦੇ ਅਜੋਕੇ ਹਾਲ ਦੀ ਸੱਚੀ ਤਸਵੀਰ ਹੈ ਇਹ। ਅੱਜ ਧਨ ਤੇ ਧਰਤੀ ਪ੍ਰਾਪਤੀ ਲਈ ਸੱਤਾ 'ਤੇ ਕਾਬਜ਼ ਹੋ ਧੌਣ ਅਕੜਾ ਕੇ ਬੈਠਣ ਲਈ ਧਰਮ ਸਿੰਘ ਜਿਹੇ ਲੋਕ ਸਰਗਰਮ ਹਨ। ਪਾਤਰ ਮੰਗਲ ਸਿੰਘ ਤੇ ਧਰਮ ਸਿੰਘ ਦੇ ਵਿਚਾਰਾਂ ਦਾ ਮੇਲ ਨਾ ਹੋਣਾ ਬਾਪ-ਬੇਟੇ ਵਿਚ ਦਵੰਦ ਪੈਦਾ ਕਰਦਾ ਹੈ। ਇਹੀ ਇਸ ਨਾਵਲ ਦੀ ਰੋਚਕਤਾ ਦਾ ਆਧਾਰ ਹੈ।

***-ਕਿਰਪਾਲ ਕੌਰ, ਕ੍ਰਿਸਟਲ ਲੇਕ, ਇਲੀਨਾਏ***

ਮੱਤ ਸਿੰਘ ਨੇ ਲੋਕਾਂ ਦਾ ਦਰਦ ਮਹਿਸੂਸ ਕੀਤਾ ਹੈ। ਇਹ ਕਿਤਾਬ ਉਸ ਦਰਦ ਦਾ ਹੀ ਨਤੀਜਾ ਹੈ। ਅਖੌਤੀ ਲੀਡਰਸ਼ਿਪ ਨੇ ਭ੍ਰਿਸ਼ਟਾਚਾਰ ਵਧਾ ਕੇ ਕਿਰਦਾਰ ਨੂੰ ਲਗਾਤਾਰ ਨਿਘਾਰਿਆ ਹੈ। ਨਤੀਜਨ ਅੱਜ ਪੰਜਾਬ ਹਰ ਪੱਖੋਂ ਪੱਛੜ ਰਿਹਾ ਹੈ। ਸਿਆਸਤਦਾਨਾਂ ਦੇ ਭਾਸ਼ਣ ਸੁਣ ਕੇ ਉਨ੍ਹਾਂ ਨੂੰ ਚੁਣ ਲੈਣਾ ਕਾਫੀ ਨਹੀਂ, ਲੋੜ ਵਿਗੜੇ ਸਿਸਟਮ ਨੂੰ ਸੁਧਾਰਨ ਦੀ ਹੈ।

***-ਲਾਲ ਸਿੰਘ, ਓਕ ਫੌਰੈਸਟ, ਇਲੀਨਾਏ***

ਨਾਵਲ 'ਸਿਆਸਤਦਾਨ' ਰਾਜਨੀਤੀ ਵਿਚ ਆਈ ਗਿਰਾਵਟ ਅਤੇ ਸੱਤਾ ਪ੍ਰਾਪਤੀ ਲਈ ਵਰਤੇ ਜਾਂਦੇ ਹਥਕੰਡਿਆਂ ਦਾ ਵਿਖਿਆਨ ਹੈ। ਭ੍ਰਿਸ਼ਟ ਵਿਹਾਰ ਕਾਰਨ ਸਿਆਸਤਦਾਨਾਂ ਦਾ ਚਰਿਤਰ ਕਾਫੀ ਥੱਲੇ ਡਿੱਗ ਗਿਆ ਹੈ, ਉਹ ਸੱਤਾ ਦੇ ਨਸ਼ੇ ਵਿਚ ਆਮ ਲੋਕਾਂ ਨੂੰ ਦਰੜ ਕੇ ਰੱਖਣਾ ਚਾਹੁੰਦੇ ਹਨ।

***-ਕੁਲਦੀਪ ਸਿੰਘ ਆਜ਼ਾਦ, ਸ਼ਿਕਾਗੋ***

ਇਹ ਨਾਵਲ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਲੀਡਰਾਂ ਨੂੰ ਪੜ੍ਹਨਾ ਚਾਹੀਦਾ ਹੈ ਅਤੇ ਆਮ ਲੋਕਾਂ ਦੇ ਹਰ ਮੁੱਦੇ 'ਤੇ ਸਿਆਸਤ ਕਰਨ ਤੋਂ ਗੁਰੇਜ ਕਰਨਾ ਚਾਹੀਦਾ ਹੈ। ਇਸ ਦੀ ਕਹਾਣੀ ਬੜੀ ਰੌਚਿਕ ਹੈ ਅਤੇ ਸੁਨੇਹਾ ਦੇਣ ਵਾਲੀ ਹੈ।

***-ਜਗਦੀਸ਼ਰ ਸਿੰਘ ਕਲੇਰ, ਮਿਲਵਾਕੀ***

**ਕੁਝ ਹੋਰ ਸਨੇਹੀ: (ਵਿਸਕਾਨਸਿਨ)** ਮਹਿੰਦਰ ਸਿੰਘ ਸਿੱਧੂ ਮਿਲਵਾਕੀ, ਪਾਖਰ ਸਿੰਘ ਸਿੱਧੂ ਮਿਲਵਾਕੀ, ਮੱਖਣ ਸਿੰਘ ਮਾਨ।

**(ਸ਼ਿਕਾਗੋ)** ਗੁਰਚਰਨ ਸਿੰਘ ਝੱਜ, ਲਖਬੀਰ ਸਿੰਘ ਸੰਧੂ, ਕੁਲਜੀਤ ਸਿੰਘ ਭੰਗੂ, ਓਂਕਾਰ ਸਿੰਘ ਢਿੱਲੋਂ, ਜਸਵੀਰ ਕੌਰ ਮਾਨ, ਜਸਵਿੰਦਰ ਸਿੰਘ ਢਿੱਲੋਂ, ਪ੍ਰਿਤਪਾਲ ਸਿੰਘ, ਸੁਰਿੰਦਰ ਸਿੰਘ ਭਾਟੀਆ, ਠਾਕਰ ਸਿੰਘ ਬਸਾਤੀ, ਹਰਜੀਤ ਸਿੰਘ ਗਿੱਲ, ਅਮਰਜੀਤ ਸਿੰਘ ਜੌਹਲ, ਦਲਜੀਤ ਕੌਰ ਢਿੱਲੋਂ, ਗੁਰਦੀਪ ਸਿੰਘ ਸੈਣੀ, ਗੁਰਮੁਖ ਸਿੰਘ ਭੁੱਲਰ, ਬਲਵੀਰ ਸਿੰਘ, ਸੋਨੀ ਢਿੱਲੋਂ, ਬਲਵੰਤ ਸਿੰਘ, ਕਰਤਾਰ ਸਿੰਘ ਬਹਿਰਾਮ, ਨਰਿੰਦਰ ਕੌਰ ਚਾਹਲ, ਸਰਪ੍ਰੀਤ ਢਿੱਲੋਂ, ਦਲਜੀਤ ਕੌਰ ਢਿੱਲੋਂ ਤੇ ਗੁਰਿੰਦਰ ਸਿੰਘ ਢਿੱਲੋਂ। ਰਾਇਤ ਟੋਰਾਂਟੋ, ਅਸ਼ਨੀ ਕੁਮਾਰ ਟੋਰਾਂਟੋ; ਹਰਵਿੰਦਰ ਸਿੰਘ ਕੈਲੀਫੋਰਨੀਆ; ਗੁਰਸ਼ਰਨ ਸਿੰਘ ਢਿੱਲੋਂ ਅਤੇ ਸਰਬਜੀਤ ਸਿੰਘ ਢਿੱਲੋਂ, ਦਵਿੰਦਰ ਕੌਰ ਤੇ ਗੁਲਸ਼ੇਰ ਸਿੰਘ ਢਿੱਲੋਂ।

# ਸ਼ਸ਼ੀਕਲਾ, ਪਰਿਵਾਰਵਾਦ ਅਤੇ ਸਿਆਸੀ ਸਬਕ

ਤਾਮਿਲ ਨਾਡੂ ਨੂੰ ਨਵਾਂ ਮੁੱਖ ਮੰਤਰੀ ਮਿਲ ਗਿਆ ਹੈ, ਪਰ ਨਵੇਂ ਮੁੱਖ ਮੰਤਰੀ ਦਾ ਨਾਮ ਵੀ.ਕੇ. ਸ਼ਸ਼ੀਕਲਾ ਨਹੀਂ ਹੈ। ਇਹ ਨਵਾਂ ਚਿਹਰਾ ਏਡਾਪੜੀ ਕੇ. ਪਲਾਨੀਸਵਾਮੀ ਭਾਵੇਂ ਹੋਰ ਕੋਈ ਨਹੀਂ, ਸ਼ਸ਼ੀਕਲਾ ਦਾ ਹੀ ਕਰੀਬੀ ਹੈ, ਫਿਰ ਵੀ ਭਾਰਤੀ ਲੋਕਤੰਤਰ ਨੂੰ ਇਸ ਜਮਹੂਰੀ ਚੋਣ 'ਤੇ ਕੁਝ ਜਸ਼ਨ ਜ਼ਰੂਰ ਮਨਾਉਣੇ ਚਾਹੀਦੇ ਹਨ। ਸੱਤਾ ਉਤੇ ਕਬਜ਼ਾ ਕਰਨ ਦੀਆਂ ਸ਼ਸ਼ੀਕਲਾ ਦੀਆਂ ਚਾਲਾਂ ਨੂੰ ਅਦਾਲਤੀ ਦਖ਼ਲ ਨੇ ਰੋਕ ਦਿੱਤਾ। ਚੇਨਈ ਦੇ ਸਕੱਤਰੇਤ ਦੀ ਮਾਲਕਣ ਬਣਨ ਦੀ ਥਾਂ ਸ਼ਸ਼ੀਕਲਾ ਨੂੰ ਹੁਣ ਬੈਂਗਲੂਰੂ ਦੀ ਕੇਂਦਰੀ ਜੇਲ੍ਹ ਦੇ ਸੈੱਲ ਨੰਬਰ 9234 ਦੇ ਭੀੜ-ਭੜੱਕੇ ਵਿਚ



**ਹਰੀਸ਼ ਖਰੇ**

ਰਹੇਗੀ। ਅਜਿਹੇ ਹਾਲਾਤ 'ਤੇ ਰਾਹਤ ਦੀ ਇਹ ਭਾਵਨਾ ਕਿਉਂ?

ਪਿਛਲੇ ਦਹਾਕਿਆਂ ਦੌਰਾਨ ਭਾਰਤੀ ਜਮਹੂਰੀਅਤ ਨੇ ਸੱਚਮੁਚ ਨਿਯਮਾਂ ਦੀਆਂ ਅਨੇਕਾਂ ਉਲੰਘਣਾਵਾਂ ਤੇ ਬੇਢੰਗੀਆਂ ਗੱਲਾਂ ਹੁੰਦੀਆਂ ਦੇਖੀਆਂ ਹਨ। ਅਸੀਂ ਤਾਂ ਬਿਹਾਰ ਉਤੇ ਰਾਜ ਕਰ ਚੁੱਕੀ ਰਾਬੜੀ ਦੇਵੀ ਵਾਲੀ ਦ੍ਰਿਸ਼ਾਵਲੀ ਵੀ ਦੇਖੀ ਹੋਈ ਹੈ। ਉਹ ਦ੍ਰਿਸ਼ਾਵਲੀ ਵੀ ਜੈਲਲਿਤਾ ਦੇ ਦੇਹਾਂਤ ਵਰਗੀ ਹੀ ਸਥਿਤੀ ਦੀ ਉਪਜ ਸੀ। ਸਾਡੇ ਕੋਲ ਜਿਥੇ ਪਰਿਵਾਰਵਾਦ ਦੀ ਸਿਆਸਤ ਵਾਲਾ ਰੂਪ ਮੌਜੂਦ ਹੈ, ਉਥੇ ਹੀ ਅੱਜ ਦ੍ਰਿੜ੍ਹ ਪ੍ਰਤੀਬੱਧਤਾ ਵੀ ਆ ਚੁੱਕੀ ਹੈ। ਚੌਟਾਲਿਆਂ, ਬਾਦਲਾਂ, ਮੁਫ਼ਤੀਆਂ, ਅਬਦੁੱਲਿਆਂ, ਗਾਂਧੀਆਂ, ਦੇਵਗੌੜਿਆਂ, ਕਰੁਣਾਨਿਧੀਆਂ, ਲਾਲੂ ਯਾਦਵਾਂ ਆਦਿ ਨੇ ਪਤਾ ਨਹੀਂ ਕਿੰਨੀ ਵਾਰ ਸਾਡੀ ਜਮਹੂਰੀਅਤ ਦੇ ਸੰਕਲਪ ਦਾ ਮਜ਼ਾਕ ਉਡਾਇਆ ਹੈ। ਇਸ ਸਭ ਦੇ ਬਾਵਜੂਦ ਸ਼ਸ਼ੀਕਲਾ ਦੇ ਮੁੱਖ ਮੰਤਰੀ ਬਣਨ ਲਈ ਲੱਗੇ ਜ਼ੋਰ ਵਿਚ ਕੁਝ ਅਜਿਹਾ ਹੰਗਾਮਾਖ਼ੇਜ਼ ਤੇ ਨਮੋਸ਼ੀ ਭਰਪੂਰ ਸੀ ਕਿ ਉਸ ਨੇ ਸਮੂਹਿਕ ਮਾਨਸਿਕ ਸ਼ਾਂਤੀ ਅਤੇ ਸਥਿਰਤਾ ਨੂੰ ਭੰਗ ਕਰ ਕੇ ਰੱਖ ਦਿੱਤਾ। ਰਾਬੜੀ ਦੇਵੀ 1997 ਵਿਚ ਮੁੱਖ ਮੰਤਰੀ ਬਣੀ ਸੀ; 20 ਸਾਲਾਂ ਬਾਅਦ ਸਾਨੂੰ ਨਹੀਂ ਲੱਗਦਾ ਕਿ ਸਾਨੂੰ 'ਸ਼ਸ਼ੀਕਲਾ ਨੂੰ ਮੁੱਖ ਮੰਤਰੀ' ਬਣਨ ਦੇਣਾ ਚਾਹੀਦਾ ਹੈ। ਕੀ ਇੰਨੇ ਸਾਲਾਂ ਵਿਚ ਅਸੀਂ ਕੋਈ ਨਿੱਗਰ ਸਿਆਸੀ ਵਿਵਸਥਾ ਵਿਕਸਿਤ ਨਹੀਂ ਕਰ ਸਕੇ? ਕੀ ਪਿਛਲੇ ਦੋ ਦਹਾਕਿਆਂ ਦੌਰਾਨ ਸਾਡੀ ਜਮਹੂਰੀਅਤ ਵਿਚ ਕੋਈ ਤਬਦੀਲੀ ਨਹੀਂ ਆਈ ਹੈ? ਅਜਿਹਾ ਤੀਖਣ ਰੂਪ ਵਿਚ ਕਿਉਂ ਜਾਪ ਰਿਹਾ ਹੈ ਕਿ ਸਾਡੀ ਜਮਹੂਰੀਅਤ ਆਪਣੀ ਕੀਮਤ ਗੁਆ ਰਹੀ ਹੈ, ਇਕੱਲੇ ਤਾਮਿਲ ਨਾਡੂ ਵਿਚ ਹੀ ਨਹੀਂ, ਸਗੋਂ ਸਮੁੱਚੇ ਦੇਸ਼ ਵਿਚ ਹੀ ਅਜਿਹੀ ਹਾਲਤ ਹੈ।

ਸ਼ਾਇਦ ਅਸੀਂ ਇਸ ਕਰ ਕੇ ਖ਼ਫ਼ਾ ਹੋ ਗਏ ਸਾਂ ਕਿਉਂਕਿ ਸ਼ਸ਼ੀਕਲਾ ਨੇ 'ਪਰਿਵਾਰ' ਦੇ ਸਿਧਾਂਤ ਨੂੰ ਅੱਗੇ ਵਧਾ ਕੇ 'ਕੁਟੰਬ' ਦੇ ਰੂਪ ਵਿਚ ਅੱਗੇ ਵਧਾਉਣਾ ਚਾਹਿਆ ਸੀ। ਏ ਆਈ ਏ ਡੀ ਐਮ ਕੇ ਦੀ ਲੀਡਰਸ਼ਿਪ ਲਈ ਉਸ ਦਾ ਇਕੋ-ਇਕ ਦਾਅਵਾ ਇਹ ਸੀ ਕਿ ਕਿ ਉਹ 'ਅੰਮਾ' ਦੀ ਸਭ ਤੋਂ ਭਰੋਸੇਯੋਗ ਸਹੇਲੀ ਤੇ ਸਹਿਯੋਗੀ ਰਹੀ ਸੀ ਅਤੇ ਇੰਜ ਉਸ ਨੂੰ ਲੱਗਦਾ ਸੀ ਕਿ ਉਹ ਇਸੇ 'ਯੋਗਤਾ' ਦੇ ਬਲਬੂਤੇ ਇਕ ਇਨਕਲਾਬੀ ਆਗੂ ਦੀ ਵਿਰਾਸਤ ਨੂੰ ਅੱਗੇ ਲਿਜਾ ਸਕਦੀ ਹੈ। ਉਸ ਦੀ ਅਜਿਹੀ ਸੋਚ ਤੋਂ ਅਚਾਨਕ ਅਸੀਂ ਆਪਣੀਆਂ ਜਮਹੂਰੀ ਭਾਵਨਾਵਾਂ ਨੂੰ ਠੇਸ ਲੱਗਦੀ ਮਹਿਸੂਸ ਕੀਤੀ। ਉਸ ਨੇ ਪੋਇਸ ਗਾਰਡਨ ਵਿਚ ਅੰਦਰਖਾਤੇ ਜੈਲਲਿਤਾ ਦੀ ਭਾਵੇਂ ਜੋ ਮਰਜ਼ੀ ਮਦਦ ਕੀਤੀ ਹੋਵੇ ਪਰ ਇਸ ਨੇੜਤਾ ਨਾਲ ਉਹ ਕਿਸੇ ਵੱਡੇ ਜਨਤਕ ਅਹੁਦੇ ਲਈ ਯੋਗ ਨਹੀਂ ਹੋ ਜਾਂਦੀ। ਸਾਰੇ ਦੇਸ਼ ਨੇ ਵੇਖਿਆ ਕਿ ਕਿਵੇਂ ਇਕ ਸਥਾਪਤ ਪਾਰਟੀ, ਜਿਸ ਦੀ ਸੰਸਦ ਦੇ ਦੋਵੇਂ ਸਦਨਾਂ ਵਿਚ ਵਰਨਣਯੋਗ ਮੌਜੂਦਗੀ ਹੈ, ਅੰਦਰੋਂ-ਅੰਦਰੀਂ ਸਾਜ਼ਿਸ਼ਾਂ ਦੀ ਸ਼ਿਕਾਰ ਹੋ ਚੁੱਕੀ ਸੀ। ਅਚਾਨਕ ਸਾਨੂੰ ਸਮਝ ਆ ਗਿਆ ਕਿ ਸਾਡੀਆਂ ਸਿਆਸੀ ਪਾਰਟੀਆਂ ਸਤਿਕਾਰ ਕਿਉਂ ਗੁਆ ਬੈਠੀਆਂ ਹਨ।

ਇਹ ਗੱਲ ਮੰਨਣਯੋਗ ਹੈ ਕਿ ਤਾਮਿਲ ਨਾਡੂ 'ਕੁਟੰਬ' (ਖ਼ਾਨਦਾਨ) ਨਾਂ ਦੀ ਮਰਜ਼ ਤੋਂ ਅਭਿੱਜ ਨਹੀਂ ਹੈ। ਬਹੁਤਾ ਸਮਾਂ ਨਹੀਂ ਹੋਇਆ, ਜਦੋਂ ਕਰੁਣਾਨਿਧੀ ਪਰਿਵਾਰ ਵਿਚ ਕਿਵੇਂ ਆਪਸ ਵਿਚ ਲੜਨ ਵਾਲੇ ਪੁੱਤਰਾਂ, ਲਾਲਚੀ ਕਿਸਮ ਦੇ ਚਚੇਰੇ-ਮਮੇਰੇ ਭਰਾਵਾਂ-ਭੈਣਾਂ, ਧੀਆਂ, ਰਸਮੀ ਤੇ ਗ਼ੈਰ-ਰਸਮੀ ਪਤਨੀਆਂ ਨੇ ਆਪੋ-ਆਪਣੇ ਹਿਸਾਬ ਨਾਲ ਅਜਿਹਾ ਹੀ ਹੰਗਾਮਾ ਖੜ੍ਹਾ ਕੀਤਾ ਸੀ। ਹਰ ਕੋਈ ਦੂਜੇ ਨਾਲੋਂ ਵਧੇਰੇ ਜ਼ਿੱਦੀ ਦਿਖਾਈ ਦਿੱਤਾ ਸੀ। ਹਰ ਵਿਅਕਤੀ ਸਰਕਾਰ ਦੇ ਰਸਮੀ ਢਾਂਚੇ ਵਿਚੋਂ ਆਪੋ-ਆਪਣੇ ਹਿਸਾਬ ਨਾਲ ਲਾਹਾ ਲੈਣ ਲਈ ਕਾਹਲਾ ਸੀ। ਉਸ ਕਿਸਮ ਦੇ ਪਰਿਵਾਰਕ ਕੰਟਰੋਲ ਅਤੇ ਉਸ ਤੋਂ ਹੋਣ ਵਾਲੇ ਲਾਹਿਆਂ ਨੂੰ 'ਆਮ ਜਿਹੀ ਗੱਲ' ਅਤੇ 'ਪ੍ਰਵਾਨਿਤ' ਮੰਨਿਆ ਗਿਆ ਸੀ, ਪਰ ਇਸ ਸਭ ਦੀ ਦੁਰਗੰਧ ਨਵੀਂ ਦਿੱਲੀ ਤੱਕ ਫੈਲ ਗਈ ਸੀ। ਡੀ ਐਮ ਕੇ ਦਾ ਪ੍ਰਥਮ ਪਰਿਵਾਰ ਇਸ ਪਰਿਵਾਰਕ ਕੰਟਰੋਲ ਅਤੇ ਕਮਾਂਡ ਦੇ ਮਾਡਲ ਦੀ ਰੂਪ-ਰੇਖਾ ਵਜੂਦ ਵਿਚ ਲਿਆਉਣ ਦਾ ਦਾਅਵਾ ਕਰ ਸਕਦਾ ਹੈ। ਕਰੁਣਾਨਿਧੀ ਖ਼ਾਨਦਾਨ ਦੇ ਹੱਕ ਵਿਚ ਇਕੋ-ਇਕ ਠੋਸ ਪੱਖ ਇਹੋ ਸੀ ਕਿ ਉਸ ਦੇ ਮੁੱਖ ਕਰਤਿਆਂ-ਧਰਤਿਆਂ ਨੇ ਚੋਣਾਂ ਲੜ ਕੇ ਖ਼ੁਦ ਨੂੰ ਸਿਆਸੀ ਆਗੂਆਂ ਵਜੋਂ ਪ੍ਰਮਾਣਿਤ ਕੀਤਾ ਹੋਇਆ ਸੀ।




ਪਰਿਵਾਰਵਾਦ ਨਾਲ ਅਜਿਹੀ ਨੇੜਤਾ ਦੇ ਬਾਵਜੂਦ, ਜਿਸ ਢੰਗ ਨਾਲ ਸ਼ਸ਼ੀਕਲਾ ਏ ਆਈ ਡੀ ਐਮ ਕੇ ਦੀ ਲੀਡਰਸ਼ਿਪ ਨੂੰ ਆਪਣੇ ਢੰਗ ਨਾਲ ਅਗ਼ਵਾ ਕਰਨਾ ਚਾਹ ਰਹੀ ਸੀ, ਉਸ ਨੂੰ ਲੈ ਕੇ ਅਸਹਿਮਤੀ ਵੀ ਸੀ। ਇਹ ਬਹੁਤ ਮਾੜੀ ਗੱਲ ਹੈ ਕਿ ਸਿਆਸੀ ਪਾਰਟੀਆਂ ਹੁਣ ਪਰਿਵਾਰਕ ਵਾਰਸਾਂ ਦੀਆਂ ਸੰਪਤੀਆਂ ਬਣ ਕੇ ਰਹਿ ਗਈਆਂ ਹਨ ਅਤੇ ਹੁਣ ਇਕ ਸਿਆਸੀ ਸੰਗਠਨ ਨੂੰ ਇਕ ਕੁਟੰਬ ਦੀ ਵਿਵਸਥਾ ਵਿਚ ਤਬਦੀਲ ਕਰਨ ਦਾ ਯਤਨ ਕੀਤਾ ਗਿਆ ਸੀ। ਸ਼ਸ਼ੀਕਲਾ ਨੇ ਮੁੱਖ ਮੰਤਰੀ ਨੂੰ ਅਹੁਦੇ ਤੋਂ ਲਾਹ ਕੇ ਜਮਹੂਰੀ ਕਦਰਾਂ-ਕੀਮਤਾਂ ਨੂੰ ਢਾਹ ਲਾਉਣ ਦਾ ਯਤਨ ਕੀਤਾ ਸੀ। ਹਰ ਸੂਖਮ-ਭਾਵੀ ਨਿਗਰਾਨ ਨੇ ਇਹ ਵੇਖਿਆ ਕਿ ਸ਼ਸ਼ੀਕਲਾ ਦਾ ਕਦੇ ਕੋਈ ਜਨਤਕ ਤਜਰਬਾ ਜਾਂ ਜਨਤਕ ਜੀਵਨ ਨਹੀਂ ਰਿਹਾ। ਜੈਲਲਿਤਾ ਦੇ ਕੁਟੰਬ ਦਾ ਹਿੱਸਾ ਬਣੇ ਰਹਿਣ ਕਾਰਨ ਉਂਜ ਉਸ ਨੂੰ ਏ ਆਈ ਏ ਡੀ ਐਮ ਕੇ ਦੇ ਅੰਦਰੂਨੀ ਮਾਮਲਿਆਂ ਬਾਰੇ ਗਿਆਨ ਜ਼ਰੂਰ ਹੋ ਸਕਦਾ ਹੈ, ਪਰ ਅਜਿਹੀਆਂ ਅੰਦਰਖਾਤੇ ਦੀਆਂ ਸਾਜ਼ਿਸ਼ਾਂ ਨਾਲ ਉਹ ਕਿਸੇ ਜਨਤਕ ਅਹੁਦੇ ਦੀਆਂ ਰੀਤਾਂ ਤੇ ਜ਼ਿੰਮੇਵਾਰੀਆਂ ਤੋਂ ਜਾਣੂ ਨਹੀਂ ਹੋ ਸਕਦੀ ਸੀ। ਜੈਲਲਿਤਾ ਭਾਵੇਂ ਘਰੇਲੂ ਪੱਧਰ ਉਤੇ ਉਸ ਵਿਚ ਜਿੰਨਾ ਮਰਜ਼ੀ ਭਰੋਸਾ ਪ੍ਰਗਟਾਉਂਦੀ ਰਹੀ ਹੋਵੇ, ਪਰ ਇਹ ਗੱਲ ਮੁੱਖ ਮੰਤਰੀ ਵਜੋਂ ਉਸ ਦੀ ਭੂਮਿਕਾ ਲਈ ਕੋਈ ਸਰਟੀਫ਼ਿਕੇਟ ਨਹੀਂ ਸਮਝੀ ਜਾ ਸਕਦੀ।

ਇਕ ਗ਼ੈਰ-ਜਮਹੂਰੀ ਵਰਤਾਰੇ ਦੇ ਵਾਪਰਨ ਤੋਂ ਜੋ ਬਚਾਅ ਹੋਇਆ ਹੈ, ਇਸ ਤੋਂ ਸਾਡੇ ਲਈ ਇਕ ਚੁਣਾਵੀ ਫ਼ਤਵੇ ਦੇ ਅਰਥ ਅਤੇ ਉਦੇਸ਼ ਨੂੰ ਮੁੜ ਪਰਿਭਾਸ਼ਿਤ ਕਰਨ ਦੀ ਜ਼ਰੂਰਤ ਉਜਾਗਰ ਹੋਈ ਹੈ। ਇਹ ਵੇਲਾ ਤੇ ਯੁੱਗ ਜਮਹੂਰੀ ਨਾਰਾਜ਼ਗੀ ਤੇ ਅਸੰਤੁਸ਼ਟੀ ਦਾ ਹੈ ਜਿਸ ਵਿਚ ਕੋਈ ਵੀ ਆਗੂ ਜਾਂ ਸਿਆਸੀ ਪਾਰਟੀ ਇਹ ਦਾਅਵਾ ਨਹੀਂ ਕਰ ਸਕਦੀ ਕਿ ਵਿਧਾਨ ਸਭਾ/ਲੋਕ ਸਭਾ ਵਿਚ ਇੰਨੀਆਂ ਸੀਟਾਂ ਨਾਲ ਉਸ ਨੂੰ ਸੱਤਾਵਾਦ ਦੇ ਤਜਰਬਿਆਂ ਦਾ ਕੋਈ ਲਾਇਸੈਂਸ ਮਿਲ ਗਿਆ ਹੈ। ਭਾਰਤ ਦੀਆਂ ਸਿਆਸੀ ਪਾਰਟੀਆਂ ਜਵਾਬਦੇਹੀ ਦੀਆਂ ਜ਼ਿਆਦਾਤਰ ਸੰਸਥਾਗਤ ਵਿਵਸਥਾਵਾਂ ਤੋਂ ਪਰ੍ਹਾਂ ਹਨ। ਸ਼ਸ਼ੀਕਲਾ ਮੁੱਖ ਮੰਤਰੀ ਦੀ ਗੱਦੀ ਹਥਿਆਉਣ ਦੇ ਇੰਨੀ ਜ਼ਿਆਦਾ ਨੇੜੇ ਜਾ ਸਕੀ ਕਿਉਂਕਿ ਏ ਆਈ ਡੀ ਐਮ ਕੇ ਅਜਿਹੀ ਪਾਰਟੀ ਹੈ ਕਿ ਜਿਸ ਉਤੇ ਜਨਤਾ ਕੋਈ ਕਿੰਤੂ-ਪ੍ਰੰਤੂ ਨਹੀਂ ਕਰਦੀ, ਪਰ ਹੁਣ ਜਨਤਾ ਦੀਆਂ ਪਾਰਖੂ ਨਜ਼ਰਾਂ ਤੋਂ ਅਜਿਹਾ ਬਚਾਅ ਸੰਭਵ ਨਹੀਂ ਹੋ ਸਕੇਗਾ।

ਇੰਜ ਵੀ ਹੁੰਦਾ ਹੈ ਕਿ ਜੇ ਕੋਈ ਸਿਆਸੀ ਪਾਰਟੀ ਆਪਣੇ ਕਿਸੇ 'ਆਗੂ' ਦੀ ਅਗਵਾਈ ਹੇਠ ਵੱਡੀਆਂ ਜਿੱਤਾਂ ਹਾਸਲ ਕਰਦੀ ਹੈ, ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਉਸ ਨੂੰ ਦੇਵੀ-ਦੇਵਤਿਆਂ ਵਰਗਾ ਆਦਰ-ਮਾਣ ਦੇਣਾ ਸ਼ੁਰੂ ਕਰ ਦਿੱਤਾ ਜਾਵੇ। ਕਿਸੇ ਵੀ ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ ਨੂੰ ਜਮਹੂਰੀ ਸਾਧਾਰਨਤਾ ਤੋਂ ਵਧੇਰੇ ਉਤਾਂਹ ਨਹੀਂ ਉਠਾਇਆ ਜਾਣਾ ਚਾਹੀਦਾ। ਕਿਸੇ ਚੋਣ ਵਿਚ ਜਿੱਤ ਹਾਸਲ ਕਰ ਲੈਣ ਦਾ ਇਹ ਮਤਲਬ ਵੀ ਨਹੀਂ ਹੁੰਦਾ ਕਿ ਕਿਸੇ ਨੂੰ ਫ਼ੈਸਲਾ ਲੈਣ ਅਤੇ ਸਰਕਾਰ ਦੇ ਕਾਨੂੰਨੀ ਕੰਮ-ਕਾਜ ਦੀਆਂ ਸਥਾਪਤ ਕਾਰਜ-ਵਿਧੀਆਂ ਵਿਚ ਤਬਦੀਲੀਆਂ ਕਰਨ ਦਾ ਕੋਈ ਫ਼ਤਵਾ ਮਿਲ ਗਿਆ ਹੈ।

ਹਕੂਮਤੀ ਵਿਵਸਥਾਵਾਂ ਵਿਚ ਕੁਝ ਗ਼ੈਰ-ਭਰੋਸੇਯੋਗ ਗਤੀਵਿਧੀਆਂ ਦੇ ਹੋਣ ਬਾਰੇ ਜਾਣਕਾਰੀ ਤਾਮਿਲ ਨਾਡੂ ਦੇ ਘਟਨਾਕ੍ਰਮ ਤੋਂ ਸਾਹਮਣੇ ਆਈ ਹੈ। ਇਹ ਕੋਈ ਤਸੱਲੀ ਵਾਲੀ ਗੱਲ ਨਹੀਂ ਹੈ ਕਿ ਡੀ ਐਮ ਕੇ ਅਤੇ ਏ ਆਈ ਡੀ ਐਮ ਕੇ ਜਿਹੀਆਂ ਪਾਰਟੀਆਂ ਵਾਰੋ-ਵਾਰੀ ਆਪਣੇ ਆਗੂਆਂ, ਕਾਡਰਾਂ ਤੇ ਕਾਰਕੁਨਾਂ ਨੂੰ ਆਮ ਨਾਗਰਿਕਾਂ ਉਤੇ ਨਾਖ਼ੁਸ਼ੀ ਥੋਪਣ ਦੀ ਇਜਾਜ਼ਤ ਦਿੰਦੀਆਂ ਰਹਿਣ। ਹੁਣ ਇਹ ਗੱਲ ਨੋਟ ਕਰਨ ਦਾ ਵੇਲਾ ਆ ਗਿਆ ਹੈ ਕਿ ਅਜਿਹੀਆਂ ਉਲੰਘਣਾਵਾਂ ਤੇ ਆਪਹੁਦਰੀਆਂ ਇਸ ਕਰ ਕੇ ਚੁਣੌਤੀ ਤੋਂ ਬਚਦੀਆਂ ਆਈਆਂ ਹਨ ਕਿਉਂਕਿ ਅਫ਼ਸਰਸ਼ਾਹੀ ਇਨ੍ਹਾਂ ਆਪਹੁਦਰੀਆਂ ਵਿਚ ਸਾਥ ਦੇਣ ਲੱਗੀ ਹੈ। ਜੇ ਕਿਤੇ ਸ਼ਸ਼ੀਕਲਾ ਦੀ ਮੁੱਖ ਮੰਤਰੀ ਬਣਨ ਦੀ ਚਾਲ ਕਾਮਯਾਬ ਹੋ ਜਾਂਦੀ, ਤਾਂ ਉਸ ਨੂੰ ਮੁੱਠੀ ਭਰ ਆਈ ਏ ਐਸ ਅਤੇ ਆਈ ਪੀ ਐਸ ਅਧਿਕਾਰੀਆਂ ਤੇ ਸੂਬਾ-ਪੱਧਰੀ ਅਧਿਕਾਰੀਆਂ ਦੀ ਜੀ-ਹਜ਼ੂਰੀ ਵੀ ਸਹਿਜੇ ਹੀ ਬਿਨਾ ਕਿਸੇ ਵਿਰੋਧ ਦੇ ਮਿਲ ਜਾਣੀ ਸੀ।

ਹਾਲੇ ਕੋਈ ਇਹ ਅਨੁਮਾਨ ਨਹੀਂ ਲਾ ਸਕਦਾ ਕਿ ਤਾਮਿਲ ਨਾਡੂ ਦਾ ਨਵਾਂ ਮੁੱਖ ਮੰਤਰੀ, ਸ਼ਸ਼ੀਕਲਾ ਨਾਲ ਜੁੜੇ ਮਾਫ਼ੀਆ ਦੇ ਇਸ਼ਾਰਿਆਂ ਉਤੇ ਚੱਲਦਾ ਰਹੇਗਾ ਜਾਂ ਇਸ ਦਾ ਵਿਰੋਧ ਕਰੇਗਾ, ਪਰ ਸਭ ਨੂੰ ਇਹ ਆਸ ਜ਼ਰੂਰ ਹੋਣੀ ਚਾਹੀਦੀ ਹੈ ਕਿ ਅਹੁਦੇ ਨਾਲ ਜੁੜਿਆ ਤਾਮ-ਝਾਮ ਤੇ ਸ਼ੋਭਾ ਹਨੇਰੇ-ਸਵੇਰੇ ਤਾਂ ਜ਼ਰੂਰ ਬਹਾਲ ਹੋਣਗੇ। ਵਧੀਆ ਤੇ ਵਾਜਬ ਢੰਗ ਨਾਲ ਸ਼ਾਸਨ ਚਲਾਉਣ ਨਾਲ ਉਸ ਅਹੁਦੇ ਦਾ ਆਪਣਾ ਜਨਤਕ ਅਕਸ ਕਾਇਮ ਹੋਵੇਗਾ ਤੇ ਆਮ ਲੋਕਾਂ ਦਾ ਸਮਰਥਨ ਮਿਲੇਗਾ। ਚੰਗੇ ਸ਼ਾਸਨ ਦੇ ਇਹੋ ਤਾਂ ਦੋ ਬੁਨਿਆਦੀ ਗੁਣ ਹੁੰਦੇ ਹਨ। ਚੰਗੇ ਨਾਗਰਿਕਾਂ ਨੂੰ ਹੁਣ ਆਪਣੀ ਆਵਾਜ਼ ਮਿਲ ਗਈ ਹੈ ਅਤੇ ਉਨ੍ਹਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਨਵੇਂ 'ਗੁੰਡਿਆਂ' ਨੂੰ ਇਹ ਆਵਾਜ਼ ਦਬਾਉਣ ਦੀ ਖੁੱਲ੍ਹ ਨਾ ਲੈਣ ਦੇਣ।

ਸ਼ਾਇਦ ਹੁਣ ਇਹ ਆਖਣਾ ਸੰਭਵ ਹੈ ਕਿ ਅਸੀਂ ਆਪਣੇ ਰਾਸ਼ਟਰੀ ਸਿਆਸੀ ਜੀਵਨ ਵਿਚ ਤਬਦੀਲੀ ਦੇ ਇਕ ਦੌਰ ਵਿਚ ਦਾਖ਼ਲ ਹੋ ਰਹੇ ਹਾਂ। ਬਦਲ ਰਹੇ ਭਾਰਤ ਵਿਚ ਅਸੀਂ ਹੁਣ ਇਹ ਮੰਗ ਕਰਨ ਕਰਨ ਲਈ ਤਿਆਰ ਜਾਪਦੇ ਹਾਂ ਕਿ ਸਿਆਸੀ ਵਿਵਸਥਾਵਾਂ; ਕੇਵਲ ਇਕ 'ਨੇਤਾ' ਦੀ ਇੱਛਾ ਜਾਂ 'ਕਾਡਰਾਂ ਦੀ ਮੰਗ' ਜਾਂ ਪਾਰਟੀ ਦੇ 'ਅੰਦਰੂਨੀ ਮਾਮਲਿਆਂ' ਦੀ ਇੱਛਾ ਨਾਲੋਂ ਵਿਸ਼ਾਲ ਤੇ ਪ੍ਰਭਾਵਸ਼ਾਲੀ ਹੁੰਦੀਆਂ ਹਨ। ਇਸੇ ਲਈ ਸਾਡੀ ਜਮਹੂਰੀ ਊਰਜਾ ਹਨੇਰੇ-ਸਵੇਰੇ ਇਹ ਮੰਗ ਜ਼ਰੂਰ ਕਰੇਗੀ ਕਿ ਸਿਆਸੀ ਪਾਰਟੀਆਂ ਆਮ ਲੋਕਾਂ ਦੀਆਂ ਇੱਛਾਵਾਂ ਅਨੁਸਾਰ ਚੱਲਣ ਵਾਲੀ ਸੰਸਥਾ ਬਣਨ, ਨਾ ਕਿ ਉਹ ਕਿਸੇ ਇਕ ਦੇ ਨਿੱਜੀ ਕੰਟਰੋਲ ਤੇ ਕਮਾਂਡ ਦੀਆਂ ਸ਼ਿਕਾਰ ਹੋ ਕੇ ਰਹਿ ਜਾਣ। ਤਾਮਿਲ ਨਾਡੂ ਵਿਚ ਉਠੇ ਦਰਦ ਦੇ ਦੌਰੇ ਨਾਲ ਜੁੜੇ ਸਬਕ ਦੱਖਣ ਭਾਰਤੀ ਪਠਾਰ ਤਕ ਮਹਿਦੂਦ ਨਹੀਂ ਰਹਿ ਜਾਣੇ ਚਾਹੀਦੇ।

---

# ਉਤਰ ਪ੍ਰਦੇਸ਼ ਚੋਣਾਂ ਦੀ ਸਿਆਸਤ

ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਦਾ ਕਹਿਣਾ ਹੈ ਕਿ ਉਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਅਤੇ ਕਾਂਗਰਸ ਦਾ ਗਠਜੋੜ ਦਰਅਸਲ ਉਨ੍ਹਾਂ ਦੀ ਪਾਰਟੀ ਲਈ ਲਾਭਕਾਰੀ ਹੈ। ਉਨ੍ਹਾਂ ਦੀ ਦਲੀਲ ਹੈ ਕਿ ਸਮਾਜਵਾਦੀ ਪਾਰਟੀ ਨੇ ਕਾਂਗਰਸ ਨੂੰ ਸੌ ਤੋਂ ਜ਼ਿਆਦਾ ਸੀਟਾਂ ਦੇ ਕੇ ਆਪਣੇ ਪੈਰੀਂ ਕੁਹਾੜੀ ਮਾਰ ਲਈ ਹੈ, ਕਿਉਂਕਿ ਉਨ੍ਹਾਂ ਸੀਟਾਂ 'ਤੇ ਅਖਿਲੇਸ਼ ਦੀ ਪਾਰਟੀ ਦੇ ਵਰਕਰ ਉਦਾਸੀਨ ਹੋ ਗਏ ਹਨ ਅਤੇ ਕਾਂਗਰਸ ਵਿਚ ਖ਼ੁਦ ਏਨਾ ਦਮ ਨਹੀਂ ਹੈ ਕਿ ਉਹ ਜਿੱਤ ਦਾ ਗੋਲਬੰਦੀ ਕਰ ਸਕੇ। ਦਰਅਸਲ, ਅਮਿਤ ਸ਼ਾਹ ਦਾ ਇਹ ਬਿਆਨ ਮੀਡੀਆ ਨੂੰ ਦੱਸਣ ਲਈ ਹੈ। ਅੰਦਰੋਂ-

**ਅਭੈ ਕੁਮਾਰ ਦੂਬੇ**

ਅੰਦਰੀਂ ਉਹ ਨਿਸਚਿਤ ਰੂਪ ਨਾਲ ਜਾਣਦੇ ਹੋਣਗੇ ਕਿ ਇਸ ਗਠਜੋੜ ਦਾ ਅਸਲੀ ਸਿਆਸੀ ਮਤਲਬ ਕੀ ਹੈ। ਇਸ ਦੇ ਦੋ ਮਹੱਤਵ ਹਨ। ਪਹਿਲਾ ਸੂਬਾਈ ਅਤੇ ਦੂਜਾ ਕੌਮੀ। ਸੂਬਾਈ ਪੱਧਰ 'ਤੇ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਦੇ ਜੁੜਨ ਨਾਲ ਇਨ੍ਹਾਂ ਦੋਵਾਂ ਪਾਰਟੀਆਂ ਨੂੰ ਅਵਿਵਾਦਤ ਰੂਪ ਨਾਲ ਉਹ ਮੁਸਲਿਮ ਵੋਟ ਮਿਲਣਗੇ ਜੋ ਗਠਜੋੜ ਨਾ ਹੋਣ ਦੀ ਸੂਰਤ ਵਿਚ ਘੱਟ ਤੋਂ ਘੱਟ ਤਿੰਨ ਥਾਵਾਂ 'ਤੇ ਵੰਡ ਕੇ ਬਰਬਾਦ ਹੋ ਸਕਦੇ ਸਨ। ਇਨ੍ਹਾਂ ਮੁਸਲਿਮ ਵੋਟਾਂ ਨਾਲ ਜੇ ਸਮਾਜਵਾਦੀ ਪਾਰਟੀ ਦੇ ਸਾਰੇ ਨਹੀਂ ਤਾਂ ਥੋੜ੍ਹੇ-ਬਹੁਤ ਹੀ ਵੋਟ ਮਿਲ ਗਏ ਤਾਂ ਕਾਂਗਰਸ ਦੇ ਪਰੰਪਰਾਗਤ 6-7 ਫ਼ੀਸਦੀ ਵੋਟ ਸ਼ਾਮਿਲ ਕਰ ਕੇ ਇਸ ਪਾਰਟੀ ਦੇ ਕਈ ਸੀਟਾਂ 'ਤੇ ਸਖ਼ਤ ਮੁਕਾਬਲੇ 'ਚ ਆਉਣ ਦੀ ਸੰਭਾਵਨਾ ਬਣਦੀ ਹੈ। ਜੇ ਕਾਂਗਰਸ 2012 ਵਿਚ ਜਿੱਤੀਆਂ ਆਪਣੀਆਂ 28 ਸੀਟਾਂ ਨੂੰ ਵਧਾ ਕੇ 50 ਤੋਂ ਪਾਰ ਲਿਜਾ ਸਕਦੀ ਹੈ ਤਾਂ ਇਹ ਗਠਜੋੜ ਪੂਰੀ ਤਰ੍ਹਾਂ ਨਾਲ ਕਾਮਯਾਬ ਮੰਨਿਆ ਜਾਏਗਾ, ਕਿਉਂਕਿ ਇਹ ਸਫਲਤਾ ਕੌਮੀ ਪੱਧਰ 'ਤੇ ਕਾਂਗਰਸ ਦੀ ਮਦਦ ਕਰੇਗੀ।

ਕੌਮੀ ਪੱਧਰ 'ਤੇ ਦੇਖਿਆ ਜਾਏ ਤਾਂ ਬਿਹਾਰ ਤੋਂ ਲੈ ਕੇ ਉਤਰ ਪ੍ਰਦੇਸ਼ ਦੀਆਂ ਚੋਣਾਂ ਤੱਕ ਕਾਂਗਰਸ ਦੀ ਰਣਨੀਤੀ ਦਾ ਇਕ ਪੂਰਾ ਪੈਟਰਨ ਉਭਰ ਰਿਹਾ ਹੈ। ਇਸ ਨੂੰ ਜੇ ਨਿਤਿਸ਼ ਕੁਮਾਰ ਦੇ ਤਾਜ਼ੇ ਬਿਆਨ ਦੀ ਰੌਸ਼ਨੀ ਵਿਚ ਦੇਖਿਆ ਜਾਏ ਤਾਂ ਤਸਵੀਰ ਸਪਸ਼ਟ ਹੁੰਦੀ ਹੈ। ਨੋਟਬੰਦੀ ਦਾ ਸਮਰਥਨ ਕਰਨ ਵਾਲੇ ਨਿਤਿਸ਼ ਕੁਮਾਰ ਨੇ ਕਹਿ ਦਿੱਤਾ ਹੈ ਕਿ ਪ੍ਰਧਾਨ ਮੰਤਰੀ ਦਾ ਇਹ ਕਦਮ ਆਪਣੇ ਐਲਾਨੇ ਟੀਚਿਆਂ ਨੂੰ ਹਾਸਲ ਕਰਨ ਵਿਚ ਅਸਫਲ ਰਿਹਾ ਹੈ। ਕੀ ਇਸ ਨਾਲ ਇਹ ਨਹੀਂ ਲਗਦਾ ਕਿ ਨੋਟਬੰਦੀ ਦਾ ਉਨ੍ਹਾਂ ਦਾ ਸਮਰਥਨ ਵੀ ਇਕ ਤਰ੍ਹਾਂ ਨਾਲ 'ਡਮੀ' ਹੀ ਸੀ ਜਿਸ ਨੇ ਭਾਜਪਾ ਨੂੰ ਮੁਸ਼ਕਿਲ ਵਿਚ ਰੱਖਿਆ। ਕਾਂਗਰਸ ਦੀ ਇਸ ਰਣਨੀਤੀ ਦੇ ਰੰਗ ਉਸ ਸਮੇਂ ਪੱਕੇ ਹੋ ਜਾਣਗੇ ਜਦੋਂ ਉਹ ਮੱਧ ਪ੍ਰਦੇਸ਼, ਰਾਜਸਥਾਨ ਅਤੇ ਗੁਜਰਾਤ ਵਿਚ ਦੋ ਜਾਂ ਘੱਟੋ-ਘੱਟ ਇਕ ਵਿਧਾਨ ਸਭਾ ਚੋਣ ਜਿੱਤ ਲਏਗੀ। ਜਿਵੇਂ ਹੀ ਉਸ ਨੇ ਇਹ ਸਫਲਤਾ ਹਾਸਲ ਕੀਤੀ, 2019 ਦੇ ਭਾਜਪਾ ਵਿਰੋਧੀ ਮਹਾਗਠਜੋੜ ਦੀ ਰੂਪਰੇਖਾ ਬਣ ਜਾਏਗੀ ਅਤੇ ਖੇਤਰੀ ਸ਼ਕਤੀਆਂ ਉਸ ਦੀ ਅਗਵਾਈ ਵਿਚ ਵਾਗਡੋਰ ਸੰਭਾਲਣ ਲਈ ਕਾਂਗਰਸ ਵੱਲ ਉਮੀਦ ਦੀਆਂ ਨਜ਼ਰਾਂ ਨਾਲ ਦੇਖਣ ਲੱਗ ਪੈਣਗੀਆਂ।

ਸਮਝਣ ਵਾਲੀ ਗੱਲ ਇਹ ਹੈ ਕਿ ਸਭ ਤੋਂ ਪੁਰਾਣੀ ਪਾਰਟੀ 2014 ਵਿਚ ਬੁਰੀ ਤਰ੍ਹਾਂ ਹਾਰਨ ਤੋਂ ਬਾਅਦ ਕੌਮੀ ਮੰਚ 'ਤੇ ਵਾਪਸੀ ਲਈ ਰਣਨੀਤੀ ਉਤੇ ਕੰਮ ਕਰ ਰਹੀ ਹੈ। ਇਸ ਦਾ ਪਹਿਲਾ ਸੰਕੇਤ ਬਿਹਾਰ ਚੋਣਾਂ ਵਿਚ ਮਿਲਿਆ ਸੀ, ਦੂਜਾ ਸੰਕੇਤ ਨੋਟਬੰਦੀ ਖਿਲਾਫ਼ ਵਿਰੋਧੀ ਧਿਰ ਦੀ ਰਣਨੀਤੀ ਤੋਂ ਮਿਲਿਆ ਅਤੇ ਤੀਜਾ ਸੰਕੇਤ ਉਤਰ ਪ੍ਰਦੇਸ਼ ਚੋਣਾਂ ਵਿਚ ਦਿਸਿਆ। ਬਿਹਾਰ ਚੋਣਾਂ ਵਿਚ ਲਾਲੂ ਯਾਦਵ ਅਤੇ ਨਿਤਿਸ਼ ਕੁਮਾਰ ਨੂੰ ਜੋੜ ਕੇ ਰੱਖਣ ਵਿਚ ਕਾਂਗਰਸ ਦੀ ਭੂਮਿਕਾ ਦੀ ਜ਼ਿਆਦਾ ਚਰਚਾ ਨਹੀਂ ਹੁੰਦੀ, ਪਰ ਇਸ ਦੇ ਮਹੱਤਵ ਤੋਂ ਇਨਕਾਰ ਕਰਨਾ ਠੀਕ ਨਹੀਂ। ਲੋਕ ਸਭਾ ਵਿਚ ਵੱਡੀ ਹਾਰ ਨਾਲ ਢਹਿ-ਢੇਰੀ ਹੋਏ ਇਹ ਦੋਵੇਂ ਖੇਤਰੀ ਆਗੂ ਨੇੜੇ ਤਾਂ ਆਉਣਾ ਚਾਹੁੰਦੇ ਸਨ, ਪਰ ਵਿਚ-ਵਿਚਾਲੇ ਉਨ੍ਹਾਂ ਦੀ ਏਕਤਾ ਮਤਭੇਦਾਂ ਦਾ ਸ਼ਿਕਾਰ ਹੋ ਰਹੀ ਸੀ। ਇਨ੍ਹਾਂ ਮਤਭੇਦਾਂ ਨੂੰ ਠੰਢੇ ਬਸਤੇ ਵਿਚ ਨਹੀਂ ਸੀ ਪਾਇਆ ਜਾ ਸਕਦਾ, ਜੇ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨੇ ਲਾਲੂ ਯਾਦਵ ਨੂੰ ਚੰਗੀ ਤਰ੍ਹਾਂ ਨਾਲ ਮਹਾਗਠਜੋੜ ਦੀ ਅਹਿਮੀਅਤ ਨਾ ਸਮਝਾਈ ਹੁੰਦੀ। ਨੋਟਬੰਦੀ ਦੇ ਸਵਾਲ 'ਤੇ ਵੀ ਕਾਂਗਰਸ ਚੰਗੀ ਕੁਸ਼ਲਤਾ ਨਾਲ ਵਿਰੋਧੀ ਧਿਰ ਨੂੰ ਇਕਜੁਟ ਕਰਦੀ ਦਿਖਾਈ ਦਿੱਤੀ। ਇਥੋਂ ਤੱਕ ਕਿ ਸੰਸਦ ਵਿਚ ਕਈ ਵਿਰੋਧੀ ਪਾਰਟੀਆਂ ਨੇ ਇਸ ਸਵਾਲ 'ਤੇ ਕਾਂਗਰਸ ਨੂੰ ਉਨ੍ਹਾਂ ਵੱਲੋਂ ਅਧਿਕਾਰਕ ਬਿਆਨ ਦੇਣ ਦਾ ਅਧਿਕਾਰ ਦੇ ਦਿੱਤਾ ਸੀ। ਖੇਤਰੀ ਸ਼ਕਤੀਆਂ ਵਿਚ ਇਹ ਕਾਂਗਰਸ ਦੀ ਨਵੀਂ ਹਾਸਲ ਕੀਤੀ ਭਰੋਸੇਯੋਗਤਾ ਹੀ ਸੀ ਜਿਸ ਕਾਰਨ ਅਜਿਹਾ ਹੋ ਸਕਿਆ। ਵਿਰੋਧੀ ਧਿਰ ਦੀ ਭਾਜਪਾ ਵਿਰੋਧੀ ਲਾਮਬੰਦੀ ਵਿਚ ਮਿਲੀ ਇਹ ਸਫਲਤਾ ਹੈਰਾਨ ਕਰਨ ਵਾਲੀ ਸੀ।

> ***ਰਾਹੁਲ ਗਾਂਧੀ ਨੇ ਅਖਿਲੇਸ਼ ਨਾਲ ਗਠਜੋੜ ਦਾ ਘੱਟੋ-ਘੱਟ ਸਾਂਝਾ ਪ੍ਰੋਗਰਾਮ ਐਲਾਨ ਕੇ ਜਿਸ ਤਰ੍ਹਾਂ ਨਾਲ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੱਤਾ, ਉਸ ਤੋਂ ਸਾਫ਼ ਹੋ ਗਿਆ ਕਿ ਉਹ ਇਸ ਗਠਜੋੜ ਨੂੰ ਦੂਰਗਾਮੀ ਰਣਨੀਤੀ ਵਾਂਗ ਦੇਖ ਰਹੇ ਹਨ। ਬਹੁਜਨ ਸਮਾਜ ਪਾਰਟੀ ਨਾਲ ਭਾਵੇਂ ਉਨ੍ਹਾਂ ਦੀ ਗੱਲਬਾਤ ਨਹੀਂ ਬਣੀ, ਪਰ ਉਹ ਇਥੋਂ ਤੱਕ ਸੋਚ ਰਹੇ ਹਨ ਕਿ 2019 ਵਿਚ ਬਣਨ ਵਾਲੇ ਮਹਾਗਠਜੋੜ ਵਿਚ ਮਾਇਆਵਤੀ ਨੂੰ ਵੀ ਸ਼ਾਮਿਲ ਕਰਨਾ ਚਾਹੀਦਾ ਹੈ।***

ਇਸ ਰਣਨੀਤੀ ਦਾ ਸਭ ਤੋਂ ਨਵਾਂ ਮਾਡਲ ਉਤਰ ਪ੍ਰਦੇਸ਼ ਹੈ। ਇਥੇ ਕਾਂਗਰਸ ਭਾਜਪਾ ਵਿਰੋਧੀ ਲਾਮਬੰਦੀ ਦੀ ਰਣਨੀਤੀ 'ਤੇ ਸਿੱਧੇ ਨਾ ਪਹੁੰਚ ਕੇ ਅਸਿੱਧੇ ਰਸਤੇ ਰਾਹੀਂ ਪੁੱਜੀ। ਪਹਿਲਾਂ ਉਸ ਨੇ ਨਾ ਸਿਰਫ ਐਲਾਨ ਕੀਤਾ, ਸਗੋਂ ਇਹ ਦਿਖਾਇਆ ਵੀ ਕਿ ਉਹ ਆਜ਼ਾਦ ਰੂਪ ਨਾਲ ਚੋਣਾਂ ਲੜਨਾ ਚਾਹੁੰਦੀ ਹੈ ਅਤੇ ਇਸ ਲਈ ਪਹਿਲਕਦਮੀ ਕਰਦਿਆਂ ਉਸ ਨੇ ਸ਼ੀਲਾ ਦੀਕਸ਼ਤ ਨੂੰ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਵਜੋਂ ਮੈਦਾਨ ਵਿਚ ਉਤਾਰਿਆ। ਇਸ ਦੌਰ ਵਿਚ ਕਾਂਗਰਸ ਨੇ ਉਚੀ ਜਾਤੀਆਂ ਨੂੰ ਆਪਣੇ ਵੱਲ ਖਿੱਚਣ ਦੀ ਮੁਹਿੰਮ ਚਲਾਈ ਅਤੇ ਰਾਹੁਲ ਗਾਂਧੀ ਦੀਆਂ ਖਾਟ ਸਭਾਵਾਂ ਉਨ੍ਹਾਂ ਹਲਕਿਆਂ ਵਿਚ ਕੀਤੀਆਂ ਗਈਆਂ ਜਿਥੇ ਬ੍ਰਾਹਮਣ ਜ਼ਿਆਦਾ ਗਿਣਤੀ ਵਿਚ ਸਨ। ਨਾਲ ਹੀ ਕਾਂਗਰਸ ਗਠਜੋੜ ਦੀਆਂ ਸੰਭਾਵਨਾਵਾਂ ਵੀ ਤਲਾਸ਼ਦੀ ਰਹੀ। ਉਸ ਨੇ ਪਹਿਲੀ ਗੱਲਬਾਤ ਬਹੁਜਨ ਸਮਾਜ ਪਾਰਟੀ ਨਾਲ ਕੀਤੀ, ਪਰ ਸਮਝਿਆ ਜਾਂਦਾ ਹੈ ਕਿ ਮਾਇਆਵਤੀ ਨੇ ਉਸ ਨੂੰ ਇੰਨੀਆਂ ਘੱਟ ਸੀਟਾਂ ਦੇਣ ਦੀ ਗੱਲ ਕੀਤੀ ਕਿ ਇਹ ਗੱਲਬਾਤ ਇਕ ਕਦਮ ਵੀ ਅੱਗੇ ਨਾ ਵਧ ਸਕੀ। ਇਸੇ ਦੌਰਾਨ ਸਮਾਜਵਾਦੀ ਪਾਰਟੀ ਦੇ ਗੰਭੀਰ ਘਰੇਲੂ ਝਗੜੇ ਨੇ ਕਾਂਗਰਸ ਨੂੰ ਗਠਜੋੜ ਦੀ ਕੋਸ਼ਿਸ਼ ਦਾ ਦੂਜਾ ਮੌਕਾ ਦਿੱਤਾ। ਮੁਲਾਇਮ ਸਿੰਘ ਯਾਦਵ ਕਿਉਂਕਿ ਗਠਜੋੜ ਦੇ ਵਿਰੁੱਧ ਸਨ, ਇਸ ਲਈ ਕਾਂਗਰਸ ਵੱਲੋਂ ਅਖਿਲੇਸ਼ ਯਾਦਵ ਨੂੰ ਆਰ-ਪਾਰ ਦੀ ਲੜਾਈ ਲਈ ਉਤਸ਼ਾਹਿਤ ਕੀਤਾ ਗਿਆ। ਅੱਜ ਹਾਲਤ ਇਹ ਹੈ ਕਿ ਜੋ ਸਮਾਜਵਾਦੀ ਪਾਰਟੀ ਚੋਣਾਂ ਵਿਚ ਪਛੜ ਰਹੀ ਸੀ, ਕਾਂਗਰਸ ਦੇ ਸਹਿਯੋਗ ਨਾਲ ਅਖਿਲੇਸ਼ ਦੀ ਅਗਵਾਈ ਵਿਚ ਸੱਤਾ ਦੀ ਦੌੜ ਵਿਚ ਹੈ।

ਉਤਰ ਪ੍ਰਦੇਸ਼ ਨੂੰ ਰਾਹੁਲ ਗਾਂਧੀ ਪਿਛਲੇ 10 ਸਾਲ ਤੋਂ ਕਾਂਗਰਸ ਦੀ ਸੁਤੰਤਰ ਪਹਿਲਕਦਮੀ ਲਈ ਇਸਤੇਮਾਲ ਕਰ ਰਹੇ ਹਨ। ਇਸ ਵਾਰ ਉਨ੍ਹਾਂ ਆਪਣੀ ਇਹ ਰਣਨੀਤੀ ਬਦਲ ਦਿੱਤੀ। 11 ਫਰਵਰੀ ਨੂੰ ਜਦੋਂ ਪੱਛਮੀ ਉਤਰ ਪ੍ਰਦੇਸ਼ ਦੀਆਂ 73 ਸੀਟਾਂ 'ਤੇ ਵੋਟ ਪੈ ਰਹੇ ਸਨ, ਉਨ੍ਹਾਂ ਅਖਿਲੇਸ਼ ਦੇ ਨਾਲ ਗਠਜੋੜ ਦਾ ਘੱਟੋ-ਘੱਟ ਸਾਂਝਾ ਪ੍ਰੋਗਰਾਮ ਐਲਾਨ ਕੇ ਜਿਸ ਤਰ੍ਹਾਂ ਨਾਲ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੱਤਾ, ਉਸ ਤੋਂ ਸਾਫ਼ ਹੋ ਗਿਆ ਕਿ ਉਹ ਇਸ ਗਠਜੋੜ ਨੂੰ ਦੂਰਗਾਮੀ ਰਣਨੀਤੀ ਵਾਂਗ ਦੇਖ ਰਹੇ ਹਨ। ਬਹੁਜਨ ਸਮਾਜ ਪਾਰਟੀ ਨਾਲ ਭਾਵੇਂ ਉਨ੍ਹਾਂ ਦੀ ਗੱਲਬਾਤ ਨਹੀਂ ਬਣੀ, ਪਰ ਉਹ ਇਥੋਂ ਤੱਕ ਸੋਚ ਰਹੇ ਹਨ ਕਿ 2019 ਵਿਚ ਬਣਨ ਵਾਲੇ ਮਹਾਗਠਜੋੜ ਵਿਚ ਮਾਇਆਵਤੀ ਨੂੰ ਵੀ ਸ਼ਾਮਿਲ ਕਰਨਾ ਚਾਹੀਦਾ ਹੈ। ਇਸੇ ਲਈ ਕਾਂਗਰਸ ਚੋਣ ਮੁਹਿੰਮ ਵਿਚ ਬਹੁਜਨ ਸਮਾਜ ਪਾਰਟੀ, ਕਾਂਸ਼ੀ ਰਾਮ ਅਤੇ ਮਾਇਆਵਤੀ ਨੂੰ ਨਿਸ਼ਾਨਾ ਬਣਾਉਣ ਤੋਂ ਪਰਹੇਜ਼ ਕਰ ਰਹੀ ਹੈ।

# ਅਲੋਪ ਹੋ ਰਿਹਾ ਲੋਕ-ਕਾਵਿ ਸਿੱਠਣੀਆਂ

ਲੋਕ-ਕਾਵਿ

ਪੰਜਾਬੀ ਸਮਾਜ ਮੁੱਖ ਤੌਰ 'ਤੇ ਕਿਸਾਨੀ ਆਧਾਰਤ ਸਮਾਜ ਹੈ। ਵਿਆਹ ਦਾ ਮੌਕਾ ਪੰਜਾਬੀਆਂ ਲਈ ਅਦੁੱਤੀ ਮਹੱਤਤਾ ਰੱਖਦਾ ਹੈ। ਇਹ ਉਨ੍ਹਾਂ ਦੀ ਜ਼ਿੰਦਗੀ ਵਿਚ ਕਈ ਪ੍ਰਕਾਰ ਦੀਆਂ ਮਾਨਸਿਕ ਰਾਹਤਾਂ ਅਤੇ ਰੰਗੀਨੀਆਂ ਲੈ ਕੇ ਆਉਂਦਾ ਹੈ। ਵਿਆਹ ਕਿਸੇ ਦੇ ਘਰ ਹੁੰਦਾ ਹੈ, ਚਾਅ ਸਾਰੇ ਸ਼ਰੀਕੇ ਨੂੰ ਚੜ੍ਹ ਜਾਂਦਾ ਹੈ। ਵਿਆਹ ਦੀਆਂ ਵੱਖ-ਵੱਖ ਰੀਤਾਂ ਸਮੇਂ ਗਾਏ ਜਾਂਦੇ ਲੋਕ ਗੀਤ ਸੁਹਾਗ, ਘੋੜੀਆਂ, ਸਿੱਠਣੀਆਂ, ਹੇਅਰੇ ਅਤੇ ਛੰਦ ਪਰਾਗੇ ਆਦਿ ਵਿਆਹ ਸਮਾਗਮਾਂ ਵਿਚ ਖੁਸ਼ੀਆਂ ਖੇੜਿਆਂ ਅਤੇ ਮੌਜ ਮਸਤੀ ਦਾ ਸੰਚਾਰ ਕਰਦੇ ਹਨ।

**ਸੁਖਦੇਵ ਮਾਦਪੁਰੀ**
ਫੋਨ: 91-94630-34472

'ਸਿੱਠਣੀਆਂ' ਪੰਜਾਬਣਾਂ ਦਾ ਹਰਮਨ ਪਿਆਰਾ ਲੋਕ ਕਾਵਿ ਰੂਪ ਹੈ। ਮਨੋਰੰਜਨ ਦੇ ਮਨੋਰਥ ਨਾਲ ਸਿੱਠਣੀਆਂ ਰਾਹੀਂ ਇੱਕ ਧਿਰ ਦੂਜੀ ਧਿਰ ਦਾ ਮਖੌਲ ਉਡਾਉਂਦੀ ਹੈ। ਇਹ ਗੀਤ ਕਿਸੇ ਮੰਦਭਾਵਨਾ ਅਧੀਨ ਨਹੀਂ ਬਲਕਿ ਸਦਭਾਵਨਾ ਅਧੀਨ ਗਾਏ ਜਾਂਦੇ ਹਨ। ਇਹ ਸੰਬੋਧਨੀ ਗੀਤ ਹਨ ਜਿਨ੍ਹਾਂ ਨੂੰ ਔਰਤਾਂ ਦੂਜੀ ਧਿਰ ਨੂੰ ਸੰਬੋਧਿਤ ਹੋ ਕੇ ਗਾਉਂਦੀਆਂ ਹਨ। ਸਿੱਠਣੀਆਂ ਗਾਉਣ ਨੂੰ ਸਿੱਠਣੀਆਂ ਦੇਣਾ ਆਖਿਆ ਜਾਂਦਾ ਹੈ। ਮੰਗਣੇ ਅਤੇ ਵਿਆਹ ਦੇ ਮੌਕੇ ਨਾਨਕੀਆਂ-ਦਾਦਕੀਆਂ ਵੱਲੋਂ ਇੱਕ ਦੂਜੇ ਨੂੰ ਦਿੱਤੀਆਂ ਅਤੇ ਜੰਜ ਦੇ ਬਰਾਤੀਆਂ ਨੂੰ ਦਿੱਤੀਆਂ ਸਿੱਠਣੀਆਂ-ਦੋਹਾਂ ਧਿਰਾਂ ਲਈ ਖੁਸ਼ੀ ਦਾ ਬਾਇਸ ਬਣਦੀਆਂ ਹਨ। ਮੁੰਡੇ ਵਾਲੇ ਧੀ ਵਾਲਿਆਂ ਨਾਲੋਂ ਆਪਣੇ ਆਪ ਨੂੰ ਸਮਾਜਿਕ ਤੌਰ 'ਤੇ ਉਚੇਰਾ ਸਮਝਦੇ ਹਨ ਤੇ ਧੀ ਵਾਲਿਆਂ ਨੂੰ ਦੂਜੈਲੇ ਹੋਣ ਦਾ ਦਰਜਾ ਦਿੱਤਾ ਜਾਂਦਾ ਹੈ ਜਿਸ ਕਰਕੇ ਧੀ ਵਾਲਿਆਂ ਵਿਚ ਹੀਣ ਭਾਵਨਾ ਪੈਦਾ ਹੋ ਜਾਂਦੀ ਹੈ। ਇਸ ਹੀਣ ਭਾਵਨਾ ਨੂੰ ਦੂਰ ਕਰਨ ਲਈ ਔਰਤਾਂ ਮੁੰਡੇ ਵਾਲੀ ਧਿਰ ਦਾ ਮਖੌਲ ਉਡਾਉਣ ਲਈ ਸਿੱਠਣੀਆਂ ਨੂੰ ਇੱਕ ਹਥਿਆਰ ਵਜੋਂ ਵਰਤਦੀਆਂ ਹਨ। ਇਸ ਤੋਂ ਇਲਾਵਾ ਇਨ੍ਹਾਂ ਰਾਹੀਂ ਉਹ ਆਪਣੇ ਮਨ ਦਾ ਗੁਭ ਗੁਭਾਰ ਵੀ ਕੱਢਦੀਆਂ ਹਨ।

ਪੰਜਾਬਣ ਸਦਾ ਸੁੰਗੜੀ ਰਹੀ ਹੈ। ਸਿਰਫ ਵਿਆਹ ਦਾ ਹੀ ਮੌਕਾ ਹੁੰਦਾ ਹੈ ਜਿੱਥੇ ਉਹ ਆਪਣੇ ਦੱਬੇ ਭਾਂਬੜ ਬਾਹਰ ਕੱਢਦੀ ਹੈ। ਉਹ ਸਿੱਠਣੀਆਂ ਦੇ ਰੂਪ ਵਿਚ ਲਾੜੇ ਨੂੰ, ਉਸ ਦੀ ਮਾਂ, ਬਾਪ, ਭੈਣਾਂ ਨੂੰ ਖੂਬ ਪੁਣਦੀ ਹੈ, ਉਨ੍ਹਾਂ ਦੀਆਂ ਕਮਜ਼ੋਰੀਆਂ ਦਾ ਮਖੌਲ ਉਡਾਉਂਦੀ ਹੈ। ਨਾਨਕਾ ਮੇਲ ਦਾ ਵਿਆਹ ਵਿਚ ਵਿਸ਼ੇਸ਼ ਥਾਂ ਹੁੰਦਾ ਹੈ। ਨਾਨਕਾ ਮੇਲ ਦੇ ਪਿੰਡ ਦੀ ਗਲੀ ਵਿਚ ਪ੍ਰਵੇਸ਼ ਕਰਨ 'ਤੇ ਗਲੀ ਦੀਆਂ ਔਰਤਾਂ ਮਖੌਲਾਂ ਨਾਲ ਸਵਾਗਤ ਕਰਦੀਆਂ ਹਨ:

ਛੱਜ ਓਹਲੇ ਛਾਨਣੀ
ਪਰਾਤ ਓਹਲੇ ਤਵਾ ਓਏ।
ਨਾਨਕਿਆਂ ਦਾ ਮੇਲ ਆਇਆ
ਸੂਰੀਆਂ ਦਾ ਰਵਾ ਓਏ।

ਵਿਆਹ ਵਾਲੇ ਘਰ ਵਿਚ ਹਾਸੇ ਠੱਠੇ ਦਾ ਮਾਹੌਲ ਬਣਿਆ ਹੁੰਦਾ ਹੈ, ਇਸੇ ਰੌਲੇ ਰੱਪੇ ਵਿਚ ਮਾਸੀ, ਭੂਆ ਦਾ ਪਰਿਵਾਰ ਅਤੇ ਨਾਨਕਾ ਮੇਲ ਘਰ ਵਿਚ ਪ੍ਰਵੇਸ਼ ਕਰਦਾ ਹੈ। ਉਹ ਆਪਣੀ ਪਹੁੰਚ ਸਿੱਠਣੀ ਦੇ ਰੂਪ ਵਿਚ ਦਿੰਦੇ ਹਨ:

ਸੁਰਜੀਤ ਕੁਰੇ ਕੁੜੀਏ
ਗੁੜ ਦੀ ਰੋੜੀ ਚਾਹ ਦੇ ਪੱਤੇ
ਦੁੱਧ ਬਜ਼ਾਰੋਂ ਲਿਆ ਦੇ।
ਫੱਕਰ ਨੀ ਤੇਰੇ ਬਾਹਰ ਖੜ੍ਹੇ
ਸਾਨੂੰ ਚਾਹ ਦੀ ਘੁੱਟ ਪਿਲਾ ਦੇ।

ਐਨੇ ਨੂੰ ਬਰਾਤ ਆਉਣ ਦਾ ਸਮਾਂ ਹੋ ਜਾਂਦਾ ਹੈ। ਬਰਾਤ ਦੇ ਢੁਕਾਅ ਤੋਂ ਪਹਿਲਾਂ ਕੁੜਮਾਂ ਤੇ ਮਾਮਿਆਂ ਦੀ ਮਿਲਣੀ ਹੁੰਦੀ ਹੈ। ਮਿਲਣੀ ਉਪਰੰਤ ਮਾਹੌਲ ਵਿਚ ਖੁਸ਼ੀ ਦੀਆਂ ਫੁਹਾਰਾਂ ਵਹਿ ਤੁਰਦੀਆਂ ਹਨ। ਇਸੇ ਮਾਹੌਲ ਦਾ ਲਾਹਾ ਲੈਂਦੀਆਂ ਮੇਲਣਾਂ ਪਹਿਲਾਂ ਘੱਟ ਕਰਾਰੀਆਂ ਤੇ ਮਗਰੋਂ ਸਲੂਣੀਆਂ ਸਿੱਠਣੀਆਂ ਦੇਣੀਆਂ ਸ਼ੁਰੂ ਕਰ ਦਿੰਦੀਆਂ ਹਨ:

ਚੰਨ ਚਾਨਣੀ ਰਾਤ, ਤਾਰਾ ਕੋਈ ਕੋਈ ਐ।
ਜੰਨ ਬੁੱਢਿਆਂ ਦੀ ਆਈ, ਮੁੰਡਾ ਕੋਈ ਕੋਈ ਐ।
ਚੰਨ ਚਾਨਣੀ ਰਾਤ, ਤਾਰਾ ਇੱਕ ਵੀ ਨਹੀਂ।
ਜੰਨ ਕਾਣਿਆਂ ਦੀ ਆਈ ਸਾਬਤ ਇੱਕ ਵੀ ਨਹੀਂ।

ਬਰਾਤੀਆਂ ਵੱਲੋਂ ਲਿਆਂਦੀ ਨਾ ਵਰੀ ਪਸੰਦ ਹੈ, ਨਾ ਹੀ ਬਰਾਤੀ ਉਨ੍ਹਾਂ ਨੂੰ ਚੰਗੇ ਲੱਗਦੇ ਹਨ:

ਮੈਂ ਲਾਜ ਮੋਈ ਮੈਂ ਲਾਜ ਮੋਈ
ਇਹ ਵਰੀ ਪੁਰਾਣੀ ਲਿਆਏ।
ਮੈਂ ਲਾਜ ਮੋਈ ਮੈਂ ਲਾਜ ਮੋਈ
ਇਹ ਕੀ ਕੀ ਵਸਤ ਲਿਆਏ।



ਪਹਿਲੇ ਸਮਿਆਂ ਵਿਚ ਬਰਾਤਾਂ ਤਿੰਨ ਦਿਨ ਠਹਿਰਦੀਆਂ ਸਨ। ਜੰਜ ਦਾ ਉਤਾਰਾ ਜਨ-ਘਰ ਜਾਂ ਧਰਮਸ਼ਾਲਾ ਵਿਚ ਹੁੰਦਾ। ਪਹਿਲੀ ਰਾਤ ਦੀ ਰੋਟੀ ਘਿਓ ਬੂਰੇ ਜਾਂ ਚੌਲ ਸ਼ੱਕਰ ਨਾਲ ਦਿੱਤੀ ਜਾਂਦੀ। ਇਸ ਨੂੰ 'ਕੁਆਰੀ ਰੋਟੀ' ਜਾਂ 'ਮਿੱਠੀ ਰੋਟੀ' ਆਖਦੇ। ਗੈਸਾਂ ਅਤੇ ਲਾਲਟੈਣਾਂ ਦੇ ਚਾਨਣ ਵਿਚ ਬਰਾਤੀ ਰੋਟੀ ਛਕਦੇ। ਮਿੱਠੀ ਰੋਟੀ ਵੇਲੇ ਲਾੜਾ ਬਰਾਤ ਨਾਲ ਨਹੀਂ ਸੀ ਜਾਂਦਾ। ਬਰਾਤੀਆਂ ਨੇ ਰੋਟੀ ਖਾਣੀ ਸ਼ੁਰੂ ਕਰਨੀ, ਉਧਰ ਬਨੇਰਿਆਂ 'ਤੇ ਬੈਠੀਆਂ ਸੁਆਣੀਆਂ ਨੇ ਕੁੜਮ ਨੂੰ ਸਿੱਠਣੀਆਂ ਦਾ ਨਿਸ਼ਾਨਾ ਬਣਾਉਣਾ:

ਕੁੜਮ ਚੱਲਿਆ ਗੰਗਾ ਨ੍ਹਾਉਣ
ਹਰ ਗੰਗਾ ਨਰਾਇਣ ਗੰਗਾ।
ਪਹਿਲੇ ਗੋਤੇ ਗਿਆ ਪਤਾਲ
ਹਰ ਗੰਗਾ ਨਰਾਇਣ ਗੰਗਾ।
ਮੱਛੀ ਨੇ ਫੜ ਲਿਆ ਮੁੱਛ ਦਾ ਵਾਲ
ਏਥੇ ਫੇਰ ਨਹੀਂ ਆਉਂਦਾ ਤੇਰੇ ਦਰਬਾਰ
ਏਥੇ ਕਰ ਤੂੰ ਬੇਬੇ ਦਾ ਦਾਨ।

ਕੁੜਮ ਸਿੱਠਣੀਆਂ ਦਾ ਸ਼ਿਕਾਰ ਬਣਿਆਂ ਭੰਮੱਤਰ ਜਾਂਦਾ, ਕੋਈ ਉਸ ਦੇ ਸਰੀਰਕ ਨੁਕਸ ਲੱਭਦੀ, ਕੋਈ ਉਹਦੀ ਜ਼ੋਰੋ ਦੇ ਤਾਨ੍ਹੇ ਮਾਰਦੀ। ਬਨੇਰੇ ਤੋਂ ਸਿੱਠਣੀਆਂ ਦੀਆਂ ਫੁਹਾਰਾਂ ਪੈਂਦੀਆਂ:

ਜੇ ਕੁੜਮਾਂ ਤੇਰੀਆਂ ਅੱਖਾਂ ਦੁਖਦੀਆਂ
ਮੋਗੇ ਇਲਾਜ ਕਰਾ ਲੈ ਵੇ
ਕੁੱਛ ਫੈਦਾ ਹੋ ਜੂ।

ਕੁੜਮ ਦੀ ਜ਼ੋਰੋ ਬਾਰੇ ਅਨੇਕਾਂ ਸਿੱਠਣੀਆਂ ਦਿੱਤੀਆਂ ਜਾਂਦੀਆਂ:

ਵੇ ਜ਼ੋਰੋ ਤੇਰੀ ਕੁੜਮਾ, ਕਰਦੀ ਪਾਣੀ ਪਾਣੀ
ਕੌਣ ਦਾਰੀ ਦਾ ਰਸੀਆ, ਕੌਣ ਲਿਆਵੇ ਪਾਣੀ।
ਦਿਓਰ ਦਾਰੀ ਦਾ ਰਸੀਆ, ਉਹ ਲਿਆਵੇ ਪਾਣੀ...।

ਦੂਜੀ ਭਲਕ, ਫੇਰਿਆਂ ਮਗਰੋਂ, ਗਭਲੀ ਰੋਟੀ ਜਿਸ ਨੂੰ 'ਖੱਟੀ ਰੋਟੀ' ਵੀ ਆਖਦੇ ਸਨ, ਸਮੇਂ ਲਾੜਾ ਬਰਾਤ ਵਿਚ ਸ਼ਾਮਲ ਹੋ ਕੇ ਰੋਟੀ ਖਾਣ ਜਾਂਦਾ। ਜਾਨੀ ਪੂਰੀ ਟੌਹਰ ਵਿਚ ਹੁੰਦੇ, ਓਧਰ ਬਨੇਰਿਆਂ 'ਤੇ ਬੈਠੀਆਂ ਔਰਤਾਂ ਲਾੜੇ ਨੂੰ ਸਿੱਠਣੀਆਂ ਦਿੰਦੀਆਂ:

ਲਾੜਿਆ ਪੱਗ ਟੇਢੀ ਨਾ ਬੰਨ੍ਹ ਵੇ
ਸਾਨੂੰ ਹੀਣਤ ਆਵੇ।
ਤੇਰੀ ਬੇਬੇ ਵੇ ਉਧਲੀ,
ਸਾਡੇ ਮਹਿਲਾਂ ਨੂੰ ਆਵੇ।
ਤੇਰੀ ਬੇਬੇ ਵੇ ਬਦਣੀ,
ਬੈਠੀ ਜੋਕਾਂ ਵੇ ਲਾਵੇ।

ਉਹ ਲਾੜੇ ਦਾ ਬੜੀ ਬੇਰਹਿਮੀ ਨਾਲ ਮਖੌਲ ਉਡਾਉਂਦੀਆਂ:

ਲਾੜਿਆ ਜੁੜ ਜਾ ਮੰਜੇ ਦੇ ਨਾਲ
ਮੰਜਾ ਤੇਰਾ ਕੀ ਲੱਗਦਾ।
ਬੀਬੀ ਕਿੱਕਣ ਜੁੜਾਂ ਮੰਜੇ ਨਾਲ
ਮੰਜਾ ਮੇਰਾ ਪਿਉ ਲੱਗਦਾ।

ਉਹ ਉਸ ਦੀ ਭੈਣ ਅਤੇ ਭੂਆ 'ਤੇ ਚਰਿੱਤਰਹੀਣ ਹੋਣ ਦਾ ਇਲਜ਼ਾਮ ਲਾ ਕੇ ਉਸ ਨੂੰ ਠਿਠ ਕਰਦੀਆਂ। ਲਾੜੇ ਦੇ ਕੋੜਮੇ ਨੂੰ ਪੁਣਦੀਆਂ ਮੁਟਿਆਰਾਂ ਸਾਰੇ ਮਾਹੌਲ ਵਿਚ ਹਾਸੇ ਛਣਕਾ ਦਿੰਦੀਆਂ:

ਲਾੜਿਆ ਵੇ ਮੇਰਾ ਨੌਕਰ ਲੱਗ ਜਾ ਵੇ
ਟਕਾ ਮਜੂਰੀ ਦਵਾ ਦਿੰਨੀ ਆਂ।
ਮੇਰੇ ਅੰਦਰੋਂ ਸੁੰਭਰ ਮੇਰੇ ਬਾਹਰੋਂ ਸੁੰਭਰ
ਮੇਰੇ ਮਹਿਲੀਂ ਰੜਕਾ ਫੇਰ ਆਈਂ ਵੇ
ਟਕਾ ਮਜੂਰੀ ਦਵਾ ਦਿੰਨੀ ਆਂ।

ਨਮੋਸ਼ੀ ਦਾ ਮਾਰਿਆ ਲਾੜਾ ਤਾਂ ਅੱਖਾਂ ਚੁੱਕ ਕੇ ਬਨੇਰਿਆਂ 'ਤੇ ਬੈਠੀਆਂ ਮੁਟਿਆਰਾਂ ਵੱਲ ਝਾਕਣ ਦੀ ਜੁਰੱਅਤ ਵੀ ਨਹੀਂ ਕਰ ਸਕਦਾ। ਜਦੋਂ ਵੇਖਦਾ, ਝੱਟ ਟੋਕਾ-ਟਾਕੀ ਸ਼ੁਰੂ ਹੋ ਜਾਂਦੀ। ਸਿੱਠਣੀਆਂ ਦੇਣ ਦਾ ਰਿਵਾਜ਼ ਹੁਣ ਖਤਮ ਹੋ ਗਿਆ ਹੈ। ਇੱਕ ਦਿਨ ਦੇ ਵਿਆਹ ਨੇ, ਉਹ ਵੀ ਮੈਰਿਜ ਪੈਲੇਸਾਂ ਵਿਚ ਹੋਣ ਕਾਰਨ, ਵਿਆਹ ਦੀਆਂ ਸਾਰੀਆਂ ਰਸਮਾਂ 'ਤੇ ਰੌਣਕਾਂ ਸਮਾਪਤ ਕਰ ਦਿੱਤੀਆਂ ਹਨ। ਬਸ ਸ਼ੋਰ ਹੀ ਰਹਿ ਗਿਆ ਹੈ। ਸਿੱਠਣੀਆਂ ਨੂੰ ਸਾਂਭਣ ਅਤੇ ਲੋਕਧਾਰਾਈ ਦ੍ਰਿਸ਼ਟੀ ਤੋਂ ਅਧਿਐਨ ਕਰਨ ਦੀ ਲੋੜ ਹੈ। ਇਹ ਸਾਡੀ ਵਿਰਾਸਤ ਦਾ ਵੱਡਮੁੱਲਾ ਸਰਮਾਇਆ ਹਨ।

# ਸੱਭਿਆਚਾਰ ਦੀ ਜਿੰਦਜਾਨ ਲੋਕ ਗੀਤ

ਲੋਕ ਗੀਤ ਕਿਸੇ ਸਭਿਆਚਾਰ ਦੇ ਹਿਰਦੇ ਦਾ ਪ੍ਰਕਾਸ਼ ਹੁੰਦੇ ਹਨ, ਇਹ ਲੋਕਾਂ ਦੇ ਵੇਗ ਵਿਚ ਆਏ ਉਹ ਜਜ਼ਬੇ, ਵੇਦਨਾ ਤੇ ਸੱਧਰਾਂ ਹਨ ਜੋ ਸਹਿਜ ਰੂਪ ਵਿਚ ਹੀ ਸ਼ਬਦਾਂ ਦੇ ਰੂਪ ਵਿਚ ਰੂਪਮਾਨ ਹੋ ਜਾਂਦੀਆਂ ਹਨ। ਲੋਕ ਗੀਤ ਮਨੁੱਖੀ ਮਨ ਦੇ ਉਛਾਲ ਹਨ, ਹਿਰਦੇ ਦੀ ਤਹਿ ਦੀ ਕੋਈ ਤਰੰਗ ਅਤੇ ਜੀਵਨ ਦਾ ਕੋਈ ਝੋਕਾ ਹਨ। ਕੋਈ ਗੀਤ ਉਦੋਂ ਤਕ ਲੋਕ ਗੀਤ ਨਹੀਂ ਬਣਦਾ, ਜਦੋਂ ਤਕ ਜਨ ਸਮੂਹ ਉਸ ਨੂੰ ਪ੍ਰਵਾਨ ਕਰਕੇ ਆਪਣੇ ਗੀਤ-ਭੰਡਾਰ ਵਿਚ ਪਰੰਪਰਾ ਦੇ ਰੂਪ 'ਚ ਅਪਨਾ ਨਹੀਂ ਲੈਂਦਾ। ਲੋਕ ਗੀਤਾਂ ਦੀ ਸਮਗਰੀ ਪਰੰਪਰਾ ਵਿਚੋਂ ਹੀ ਲਈ ਜਾਂਦੀ ਹੈ ਤੇ ਇਸ ਦੀਆਂ ਜੜ੍ਹਾਂ ਸਮਾਜ ਵਿਚ ਹੁੰਦੀਆਂ ਹਨ।

**ਜਸਪ੍ਰੀਤ ਕੌਰ ਸੰਘਾ**
ਫੋਨ: 91-99150-33176

ਪੰਜਾਬੀ ਲੋਕ ਗੀਤ ਪੰਜਾਬੀ ਸੱਭਿਆਚਾਰ ਦੀ ਜਿੰਦਜਾਨ ਹਨ। ਪੰਜਾਬੀਆਂ ਦੇ ਰਹਿਣ-ਸਹਿਣ, ਉਨ੍ਹਾਂ ਦੇ ਸਮਾਜਿਕ, ਆਰਥਿਕ ਹਾਲਾਤ, ਉਨ੍ਹਾਂ ਦੇ ਰੀਤੀ-ਰਿਵਾਜਾਂ ਦਾ ਅਸਲੀ ਝਲਕਾਰਾ ਸਾਨੂੰ ਆਪਣੇ ਲੋਕ ਗੀਤਾਂ ਵਿਚੋਂ ਹੀ ਮਿਲਦਾ ਹੈ। ਜ਼ਿੰਦਗੀ ਦਾ ਸ਼ਾਇਦ ਹੀ ਅਜਿਹਾ ਕੋਈ ਪੱਖ ਹੋਵੇ ਜੋ ਲੋਕ ਗੀਤਾਂ ਵਿਚ ਦ੍ਰਿਸ਼ਟੀਗੋਚਰ ਨਾ ਹੋਇਆ ਹੋਵੇ। ਪੰਜਾਬੀ ਲੋਕ ਸਾਹਿਤ 'ਚ ਹਰ ਰਸਮ, ਹਰ ਰਿਸ਼ਤੇ ਨਾਤੇ ਨਾਲ ਸਬੰਧਤ ਲੋਕ ਗੀਤ ਸਾਨੂੰ ਵੇਖਣ ਨੂੰ ਮਿਲਦੇ ਹਨ। ਇਹ ਲੋਕ ਗੀਤ ਸਾਡੇ ਅਮੀਰ ਵਿਰਸੇ ਨੂੰ ਆਪਣੇ ਅੰਦਰ ਸਮੋਈ ਬੈਠੇ ਹਨ।

ਅਸਲ ਵਿਚ ਲੋਕ ਗੀਤਾਂ ਦੇ ਉਪਜਣ ਤੇ ਵਿਕਾਸ ਲਈ ਇੱਕ ਖਾਸ ਕਿਸਮ ਦੇ ਸਮਾਜਿਕ ਵਾਤਾਵਰਣ ਦੀ ਲੋੜ ਹੁੰਦੀ ਹੈ। ਅੱਜ-ਕੱਲ੍ਹ ਦੇ ਭੱਜ-ਨੱਠ ਵਾਲੇ ਵਾਤਾਵਰਣ ਵਿਚ ਲੋਕ ਗੀਤ ਲੋਪ ਹੁੰਦੇ ਜਾ ਰਹੇ ਹਨ। ਪੰਜਾਬੀ ਲੋਕ ਗੀਤਾਂ ਦਾ ਖਜ਼ਾਨਾ ਇੰਨਾ ਭਰਪੂਰ ਹੈ ਕਿ ਇਸ ਵਿਚੋਂ ਹਰ ਰਿਸ਼ਤੇ ਦੇ ਆਪਸੀ ਪਿਆਰ, ਮਨ ਮੁਟਾਵ, ਪਿਆਰ ਭਰੀ ਨੋਕ-ਝੋਕ ਆਦਿ ਦੀ ਝਲਕ ਮਿਲਦੀ ਹੈ, ਚਾਹੇ ਉਹ ਮਾਂ-ਧੀ ਦੇ ਪਵਿੱਤਰ ਰਿਸ਼ਤੇ ਵਿਚਲਾ ਪਿਆਰ ਹੋਵੇ ਜਾਂ ਫਿਰ ਦਿਉਰ-ਭਰਜਾਈ, ਨਨਾਣ-ਭਰਜਾਈ ਦੇ ਰਿਸ਼ਤੇ ਵਿਚਲੀ ਆਪਸੀ ਨੋਕ-ਝੋਕ। ਮਾਂ-ਧੀ ਦਾ ਰਿਸ਼ਤਾ ਜੋ ਸਭ ਤੋਂ ਵੱਧ ਮੋਹ ਵਾਲਾ ਰਿਸ਼ਤਾ ਹੈ, ਉਸ ਦਾ ਵਰਣਨ ਲੋਕ ਗੀਤਾਂ ਵਿਚ ਆਮ ਦੇਖਣ ਨੂੰ ਮਿਲਦਾ ਹੈ:

ਮਾਂਵਾਂ ਤੇ ਧੀਆਂ ਦੀ ਦੋਸਤੀ ਨੀਂ ਮਾਏ
ਕੋਈ ਟੁੱਟਦੀ, ਏ ਕਹਿਰਾਂ ਦੇ ਨਾਲ।
ਕਣਕਾਂ ਨਿੱਸਰੀਆਂ,
ਧੀਆਂ ਕਿਉਂ ਵਿਸਰੀਆਂ ਨੀਂ ਮਾਏ...।
ਮਿੱਟੀ ਦਾ ਬੁੱਤ ਬਣਾਨੀ ਆ ਨੀਂ ਮਾਏ
ਉਹ ਦੇ ਗੱਲ ਲੱਗ ਕੇ ਰੋ ਲਾਂ।
ਮਿੱਟੀ ਦਾ ਬੁੱਤ ਤਾਂ ਬੋਲਦਾ ਨੀਂ ਮਾਏ
ਮੈਂ ਰੋ-ਰੋ ਹਾਲ ਕਹਾਂ।
ਕਣਕਾਂ ਨਿੱਸਰੀਆਂ,
ਧੀਆਂ ਕਿਉਂ ਵਿਸਰੀਆਂ ਨੀਂ ਮਾਏ।

ਲੋਕ ਗੀਤਾਂ ਵਿਚ ਧੀਆਂ ਦੀ ਤੁਲਨਾ ਚਿੜੀਆਂ ਨਾਲ ਕੀਤੀ ਜਾਂਦੀ ਹੈ। ਚਿੜੀਆਂ ਦੀ ਤਰ੍ਹਾਂ ਧੀਆਂ ਨੇ ਵੀ ਇੱਕ ਨਾ ਇੱਕ ਦਿਨ ਉਡਾਰੀ ਮਾਰਨੀ ਹੁੰਦੀ ਹੈ। ਧੀ ਚਾਹੇ ਅਮੀਰ ਦੀ ਹੋਵੇ ਜਾਂ ਫਿਰ ਗਰੀਬ ਦੀ ਉਸ ਨੂੰ ਪੇਕਾ ਘਰ ਛੱਡ ਸਹੁਰੇ ਘਰ ਜਾਣਾ ਹੀ ਪੈਂਦਾ ਹੈ:

ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸਾਂ ਉਡ ਜਾਣਾ।
ਸਾਡੀ ਲੰਮੀ ਉਡਾਰੀ ਵੇ
ਬਾਬਲ ਕਿਹੜੇ ਦੇਸ਼ ਜਾਣਾ।

ਸਾਡੇ ਲੋਕ ਗੀਤਾਂ ਵਿਚ ਦਿਉਰ-ਭਰਜਾਈ ਦੇ ਰਿਸ਼ਤੇ ਦਾ ਵਰਣਨ ਆਮ ਆਉਂਦਾ ਹੈ। ਵੱਡੀ ਭਰਜਾਈ ਨੂੰ ਮਾਂ ਦਾ ਦਰਜਾ ਦਿੱਤਾ ਜਾਂਦਾ ਹੈ ਅਤੇ ਭਰਜਾਈ ਵੀ ਛੋਟੇ ਦਿਉਰ ਨੂੰ ਪੁੱਤਾਂ ਵਾਂਗ ਪਿਆਰ ਕਰਦੀ ਹੈ। ਦਿਉਰ ਦੇ ਵਿਆਹ ਤੋਂ ਬਾਅਦ ਇਸ ਦਿਉਰ-ਭਰਜਾਈ ਦੇ ਰਿਸ਼ਤੇ ਵਿਚ ਕਈ ਵਾਰ ਨੋਕ-ਝੋਕ ਵੀ ਵੇਖਣ ਨੂੰ ਮਿਲਦੀ ਹੈ ਜਿਸ ਦਾ ਵਰਣਨ ਸਾਡੇ ਲੋਕ ਗੀਤ ਕਰਦੇ ਹਨ:

ਲਿਆ ਦਿਉਰਾ ਤੈਨੂੰ ਅੱਡ ਕਰ ਦੇਵਾਂ
ਦੇ ਕੇ ਸੇਰ ਕੁ ਆਟਾ।
ਵੇ ਨਿੱਤ ਕੌਣ ਲੜੇ
ਕੌਣ ਪਟਾਵੇ ਝਾਟਾ।
ਵੇ ਨਿੱਤ ਕੌਣ ਲੜੇ...।

ਸਮਾਜਿਕ ਰਿਸ਼ਤਿਆਂ ਵਿਚ ਇੱਕ ਬੜਾ ਹੀ ਖੱਟਾ-ਮਿੱਠਾ ਰਿਸ਼ਤਾ ਹੈ ਤੇ ਉਹ ਰਿਸ਼ਤਾ ਹੈ, ਨਣਾਨ-ਭਰਜਾਈ ਦਾ। ਨਣਾਨ-ਭਰਜਾਈ ਦੇ ਰਿਸ਼ਤੇ ਵਿਚ ਪਿਆਰ ਭਰੀ ਨੋਕ-ਝੋਕ ਆਮ ਹੀ ਵੇਖਣ ਨੂੰ ਮਿਲਦੀ ਹੈ:

ਨੀਂ ਨਣਾਨੇ ਬੇਈਮਾਨੇ,
ਅੱਖਾਂ ਫੇਰ ਗਈ ਰਕਾਨੇ
ਐਸੀ ਵੀਰ ਨੂੰ ਕਸੂਤੀ ਲੂਤੀ ਲਾਈ ਨਣਦੇ।
ਅੱਜ ਤੂੰ ਮੈਨੂੰ ਮਾਰ ਪੁਆਈ ਨਣਦੇ।

ਰਿਸ਼ਤਿਆਂ ਦੀ ਇਸ ਮਾਲਾ ਵਿਚ ਸੁੱਚੇ ਮੋਤੀ ਵਰਗਾ ਇੱਕ ਰਿਸ਼ਤਾ ਹੈ, ਭੈਣ-ਭਰਾ ਦਾ। ਭੈਣ-ਭਰਾ ਦੇ ਪਿਆਰ ਦੇ ਦੀਵੇ ਨੂੰ ਤਾਂ ਤੇਜ਼ ਝੱਖੜਾਂ ਵਾਲੀ ਪਦਾਰਥਵਾਦੀ ਹਨੇਰੀ ਵੀ ਬੁਝਾ ਨਹੀਂ ਸਕੀ। ਸਾਡੇ ਲੋਕ ਗੀਤ ਇਸ ਪਿਆਰ ਭਰੇ ਰਿਸ਼ਤੇ ਵਿਚ ਹੋਰ ਵੀ ਮਿਠਾਸ ਭਰ ਦਿੰਦੇ ਹਨ:

ਇੱਕ ਵੀਰ ਦੇਈਂ ਵੇ ਰੱਬਾ
ਸਹੁੰ ਖਾਣ ਨੂੰ ਬੜਾ ਚਿੱਤ ਕਰਦਾ।
ਇੱਕ ਵੀਰ ਦੇਈਂ ਵੇ ਰੱਬਾ
ਮੇਰੀ ਸਾਰੀ ਉਮਰ ਦੇ ਪੇਕੇ।

ਲੋਕ ਗੀਤ ਸਿਰਫ ਰਿਸ਼ਤਿਆਂ ਦੀ ਮਾਲਾ ਨੂੰ ਹੀ ਨਹੀਂ ਦਰਸਾਉਂਦੇ ਬਲਕਿ ਰੀਤੀ-ਰਿਵਾਜਾਂ, ਰਸਮਾਂ ਨੂੰ ਵੀ ਦਰਸਾਉਂਦੇ ਹਨ। ਮੌਕਾ ਖੁਸ਼ੀ ਦਾ ਹੋਵੇ ਜਾਂ ਗਮ ਦਾ, ਹਰ ਮੌਕੇ ਨਾਲ ਸਬੰਧਤ ਲੋਕ ਗੀਤ ਸਾਡੇ ਸੱਭਿਆਚਾਰ ਦਾ ਅੰਗ ਹਨ। ਇਸੇ ਤਰ੍ਹਾਂ ਵਿਆਹ ਦੀ ਰਸਮ ਵਿਚ ਸਿਹਰਾਬੰਦੀ ਦੀ ਰਸਮ ਦੀ ਖਾਸ ਮਹੱਤਤਾ ਹੈ। ਇਹ ਰਸਮ ਲਾੜੇ ਦੀਆਂ ਭੈਣਾਂ ਅਦਾ ਕਰਦੀਆਂ ਹਨ। ਸਿਹਰਾ ਬੰਨ੍ਹਾ ਕੇ ਲਾੜਾ ਸ਼ਗਨ ਵਜੋਂ ਭੈਣਾਂ ਨੂੰ ਕੁਝ ਰੁਪਏ ਦਿੰਦਾ ਹੈ। ਇਸ ਸਮੇਂ ਆਮ ਤੌਰ 'ਤੇ ਇਹ ਲੋਕ ਗੀਤ ਗਾਇਆ ਜਾਂਦਾ ਹੈ:

ਵਕਤ ਵਿਆਹ ਦੇ ਸਿਹਰੇ ਦੀ ਪਵੇ ਕੀਮਤ
ਹੁੰਦਾ ਵਿਆਹ ਵਿਚ ਸ਼ਗਨਾਂ ਦੀ ਰੀਤ ਸਿਹਰਾ।
ਪਿਆਰ ਮੁਹੱਬਤ ਦੇ ਖਿੜ੍ਹ ਪਏ ਫੁੱਲ ਸੋਹਣੇ
ਬੰਨਿਆ ਲਾੜੇ ਨੇ ਜਦੋਂ ਪ੍ਰੀਤ ਸਿਹਰਾ।

ਇਸ ਪ੍ਰਕਾਰ ਲੋਕ ਗੀਤ ਆਪਣੇ ਅੰਦਰ ਜ਼ਿੰਦਗੀ ਦੇ ਹਰ ਰੰਗ ਨੂੰ ਸਮੋਈ ਬੈਠੇ ਹਨ। ਲੋਕ ਗੀਤ ਮੌਖਿਕ ਰੂਪ ਵਿਚ ਪੀੜ੍ਹੀ ਦਰ ਪੀੜ੍ਹੀ ਯਾਤਰਾ ਕਰਦੇ ਹਨ। ਜਿਹੜੇ ਲੋਕ ਗੀਤ ਲਿਖਤੀ ਰੂਪ ਧਾਰ ਲੈਂਦੇ ਹਨ, ਉਨ੍ਹਾਂ ਦੀ ਮਹੱਤਤਾ ਖਤਮ ਨਹੀਂ ਹੁੰਦੀ ਬਲਕਿ ਉਹ ਸਾਂਭੇ ਜਾਣ ਕਰਕੇ ਅਮਰ ਹੋ ਜਾਂਦੇ ਹਨ। ਲੋਕ ਗੀਤਾਂ ਦੀ ਰਚਨਾ ਹਰ ਕਾਲ ਵਿਚ ਹੁੰਦੀ ਰਹਿੰਦੀ ਹੈ ਪਰ ਵਰਤਮਾਨ ਪਦਾਰਥਵਾਦੀ ਯੁੱਗ ਵਿਚ ਅਸੀਂ ਆਪਣੇ ਇਸ ਮਹਾਨ ਵਿਰਸੇ ਤੋਂ ਬੇਮੁਖ ਹੁੰਦੇ ਜਾ ਰਹੇ ਹਾਂ। ਸਾਡੇ ਲੋਕ ਗਾਇਕਾਂ ਨੇ ਇਸ ਮਹਾਨ ਖਜ਼ਾਨੇ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ ਹੈ। ਅੱਜ ਲੋੜ ਹੈ, ਇਸ ਲੋਪ ਹੋ ਰਹੇ ਵਿਰਸੇ ਨੂੰ ਸੰਭਾਲਣ ਦੀ।

### ਘੋੜੀਆਂ

ਹਰਿਆ ਨੀ ਮਾਏ, ਹਰਿਆ ਨੀ ਭੈਣੇ।
ਹਰਿਆ ਤੇ ਭਾਗੀਂ ਭਰਿਆ।
ਜਿਸ ਦਿਹਾੜੇ ਮੇਰਾ ਹਰਿਆ ਨੀ ਜੰਮਿਆ
ਸੋਈਓ ਦਿਹਾੜਾ ਭਾਗੀਂ ਭਰਿਆ।
ਜੰਮਦਾ ਤਾਂ ਹਰਿਆ ਪੱਟ-ਲਪੇਟਿਆ,
ਕੁੱਛੜ ਦਿਓ ਨੀ ਏਨ੍ਹਾਂ ਦਾਈਆਂ।
ਨ੍ਹਾਤਾ ਤੇ ਧੋਤਾ ਹਰਿਆ ਪਟ-ਲਪੇਟਿਆ,
ਕੁੱਛੜ ਦਿਓ ਸਕੀਆਂ ਭੈਣਾਂ।
ਕੀ ਕੁਝ ਮਿਲਿਆ ਦਾਈਆਂ ਤੇ ਮਾਈਆਂ,
ਕੀ ਕੁਝ ਮਿਲਿਆ ਸਕੀਆਂ ਭੈਣਾਂ।
ਪੰਜ ਰੁਪਏ ਏਨ੍ਹਾਂ ਦਾਈਆਂ ਤੇ ਮਾਈਆਂ,
ਪੱਟ ਦਾ ਤੇਵਰ ਸਕੀਆਂ ਭੈਣਾਂ।

---

### ਨਿੱਕੀ-ਨਿੱਕੀ ਬੂੰਦੀ

ਨਿੱਕੀ-ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵਰ੍ਹੇ,
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ।
ਨਿੱਕੀ-ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵਰ੍ਹੇ,
ਦਮਾਂ ਦੀ ਬੋਰੀ ਤੇਰਾ ਬਾਬਾ ਫੜੇ।
ਨਿੱਕੀ-ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵਰ੍ਹੇ,
ਹਾਥੀਆਂ ਦੇ ਸੰਗਲ ਤੇਰਾ ਬਾਪ ਫੜੇ।
ਨਿੱਕੀ-ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵਰ੍ਹੇ,
ਨੀਲੀ ਵੇ ਘੋੜੀ ਮੇਰਾ ਨਿੱਕੜਾ ਚੜ੍ਹੇ।
ਨਿੱਕੀ-ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵਰ੍ਹੇ,
ਭੈਣ ਵੇ ਸੁਹਾਗਣ ਤੇਰੀ ਵਾਗ ਫੜੇ।
ਨਿੱਕੀ-ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵਰ੍ਹੇ,
ਪੀਲੀ ਪੀਲੀ ਦਾਲ ਤੇਰੀ ਘੋੜੀ ਚਰੇ।
ਨਿੱਕੀ-ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵਰ੍ਹੇ,
ਭਾਬੀ ਵੇ ਸੁਹਾਗਣ ਤੈਨੂੰ ਸੁਰਮਾ ਪਾਵੇ।
ਨਿੱਕੀ-ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵਰ੍ਹੇ,
ਰੱਤਾ ਰੱਤਾ ਡੋਲਾ ਮਹਿਲੀਂ ਆ ਵੇ ਵੜੇ।
ਨਿੱਕੀ-ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵਰ੍ਹੇ,
ਮਾਂ ਵੇ ਸੁਹਾਗਣ ਪਾਣੀ ਵਾਰ ਪੀਵੇ।

---

### ਨਿਵੇਂ ਪਹਾੜਾਂ ਦੇ ਪਰਬਤ

ਨਿਵੇਂ ਪਹਾੜਾਂ ਦੇ ਪਰਬਤ,
ਹੋਰ ਨਿਵਿਆਂ ਨਾ ਕੋਈ।
ਨਿਵਿਆਂ ਲਾਡੋ ਦਾ ਬਾਬਲ,
ਜਿਨ੍ਹੇ ਬੇਟੀ ਵਿਆਹੀ।
ਤੂੰ ਕਿਉਂ ਰੋਇਆ ਬਾਬਲ ਜੀ,
ਜੱਗ ਹੁੰਦੜੀ ਆਈ।

ਮੋਰਾਂ ਦੀਆਂ ਪੈਲਾਂ ਦੇਖ ਕੇ
ਬਾਬਲ ਛਮ-ਛਮ ਰੋਇਆ।
ਤੂੰ ਕਿਉਂ ਰੋਇਆ ਬਾਬਲ ਜੀ,
ਜੱਗ ਹੁੰਦੜੀ ਆਈ।
ਨਿਵਿਆਂ ਲਾਡੋ ਦਾ ਬਾਬਲ,
ਜਿਨ੍ਹੇ ਬੇਟੀ ਵਿਆਹੀ।

ਨਿਵਿਆਂ ਲਾਡੋ ਦਾ ਤਾਇਆ
ਜਿਨ੍ਹੇ ਬੇਟੀ ਵਿਆਹੀ।
ਤੂੰ ਕਿਉਂ ਰੋਇਆ ਤਾਇਆ ਜੀ,
ਜੱਗ ਹੁੰਦੜੀ ਆਈ।

ਮੋਰਾਂ ਦੀਆਂ ਪੈਲਾਂ ਦੇਖ ਕੇ
ਤਾਇਆ ਛਮ-ਛਮ ਰੋਇਆ।
ਤੂੰ ਕਿਉਂ ਰੋਇਆ ਤਾਇਆ ਜੀ,
ਜੱਗ ਹੁੰਦੜੀ ਆਈ।
ਨਿਵੇਂ ਪਹਾੜਾਂ ਦੇ ਪਰਬਤ,
ਹੋਰ ਨਿਵਿਆਂ ਨਾ ਕੋਈ।

# ਸੁਖਦੇਵ ਤੇ ਭਗਤ ਸਿੰਘ ਦਾ ਸਾਂਝਾ ਬਚਪਨ

***ਭਗਤ ਸਿੰਘ ਦੇ ਬਾਬੇ ਅਰਜਨ ਸਿੰਘ ਨੇ ਚੜ੍ਹਦੀ ਸਦੀ ਵਿਚ ਬਾਰ ਦੀ ਮੋਕਲੀ ਨਹਿਰ ਸਿੰਜੀ ਧਰਤੀ ਬੰਗੇ ਚੱਕ 105 ਵਿਚ ਜਾ ਹਲ ਜੋੜੇ, ਤੇ ਉਥੇ ਹੀ 28 ਸਤੰਬਰ 1907 ਨੂੰ ਭਗਤ ਸਿੰਘ ਜਨਮਿਆ। ਉਸੇ ਵਰ੍ਹੇ ਹੀ, ਭਾਵ 19 ਫਰਵਰੀ 1907 ਨੂੰ ਆਪਣੇ ਜੱਦੀ ਸ਼ਹਿਰ ਲੁਧਿਆਣੇ ਦੇ ਘੁੱਗ ਵਸਦੇ ਮੁਹੱਲੇ 'ਨੌਂ ਘਰੇ' ਵਿਚ ਸੁਖਦੇਵ ਜਨਮਿਆ, ਪਰ ਸੰਜੋਗ ਉਸ ਨੂੰ ਵੀ ਤਿੰਨੀਂ ਵਰ੍ਹੀਂ ਲਾਇਲਪੁਰ ਨੂੰ ਹੀ ਲੈ ਤੁਰੇ। ਪਿਤਾ ਦੇ ਸਦੀਵੀ ਵਿਛੋੜੇ ਪਿੱਛੋਂ, ਤਾਏ ਅਚਿੰਤ ਕੋਲ; ਜਿਸ ਦੀ ਵੱਡੀ ਚਿੰਤਾ ਸੀ ਦੇਸ਼, ਭਾਵੇਂ ਸੀ ਵਪਾਰੀ। ਉਹ ਵੀ ਖੇਤੀ ਜਿਣਸਾਂ ਦਾ, ਤੇ ਤਾਰਾਂ ਜੁੜਦੀਆਂ ਜੁੜਦੀਆਂ ਭਗਤ ਸਿੰਘ ਦੇ ਵਿਦਰੋਹੀ ਪਰਿਵਾਰ ਨਾਲ ਜੁੜ ਗਈਆਂ। ਭਾਰਤ ਮਾਤਾ ਸੁਸਾਇਟੀ ਅਤੇ 1907 ਦੀ ਲੋਕ ਲਹਿਰ ਕਾਰਨ ਦੋਵਾਂ ਪਰਿਵਾਰਾਂ ਦੀ ਸਾਂਝ ਸੀ।***

ਨਹਿਰੀ ਪਾਣੀਆਂ ਨਾਲ ਸਿੰਜੀ ਲਾਇਲਪੁਰ ਦੀ ਬੰਜਰ ਧਰਤੀ। ਸਾਲ 1907 ਦੌਰਾਨ ਲੋਕ ਲਹਿਰ 'ਪਗੜੀ ਸੰਭਾਲ ਜੱਟਾ' ਉਥੇ ਹੀ ਮੌਲੀ ਸੀ। ਉਧਰ ਮੁਗਲ ਕਾਲ ਵੇਲੇ ਭਗਤ ਸਿੰਘ ਦਾ ਕੋਈ ਪੁਰਖਾ ਤਰਨ ਤਾਰਨ ਨੇੜੇ ਨਾਰਲੀਓਂ ਵਡੇਰੇ ਦੇ ਫੁੱਲ ਤਾਰਨ ਲਈ ਹਰਿਦੁਆਰ ਨੂੰ ਚੱਲਿਆ। ਉਹ ਰਾਹ ਵਿਚ ਇਕ ਰਾਤ ਬੰਗੇ ਲਾਗੇ ਖਟਕੜੀ, ਸਰਦਾਰ ਦੀ ਹਵੇਲੀ ਵਿਚ ਠਹਿਰਿਆ। ਵਾਪਸੀ 'ਤੇ ਵੀ ਟਿਕਿਆ। ਫਿਰ ਉਸ ਦਾ ਰਿਸ਼ਤਾ ਉਥੇ ਹੀ ਸਰਦਾਰ ਦੀ ਇਕਲੌਤੀ ਧੀ ਨਾਲ ਤੈਅ ਹੋ ਗਿਆ ਤੇ ਉਹ ਉਥੇ ਮਾਲਕ-ਜਵਾਈ ਵਜੋਂ ਆ ਵੱਸਿਆ।

ਚਿਰਾਂ ਪਿੱਛੋਂ ਭਗਤ ਸਿੰਘ ਦੇ ਬਾਬੇ ਅਰਜਨ ਸਿੰਘ ਨੇ ਚੜ੍ਹਦੀ ਸਦੀ ਵਿਚ ਬਾਰ ਦੀ ਮੋਕਲੀ ਨਹਿਰ ਸਿੰਜੀ ਧਰਤੀ ਬੰਗੇ ਚੱਕ 105 ਵਿਚ ਜਾ

**ਮਲਵਿੰਦਰ ਜੀਤ ਸਿੰਘ ਵੜੈਚ**
ਫੋਨ: +91-0172-2556314

ਹਲ ਜੋਤੇ ਤੇ ਉਥੇ ਹੀ 28 ਸਤੰਬਰ 1907 ਨੂੰ ਭਗਤ ਸਿੰਘ ਜਨਮਿਆ। ਉਸੇ ਵਰ੍ਹੇ ਹੀ, ਭਾਵ 19 ਫਰਵਰੀ 1907 ਨੂੰ ਆਪਣੇ ਜੱਦੀ ਸ਼ਹਿਰ ਲੁਧਿਆਣੇ ਦੇ ਘੁੱਗ ਵਸਦੇ ਮੁਹੱਲੇ 'ਨੌਂ ਘਰੇ' ਵਿਚ ਸੁਖਦੇਵ ਜਨਮਿਆ, ਪਰ ਸੰਜੋਗ ਉਸ ਨੂੰ ਵੀ ਤਿੰਨੀਂ ਵਰ੍ਹੀਂ ਲਾਇਲਪੁਰ ਨੂੰ ਹੀ ਲੈ ਤੁਰੇ। ਪਿਤਾ ਦੇ ਸਦੀਵੀ ਵਿਛੋੜੇ ਪਿੱਛੋਂ, ਤਾਏ ਅਚਿੰਤ ਕੋਲ; ਜਿਸ ਦੀ ਵੱਡੀ ਚਿੰਤਾ ਸੀ ਦੇਸ਼, ਭਾਵੇਂ ਸੀ ਵਪਾਰੀ। ਉਹ ਵੀ ਖੇਤੀ ਜਿਣਸਾਂ ਦਾ; ਤੇ ਤਾਰਾਂ ਜੁੜਦੀਆਂ ਜੁੜਦੀਆਂ ਭਗਤ ਸਿੰਘ ਦੇ ਵਿਦਰੋਹੀ ਪਰਿਵਾਰ ਨਾਲ ਜੁੜ ਗਈਆਂ। ਭਾਰਤ ਮਾਤਾ ਸੁਸਾਇਟੀ ਅਤੇ 1907 ਦੀ ਲੋਕ ਲਹਿਰ ਕਾਰਨ ਦੋਵਾਂ ਪਰਿਵਾਰਾਂ ਦੀ ਸਾਂਝ ਸੀ।

ਭਗਤ ਸਿੰਘ ਦਾ ਪਰਿਵਾਰ ਆਰੀਆ ਸਮਾਜੀ ਤੇ ਅਗਾਂਹਵਧੂ ਸੀ ਅਤੇ ਲਾਲਾ ਅਚਿੰਤ ਰਾਮ ਵੀ ਉਸੇ ਰੰਗ ਵਿਚ ਹੀ ਰੰਗੇ ਹੋਏ ਸਨ। ਜਦੋਂ ਵੀ ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਜਾਂ ਦਾਦਾ ਲਾਇਲਪੁਰ ਆਉਂਦੇ ਤਾਂ ਸੁਖਦੇਵ ਦੀ ਆੜ੍ਹਤ ਦੀ ਦੁਕਾਨ ਹੀ ਉਨ੍ਹਾਂ ਦਾ ਅੱਡਾ ਹੁੰਦੀ। ਜਿਥੇ ਅਕਸਰ ਉਸ ਦਾ ਚਾਚਾ ਚਲੀ ਰਾਮ ਹੁੰਦਾ ਅਤੇ ਦੋਵੇਂ ਬਾਲਕ ਰਹਿੰਦੇ ਖੇਡਦੇ। ਵਡੇਰਿਆਂ ਦੀ ਇਸੇ ਸਾਂਝ ਵਿਚ ਹੀ ਭਗਤ ਸਿੰਘ ਅਤੇ ਸੁਖਦੇਵ ਦੀ ਹਰ ਪੱਖੋਂ ਬੇਮਿਸਾਲ, ਧੁਰ ਦੀ ਸਾਂਝ ਵਿਗਸੀ।

ਜਿਵੇਂ ਸੁਖਦੇਵ ਹੋਸ਼ ਸੰਭਾਲਣ ਵੇਲੇ ਤੋਂ ਹੀ ਆਪਣੇ ਤਾਏ ਕੋਲੋਂ ਲੋਕ ਲਹਿਰਾਂ ਬਾਰੇ ਸਮਝਣ ਲੱਗ ਪਿਆ ਸੀ, ਉਵੇਂ ਹੀ ਭਗਤ ਸਿੰਘ ਵੀ ਘਰ ਵਿਚ ਆਉਂਦੇ-ਜਾਂਦੇ ਦੇਸ਼ ਭਗਤਾਂ ਵਾਲੇ ਮਾਹੌਲ ਵਿਚ ਵਿਚਰਦਿਆਂ ਤੇ ਆਪਣੀਆਂ ਦੋਵਾਂ ਦੁੱਖਾਂ ਮਾਰੀਆਂ ਚਾਚੀਆਂ ਦਾ ਲਾਡ-ਪਿਆਰ ਮਾਣਨ ਦੇ ਨਾਲ ਨਾਲ ਉਨ੍ਹਾਂ ਦੇ ਦੁੱਖ ਲਈ ਦੋਸ਼ੀ ਵਿਦੇਸ਼ੀ ਰਾਜ ਵਿਰੁੱਧ ਵਿਹੁ ਵੀ ਘੋਲਦਾ ਰਹਿੰਦਾ, ਠੱਲ੍ਹਿਆ ਉਸੇ ਰਾਹ ਹੀ।

ਲਾਡ-ਪਿਆਰ ਦੀ ਘਾਟ ਦੋਵਾਂ ਵਿਚੋਂ ਕਿਸੇ ਨੂੰ ਵੀ ਨਹੀਂ ਸੀ ਰਹੀ, ਪਰ ਲੋੜ ਤੋਂ ਵੱਧ ਪਿਆਰ ਨੇ ਸੁਖਦੇਵ ਨੂੰ ਜ਼ਿੱਦੀ ਤੇ ਅੜੀਅਲ ਜਿਹਾ ਬਣਾ ਦਿੱਤਾ ਜੋ ਅਗਾਂਹ ਜਾ ਕੇ ਕਈ ਸਾਥੀਆਂ ਨੂੰ ਵੀ ਰੜਕਦਾ ਰਿਹਾ ਤੇ ਉਸ ਬਾਰੇ ਕਈ ਨਿਰਮੂਲ ਭੁਲੇਖਿਆਂ ਦਾ ਵੀ ਕਾਰਨ ਬਣਿਆ ਸੀ, ਪਰ ਭਗਤ ਸਿੰਘ ਕੁਝ ਲਚੀਲਾ ਤੇ ਚੁਲਬੁਲਾ ਸੀ।

ਇਕ ਲਿਹਾਜ਼ ਨਾਲ ਭਗਤ ਸਿੰਘ ਅਤੇ ਸੁਖਦੇਵ ਇਕ ਦੂਜੇ ਦੇ ਪੂਰਕ ਸਨ ਜੋ ਲਗਾਤਾਰ ਆਪੋ ਵਿਚ ਖਹਿਬੜਦੇ ਵੀ ਰਹੇ ਅਤੇ ਇਕ ਦੂਜੇ ਦੇ ਸਾਹ ਵਿਚ ਸਾਹ ਵੀ ਲੈਂਦੇ ਰਹੇ। ਦੋਵਾਂ ਦੀ ਉਮਰ ਦੇ ਬਾਰ੍ਹਵੇਂ ਸਾਲ ਜਲ੍ਹਿਆਂਵਾਲੇ ਬਾਗ ਕਹਿਰ ਵਰਤਿਆ ਤੇ ਦੋਵਾਂ ਦੀਆਂ ਬਾਲ ਰੂਹਾਂ ਵਲੂੰਧਰੀਆਂ ਗਈਆਂ। ਲਾਹੌਰ ਤੋਂ ਸਕੂਲ ਛੱਡ ਕੇ ਭਗਤ ਸਿੰਘ ਘੱਲੂਘਾਰੇ ਦੇ ਅਗਲੇ ਦਿਨ ਅੰਮ੍ਰਿਤਸਰ ਜਲ੍ਹਿਆਂਵਾਲੇ ਦੀ ਲਹੂ ਸਿੰਜੀ ਧਰਤੀ 'ਤੇ ਜਾ ਪਹੁੰਚਿਆ ਤੇ ਉਥੋਂ ਸ਼ੀਸ਼ੀ ਵਿਚ ਉਸ ਰੱਤ ਭਿੰਨੀ ਧਰਤੀ ਦੀ ਮੁੱਠ ਭਰ ਲਿਆਇਆ ਜਿਸ ਨੂੰ ਉਸ ਨੇ ਆਪਣੀ ਅੱਖੋਂ ਓਹਲੇ ਤਾਂ ਸ਼ਾਇਦ ਕੀਤਾ ਹੋਵੇਗਾ, ਪਰ ਮਨੋਂ ਕਦੇ ਨਹੀਂ ਵਿਸਾਰਿਆ ਤੇ ਜੀਵਨ ਭਰ ਉਸ ਦੀ ਅਰਾਧਨਾ ਕਰਦਾ ਰਿਹਾ।

ਸੁਖਦੇਵ ਵੀ 14 ਅਪਰੈਲ ਨੂੰ ਤਾਇਆ ਅਚਿੰਤ ਰਾਮ ਨਾਲ ਇਸੇ ਬਰਬਰਤਾ ਵਾਲੇ ਕਾਂਡ ਦੀ ਹੀ ਚਰਚਾ ਕਰਦਾ ਰਿਹਾ ਸੀ। ਉਧਰ ਸਰਕਾਰ ਦੇ ਹੁਕਮ ਤਹਿਤ ਸਨਾਤਨ ਧਰਮ ਹਾਈ ਸਕੂਲ, ਜਿਥੇ ਉਹ ਪੜ੍ਹਦਾ ਸੀ, ਪ੍ਰਾਰਥਨਾ ਵੇਲੇ ਇਕ ਗੋਰਾ ਅਫ਼ਸਰ ਆ ਪਹੁੰਚਿਆ। ਹਰ ਵਿਦਿਆਰਥੀ ਨੇ ਵਾਰੀ ਵਾਰੀ ਕੋਲੋਂ ਲੰਘਦਿਆਂ ਉਸ ਨੂੰ ਸਲਾਮ ਕਰਨੀ ਸੀ, ਪਰ ਸੁਖਦੇਵ ਕੀ ਤੇ ਸਲਾਮੀ ਕੀ? ਉਸ ਦੇ ਤੱਤ ਫੱਟ ਇਨਕਾਰ 'ਤੇ ਹੈੱਡਮਾਸਟਰ ਨੇ ਉਸ ਨੂੰ ਖ਼ੂਬ ਕੁਟਾਪਾ ਚਾੜ੍ਹਿਆ, ਪਰ ਜਿੰਨਾ ਚਿਰ ਇਹ ਹੁਕਮ ਵਾਪਸ ਨਹੀਂ ਲਿਆ ਗਿਆ, ਉਹ ਵੀ ਸਕੂਲ ਨਹੀਂ ਵੜਿਆ। ਇੰਜ ਦੋਵਾਂ ਦੇ ਚੇਤੰਨ ਦੌਰ ਦੀ ਸ਼ੁਰੂਆਤ ਹੋਈ।

ਇਸ ਤੋਂ ਕੋਈ ਦਸ ਕੁ ਮਹੀਨੇ ਪਿੱਛੋਂ 20 ਫਰਵਰੀ 1921 ਨੂੰ ਗੁਰੂ ਨਾਨਕ ਦੇ ਜਨਮ ਸਥਾਨ ਨਨਕਾਣਾ ਸਾਹਿਬ ਦੇ ਗੁਰਦੁਆਰੇ ਮੱਥਾ ਟੇਕਣ ਗਏ ਡੇਢ ਕੁ ਸੌ ਪੁਰਅਮਨ ਸ਼ਰਧਾਲੂਆਂ ਨੂੰ ਗੁਰਦੁਆਰੇ 'ਤੇ ਕਾਬਜ਼ ਅੱਯਾਸ਼ ਮਹੰਤ ਨਰੈਣ




ਦਾਸ ਨੇ ਆਪਣੇ ਗੁੰਡਿਆਂ ਹੱਥੋਂ ਬੇਰਹਿਮੀ ਨਾਲ ਕਤਲ ਕਰਵਾ ਕੇ, ਉਪਰੋਂ ਮਿੱਟੀ ਦਾ ਤੇਲ ਪਾ ਕੇ ਅੱਗ ਲਗਾ ਦਿੱਤੀ ਸੀ। ਉਸ ਦੌਰ ਵਿਚ ਇਤਿਹਾਸਕ ਗੁਰਧਾਮਾਂ 'ਤੇ ਅੱਯਾਸ਼ ਮਹੰਤਾਂ ਦਾ ਕਬਜ਼ਾ ਸੀ ਜਿਨ੍ਹਾਂ ਦੀ ਪਿੱਠ ਸਰਕਾਰੀ ਹਾਕਮ ਠੋਕਦੇ ਸਨ।

ਭਗਤ ਸਿੰਘ ਇਸ ਕਾਂਡ ਦੇ ਕੁਝ ਹੀ ਦਿਨਾਂ ਮਗਰੋਂ 5 ਮਾਰਚ 1921 ਨੂੰ ਹੋਈ ਮਾਤਮੀ ਕਾਨਫਰੰਸ ਵਿਚ ਪਹੁੰਚਿਆ ਤੇ ਉਥੋਂ ਸ਼ਹੀਦੀ ਕੈਲੰਡਰ ਲਿਆ ਤੇ ਸਾਰੀ ਸਿੱਖ ਸੰਗਤ ਵਾਂਗ ਕਾਲੀ ਦਸਤਾਰ ਸਜਾ ਲਈ। ਇਸ ਉਪਰੰਤ ਆਪਣੀ ਭੈਣ ਅਮਰ ਕੌਰ ਨਾਲ ਗੁਰਮੁਖੀ ਲਿਖਣੀ-ਪੜ੍ਹਨੀ ਸਿੱਖ ਲਈ ਜੋ ਪਿੱਛੋਂ ਜਾ ਕੇ ਉਸ ਦੀਆਂ 'ਕਿਰਤੀ' ਰਸਾਲੇ ਵਿਚ ਛਪੀਆਂ ਲਿਖਤਾਂ ਵਿਚ ਕੰਮ ਆਈ। ਨਾਲੇ ਜਿਥੇ ਹੁਣ ਤਕ ਉਹ ਆਪਣੇ ਦਾਦਾ ਅਰਜਨ ਸਿੰਘ ਨੂੰ ਹੀ ਉਰਦੂ ਵਿਚ ਚਿੱਠੀਆਂ ਲਿਖਦਾ ਸੀ, ਹੁਣ ਚਾਚੀ ਹੁਕਮ ਕੌਰ ਨੂੰ ਗੁਰਮੁਖੀ ਵਿਚ ਚਿੱਠੀਆਂ ਲਿਖਣ ਲੱਗ ਪਿਆ ਸੀ।

### ਕਾਲੇ ਕਾਨੂੰਨ ਦਾ ਵਾਵਰੋਲਾ

ਪਹਿਲੀ ਵੱਡੀ ਜੰਗ ਦੌਰਾਨ ਬੰਗਾਲ, ਮਹਾਂਰਾਸ਼ਟਰ ਅਤੇ ਪੰਜਾਬ ਦੀਆਂ ਇਨਕਲਾਬੀ ਲਹਿਰਾਂ ਤੋਂ ਡਰੀ ਹੋਈ ਸਰਕਾਰ ਨੇ ਰੋਲਟ ਐਕਟ ਬਣਾ ਦਿੱਤਾ ਜਿਸ ਅਧੀਨ ਪੁਰਅਮਨ ਅੰਦੋਲਨਾਂ ਲਈ ਵੀ ਸਖ਼ਤ ਸਜ਼ਾਵਾਂ ਦੀ ਵਿਵਸਥਾ ਸੀ। ਦੂਜੇ ਪਾਸੇ 'ਅਹਿੰਸਾ ਦੇ ਪੁੰਜ' ਮਹਾਤਮਾ ਗਾਂਧੀ 1917 ਵੇਲੇ ਵਲੰਟੀਅਰ ਦੇ ਤੌਰ 'ਤੇ ਰਿਕਰੂਟਿੰਗ ਸਾਰਜੈਂਟ ਵਜੋਂ ਭਾਰਤੀ ਨੌਜਵਾਨਾਂ ਨੂੰ ਸਾਮਰਾਜੀ ਫ਼ੌਜ ਵਿਚ ਭਰਤੀ ਕਰਵਾਉਂਦੇ ਰਹੇ ਸਨ। ਇਥੇ ਹੀ ਬਸ ਨਹੀਂ, ਜਲ੍ਹਿਆਂਵਾਲੇ ਦੇ ਘੱਲੂਘਾਰੇ ਤੋਂ ਅੱਠ ਮਹੀਨੇ ਪਿੱਛੋਂ ਅੰਮ੍ਰਿਤਸਰ ਵਿਚ ਹੋਏ ਕਾਂਗਰਸ ਸੈਸ਼ਨ ਵਿਚ ਬਰਤਾਨਵੀ ਹਾਕਮਾਂ ਪ੍ਰਤੀ ਵਫ਼ਾਦਾਰੀ ਦਾ ਮਤਾ ਪਾਸ ਹੋਇਆ ਸੀ ਤੇ ਬਾਦਸ਼ਾਹ ਨੂੰ ਪਹਿਲੀ ਆਲਮੀ ਜੰਗ ਵਿਚ ਜੇਤੂ ਰਹਿਣ 'ਤੇ ਵਧਾਈਆਂ ਭੇਜੀਆਂ ਗਈਆਂ ਸਨ, ਪਰ 'ਮਹਾਤਮਾ ਜੀ' ਨੇ ਜਲ੍ਹਿਆਂਵਾਲੇ ਕਾਂਡ ਬਾਰੇ ਮੌਨ ਹੀ ਧਾਰੀ ਰੱਖਿਆ ਸੀ।

ਜੰਗ ਨੇ ਤਾਂ ਪਹਿਲਾਂ ਹੀ ਭਾਰਤੀ ਲੋਕਾਂ ਦਾ ਖ਼ੂਨ ਜੰਗ ਦੇ ਮੈਦਾਨਾਂ ਵਿਚ ਵਹਾਇਆ ਸੀ ਤੇ ਬਾਕੀ ਦਾ ਖ਼ੂਨ ਮਹਿੰਗਾਈ ਤੇ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀਆਂ ਥੁੜਾਂ ਨੇ ਸੁਕਾਇਆ ਸੀ। ਉਨ੍ਹਾਂ ਦੇ ਸਬਰ ਦਾ ਪਿਆਲਾ ਪਹਿਲਾਂ ਹੀ ਛਲਕ ਰਿਹਾ ਸੀ। ਉਪਰੋਂ ਇਸ ਜਾਬਰ ਕਾਨੂੰਨ ਦੇ ਆਗਮਨ 'ਤੇ ਲੋਕ ਰੋਹ ਜਵਾਲਾ ਬਣ ਕੇ ਦਿਨਾਂ ਵਿਚ ਹੀ ਦੇਸ਼ ਦੇ ਕੋਨੇ ਕੋਨੇ ਵਿਚ ਫੈਲ ਗਿਆ।

ਲੋਕ ਰੋਹ ਦੇ ਇਸ ਵਾਵਰੋਲੇ ਕਰਕੇ ਹੀ ਮਹਾਤਮਾ ਗਾਂਧੀ ਨੇ ਲੋਕ ਲਹਿਰ ਦੀ ਅਗਵਾਈ ਕੀਤੀ ਤੇ ਉਨ੍ਹਾਂ ਨੇ ਨਾ-ਮਿਲਵਰਤਨ ਲਹਿਰ ਚਲਾਈ ਅਤੇ ਐਲਾਨ ਕਰ ਦਿੱਤਾ ਕਿ ਮੈਂ ਇਕ ਸਾਲ ਵਿਚ ਸਵਰਾਜ ਲੈ ਦਿਆਂਗਾ। ਇਨਕਲਾਬੀਆਂ ਨੇ ਵੀ ਇਸ ਦੌਰਾਨ ਆਪਣੀਆਂ ਸਰਗਰਮੀਆਂ ਰੋਕ ਲਈਆਂ ਤਾਂ ਕਿ ਉਨ੍ਹਾਂ ਉਪਰ ਰੰਗ ਵਿਚ ਭੰਗ ਪਾਉਣ ਦਾ ਦੋਸ਼ ਨਾ ਲੱਗੇ।

ਭਗਤ ਸਿੰਘ ਵੀ ਪਿੰਡੋਂ ਚੌਥੀ ਕਰ ਕੇ ਪੰਜਵੀਂ ਜਮਾਤ ਵਿਚ ਲਾਹੌਰ ਦੇ ਡੀ.ਏ.ਵੀ. ਹਾਈ ਸਕੂਲ ਵਿਚ ਆ ਗਿਆ ਸੀ ਤੇ ਪਿਤਾ ਨੂੰ ਵੀ ਲਾਹੌਰ ਵਿਚ ਹੀ ਅੱਡਾ-ਟਿਕਾਣਾ ਚਾਹੀਦਾ ਸੀ ਜੋ ਰਾਜਸੀ ਸਰਗਰਮੀਆਂ ਦਾ ਧੁਰਾ ਸੀ। ਇਸ ਲਈ ਉਨ੍ਹਾਂ ਨੇ ਲਾਹੌਰ ਦੇ ਬਾਹਰਵਾਰ ਰਾਵੀ ਦਰਿਆ ਦੇ ਪਾਰ ਖਵਾਸਰੀਆ ਪਿੰਡ ਵਿਚ ਵਾਹੀ ਜੋਗੀ ਜ਼ਮੀਨ ਖ਼ਰੀਦੀ, ਖੂਹ ਲੁਆ ਕੇ ਖੇਤੀ ਵਿੱਢ ਲਈ ਤੇ ਨਾਲੇ ਮੱਝਾਂ ਰੱਖ ਕੇ ਲਾਹੌਰ ਦੁੱਧ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਇਕ ਹੋਰ ਰੁਝੇਵਾਂ ਬੀਮਾ ਕੰਪਨੀ ਦੀ ਏਜੰਸੀ ਦਾ ਸੀ ਜਿਸ ਦਾ ਲਾਹੌਰ ਵਾਲਾ ਦਫ਼ਤਰ ਮੁੰਡਿਆਂ ਦੇ ਮਿਲ ਬੈਠਣ ਦੇ ਕੰਮ ਵੀ ਆਉਂਦਾ ਸੀ।

ਮਹਾਤਮਾ ਗਾਂਧੀ ਨੇ ਸਕੂਲੀ-ਕਾਲਜੀ ਨੌਜਵਾਨਾਂ ਨੂੰ ਸਰਕਾਰੀ ਮਾਨਤਾ ਪ੍ਰਾਪਤ ਸੰਸਥਾਵਾਂ ਦਾ ਬਾਈਕਾਟ ਕਰ ਕੇ ਕੌਮੀ ਸਕੂਲਾਂ-ਕਾਲਜਾਂ ਵਿਚ ਦਾਖਲੇ ਲੈਣ ਲਈ ਕਿਹਾ ਸੀ ਜਿਸ ਲਈ ਨੈਸ਼ਨਲ ਸਕੂਲ-ਕਾਲਜ ਖੋਲ੍ਹੇ ਗਏ। ਇਨ੍ਹਾਂ ਸੰਸਥਾਵਾਂ ਵਿਚ ਸਿਆਸੀ ਚੇਤਨਾ ਉਭਾਰਨ ਵਾਲੇ ਮਜ਼ਮੂਨ, ਕਿਤਾਬਾਂ ਅਤੇ ਅਧਿਆਪਕ ਉਪਲਬਧ ਸਨ। ਉਨ੍ਹੀਂ ਦਿਨੀਂ ਸੁਖਦੇਵ ਦਸਵੀਂ ਕਰ ਕੇ ਨੈਸ਼ਨਲ ਕਾਲਜ, ਲਾਹੌਰ ਵਿਚ ਦਾਖਲ ਹੋ ਗਿਆ, ਪਰ ਭਗਤ ਸਿੰਘ ਅਜੇ ਦਸਵੀਂ ਵਿਚ ਹੀ ਪੜ੍ਹਦਾ ਸੀ। ਉਸ ਨੂੰ ਇਸ ਸ਼ਰਤ 'ਤੇ ਦਾਖਲ ਕਰ ਲਿਆ ਗਿਆ ਕਿ ਉਹ ਦੋ ਮਹੀਨਿਆਂ ਵਿਚ ਦਾਖਲਾ ਟੈਸਟ ਪਾਸ ਕਰ ਲਵੇਗਾ ਜੋ ਉਸ ਨੇ ਦਿਨ-ਰਾਤ ਇਕ ਕਰ ਕੇ ਪਾਸ ਕਰ ਲਿਆ ਤੇ ਇਸ ਤਰ੍ਹਾਂ ਇਹ ਦੋਵੇਂ ਐਫ.ਏ. ਦੇ ਵਿਦਿਆਰਥੀ ਬਣ ਗਏ।

# ਬੱਲੇ ਨੀ ਪੰਜਾਬੀਏ...

ਮਾਤ ਭਾਸ਼ਾ ਦਿਵਸ ਮਨਾਉਣ ਪਿੱਛੇ ਗੁਆਂਢੀ ਮੁਲਕ ਬੰਗਲਾ ਦੇਸ਼ ਦੀ ਦੇਣ ਹੈ। ਪੱਛਮੀ ਪਾਕਿਸਤਾਨ ਦੀ ਹਕੂਮਤ ਪੂਰਬੀ ਪਾਕਿਸਤਾਨ ਵਿਚ ਉਰਦੂ ਅਤੇ ਫਾਰਸੀ ਲਾਗੂ ਕਰਨਾ ਚਾਹੁੰਦੀ ਸੀ, ਜਦੋਂਕਿ ਉਨ੍ਹਾਂ ਦੀ ਮਾਂ-ਬੋਲੀ ਬੰਗਾਲੀ ਸੀ। ਉਨ੍ਹਾਂ ਨੇ ਇਸ ਗੱਲ ਦਾ ਡਟ ਕੇ ਵਿਰੋਧ ਕੀਤਾ। ਇਸ ਸੰਘਰਸ਼ ਨੂੰ ਸਖ਼ਤੀ ਨਾਲ ਦਬਾਉਣ ਲਈ ਸ਼ਾਂਤੀਪੂਰਵਕ ਮੁਜ਼ਾਹਰਾ ਕਰ ਰਹੇ ਮਾਤ-ਭਾਸ਼ਾ ਪ੍ਰੇਮੀਆਂ ਉਤੇ ਪਾਕਿਸਤਾਨੀ ਸੁਰੱਖਿਆ ਬਲਾਂ ਨੇ

**ਪ੍ਰੋ. ਜਸਪ੍ਰੀਤ ਕੌਰ**
ਫੋਨ: +91-94178-31583

21 ਫਰਵਰੀ 1952 ਨੂੰ ਗੋਲੀ ਚਲਾ ਦਿੱਤੀ। ਇਸ ਕਾਰਨ ਸੈਂਕੜੇ ਬੰਗਾਲੀ ਲੋਕ ਸ਼ਹੀਦ ਹੋ ਗਏ, ਪਰ ਇਹ ਦਿਨ ਪੂਰਬੀ ਪਾਕਿਸਤਾਨ ਦੇ ਇਤਿਹਾਸ ਵਿਚ ਫ਼ੈਸਲਾਕੁਨ ਮੋੜ ਸਾਬਤ ਹੋਇਆ। 29 ਫਰਵਰੀ 1956 ਨੂੰ ਪਾਕਿਸਤਾਨ ਨੇ ਸੰਵਿਧਾਨ ਵਿਚ ਤਰਮੀਮ ਕਰ ਕੇ ਬੰਗਾਲੀ ਅਤੇ ਉਰਦੂ ਦੋਵਾਂ ਨੂੰ ਲਾਗੂ ਕਰਨ ਦੀ ਸਹਿਮਤੀ ਦੇ ਦਿੱਤੀ। ਮਾਤ ਭਾਸ਼ਾ ਪ੍ਰੇਮੀਆਂ ਅੰਦਰ ਵਿਦਰੋਹ ਦੀ ਭਖਦੀ ਚੰਗਿਆੜੀ 1971 ਵਿਚ ਭਾਂਬੜ ਬਣ ਕੇ ਉਠੀ ਤੇ ਪੂਰਬੀ ਪਾਕਿਸਤਾਨ ਆਜ਼ਾਦ ਹੋ ਕੇ ਬੰਗਲਾ ਦੇਸ਼ ਬਣ ਗਿਆ।

21 ਫਰਵਰੀ 1972 ਨੂੰ ਬੰਗਲਾਦੇਸ਼ ਦੇ ਸੰਵਿਧਾਨ ਮੁਤਾਬਿਕ ਬੰਗਾਲੀ ਨੂੰ ਰਾਸ਼ਟਰੀ ਭਾਸ਼ਾ ਬਣਾਇਆ ਗਿਆ। ਨਵੀਂ ਸਰਕਾਰ ਨੇ ਯੂਨੈਸਕੋ ਨੂੰ ਇਹ ਸੁਝਾਅ ਭੇਜਿਆ ਗਿਆ ਕਿ ਸਾਡੀ ਮਾਤ ਭਾਸ਼ਾ ਨੂੰ ਇਸ ਦਿਨ ਬਣਦਾ ਸਤਿਕਾਰ ਮਿਲਿਆ ਹੈ। ਇਸ ਲਈ ਇਸ ਦਿਨ ਨੂੰ ਕੌਮਾਂਤਰੀ ਮਾਂ-ਬੋਲੀ ਦਿਵਸ ਵਜੋਂ ਮਨਾਇਆ ਜਾਵੇ। ਯੂਨੈਸਕੋ ਨੇ 17 ਨਵੰਬਰ 1999 ਨੂੰ ਇਹ ਪ੍ਰਸਤਾਵ ਪ੍ਰਵਾਨ ਕਰਦਿਆਂ ਸੰਸਾਰ ਪੱਧਰ ਉਤੇ ਹਰ ਖਿੱਤੇ ਵਿਚ 21 ਫਰਵਰੀ ਨੂੰ ਆਪੋ-ਆਪਣੀ ਮਾਂ-ਬੋਲੀ ਪ੍ਰਤੀ ਸ਼ਰਧਾ ਤੇ ਸਨਮਾਨ ਵਜੋਂ ਇਹ ਦਿਹਾੜਾ ਮਨਾਉਣ ਦੀ ਸਹਿਮਤੀ ਦੇ ਦਿੱਤੀ।

ਸਾਡੀ ਮਾਂ-ਬੋਲੀ ਪੰਜਾਬੀ ਨੂੰ 1967 ਵਿਚ ਸੰਵਿਧਾਨ ਦੇ ਅਨੁਛੇਦ 345 ਅਧੀਨ ਭਾਵੇਂ ਰਾਜ ਭਾਸ਼ਾ ਦਾ ਦਰਜਾ ਮਿਲ ਗਿਆ, ਪਰ 11 ਨਵੰਬਰ 1966 ਤੋਂ ਲੈ ਕੇ ਹੁਣ ਤਕ 36 ਵਰ੍ਹਿਆਂ ਬਾਅਦ ਵੀ ਇਸ ਨੂੰ ਉਹ ਸਤਿਕਾਰ ਨਹੀਂ ਮਿਲ ਸਕਿਆ ਜਿਸ ਦੀ ਇਹ ਹੱਕਦਾਰ ਸੀ। ਅੱਜ ਵੀ ਬਹੁਤ ਸਾਰੇ ਅਜਿਹੇ ਲੋਕ ਹਨ ਜੋ ਪੰਜਾਬੀ ਨੂੰ ਪੇਂਡੂ ਲੋਕਾਂ ਦੀ ਭਾਸ਼ਾ ਮੰਨਦੇ ਹਨ ਤੇ ਉਨ੍ਹਾਂ ਨੂੰ ਹਿੰਦੀ ਜਾਂ ਅੰਗਰੇਜ਼ੀ ਬੋਲਣ ਵਿਚ ਮਾਣ ਮਹਿਸੂਸ ਹੁੰਦਾ ਹੈ। ਇਸ ਸਮੇਂ ਆਲਮੀ ਪੱਧਰ 'ਤੇ 7100 ਤੇ ਭਾਰਤ ਵਿਚ 427 ਜ਼ੁਬਾਨਾਂ ਬੋਲੀਆਂ ਜਾਂਦੀਆਂ ਹਨ। ਕੁਝ ਸਾਲ ਪਹਿਲਾਂ ਆਈ 'ਯੂਨੈਸਕੋ' ਦੀ ਰਿਪੋਰਟ ਅਨੁਸਾਰ ਅਗਲੇ 50 ਸਾਲਾਂ ਵਿਚ ਜਿਹੜੀਆਂ ਭਾਸ਼ਾਵਾਂ ਲੋਪ ਹੋਣ ਦੇ ਖ਼ਤਰੇ ਨੂੰ ਹੰਢਾ ਰਹੀਆਂ ਹਨ, ਉਨ੍ਹਾਂ ਵਿਚ ਪੰਜਾਬੀ ਵੀ ਸ਼ਾਮਿਲ ਹੈ। ਅਜਿਹੇ ਖ਼ਦਸ਼ੇ ਦੇ ਬਾਵਜੂਦ ਪੰਜਾਬੀ ਦਾ ਭਵਿੱਖ ਅਜੇ ਵੀ ਸੰਭਾਵਨਾ ਭਰਿਆ ਹੈ। ਪੰਜਾਬੀ ਲਗਪਗ 133 ਦੇਸ਼ਾਂ ਵਿਚ ਬੋਲੀ ਜਾਂਦੀ ਹੈ। ਇਸ ਨੂੰ ਲਗਪਗ 12 ਕਰੋੜ ਲੋਕ ਬੋਲਦੇ ਹਨ ਅਤੇ ਇਸ ਪੱਖੋਂ ਇਸ ਦਾ ਦੁਨੀਆਂ ਵਿਚ ਬਾਰ੍ਹਵਾਂ ਸਥਾਨ ਹੈ। ਬ੍ਰਿਟੇਨ ਵਿਚ ਇਹ ਦੂਜੀ ਵੱਡੀ ਜ਼ੁਬਾਨ ਦਾ ਰੁਤਬਾ ਹਾਸਲ ਕਰ ਚੁੱਕੀ ਹੈ। ਉਥੇ 23 ਲੱਖ ਲੋਕ ਪੰਜਾਬੀ ਭਾਸ਼ੀ ਹਨ। ਕੈਨੇਡਾ ਵਿਚ ਪੰਜਾਬੀ ਤੀਜੀ ਵੱਡੀ ਭਾਸ਼ਾ ਬਣ ਗਈ ਹੈ।

ਅਮਰੀਕਾ, ਯੂ.ਏ.ਈ., ਸਾਊਦੀ ਅਰਬ, ਹਾਂਗਕਾਂਗ, ਮਲੇਸ਼ੀਆ ਅਤੇ ਫਰਾਂਸ ਵਿਚ ਵੀ ਭਾਰਤੀ ਤੇ ਪਾਕਿਸਤਾਨੀ ਮੂਲ ਦੇ ਲੱਖਾਂ ਲੋਕਾਂ ਦੀ ਜ਼ੁਬਾਨ ਪੰਜਾਬੀ ਹੈ। 1967 ਪੰਜਾਬ ਵਿਧਾਨ ਸਭਾ ਵੱਲੋਂ ਬਾਕਾਇਦਾ ਕਾਨੂੰਨ ਬਣਾ ਕੇ ਪੰਜਾਬੀ ਨੂੰ ਪੰਜਾਬ ਦੀ ਸਰਕਾਰੀ ਭਾਸ਼ਾ ਬਣਾ ਦਿੱਤਾ ਗਿਆ ਸੀ। ਬਾਦਲ ਸਰਕਾਰ ਨੇ ਅਕਤੂਬਰ 2008 ਵਿਚ ਪੰਜਾਬੀ ਦੀ ਅਣਦੇਖੀ ਤੇ ਉਲੰਘਣਾ ਕਰਨ ਲਈ ਸਜ਼ਾ ਦੀ ਮਦ ਜੋੜ ਕੇ ਨਵਾਂ ਵਿਧਾਨਕ ਕਾਨੂੰਨ ਪਾਸ ਕੀਤਾ। ਹਰਿਆਣਾ ਸਰਕਾਰ ਨੇ ਜਨਵਰੀ 2010 ਵਿਚ ਪੰਜਾਬੀ ਨੂੰ ਰਾਜ ਦੀ ਦੂਜੀ ਭਾਸ਼ਾ ਦਾ ਮਾਣ ਬਖ਼ਸ਼ਿਆ। ਕੌਮੀ ਰਾਜਧਾਨੀ ਖੇਤਰ ਦਿੱਲੀ ਵਿਚ ਵੀ ਇਸ ਨੂੰ ਦੂਜੀ ਭਾਸ਼ਾ ਦਾ ਰੁਤਬਾ ਹਾਸਿਲ ਹੈ। ਇਸ ਦੇ ਬਾਵਜੂਦ ਪੰਜਾਬੀ ਦੇ ਵਜੂਦ ਲਈ ਖ਼ਤਰੇ ਬਰਕਰਾਰ ਹਨ। ਜਦੋਂ ਕਿਸੇ ਬੋਲੀ ਨੇ ਖ਼ਤਮ ਹੋਣਾ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਉਸ ਵਿਚੋਂ ਮੁਹਾਵਰਾ ਖ਼ਤਮ ਹੁੰਦਾ ਹੈ ਤੇ ਉਹ ਬੋਲੀ ਠੇਠ ਹੋਣ ਦਾ ਗੁਣ ਗੁਆਉਣਾ ਸ਼ੁਰੂ ਕਰ ਦਿੰਦੀ ਹੈ। ਇਸ ਵਰਤਾਰੇ ਨਾਲ ਬੋਲੀ ਦੇ ਸ਼ਬਦ ਭੰਡਾਰ ਦਾ ਘੇਰਾ ਛੋਟਾ ਹੋਣ ਲਗਦਾ ਹੈ। ਦੂਜਾ ਕਾਰਨ ਸਭਿਆਚਾਰਕ ਸਾਮਰਾਜਵਾਦ ਹੈ। ਇਸ ਕਾਰਨ ਪੰਜਾਬੀ ਉਤੇ ਅੰਗਰੇਜ਼ੀ, ਹਿੰਦੀ, ਉਰਦੂ ਅਤੇ ਸੰਸਕ੍ਰਿਤ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ।

ਗਿਆਨ ਤੇ ਵਿਦਵਤਾ ਦੇ ਖੇਤਰ ਵਿਚ ਪੰਜਾਬੀ ਦੀਆਂ ਕਿਤਾਬਾਂ ਨੂੰ ਕਿਸੇ ਵੀ ਜ਼ੁਬਾਨ ਦੇ ਸਾਹਿਤ ਦੇ ਮੁਕਾਬਲੇ ਲਈ ਪੇਸ਼ ਕੀਤਾ ਜਾ ਸਕਦਾ ਹੈ। ਨਵੀਂ ਇੰਟਰਨੈੱਟ ਤੇ ਸੂਚਨਾ ਤਕਨਾਲੋਜੀ ਨੇ ਭਾਵੇਂ ਅੰਗਰੇਜ਼ੀ ਦਾ ਬੋਲਬਾਲਾ ਕੀਤਾ ਹੈ ਪਰ ਇਸ ਸਾਲ ਪੰਜਾਬੀ ਨੂੰ ਵੀ ਹੁਲਾਰਾ ਮਿਲਿਆ ਹੈ। ਹੁਣ ਅਖ਼ਬਾਰ, ਟੀ.ਵੀ. ਚੈਨਲ ਤੇ ਰੇਡੀਓ ਪ੍ਰੋਗਰਾਮ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਪੜ੍ਹੇ ਤੇ ਸੁਣੇ ਜਾ ਸਕਦੇ ਹਨ। ਗੂਗਲ ਵਰਗੇ ਪੋਰਟਲ ਨੇ ਵੀ ਰੋਮਨ ਰਾਹੀਂ ਗੁਰਮੁਖੀ ਲਿਪੀ ਵਿਚ ਪੰਜਾਬੀ ਲਿਖਣ ਅਤੇ ਈ-ਮੇਲ ਪੰਜਾਬੀ ਵਿਚ ਕਰਨ ਦੀ ਸਹੂਲਤ ਮੁਹੱਈਆ ਕਰਵਾ ਦਿੱਤੀ ਹੈ। ਇਸ ਵਰਤਾਰੇ ਦੇ ਚਲਦਿਆਂ ਪੰਜਾਬੀ ਦਾ ਭਵਿੱਖ ਰੌਸ਼ਨ ਜਾਪਦਾ ਹੈ, ਫਿਰ ਵੀ ਇਸ ਦੇ ਵਿਕਾਸ ਲਈ ਸਰਕਾਰੀ ਅਤੇ ਪੰਜਾਬੀਆਂ ਪ੍ਰੇਮੀਆਂ ਦੇ ਸੰਜੀਦਾ ਯਤਨ ਅਜੇ ਵੀ ਦਰਕਾਰ ਹਨ।




*ਗਿਆਨ ਤੇ ਵਿਦਵਤਾ ਦੇ ਖੇਤਰ ਵਿਚ ਪੰਜਾਬੀ ਦੀਆਂ ਕਿਤਾਬਾਂ ਨੂੰ ਕਿਸੇ ਵੀ ਜ਼ੁਬਾਨ ਦੇ ਸਾਹਿਤ ਦੇ ਮੁਕਾਬਲੇ ਲਈ ਪੇਸ਼ ਕੀਤਾ ਜਾ ਸਕਦਾ ਹੈ। ਨਵੀਂ ਇੰਟਰਨੈੱਟ ਤੇ ਸੂਚਨਾ ਤਕਨਾਲੋਜੀ ਨੇ ਭਾਵੇਂ ਅੰਗਰੇਜ਼ੀ ਦਾ ਬੋਲਬਾਲਾ ਕੀਤਾ ਹੈ ਪਰ ਇਸ ਸਾਲ ਪੰਜਾਬੀ ਨੂੰ ਵੀ ਹੁਲਾਰਾ ਮਿਲਿਆ ਹੈ। ਹੁਣ ਅਖ਼ਬਾਰ, ਟੀ.ਵੀ. ਚੈਨਲ ਅਤੇ ਰੇਡੀਓ ਪ੍ਰੋਗਰਾਮ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਪੜ੍ਹੇ ਤੇ ਸੁਣੇ ਜਾ ਸਕਦੇ ਹਨ। ਗੂਗਲ ਵਰਗੇ ਪੋਰਟਲ ਨੇ ਵੀ ਰੋਮਨ ਰਾਹੀਂ ਗੁਰਮੁਖੀ ਲਿਪੀ ਵਿਚ ਪੰਜਾਬੀ ਲਿਖਣ ਅਤੇ ਈ-ਮੇਲ ਪੰਜਾਬੀ ਵਿਚ ਕਰਨ ਦੀ ਸਹੂਲਤ ਮੁਹੱਈਆ ਕਰਵਾ ਦਿੱਤੀ ਹੈ।*

# ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ

***ਡਾ. ਗੁਰਨਾਮ ਕੌਰ, ਕੈਨੇਡਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਸਾਬਕਾ ਮੁਖੀ ਹਨ। ਹਥਲੇ ਲੇਖ ਵਿਚ ਉਨ੍ਹਾਂ ਨਿਰੁਕਤ ਸ਼ਾਸਤਰੀ ਬਲਜੀਤ ਬਾਸੀ ਦੇ 'ਪੰਜਾਬ ਟਾਈਮਜ਼' ਦੇ 18 ਫਰਵਰੀ ਦੇ ਅੰਕ ਵਿਚ ਛਪੇ ਲੇਖ 'ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ' ਦੇ ਹਵਾਲੇ ਨਾਲ ਸਿੱਖਾਂ ਵਿਚ ਆਈ ਧਾਰਮਿਕ ਸੰਕੀਰਣਤਾ ਉਤੇ ਗੰਭੀਰ ਟਿੱਪਣੀਆਂ ਕੀਤੀਆਂ ਹਨ ਕਿ ਕਿਵੇਂ ਸਿੱਖਾਂ ਦਾ ਇਕ ਵਰਗ ਸਿੱਖ ਗੁਰੂ ਸਾਹਿਬਾਨ ਦੇ ਪਾਏ ਪੂਰਨਿਆਂ ਉਤੇ ਚੱਲਣ ਦੀ ਥਾਂ ਗੁਰਦੁਆਰਿਆਂ 'ਤੇ ਕਬਜ਼ੇ ਲਈ ਆਪੋ ਵਿਚ ਲੜਦਿਆਂ ਗੁਰੂ ਗ੍ਰੰਥ ਸਾਹਿਬ ਦਾ ਮਾਣ ਸਤਿਕਾਰ ਹੀ ਭੁੱਲ ਜਾਂਦੇ ਹਨ ਪਰ ਮਾਨਸਿਕ ਸੰਕੀਰਣਤਾ ਕਰਕੇ ਕੁਝ ਲਫਜ਼ਾਂ ਉਤੇ ਹਿੰਦੂ ਲੇਬਲ ਲਾ ਧਰਦੇ ਹਨ। 'ਪੰਜਾਬ ਟਾਈਮਜ਼' ਵਿਚ ਸਿੱਖ ਚਿੰਤਕ ਅਜਮੇਰ ਸਿੰਘ ਦੇ ਚਿੰਤਨ ਉਤੇ ਚੱਲ ਰਹੀ ਬਹਿਸ ਵਿਚ ਵੀ ਇਹ ਲੇਖ ਪ੍ਰਸੰਗਿਕ ਹੈ। -ਸੰਪਾਦਕ***

**ਵਿਚਾਰ-ਚਰਚਾ**

ਬਲਜੀਤ ਬਾਸੀ ਇੱਕ ਮਾਹਿਰ ਭਾਸ਼ਾ-ਵਿਗਿਆਨੀ ਹਨ ਅਤੇ ਉਨ੍ਹਾਂ ਦੇ ਲੇਖਾਂ ਵਿਚ ਹਰ ਵਾਰ ਭਾਸ਼ਾ ਸਬੰਧੀ, ਸ਼ਬਦਾਂ ਸਬੰਧੀ ਕੋਈ ਨਾ ਕੋਈ ਗੰਭੀਰ ਅਤੇ ਨਵੀਂ ਜਾਣਕਾਰੀ ਹੁੰਦੀ ਹੈ। ਕੁਝ ਸਿੱਖਣ ਦੀ ਉਤਸੁਕਤਾ ਨਾਲ ਮੈਂ ਹਮੇਸ਼ਾ ਹੀ ਉਨ੍ਹਾਂ ਦਾ ਲੇਖ ਧਿਆਨ ਨਾਲ ਪੜ੍ਹਦੀ ਹਾਂ। ਮੇਰੇ ਆਪਣੇ ਅਨੁਭਵ ਅਨੁਸਾਰ ਵੈਸੇ ਵੀ 'ਪੰਜਾਬ ਟਾਈਮਜ਼' ਵਿਚ ਕੁਝ ਛੱਡਣ ਵਾਲਾ ਨਹੀਂ ਹੁੰਦਾ। 18 ਫਰਵਰੀ ਦੇ 'ਪੰਜਾਬ ਟਾਈਮਜ਼' ਵਿਚ ਉਨ੍ਹਾਂ ਦਾ ਲੇਖ 'ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ' ਪੜ੍ਹਿਆ ਜੋ ਮੇਰੀ ਸਮਝ ਅਨੁਸਾਰ ਸਾਡੀ ਸੌੜੀ ਸੋਚ ਤੇ ਅਲਪ ਬੁੱਧੀ ਨੂੰ ਹਲੂਣਾ ਵੀ ਦਿੰਦਾ ਹੈ ਅਤੇ ਭਾਸ਼ਾ ਨੂੰ ਸਮਝਣ ਦੀ ਪ੍ਰੇਰਨਾ ਵੀ। ਉਨ੍ਹਾਂ ਆਪਣੇ ਲੇਖ ਵਿਚ ਸ. ਅਜਮੇਰ ਸਿੰਘ ਦੀ ਟੋਰਾਂਟੋ ਵਿਖੇ ਕੀਤੀ ਰੇਡੀਓ ਗੱਲਬਾਤ

**ਡਾ. ਗੁਰਨਾਮ ਕੌਰ, ਕੈਨੇਡਾ**

ਦੇ ਹਵਾਲੇ ਨਾਲ ਸ਼ਬਦ 'ਸਿਰੀ-ਸ੍ਰੀ' ਦੀ ਗੱਲ ਕੀਤੀ ਹੈ ਅਤੇ ਲੇਖ ਪੜ੍ਹਦਿਆਂ ਮੈਨੂੰ ਬਹੁਤ ਸਾਲ ਪਹਿਲਾਂ ਵਾਪਰੀ ਘਟਨਾ ਯਾਦ ਆ ਗਈ।

ਸੰਨ 1990 ਦੇ ਨਵੰਬਰ-ਦਸੰਬਰ ਦੀ ਗੱਲ ਹੈ, ਜਦੋਂ ਮੈਂ ਪੰਜਾਬ ਦੀਆਂ ਤਿੰਨਾਂ ਯੂਨੀਵਰਸਿਟੀਆਂ ਦੇ ਕੁਝ ਵਿਦਵਾਨਾਂ ਨਾਲ ਸਾਬਕਾ ਆਈ.ਏ.ਐਸ. (ਸਵਰਗੀ) ਸ. ਦਲਜੀਤ ਸਿੰਘ ਦੀ ਅਗਵਾਈ ਵਿਚ ਸਿੱਖ ਸਟੱਡੀਜ਼ ਨਾਲ ਸਬੰਧਤ ਸੈਮੀਨਾਰਾਂ ਵਿਚ ਹਿੱਸਾ ਲੈਣ ਲਈ ਪਹਿਲੀ ਵਾਰ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਆਈ ਸਾਂ। ਟੋਰਾਂਟੋ ਯੂਨੀਵਰਸਿਟੀ ਵਿਚ ਦੋ ਰੋਜ਼ਾ ਸੈਮੀਨਾਰ ਦੇ ਜਿਸ ਸੈਸ਼ਨ ਵਿਚ ਮੈਂ ਪਰਚਾ ਪੜ੍ਹਨਾ ਸੀ, ਉਸ ਦੀ ਪ੍ਰਧਾਨਗੀ ਸਿੱਖ ਇਤਿਹਾਸਕਾਰ ਡਾ. ਹਰਜਿੰਦਰ ਸਿੰਘ ਦਿਲਗੀਰ ਕਰ ਰਹੇ ਸਨ। ਮੇਰਾ ਪਰਚਾ 'ਸਿੱਖ ਰੈਵੇਲੇਸ਼ਨ' ਉਤੇ ਸੀ। ਸੈਮੀਨਾਰ ਪਰੰਪਰਾ ਅਨੁਸਾਰ ਸੈਸ਼ਨ ਦੇ ਅਖੀਰ ਵਿਚ ਪ੍ਰਧਾਨਗੀ ਕਰ ਰਹੀ ਹਸਤੀ ਨੇ ਸੈਸ਼ਨ ਵਿਚ ਪੜ੍ਹੇ ਗਏ ਪਰਚਿਆਂ 'ਤੇ ਟਿੱਪਣੀਆਂ ਕਰਨੀਆਂ ਹੁੰਦੀਆਂ ਹਨ। ਪਰਚਾ ਪੜ੍ਹਦਿਆਂ ਜਦੋਂ ਮੈਂ 'ਸ੍ਰੀ ਗੁਰੂ ਨਾਨਕ ਦੇਵ' ਜਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਕਿਹਾ ਤਾਂ ਪ੍ਰਧਾਨ ਜੀ ਮੈਨੂੰ ਵਿਚੇ ਹੀ ਟੋਕਣ ਲੱਗੇ, "ਸ੍ਰੀ ਸ਼ਬਦ ਨਹੀਂ ਵਰਤਣਾ, ਇਹ ਹਿੰਦੂ ਸ਼ਬਦ ਹੈ।" ਮੈਂ ਕਾਫੀ ਹੈਰਾਨ-ਪ੍ਰੇਸ਼ਾਨ ਹੋਈ।

ਇਸੇ ਸੈਮੀਨਾਰ ਲੜੀ ਦੌਰਾਨ ਦੂਜੀ ਘਟਨਾ ਨਿਊ ਯਾਰਕ ਦੀ ਹੈ। ਉਥੇ ਜਦੋਂ ਪਰਚੇ ਪੜ੍ਹੇ ਜਾਣ ਪਿਛੋਂ ਵਿਦਵਾਨ-ਸਰੋਤਿਆਂ ਨੂੰ ਪ੍ਰਸ਼ਨਾਂ ਲਈ ਸੱਦਾ ਦਿੱਤਾ ਗਿਆ ਤਾਂ ਇਥੇ ਰਹਿੰਦੇ ਇੱਕ ਭਾਈ ਸਾਹਿਬ, ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਸਾਈਕਲਿੰਗ ਦੇ ਕੋਚ ਰਹਿ ਚੁਕੇ ਸਨ, ਉਠ ਕੇ ਬੋਲੇ, "ਇਨ੍ਹਾਂ ਸੈਮੀਨਾਰਾਂ ਦਾ ਕੋਈ ਫਾਇਦਾ ਨਹੀਂ ਕਿਉਂਕਿ ਮੈਂ ਵੀ ਉਸੇ ਯੂਨੀਵਰਸਿਟੀ ਵਿਚੋਂ ਆਇਆ ਹਾਂ ਜਿਸ ਵਿਚੋਂ ਡਾ. ਗੁਰਨਾਮ ਕੌਰ ਆਏ ਹਨ। ਮੈਨੂੰ ਪਤਾ ਹੈ, ਯੂਨੀਵਰਸਿਟੀਆਂ ਵਿਚ ਕਿਸ ਦੇ ਕਹਿਣ 'ਤੇ ਰਿਸਰਚ ਹੁੰਦੀ ਹੈ। ਥੀਸਿਸ ਪਹਿਲਾਂ ਵਾਈਸ ਚਾਂਸਲਰ ਪੜ੍ਹਦਾ ਹੈ, ਫਿਰ ਉਸ ਨੂੰ ਰਾਜੀਵ ਗਾਂਧੀ (ਕਾਂਗਰਸੀ ਪ੍ਰਧਾਨ ਮੰਤਰੀ) ਪੜ੍ਹਦਾ ਹੈ ਤੇ ਸਾਰੀ ਰਿਸਰਚ ਕੇਂਦਰੀ ਸਰਕਾਰ ਦੇ ਹੁਕਮਾਂ ਅਨੁਸਾਰ ਹੁੰਦੀ ਹੈ।"

ਇਸ ਕਥਨ ਨੇ ਮੈਨੂੰ ਪਹਿਲਾਂ ਤੋਂ ਵੀ ਵੱਧ ਪ੍ਰੇਸ਼ਾਨ ਕੀਤਾ ਅਤੇ ਮੈਂ ਤੁਰੰਤ ਉਸ ਨੂੰ ਉਤਰ ਦੇਣ ਲਈ ਅਹੁਲੀ, ਪਰ ਮੈਨੂੰ ਸ. ਦਲਜੀਤ ਸਿੰਘ ਨੇ ਰੋਕ ਲਿਆ ਕਿ ਅਸੀਂ ਕਿਸੇ ਨਾਲ ਬਹਿਸ ਨਹੀਂ ਕਰਨੀ। ਮੈਨੂੰ ਉਸ ਦੇ ਇਸ ਕਥਨ ਨੇ ਇਸ ਲਈ ਬਹੁਤ ਪ੍ਰੇਸ਼ਾਨ ਕੀਤਾ ਕਿ ਮੈਂ ਆਪਣੇ ਪੀਐਚ.ਡੀ. ਦੇ ਤਜ਼ਰਬੇ ਤੋਂ ਜਾਣਦੀ ਸਾਂ ਕਿ ਖੋਜਾਰਥੀ ਨੂੰ ਗਾਈਡ ਲੱਭਣਾ ਪੈਂਦਾ ਹੈ, ਥੀਸਿਸ ਚੈਕ ਕਰਾਉਣ ਲਈ; ਕਿਸੇ ਵੀ ਵਾਈਸ ਚਾਂਸਲਰ ਜਾਂ ਪ੍ਰਧਾਨ ਮੰਤਰੀ ਕੋਲ ਕਿਵੇਂ ਸਮਾਂ ਹੋ ਸਕਦਾ ਹੈ, ਕਿਸੇ ਦਾ ਥੀਸਿਸ ਪੜ੍ਹਨ ਦਾ?

ਮੈਨੂੰ ਡਾ. ਦੀਵਾਨ ਸਿੰਘ (ਮਰਹੂਮ ਪ੍ਰੋਫੈਸਰ ਅਤੇ ਮੁਖੀ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ), ਜੋ ਮੇਰੇ ਦੋ ਨਿਰੀਖਕਾਂ ਵਿਚੋਂ ਇੱਕ ਸਨ ਤੇ 1987 ਵਿਚ ਮੇਰਾ ਪੀਐਚ.ਡੀ ਦਾ ਵਾਈਵਾ ਲੈਣ ਆਏ ਸਨ, ਦਾ ਕਿਹਾ ਚੇਤੇ ਆ ਗਿਆ। ਜਦੋਂ ਵਾਈਵਾ ਹੋ ਗਿਆ ਤਾਂ ਥੀਸਿਸ ਬੰਦ ਕਰਕੇ ਕਮੇਟੀ ਦੇ ਸਾਹਮਣੇ ਬਜ਼ੁਰਗ ਪ੍ਰੋਫੈਸਰ ਕਹਿੰਦੇ, "ਕੀ ਤੁਸੀਂ ਸਿੱਖਾਂ ਨੂੰ 'Reason ਸਿਖਾ' ਪੜ੍ਹਾ ਸਕਦੇ ਹੋ? (ਮੇਰਾ ਪੀਐਚ. ਡੀ ਦਾ ਥੀਸਿਸ "Reason and Revelation in Sikhism" ਹੈ)।

ਸ. ਕਮਲਜੀਤ ਸਿੰਘ, ਫਰੀਮਾਂਟ ਨੇ ਇੱਥੋਂ ਦੇ ਗੁਰਦੁਆਰਿਆਂ ਵਿਚ ਜੋ ਵਾਪਰਦਾ ਹੈ, ਖਾਸ ਕਰਕੇ ਕਮੇਟੀਆਂ 'ਤੇ ਕਬਜ਼ਾ ਕਰਨ ਲਈ, ਉਸ ਦਾ ਹਵਾਲਾ ਦਿੱਤਾ ਹੈ। ਸੰਨ 1994 ਵਿਚ ਮੈਂ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਹੋਰ ਵਿਦਵਾਨਾਂ ਨਾਲ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਮਨਜੀਤ ਸਿੰਘ ਤੇ ਅਕਾਲ ਤਖਤ ਸਾਹਿਬ ਦੇ ਤਤਕਾਲੀ ਕਾਰਜਕਾਰੀ ਜਥੇਦਾਰ ਦੀ ਅਗਵਾਈ ਵਿਚ ਦੁਬਾਰਾ ਕਾਨਫਰੰਸਾਂ ਵਿਚ ਹਿੱਸਾ ਲੈਣ ਆਈ। ਨਿਊ ਯਾਰਕ ਕਾਨਫਰੰਸ ਦੇ ਆਖਰੀ ਦਿਨ ਬਹੁਤ ਵੱਡਾ ਇਕੱਠ ਸੀ। ਲਹਿਰ ਦੇ ਸਾਰੇ ਸਿਰਕੱਢ ਲੀਡਰ, ਸਮੇਤ ਸਵਰਗੀ ਸ. ਗੰਗਾ ਸਿੰਘ ਢਿੱਲੋਂ ਦੇ, ਪਹੁੰਚੇ ਹੋਏ ਸਨ ਜਿਨ੍ਹਾਂ ਵਿਚੋਂ ਕਈ ਤਾਂ ਆਪਣੇ ਪ੍ਰਾਈਵੇਟ ਹਵਾਈ ਜਹਾਜ਼ 'ਤੇ ਆਏ ਸਨ। ਸਟੇਜ ਤੋਂ ਖੂਬ ਗਰਮਾ-ਗਰਮ ਭਾਸ਼ਣ ਹੋਏ।

ਨਿਊ ਯਾਰਕ ਤੋਂ ਅਸੀਂ ਟੋਰਾਂਟੋ ਪਹੁੰਚੇ ਅਤੇ ਇੱਕ ਹਫਤੇ ਬਾਅਦ ਵੈਨਕੂਵਰ ਚਲੇ ਗਏ। ਸਾਨੂੰ ਖਬਰ ਮਿਲੀ ਕਿ ਰਿਚਮੰਡ ਹਿੱਲ, ਨਿਊ ਯਾਰਕ ਦੇ ਗੁਰੂ ਘਰ ਵਿਚ ਸਿੱਖਾਂ ਦੇ ਦੋ ਧੜਿਆਂ ਦੀ ਕਬਜ਼ੇ ਲਈ ਲੜਾਈ ਹੋ ਗਈ ਹੈ ਅਤੇ ਪੁਲਿਸ ਬੂਟਾਂ ਸਮੇਤ, ਹੈਲੀਕਾਪਟਰਾਂ ਰਾਹੀਂ ਗੁਰਦੁਆਰੇ ਵਿਚ ਉਤਰੀ। ਲੜਾਈ ਦਾ ਆਲਮ ਇਹ ਸੀ ਕਿ ਹਮਲਾ ਕਰਨ ਆਈ ਪਾਰਟੀ ਨੇ ਚੌਰ ਕਰ ਰਹੇ ਸਿੰਘ ਦੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੀ ਪਰਵਾਹ ਕੀਤੇ ਬਿਨਾ, ਮੌਰਾਂ ਵਿਚ ਡਾਂਗ ਮਾਰੀ। ਸੁਣਨ ਵਿਚ ਇਹ ਵੀ ਆਇਆ ਕਿ ਨਿਊ ਯਾਰਕ ਦੇ ਸੈਮੀਨਾਰ ਵਿਚ ਯੂਨੀਵਰਸਿਟੀਆਂ ਵਿਚ ਹੋ ਰਹੀ ਖੋਜ 'ਤੇ ਕਿੰਤੂ-ਪ੍ਰੰਤ ਕਰਨ ਵਾਲਾ ਵੀਰ, ਲੜਾਈ ਕਰਨ ਵਾਲਿਆਂ ਵਿਚ ਮੋਢੀਆਂ 'ਚੋਂ ਸੀ।

ਕੁਝ ਸਮਾਂ ਪਹਿਲਾਂ ਇਸੇ ਕਿਸਮ ਦੇ ਕਬਜ਼ੇ ਲਈ ਕੈਨੇਡਾ ਦੇ ਜੀ.ਟੀ.ਏ (ਗਰੇਟਰ ਟੋਰਾਂਟੋ ਏਰੀਆ) ਦੇ ਇੱਕ ਗੁਰਦੁਆਰੇ ਵਿਚ ਲੜਾਈ ਹੋਈ। ਕਬਜ਼ਾ ਕਰਾਉਣ ਲਈ ਸਿੰਘ ਤਿਆਰ-ਬਰ-ਤਿਆਰ ਹੋ ਕੇ ਮਦਦ ਲਈ ਥੋੜੀ ਦੂਰ ਪੈਂਦੇ ਛੋਟੇ ਸ਼ਹਿਰ ਕਿਚਨਰ ਤੋਂ ਵੀ ਜਥੇ ਦੇ ਰੂਪ ਵਿਚ ਆਏ, ਜਿਨ੍ਹਾਂ ਵਿਚ ਅੰਮ੍ਰਿਤਧਾਰੀ ਕੇਸਕੀਆਂ ਸਜਾਈ ਬੀਬੀਆਂ ਵੀ ਸ਼ਾਮਲ ਸਨ। ਗਹਿਗੱਚ ਲੜਾਈ ਵਿਚ ਕਿਰਪਾਨਾਂ ਚੱਲੀਆਂ, ਦਸਤਾਰਾਂ ਲੱਥੀਆਂ ਅਤੇ ਗੁਰੂ ਦੀ ਬਖਸ਼ਿਸ਼ ਕੇਸ ਵੀ ਖਿਲਰੇ। ਸੰਨ 1984 ਵਿਚ ਫਰਵਰੀ ਦੇ ਅਖੀਰ, ਮਾਰਚ ਦੇ ਸ਼ੁਰੂ ਤੱਕ ਪਹੁੰਚਦਿਆਂ ਹਾਲਾਤ ਇੰਨੇ ਵਿਸਫੋਟਕ ਹੋ ਗਏ ਕਿ ਆਮ ਸਿੱਖ ਵੀ ਭੈ-ਭੀਤ ਸਨ।

ਸਾਡੇ ਪ੍ਰਬੰਧਕੀ ਸਟਾਫ ਵਿਚ ਇੱਕ ਪੂਰਨ ਗੁਰਸਿੱਖ ਭਾਈ ਸਾਹਿਬ ਸਨ ਅਤੇ ਉਨ੍ਹਾਂ ਦੇ ਮਾਤਾ ਜੀ ਦਰਬਾਰ ਸਾਹਿਬ ਦੇ ਨੇੜੇ ਕਿਸੇ ਸਕੂਲ ਵਿਚ ਅਧਿਆਪਕ ਹੋਣ ਕਰਕੇ ਉਨ੍ਹਾਂ ਨੂੰ ਦਰਬਾਰ ਸਾਹਿਬ ਬਾਰੇ ਕਾਫੀ ਜਾਣਕਾਰੀ ਸੀ। ਨਿਰੰਕਾਰੀ ਕਾਂਡ ਵੇਲੇ ਉਹ ਭਾਈ ਫੌਜਾ ਸਿੰਘ ਦੇ ਜਥੇ ਵਿਚ ਸ਼ਾਮਲ ਸਨ। ਇੱਕ ਦਿਨ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਖਾਲਸਾ ਪੰਥ ਨੂੰ ਦਿੱਤੇ ਗਏ ਅਧਿਕਾਰ ਅਨੁਸਾਰ ਪੰਜ ਪਿਆਰਿਆਂ ਨੇ ਗੁਰੂ ਗੋਬਿੰਦ ਸਿੰਘ ਨੂੰ ਤਾਂ ਬੇਨਤੀ-ਖਾਲਸਈ ਹੁਕਮ ਕਰਕੇ ਮਨਾ ਲਿਆ ਸੀ ਕਿ ਉਹ ਚਮਕੌਰ (ਸਾਹਿਬ) ਦੀ ਗੜ੍ਹੀ ਛੱਡ ਦੇਣ ਅਤੇ ਉਥੋਂ ਕੂਚ ਕਰ ਜਾਣ; ਕੀ ਪੰਜ ਸਿੰਘ ਮਿਲ ਕੇ ਸੰਤਾਂ ਨੂੰ ਬੇਨਤੀ ਨਹੀਂ ਕਰ ਸਕਦੇ ਕਿ ਉਹ ਦਰਬਾਰ ਸਾਹਿਬ ਦੇ ਬਾਹਰੋਂ ਲਹਿਰ ਨੂੰ ਚਲਾਉਣ?

ਖਾਲਿਸਤਾਨ ਦੇ ਹੱਕ ਵਿਚ ਪਾਕਿਸਤਾਨ ਦਾ ਹਵਾਲਾ ਆਮ ਹੀ ਦਿੱਤਾ ਜਾਂਦਾ ਹੈ। ਅੱਜ ਪਾਕਿਸਤਾਨ ਵਿਚ ਘੱਟ ਗਿਣਤੀ ਭਾਈਚਾਰਿਆਂ ਦਾ ਜੋ ਹਾਲ ਹੈ, ਉਹ ਤਾਂ ਹਰ ਰੋਜ਼ ਅਖਬਾਰਾਂ ਵਿਚ ਪੜ੍ਹਦੇ ਹੀ ਹਾਂ ਪਰ ਆਮ ਪਾਕਿਸਤਾਨੀ ਆਵਾਮ ਦਾ ਕੀ ਹਾਲ ਹੈ? ਇਹ ਵੀ ਕਿਸੇ ਤੋਂ ਛੁਪਿਆ ਹੋਇਆ ਨਹੀਂ ਹੈ। ਕੋਈ ਵੀ ਆਪਣੇ ਆਪ ਨੂੰ ਮਹਿਫੂਜ਼ ਨਹੀਂ ਸਮਝਦਾ (ਹਾਲ ਹੀ ਵਿਚ ਇਕ ਮਸਜਿਦ ਦੇ ਬਾਹਰ ਬੰਬ ਧਮਾਕੇ ਵਿਚ ਸੌ ਤੋਂ ਵੱਧ ਲੋਕ ਮਾਰੇ ਗਏ ਅਤੇ ਬਹੁਤ ਸਾਰੇ ਜ਼ਖਮੀ ਹੋ ਗਏ)। ਸਾਡੇ ਗਵਾਂਢ 'ਚ ਇੱਕ ਪਾਕਿਸਤਾਨੀ ਸਿੱਖ ਪਰਿਵਾਰ ਰਹਿੰਦਾ ਹੈ। ਉਹ ਪੜ੍ਹਿਆ-ਲਿਖਿਆ ਪਰਿਵਾਰ ਹੈ ਅਤੇ ਭਾਈ ਸਾਹਿਬ ਸ਼ਾਇਦ ਬੈਂਕ ਵਿਚੋਂ ਸੇਵਾ ਮੁਕਤ ਮੈਨੇਜਰ ਹਨ। ਇੱਕ ਦਿਨ ਗੱਲਾਂ ਗੱਲਾਂ ਵਿਚ ਭੈਣ ਜੀ ਦੱਸ ਰਹੇ ਸਨ (ਜਿਵੇਂ ਉਨ੍ਹਾਂ ਦੇ ਬਜ਼ੁਰਗਾਂ ਨੇ ਦੱਸਿਆ ਹੋਵੇਗਾ) ਕਿ ਪਾਕਿਸਤਾਨ ਬਣਨ ਵੇਲੇ ਉਹ ਵੀ ਆਪਣੇ ਪਰਿਵਾਰ ਅਤੇ ਸਮਾਨ ਸਮੇਤ ਭਾਰਤ ਵੱਲ ਤੁਰ ਪਏ ਸੀ। ਰਸਤੇ ਵਿਚ ਪੰਜਾ ਸਾਹਿਬ ਉਨ੍ਹਾਂ ਦੀ ਸੱਸ ਦੇ ਪੇਕੇ ਸਨ ਅਤੇ ਉਨ੍ਹਾਂ ਦੇ ਜ਼ੋਰ ਪਾਉਣ 'ਤੇ ਉਹ ਵੀ ਉਥੇ ਹੀ ਠਹਿਰ ਗਏ, ਤੇ ਪਾਕਿਸਤਾਨ ਵਿਚ ਹੀ ਰਹਿ ਗਏ। ਉਨ੍ਹਾਂ ਦੀ ਵੱਡੀ ਬੇਟੀ ਉਥੇ ਹੀ ਹੈ ਪਰ ਬਾਕੀ ਧੀਆਂ-ਪੁੱਤਰ ਕੈਨੇਡਾ ਹਨ। ਕਹਿੰਦੇ, ਮੇਰੀ ਵੱਡੀ ਬੇਟੀ ਹਮੇਸ਼ਾ ਕਹਿੰਦੀ ਹੈ ਕਿ ਮਾਂ ਜਾਂ ਤੇ ਸਾਨੂੰ ਹਿੰਦੁਸਤਾਨ ਚਲੇ ਜਾਣਾ ਚਾਹੀਦਾ ਸੀ ਤੇ ਜਾਂ ਫਿਰ ਮੁਸਲਮਾਨ ਬਣ ਜਾਂਦੇ। ਉਹ ਇਹ ਵੀ ਦੱਸਦੇ ਹਨ ਕਿ ਉਨ੍ਹਾਂ ਦੀ ਬੇਟੀ ਡਾਕਟਰ ਬਣਨਾ ਚਾਹੁੰਦੀ ਸੀ ਅਤੇ ਪੜ੍ਹਨ ਵਿਚ ਕਾਫੀ ਹੁਸ਼ਿਆਰ ਸੀ ਪਰ ਉਨ੍ਹਾਂ ਆਪਣੀ ਬੱਚੀ ਨੂੰ ਡਰਦਿਆਂ ਘਰੋਂ ਬਾਹਰ ਨਹੀਂ ਕੱਢਿਆ ਤੇ ਪੜ੍ਹਨੋਂ ਹਟਾ ਲਿਆ। ਇਸ ਤੋਂ ਸਹਿਜੇ ਹੀ ਕਈ ਗੱਲਾਂ ਦੀ ਸਮਝ ਲੱਗ ਸਕਦੀ ਹੈ।

ਲੱਖਾਂ ਦੇ ਹਿਸਾਬ ਨਾਲ ਪੰਜਾਬੀ ਸਿੱਖ ਅੱਜ ਪਰਦੇਸਾਂ ਵਿਚ ਬੈਠੇ ਹਨ ਜੋ ਉਥੋਂ ਦੇ ਪੱਕੇ ਸ਼ਹਿਰੀ ਵੀ ਹਨ। ਇਸ ਤੋਂ ਬਿਨਾ ਬਹੁਤ ਸਾਰੇ ਅਮਰੀਕਨ ਮੂਲ ਦੇ ਸਿੱਖ, ਮੈਕਸੀਕਨ, ਜਰਮਨ, ਬੈਲਜੀਅਮ ਅਤੇ ਬ੍ਰਾਜੀਲੀਅਨ ਸਿੱਖ ਹਨ। ਇੱਥੋਂ ਤੱਕ ਕਿ ਜਪਾਨੀ ਮੂਲ ਦੀਆਂ ਦੋ ਸਿੱਖ ਬੀਬੀਆਂ-ਕੁਦਰਤਿ ਕੌਰ ਅਤੇ ਦਲਜੀਤ ਕੌਰ ਨੂੰ ਮੈਂ ਮਿਲੀ ਵੀ ਹੋਈ ਹਾਂ। ਉਨ੍ਹਾਂ ਦੀ ਕਿਹੜੀ ਕੌਮੀਅਤ, ਕਿਸ ਆਧਾਰ 'ਤੇ ਮੰਨੀ ਜਾਵੇਗੀ?

ਭਾਸ਼ਾ ਦਾ ਸਬੰਧ ਆਮ ਤੌਰ 'ਤੇ ਕਿਸੇ ਇਲਾਕੇ ਜਾਂ ਖਿੱਤੇ ਨਾਲ ਹੁੰਦਾ ਹੈ ਜੋ ਉਥੋਂ ਦੇ ਵਸਨੀਕਾਂ ਦੀ ਸਾਂਝੀ ਹੁੰਦੀ ਹੈ। ਇਸ ਦਾ ਸਬੰਧ ਧਰਮ ਨਾਲ ਘੱਟ ਪਰ ਲੋਕਾਂ ਅਤੇ ਖਿੱਤੇ ਨਾਲ ਵੱਧ ਹੁੰਦਾ ਹੈ। ਜਦੋਂ ਉਸ ਬੋਲੀ ਵਿਚ ਕਿਸੇ ਧਰਮ ਗ੍ਰੰਥ ਦੀ ਰਚਨਾ ਹੋ ਜਾਂਦੀ ਹੈ ਤਾਂ ਉਹ ਹੋਰ ਜ਼ਿਆਦਾ ਸਤਿਕਾਰਯੋਗ ਹੋ ਜਾਂਦੀ ਹੈ। ਸ਼ਬਦ ਉਹ ਹੀ ਹੁੰਦੇ ਹਨ ਪਰ ਹਰ ਧਾਰਮਿਕ ਪਰੰਪਰਾ ਅਨੁਸਾਰ ਉਸ ਵਿਚ ਵਰਤੀ ਗਈ ਸ਼ਬਦਾਵਲੀ ਦਾ ਸੰਕਲਪਾਂ ਦੇ ਰੂਪ ਵਿਚ ਅਰਥਾਂ ਦਾ ਤਬਾਦਲਾ (ਟਰਾਂਸਫਰਮੇਸ਼ਨ) ਹੋ ਜਾਂਦਾ ਹੈ। ਬਲਜੀਤ ਬਾਸੀ ਨੇ ਵੀ ਇਸ ਵੱਲ ਇਸ਼ਾਰਾ ਕੀਤਾ ਹੈ। ਮਿਸਾਲ ਵਜੋਂ ਹਿੰਦੂ ਪਰੰਪਰਾ ਵਿਚ ਦੇਵਤਿਆਂ ਲਈ ਵਰਤੇ ਗਏ ਖਾਸ ਸ਼ਬਦ ਜਦੋਂ ਬਾਣੀ ਵਿਚ ਵਰਤੇ ਗਏ ਤਾਂ ਜਿਵੇਂ ਗੋਬਿੰਦ, ਗੋਪਾਲ, ਵਿਸ਼ਨੂੰ, ਰਾਮ, ਬੀਠਲ ਆਦਿ ਦੇ ਅਰਥਾਂ ਦਾ ਬਿਲਕੁਲ ਤਬਾਦਲਾ ਹੋ ਗਿਆ ਅਤੇ ਉਹ ਦੇਵਤਿਆਂ ਦੇ ਪ੍ਰਤੀਕ ਨਾ ਹੋ ਕੇ ਅਕਾਲ ਪੁਰਖ ਦੇ ਪ੍ਰਤੀਕ ਬਣ ਗਏ। ਇਸੇ ਤਰ੍ਹਾਂ ਸ਼ਬਦ 'ਬ੍ਰਹਮ' ਅਤੇ 'ਆਤਮਾ' ਵੈਦਿਕ ਸ਼ਾਸਤਰਾਂ ਵਿਚ ਵੀ ਵਰਤੇ ਗਏ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਆਏ ਹਨ ਪਰ ਸੰਕਲਪਕ ਰੂਪ ਵਿਚ ਇਨ੍ਹਾਂ ਦੀ ਵੈਦਿਕ ਸ਼ਾਸਤਰਾਂ ਨਾਲੋਂ ਬਿਲਕੁਲ ਟਰਾਂਸਫਰਮੇਸ਼ਨ ਹੋ ਗਈ ਹੈ ਅਤੇ ਇਨ੍ਹਾਂ ਦੇ ਸੰਕਲਪਕ ਅਰਥ ਹਿੰਦੂ ਪਰੰਪਰਾ ਨਾਲੋਂ ਬਿਲਕੁਲ ਵਿਲੱਖਣ ਹਨ। ਇਹੀ ਨਹੀਂ, ਵੈਦਿਕ ਸ਼ਾਸਤਰਾਂ ਵਿਚ ਵੀ ਸੰਕਲਪਕ ਰੂਪ ਵਿਚ ਉਨ੍ਹਾਂ ਹੀ ਸ਼ਬਦਾਂ ਦੀ ਇੱਕ ਦੀ ਦੂਸਰੇ ਸ਼ਾਸਤਰ ਨਾਲੋਂ ਬਿਲਕੁਲ ਭਿੰਨਤਾ ਹੈ। ਇਹ ਕਹਿਣਾ ਕਿ ਇਹ ਹਿੰਦੂ ਸ਼ਬਦ ਹਨ, ਉਸੇ ਕਿਸਮ ਦੇ ਅਗਿਆਨ ਦਾ ਮੁਜਾਹਰਾ ਹੈ ਜਿਸ ਤਰ੍ਹਾਂ ਆਰ.ਐਸ.ਐਸ. ਨੇਤਾ ਦੇ ਇਸ ਬਿਆਨ ਵਿਚ ਹੈ ਕਿ ਹਿੰਦੁਸਤਾਨ ਵਿਚ ਰਹਿਣ ਵਾਲੇ ਸਾਰੇ ਵਾਸੀ 'ਹਿੰਦੂ' ਹਨ। 'ਹਿੰਦੂ' ਹੋਣ ਅਤੇ 'ਹਿੰਦੁਸਤਾਨੀ' ਹੋਣ ਵਿਚ ਬਹੁਤ ਫਰਕ ਹੈ। ਖੈਰ! ਇਹ ਵੱਖਰਾ ਵਿਸ਼ਾ ਹੈ।

ਇੱਕ ਹੋਰ ਦਿਲਚਸਪ ਤੱਥ ਦਾ ਮੈਂ ਜ਼ਿਕਰ ਕਰਨਾ ਚਾਹਾਂਗੀ। ਅਸੀਂ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ਦੁੱਖ-ਸੁੱਖ ਵਿਚ, ਬੈਠਦਿਆਂ-ਉਠਦਿਆਂ, ਰੈਣ ਸਬਾਈ ਕੀਰਤਨ ਵਿਚ, ਅਰਦਾਸ ਵਿਚ 'ਵਾਹਿਗੁਰੂ ਵਾਹਿਗੁਰੂ' ਸ਼ਬਦ ਦਾ ਜਾਪ ਕਰਦੇ ਹਾਂ, ਉਸ ਅਕਾਲ ਪੁਰਖ ਨੂੰ ਯਾਦ ਕਰਨ ਲਈ। 'ਵਾਹਿਗੁਰੂ' ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ, ਸਿਰਫ ਭੱਟ ਬਾਣੀ ਵਿਚ:

ਵਾਹਿਗੁਰੂ ਵਾਹਿਗੁਰੂ
ਵਾਹਿਗੁਰੂ ਵਾਹਿ ਜੀਉ॥
ਸਤਿ ਸਾਚੁ ਸ੍ਰੀ ਨਿਵਾਸੁ
ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ
ਵਾਹਿਗੁਰੂ ਵਾਹਿ ਜੀਉ॥
ਸੰਖ ਚਕ੍ਰ ਗਦਾ ਪਦਮ ਆਪਿ
ਆਪੁ ਕੀਓ ਛਦਮ
ਅਪਰੰਪਰ ਪਾਰਬ੍ਰਹਮ
ਲਖੈ ਕਉਨੁ ਤਾਹਿ ਜੀਉ॥
ਸਤਿ ਸਾਚੁ ਸ੍ਰੀ ਨਿਵਾਸੁ
ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ
ਵਾਹਿਗੁਰੂ ਵਾਹਿ ਜੀਉ॥੨॥ (ਪੰਨਾ 1402)

ਸਿੱਖ ਵਿਦਵਾਨਾਂ-ਗਿਆਨੀ ਗੁਰਦਿੱਤ ਸਿੰਘ ਅਤੇ ਪ੍ਰੋ. ਸਾਹਿਬ ਸਿੰਘ ਅਨੁਸਾਰ "ਪੰਜਾਬ ਦੇ ਭੱਟ ਜਾਤਿ ਦੇ ਸਾਰਸੁਤ ਬ੍ਰਾਹਮਣ ਸਨ। ਉਹ ਆਪਣੀ ਉਤਪਤੀ ਕੌਸ਼ਸ਼ ਰਿਸ਼ੀ ਤੋਂ ਦੱਸਦੇ ਹਨ। ਉਚੀਆਂ ਜਾਤਾਂ ਦੇ ਬ੍ਰਾਹਮਣ, ਭੱਟਾਂ ਨੂੰ ਆਪਣੇ ਤੋਂ ਨੀਵੀਂ ਜਾਤ ਦੇ ਬ੍ਰਾਹਮਣ ਸਮਝਦੇ ਹਨ। ਇਹ ਲੋਕ ਸਰਸਵਤੀ ਨਦੀ ਦੇ ਕੰਢੇ ਵੱਸੇ ਹੋਏ ਸਨ। ਇਹ ਨਦੀ ਪਹਿਲਾਂ ਪਹੋਏ (ਜ਼ਿਲਾ ਕਰਨਾਲ) ਕੋਲੋਂ ਦੀ ਵਗਦੀ ਸੀ। ਜੋ ਭੱਟ ਨਦੀ ਦੇ ਉਰਲੇ ਪਾਸੇ ਵੱਸਦੇ ਸਨ, ਉਹ ਸਾਰਸੁਤ ਅਤੇ ਜੋ ਪਾਰਲੇ ਪਾਸੇ ਵੱਸਦੇ ਸਨ, ਉਹ ਗੌੜ ਅਖਵਾਉਣ ਲੱਗ ਪਏ।" (ਭੱਟ ਵਹੀ ਅਨੁਸਾਰ ਭੱਟਾਂ ਬਾਰੇ ਹੋਰ ਜਾਣਕਾਰੀ ਵੀ ਪ੍ਰਾਪਤ ਹੈ)।

ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਅੰਗਰੇਜ਼ਾਂ ਦੀ ਸਰਪ੍ਰਸਤੀ ਵਿਚ ਮਹੰਤਾਂ ਦੇ ਗੁਰਦੁਆਰਿਆਂ 'ਤੇ ਕਬਜ਼ੇ ਤੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਅਤੇ ਗੁਰਦੁਆਰਿਆਂ ਦੇ ਸੁਧਾਰ ਹਿਤ ਅਕਾਲੀ ਲਹਿਰ ਚੱਲੀ ਜਿਸ ਵਿਚ ਬੱਬਰ ਅਕਾਲੀਆਂ ਨੇ ਵਧ-ਚੜ੍ਹ ਕੇ ਹਿੱਸਾ ਪਾਇਆ। ਸਿੰਘਾਂ ਨੇ ਅਨੇਕਾਂ ਕੁਰਬਾਨੀਆਂ ਕੀਤੀਆਂ। ਉਹ ਆਦਰਸ਼ਵਾਦੀ ਸਨ ਤੇ ਕਿਸੇ ਆਦਰਸ਼ ਲਈ ਸ਼ਹੀਦੀਆਂ ਦਿੱਤੀਆਂ। ਕੀ ਉਨ੍ਹਾਂ ਨੇ ਕਦੀ ਸੋਚਿਆ ਹੋਵੇਗਾ ਕਿ ਉਨ੍ਹਾਂ ਦੀ ਵਾਰਿਸ ਅਕਾਲੀ ਪਾਰਟੀ ਅਜਿਹੀ ਹੋਵੇਗੀ, ਜਿਹੋ ਜਿਹੀ ਅੱਜ ਹੈ? ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਇਹ ਹਨ ਕਿ ਪੰਜਾਬ ਦੀ ਜੁਆਨੀ ਅੱਜ ਨਸ਼ਿਆਂ ਦੀ ਮਾਰ ਹੇਠ ਹੈ, ਕਿਸਾਨ ਖੁਦਕਸ਼ੀਆਂ ਕਰਨ ਲਈ ਮਜ਼ਬੂਰ ਹੈ, ਧੀਆਂ-ਭੈਣਾਂ ਦੀ ਬੇਹੁਰਮਤੀ ਨਿੱਤ ਦਿਹਾੜੇ ਹੋ ਰਹੀ ਹੈ, ਲੋਕਾਂ ਦੀ ਜਾਨ-ਮਾਲ ਸੁਰੱਖਿਅਤ ਨਹੀਂ ਹੈ, ਬੇਰੁਜ਼ਗਾਰੀ ਨੇ ਜੁਆਨੀ ਦਾ ਲੱਕ ਤੋੜ ਦਿੱਤਾ ਹੈ ਅਤੇ ਨੌਜੁਆਨ ਪੀੜ੍ਹੀ ਹਰ ਹਾਲ ਉਥੋਂ ਭੱਜਣਾ ਚਾਹੁੰਦੀ ਹੈ। ਪੰਜਾਬ ਦਾ ਪਾਣੀ, ਹਵਾ, ਮਿੱਟੀ-ਸਭ ਦੂਸ਼ਿਤ ਹੋ ਗਿਆ ਹੈ ਅਤੇ ਪੰਜਾਬ ਕੈਂਸਰ ਵਰਗੇ ਭਿਆਨਕ ਰੋਗਾਂ ਦੀ ਮਾਰ ਹੇਠ ਹੈ। ਇਹ ਸਭ ਪੰਥਕ ਕਹਾਉਂਦੀ ਅਕਾਲੀ ਸਰਕਾਰ ਦੇ 10 ਸਾਲ ਦੇ ਰਾਜ ਵਿਚ ਵਾਪਰਿਆ ਹੈ। ਪੰਜਾਬ ਦੀ ਏਨੀ ਲੁੱਟ-ਖਸੁੱਟ ਅਤੇ ਦੁਰਗਤੀ ਪਹਿਲਾਂ ਕਦੇ ਨਹੀਂ ਹੋਈ! ਇਸ ਵੇਲੇ ਦੀ ਸਭ ਤੋਂ ਵੱਡੀ ਜ਼ਰੂਰਤ ਪੰਜਾਬ ਨੂੰ ਮੁੜ ਲੀਹ 'ਤੇ ਲਿਆਉਣ ਦੀ ਹੈ ਜਿਸ ਬਾਰੇ ਪ੍ਰੋ. ਪੂਰਨ ਸਿੰਘ ਨੇ ਕਿਹਾ ਸੀ, "ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ।"

ਬਲਜੀਤ ਬਾਸੀ ਭਾਸ਼ਾ ਵਿਗਿਆਨ (ਨਿਰੁਕਤ ਸ਼ਾਸਤਰ) ਦੇ ਜਾਦੂਗਰ ਹਨ ਅਤੇ ਮੇਰੀ ਬੇਨਤੀ ਹੈ ਕਿ ਉਹ ਕੌਰ, ਕੁਮਾਰ ਅਤੇ ਕੰਵਰ ਸ਼ਬਦਾਂ ਬਾਰੇ ਵਿਸਥਾਰ ਨਾਲ ਚਾਨਣਾ ਪਾਉਣ ਤਾਂ ਚੰਗਾ ਹੋਵੇਗਾ।

## ਹਰਿ ਪੇਖਨ ਕਉ ਸਿਮਰਤ ਮਨੁ ਮੇਰਾ

ੴ ਸਤਿਗੁਰ ਪ੍ਰਸਾਦਿ
ਗਉੜੀ ਮਹਲਾ 5
ਹਰਿ ਪੇਖਨ ਕਉ ਸਿਮਰਤ ਮਨੁ ਮੇਰਾ॥
ਆਸ ਪਿਆਸੀ ਚਿਤਵਉ ਦਿਨੁ ਰੈਨੀ
ਹੈ ਕੋਊ ਸੰਤੁ ਮਿਲਾਵੈ ਨੇਰਾ॥ ਰਹਾਉ॥
ਸੇਵਾ ਕਰਉ ਦਾਸ ਦਾਸਨ ਕੀ
ਅਨਿਕ ਭਾਂਤਿ ਤਿਸੁ ਕਰਉ ਨਿਹੋਰਾ॥
ਤੁਲਾ ਧਾਰਿ ਤੋਲੇ ਸੁਖ ਸਗਲੇ
ਬਿਨੁ ਹਰਿ ਦਰਸ ਸਭੋ ਹੀ ਥੋਰਾ॥
ਸੰਤ ਪ੍ਰਸਾਦਿ ਗਾਏ ਗੁਨ ਸਾਗਰ
ਜਨਮ ਜਨਮ ਕੋ ਜਾਤ ਬਹੋਰਾ॥
ਆਨਦ ਸੂਖ ਭੇਟਤ ਹਰਿ ਨਾਨਕ
ਜਨਮੁ ਕ੍ਰਿਤਾਰਥ ਸਫਲੁ ਸਵੇਰਾ॥

ਇਸ ਸ਼ਬਦ ਅੰਦਰ ਸਤਿਗੁਰ ਅਰਜਨ ਦੇਵ ਉਸ ਜੀਵ ਆਤਮਾ ਦਾ ਵਰਣਨ ਕਰਦੇ ਹਨ ਜੋ ਪ੍ਰਭੂ ਮਿਲਾਪ ਲਈ ਅਤਿ ਵਿਆਕੁਲ ਹੈ ਅਤੇ ਪ੍ਰਭੂ ਮਿਲਾਪ ਲਈ ਅਨੇਕ ਤਰ੍ਹਾਂ ਦੇ ਯਤਨ ਕਰਦੀ ਹੈ:

ਹਰਿ ਪੇਖਨ ਕਉ ਸਿਮਰਤ ਮਨੁ ਮੇਰਾ॥
ਆਸ ਪਿਆਸੀ ਚਿਤਵਉ ਦਿਨੁ ਰੈਨੀ
ਹੈ ਕੋਊ ਸੰਤੁ ਮਿਲਾਵੈ ਨੇਰਾ॥ ਰਹਾਉ॥

ਹੇ ਮੇਰੀ ਸਖੀਓ, ਉਸ ਪ੍ਰਭ ਪ੍ਰੀਤਮ ਦੇ ਦਰਸ਼ਨ ਕਰਨ ਲਈ ਹੀ ਮੇਰਾ ਮਨ ਉਸ ਦਾ ਸਿਮਰਨ ਕਰ ਰਿਹਾ ਹੈ ਅਤੇ ਉਸ ਦੇ ਦਰਸ਼ਨਾਂ ਲਈ ਵਿਆਕੁਲ ਮੈਂ ਦਿਨੇ-ਰਾਤ ਸਵਾਸ-ਸਵਾਸ ਉਸ ਨੂੰ ਯਾਦ ਕਰਦੀ ਹਾਂ ਕਿ ਮੈਨੂੰ ਕੋਈ ਐਸਾ ਸੰਤ ਭਾਵ ਪੂਰਨ ਗੁਰੂ ਮਿਲ ਪਵੇ ਜੋ ਉਸ ਪ੍ਰਭੂ ਨਾਲ ਮੇਰਾ ਛੇਤੀ ਮਿਲਾਪ ਕਰਾ ਦੇਵੇ ਤਾਂ ਮੈਂ ਉਸ ਪ੍ਰੀਤਮ ਦੇ ਦਰਸ਼ਨ ਕਰ ਕੇ ਤ੍ਰਿਪਤ ਹੋ ਜਾਵਾਂ।

ਸੇਵਾ ਕਰਉ ਦਾਸ ਦਾਸਨ ਕੀ
ਅਨਿਕ ਭਾਂਤਿ ਤਿਸੁ ਕਰਉ ਨਿਹੋਰਾ॥
ਤੁਲਾ ਧਾਰਿ ਤੋਲੇ ਸੁਖ ਸਗਲੇ
ਬਿਨੁ ਹਰਿ ਦਰਸ ਸਭੋ ਹੀ ਥੋਰਾ॥

ਹੇ ਸਖੀ! ਜੇ ਉਹ ਪੂਰਾ ਗੁਰੂ ਮੈਨੂੰ ਮਿਲ ਪਵੇ ਤਾਂ ਮੈਂ ਗੁਰੂ ਦੇ ਸੇਵਕਾਂ ਦੀ ਵੀ ਨਿਮਾਣੀ

**ਗੁਰਬਾਣੀ ਗਿਆਨ**

ਜਿਹੀ ਸੇਵਕ ਬਣ ਕੇ ਸੇਵਾ ਕਰਾਂ ਅਤੇ ਅਨੇਕ ਤਰ੍ਹਾਂ ਦੀਆਂ ਜੋਦੜੀਆਂ ਵੀ ਕਰਾਂ। ਹੇ ਸਖੀ, ਮੈਂ ਇਸ ਦੁਨੀਆਂ ਦੇ ਸਾਰੇ ਹੀ ਸੁੱਖ ਤੱਕੜੀ 'ਤੇ ਰੱਖ ਕੇ ਤੋਲੇ ਹਨ ਪਰ ਉਸ ਪ੍ਰਭੂ ਪ੍ਰੀਤਮ ਦੇ ਦੀਦਾਰ ਦੇ ਵੱਟੇ ਇਹ ਸਾਰੇ ਦੁਨਿਆਵੀ ਸੁੱਖ ਹੌਲੇ ਹਨ। ਇਸੇ ਲਈ ਮੈਂ ਉਸ ਅਕਾਲ ਪੁਰਖ ਦੇ ਦੀਦਾਰ ਲਈ ਦਿਨ-ਰਾਤ ਸਿਮਰਨ ਕਰਦੀ ਹਾਂ।

ਸੰਤ ਪ੍ਰਸਾਦਿ ਗਾਏ ਗੁਨ ਸਾਗਰ
ਜਨਮ ਜਨਮ ਕੋ ਜਾਤ ਬਹੋਰਾ॥
ਆਨਦ ਸੂਖ ਭੇਟਤ ਹਰਿ ਨਾਨਕ
ਜਨਮੁ ਕ੍ਰਿਤਾਰਥ ਸਫਲੁ ਸਵੇਰਾ॥

ਹੇ ਭਾਈ! ਜੋ ਜੀਵ ਪੂਰੇ ਗੁਰੂ ਦੀ ਕ੍ਰਿਪਾ ਸਦਕਾ ਉਸ ਗੁਣਾਂ ਦੇ ਸਮੁੰਦਰ ਪ੍ਰਭੂ ਦੇ ਗੁਣ ਗਾਇਨ ਕਰਦਾ ਹੈ, ਪ੍ਰਮੇਸ਼ਵਰ ਆਪਣੀ ਮਿਹਰ ਨਾਲ ਜਨਮਾਂ ਜਨਮਾਂ ਤੋਂ ਭਟਕ ਰਹੇ ਉਸ ਪ੍ਰਾਣੀ ਨੂੰ ਜਨਮ-ਮਰਨ ਦੇ ਗੇੜ ਵਿਚੋਂ ਕੱਢ ਕੇ ਆਪਣੇ ਨਾਲ ਮਿਲਾ ਲੈਂਦਾ ਹੈ ਅਤੇ ਹੇ ਨਾਨਕ, ਉਸ ਪਰਮਾਤਮਾ ਨੂੰ ਮਿਲਦੇ ਸਾਰ ਹੀ ਜੀਵ ਨੂੰ ਬੇਅੰਤ ਸੁੱਖ ਅਤੇ ਆਨੰਦ ਵੀ ਪ੍ਰਾਪਤ ਹੋ ਜਾਂਦੇ ਹਨ ਤੇ ਇਸ ਜੀਵਨ ਦਾ ਮਾਨਸ ਜਨਮ ਵੀ ਸਫ਼ਲ ਹੋ ਜਾਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ:916-687-3536*

ਵਿਚਾਰ-ਚਰਚਾ

## ਅਜਮੇਰ ਸਿੰਘ ਦੀਆਂ ਲਿਖਤਾਂ ਦੇ ਪ੍ਰਸੰਗ ਵਿਚ

# ਫਲਾਸਫੀ ਅਤੇ ਇਤਿਹਾਸ

***ਸਿੱਖ ਵਿਦਵਾਨ ਸ. ਅਜਮੇਰ ਸਿੰਘ ਦੇ ਚਿੰਤਨ ਦੇ ਪ੍ਰਸੰਗ ਵਿਚ 'ਪੰਜਾਬ ਟਾਈਮਜ਼' ਦੇ 7 ਜਨਵਰੀ 2017 ਦੇ ਅੰਕ ਵਿਚ ਛਪੇ ਸੀਨੀਅਰ ਪੱਤਰਕਾਰ ਤੇ ਸਿੱਖ ਵਿਦਵਾਨ ਕਰਮਜੀਤ ਸਿੰਘ ਚੰਡੀਗੜ੍ਹ ਦੇ ਲੇਖ 'ਥਿੜਕ ਗਏ ਹਨ ਅਜਮੇਰ ਸਿੰਘ ਆਪਣੀ ਮੰਜ਼ਿਲ ਤੋਂ' ਉਪਰੰਤ ਅਰੰਭ ਹੋਈ ਵਿਚਾਰ-ਚਰਚਾ ਦੇ ਸਿਲਸਿਲੇ ਵਿਚ ਅਜਮੇਰ ਸਿੰਘ ਦੇ ਸਾਥੀ ਰਹੇ ਗੁਰਬਚਨ ਸਿੰਘ ਨੇ ਆਪਣੇ ਇਸ ਲੇਖ ਵਿਚ ਅਜਮੇਰ ਸਿੰਘ ਦੇ ਚਿੰਤਨ ਵਿਚਲੇ ਸਵੈ-ਵਿਰੋਧਾਂ 'ਤੇ ਉਂਗਲ ਧਰਦਿਆਂ ਕਿਹਾ ਹੈ ਕਿ ਜੇ ਉਹ ਸਿੱਖ ਪੰਥ ਨੂੰ ਕਿਸੇ ਪਛਮੀ ਤਰਜ ਦੇ ਕੌਮੀ ਚੌਖਟੇ ਵਿਚ ਫਿਟ ਕਰਨ ਦੀ ਥਾਂ ਸਿੱਖ ਰਾਜ ਦੇ ਸੰਕਲਪ ਦੀ ਤਲਾਸ਼ ਗੁਰਮਤਿ ਵਿਚੋਂ ਕਰਦੇ ਤਾਂ ਉਨ੍ਹਾਂ ਨੂੰ 'ਹਲੇਮੀ ਰਾਜ' ਤੇ 'ਬੇਗਮਪੁਰਾ' ਸਮਾਜ ਦੇ ਸੰਕਲਪਾਂ ਦੀ ਸਮਝ ਆ ਜਾਣੀ ਸੀ। -ਸੰਪਾਦਕ***

**ਗੁਰਬਚਨ ਸਿੰਘ**

ਆਪਣੀ ਪੁਸਤਕ 'ਗਦਰੀ ਬਾਬੇ ਕੌਣ ਸਨ' ਵਿਚ ਸ. ਅਜਮੇਰ ਸਿੰਘ ਨੇ ਲਿਖਿਆ ਹੈ, "ਜੋ ਕੁਝ ਅਸੀਂ ਦੇਖਦੇ, ਸੁਣਦੇ, ਸੋਚਦੇ, ਕਰਦੇ ਅਤੇ ਚਿਤਵਦੇ ਹਾਂ, ਉਸ ਸਾਰੇ ਕੁਝ ਦਾ ਸਾਡੇ ਮਨ ਵਿਚ ਇਕ ਮੁਲਾਂਕਣ ਪ੍ਰਬੰਧ ਬਣਿਆ ਹੁੰਦਾ ਹੈ। ਇਹ ਪ੍ਰਬੰਧ ਹੀ ਸਾਡੀ ਕੁੱਲ ਹਸਤੀ ਨੂੰ ਦੂਸਰਿਆਂ ਸਾਹਮਣੇ ਪ੍ਰਗਟਾਉਂਦਾ ਤੇ ਦੂਜਿਆਂ ਨਾਲੋਂ ਵਖਰਿਆਉਂਦਾ ਹੈ। ਇਸ ਹਸਤੀ ਦੀ ਘਾੜਤ ਵਿਚ ਲੰਮੇ ਇਤਿਹਾਸ ਦਾ ਹੱਥ ਹੁੰਦਾ ਹੈ, ਜੋ ਸਾਡੇ ਪੁਰਖਿਆਂ ਨੇ ਜੀਵਿਆ ਹੁੰਦਾ ਏ। ਭਵਿਖ ਦਾ ਜੋ ਸੁਪਨਾ ਉਨ੍ਹਾਂ ਲਿਆ ਹੁੰਦਾ ਏ, ਉਹ ਸਾਨੂੰ ਵਿਰਾਸਤ ਵਜੋਂ ਮਿਲਦਾ ਏ, ਜਿਸ ਨੂੰ ਅਸੀਂ ਜ਼ਿੰਦਗੀ ਨਾਲੋਂ ਵੀ ਕੀਮਤੀ ਸਮਝਦੇ ਹਾਂ, ਕਿਉਂਕਿ ਜ਼ਿੰਦਗੀ ਦੀ ਕੀਮਤ ਹੀ ਇਸ ਵਿਚ ਪਈ ਹੁੰਦੀ ਏ। ਮਨੁਖੀ ਜ਼ਿੰਦਗੀ ਦੀ ਕੀਮਤ ਤੋਂ ਲੈ ਕੇ ਹਰ ਸ਼ੈਅ ਦੀ ਕੀਮਤ ਜੋ ਮਨੁਖ ਸਮਝਦਾ ਹੈ, ਉਹ ਇਤਿਹਾਸਕ ਵਿਰਾਸਤ ਵਿਚੋਂ ਹੀ ਤੈਅ ਹੁੰਦੀ ਏ। ... ਇਤਿਹਾਸ ਬਿਨਾ ਭਵਿਖ ਦੀ ਕਲਪਨਾ ਨਹੀਂ ਹੋ ਸਕਦੀ, ਇਤਿਹਾਸ ਬਿਨਾ ਮਨੁਖ ਦੇ ਮਨੁਖ ਹੋਣ ਦੀ ਸੰਭਾਵਨਾ ਵੀ ਨਹੀਂ ਹੈ।"

ਅਜਮੇਰ ਸਿੰਘ ਦਾ ਇਹ ਕਥਨ ਅਧੂਰਾ ਸੱਚ ਹੈ। ਉਨ੍ਹਾਂ ਦਾ ਇਹ ਕਹਿਣਾ ਸਹੀ ਹੈ ਕਿ ਹਰ ਮਨੁਖ ਅਚੇਤ ਜਾਂ ਸੁਚੇਤ ਰੂਪ ਵਿਚ ਆਪਣੇ ਮਨ ਵਿਚ ਬਣੇ ਇਤਿਹਾਸ ਦੇ ਸੰਕਲਪਾਂ ਅਨੁਸਾਰ ਹੀ ਜਿਉਂਦਾ ਹੈ, ਪਰ ਉਹ ਇਹ ਨਹੀਂ ਦਸਦੇ ਕਿ ਇਹ ਇਤਿਹਾਸ ਨਿਰੰਤਰ ਵਿਕਸਿਤ ਹੋ ਰਹੀ ਫਿਲਾਸਫੀ ਦੀ ਦੇਣ ਹੁੰਦਾ ਹੈ। ਇਤਿਹਾਸ ਆਪਣੇ ਤੋਂ ਪਿਛਲੀ ਅਰਜਿਤ ਕੀਤੀ ਫਿਲਾਸਫੀ ਨੂੰ ਅਮਲ ਵਿਚ ਢਾਲਦਿਆਂ ਹੀ, ਅੱਗੇ ਵਿਕਾਸ ਕਰਦਾ ਹੈ ਅਤੇ ਆਪਣੇ ਠੋਸ ਅਮਲ ਰਾਹੀਂ ਨਿਕਲੇ ਅਨੁਭਵਾਂ ਨਾਲ ਇਸ ਫਿਲਾਸਫੀ ਦਾ ਹੋਰ ਅੱਗੇ ਵਿਕਾਸ ਕਰਦਾ ਜਾਂਦਾ ਹੈ। ਮਨੁਖ ਤੇ ਮਨੁਖੀ ਗਿਆਨ ਦੇ ਨਿਰੰਤਰ ਵਿਕਾਸ ਦਾ ਇਹੀ ਢੰਗ ਹੈ। ਫਿਲਾਸਫੀ ਦਾ ਨਿਰੰਤਰ ਵਧ ਰਿਹਾ ਇਹੀ ਗਿਆਨ, ਵਰਤਮਾਨ ਸਮੇਂ ਦੇ ਮਨੁਖ ਦੀ ਸਿਆਣਪ ਦਾ ਆਧਾਰ ਹੁੰਦਾ ਹੈ ਤੇ ਇਹੀ ਗਿਆਨ ਮਨੁਖ ਨੂੰ ਆਪਣੇ ਵਰਤਮਾਨ ਨੂੰ ਸਹਿਜ ਰੂਪ ਵਿਚ ਜਿਉਣ ਤੇ ਆਪਣੀ ਅਗਲੀ ਪੀੜ੍ਹੀ ਦਾ ਭਵਿਖ ਘੜਨ ਵਿਚ ਸਹਾਈ ਹੁੰਦਾ ਹੈ।

ਫਿਲਾਸਫੀ ਵਿਚਲਾ ਇਹ ਗਿਆਨ ਹੀ ਮਨੁਖ ਦੇ ਆਤਮਿਕ ਗਿਆਨ (ਆਤਮਾ) ਵਜੋਂ ਉਸ ਦੀ ਜ਼ਿੰਦਗੀ ਭਰ ਅਗਵਾਈ ਕਰਦਾ ਹੈ। ਇਹੀ ਆਤਮਿਕ ਗਿਆਨ ਮਨੁਖ ਦੇ ਆਪਣੇ ਬੇਮੁਹਾਰੇ ਮਨ ਨੂੰ ਕਾਬੂ ਵਿਚ ਰਖਦਾ ਹੈ ਅਤੇ ਉਸ ਨੂੰ ਆਪਣੇ ਵਿਕਸਿਤ ਇੰਦ੍ਰਿਆਵੀ ਜਜ਼ਬਿਆਂ ਦਾ ਅੰਨਦ ਮਾਣਨ ਦੀ ਜੁਗਤ ਦਸਦਾ ਹੈ। ਸਾਮਰਾਜੀ ਖਪਤਕਾਰੀ ਨੇ ਅਜੋਕੇ ਮਨੁਖ ਦੀ ਇਸੇ ਆਤਮਾ (ਆਤਮਿਕ ਗਿਆਨ) ਨੂੰ ਮਾਰ ਕੇ, ਉਸ ਦੇ ਬੇਮੁਹਾਰੇ ਮਨ ਨੂੰ ਕਾਬੂ ਵਿਚ ਕਰ ਲਿਆ ਹੈ।

ਆਪਣੇ ਸਭ ਤੋਂ ਪ੍ਰਸਿਧ ਨਾਵਲ 'ਜੰਗ ਅਤੇ ਅਮਨ' ਦੇ ਅਖੀਰਲੇ ਕਾਂਡ ਵਿਚ ਰੂਸੀ ਲੇਖਕ ਲਿਊ ਟਾਲਸਟਾਏ ਇਤਿਹਾਸ ਅਤੇ ਫਿਲਾਸਫੀ ਦੇ ਰਿਸ਼ਤੇ ਨੂੰ ਸਪਸ਼ਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਟਾਲਸਟਾਏ ਦੀ ਧਾਰਨਾ ਹੈ, "ਇਤਿਹਾਸ ਮਨੁਖ ਜਾਤੀ ਅਤੇ ਕੌਮਾਂ ਦੀ ਧੜਕਦੀ ਜ਼ਿੰਦਗੀ ਹੁੰਦਾ ਹੈ। ਇਸ ਨੂੰ ਆਪਣੀ ਸੋਚ ਦੀ ਪਕੜ ਵਿਚ ਲਿਆਉਣਾ ਤੇ ਸ਼ਬਦਾਂ ਵਿਚ ਵਰਣਨ ਕਰਨਾ, ਸਮੁਚੀ ਮਨੁਖ ਜਾਤੀ ਜਾਂ ਇਥੋਂ ਤਕ ਕਿ ਇਕ ਕੌਮ ਦੀ ਜ਼ਿੰਦਗੀ ਨੂੰ ਅਸਲੀ ਰੂਪ ਵਿਚ ਪੇਸ਼ ਕਰਨਾ ਅਸੰਭਵ ਜਾਪਦਾ ਹੈ। ਸਾਰੇ ਪੁਰਾਣੇ ਇਤਿਹਾਸਕਾਰਾਂ ਨੇ ਕਿਸੇ ਭਾਈਚਾਰੇ ਦੀ ਅਦਿਸ ਜ਼ਿੰਦਗੀ ਨੂੰ ਆਪਣੀ ਸੋਚ ਦੀ ਪਕੜ ਵਿਚ ਲਿਆਉਣ ਤੇ ਵਰਣਨ ਕਰਨ ਲਈ ਇਕੋ ਹੀ ਢੰਗ ਵਰਤਿਆ ਹੈ। ਉਨ੍ਹਾਂ ਨੇ ਲੋਕਾਂ ਉਤੇ ਰਾਜ ਕਰਨ ਵਾਲੇ ਵਿਅਕਤੀਆਂ ਦੇ ਜੀਵਨ ਦੀ ਪੇਸ਼ਕਾਰੀ ਕੀਤੀ ਤੇ ਇਹ ਸਮਝ ਲਿਆ ਕਿ ਇਨ੍ਹਾਂ ਵਿਅਕਤੀਆਂ ਦੀ ਸਰਗਰਮੀ ਸਮੁਚੀ ਕੌਮ ਦੀ ਸਰਗਰਮੀ ਦੀ ਪ੍ਰਤੀਨਿਧਤਾ ਕਰਦੀ ਹੈ।"

ਪਰ ਸੁਆਲ ਹੈ ਕਿ ਇਨ੍ਹਾਂ ਵਿਅਕਤੀਆਂ ਨੇ ਕੌਮਾਂ ਨੂੰ ਆਪਣੀ ਮਰਜ਼ੀ ਅਨੁਸਾਰ ਕਿਵੇਂ ਢਾਲ ਲਿਆ ਤੇ ਉਨ੍ਹਾਂ ਦੇ ਆਪਣੇ ਮਨਾਂ ਨੂੰ ਕੌਣ ਰਾਹ ਵਿਖਾ ਰਿਹਾ ਸੀ? ਆਪਣੇ ਇਸ ਸੁਆਲ ਦੇ ਜੁਆਬ ਵਿਚ ਟਾਲਸਟਾਏ ਕਹਿੰਦਾ ਹੈ, "ਪ੍ਰਾਚੀਨ ਇਤਿਹਾਸਕਾਰਾਂ ਨੇ ਇਸ ਦਾ ਹੱਲ ਇਕ ਦੈਵੀ ਸ਼ਕਤੀ ਦੀ ਪਛਾਣ ਦੇ ਰੂਪ ਵਿਚ ਲੱਭ ਲਿਆ, ਜੋ ਕੌਮਾਂ ਦੀ ਇਛਾ ਨੂੰ ਕਿਸੇ ਚੋਣਵੇਂ ਵਿਅਕਤੀ ਦੀ ਇਛਾ ਅਨੁਸਾਰ ਢਾਲਦੀ ਹੈ ਅਤੇ ਪਹਿਲਾਂ ਤੋਂ ਹੀ ਨਿਸ਼ਚਿਤ ਨਿਸ਼ਾਨਿਆਂ ਦੀ ਪੂਰਤੀ ਲਈ, ਉਸ ਚੋਣਵੇਂ ਵਿਅਕਤੀ ਦੇ ਮਨ ਨੂੰ ਰਾਹ ਵਿਖਾਉਂਦੀ ਹੈ।...ਪ੍ਰਾਚੀਨ ਇਤਿਹਾਸਕਾਰਾਂ ਨੇ ਇਸ ਸੁਆਲ ਦਾ ਹੱਲ ਮਨੁਖੀ ਮਸਲਿਆਂ ਅੰਦਰ ਦੈਵੀ ਸ਼ਕਤੀ ਦੀ ਸਿਧੀ ਸ਼ਮੂਲੀਅਤ ਦੇ ਇਕ ਵਿਸ਼ਵਾਸ ਵਿਚ ਲੱਭ ਲਿਆ, ਪਰ ਆਧੁਨਿਕ ਇਤਿਹਾਸਕਾਰ ਸਿਧਾਂਤਕ ਤੌਰ 'ਤੇ ਇਨ੍ਹਾਂ ਦੋਵਾਂ ਨੇਮਾਂ ਨੂੰ ਰੱਦ ਕਰ ਦਿੰਦਾ ਹੈ। ਇਸ ਲਈ ਆਧੁਨਿਕ ਇਤਿਹਾਸਕਾਰਾਂ ਨੇ ਪ੍ਰਾਚੀਨ ਇਤਿਹਾਸਕਾਰਾਂ ਦੀ ਦੈਵੀ ਸ਼ਕਤੀ ਉਤੇ ਨਿਰਭਰਤਾ ਅਤੇ ਮਨੁਖਤਾ ਲਈ ਪਹਿਲਾਂ ਤੋਂ ਹੀ ਨਿਸ਼ਚਿਤ ਨਿਸ਼ਾਨਿਆਂ ਨੂੰ ਪ੍ਰਾਪਤ ਕਰਨ ਦੀ ਧਾਰਨਾ ਤਾਂ ਨਕਾਰ ਦਿਤੀ, ਪਰ ਇਸ ਦਾ ਕੋਈ ਨਵਾਂ ਹੱਲ ਨਹੀਂ ਦਸਿਆ।"

ਟਾਲਸਟਾਏ ਦਾ ਮੱਤ ਹੈ, ਨਵੇਂ ਇਤਿਹਾਸਕਾਰਾਂ ਨੂੰ ਸ਼ਕਤੀ ਦੇ ਪ੍ਰਗਟਾਵੇ ਦਾ ਨਹੀਂ, ਸਗੋਂ ਉਸ ਸ਼ਕਤੀ ਨੂੰ ਪੈਦਾ ਕਰਨ ਵਾਲੇ ਕਾਰਨਾਂ ਦਾ ਅਧਿਐਨ ਕਰਨਾ ਚਾਹੀਦਾ ਸੀ, ਪਰ ਅਜੋਕੇ ਇਤਿਹਾਸਕਾਰਾਂ ਨੇ ਇੰਜ ਨਹੀਂ ਕੀਤਾ। ਪ੍ਰਾਚੀਨ ਇਤਿਹਾਸਕਾਰਾਂ ਦੇ ਦ੍ਰਿਸ਼ਟੀਕੋਣ ਨੂੰ ਸਿਧਾਂਤਕ ਰੂਪ ਵਿਚ ਨਕਾਰ ਕੇ ਆਧੁਨਿਕ ਇਤਿਹਾਸਕਾਰ ਅਜੇ ਵੀ ਅਮਲ ਵਿਚ ਉਸੇ ਸਿਧਾਂਤ ਨੂੰ ਵਰਤ ਰਿਹਾ ਹੈ। ਦੈਵੀ ਸ਼ਕਤੀਆਂ ਨਾਲ ਲੈਸ ਸਿਧੇ ਰੱਬ ਦੀ ਇਛਾ ਨਾਲ ਚਲਣ ਵਾਲੇ ਮਨੁਖਾਂ ਦੀ ਥਾਂ ਆਧੁਨਿਕ ਇਤਿਹਾਸਕਾਰਾਂ ਨੇ ਸਾਨੂੰ ਜਾਂ ਤਾਂ ਅਸਾਧਾਰਨ ਮਹਾਂਮਾਨਵੀ ਸਮਰਥਾ ਨਾਲ ਲੈਸ ਹੀਰੋ ਦਿਤੇ ਹਨ ਤੇ ਜਾਂ ਬਾਦਸ਼ਾਹ ਤੋਂ ਲੈ ਕੇ ਪੱਤਰਕਾਰਾਂ ਤਕ, ਲੋਕਾਂ ਦੀ ਅਗਵਾਈ ਕਰਨ ਵਾਲੇ ਅਡ ਅਡ ਤਰ੍ਹਾਂ ਦੇ ਆਮ ਮਨੁਖ ਦਿਤੇ ਹਨ।

ਟਾਲਸਟਾਏ ਨੇ ਨਵੇਂ ਬਣੇ ਯੂਰਪੀਨ ਇਤਿਹਾਸਕਾਰਾਂ ਦਾ ਮਜ਼ਾਕ ਉਡਾਉਂਦਿਆਂ ਲਿਖਿਆ ਹੈ, "ਯਹੂਦੀ, ਯੂਨਾਨੀ ਜਾਂ ਰੋਮਨ ਕੌਮਾਂ ਦੇ ਪਹਿਲਾਂ ਤੋਂ ਨਿਸ਼ਚਿਤ ਦੈਵੀ ਨਿਸ਼ਾਨਿਆਂ, ਜਿਨ੍ਹਾਂ ਨੂੰ ਪ੍ਰਾਚੀਨ ਇਤਿਹਾਸਕਾਰ ਮਨੁਖ ਜਾਤੀ ਦੇ ਵਿਕਾਸ ਦੇ ਸੂਚਕ ਸਮਝਦੇ ਸਨ, ਦੀ ਥਾਂ ਨਵੇਂ ਇਤਿਹਾਸਕਾਰਾਂ ਨੇ ਆਪਣਾ ਨਿਸ਼ਾਨਾ ਫਰਾਂਸੀਸੀ, ਜਰਮਨ ਜਾਂ ਅੰਗਰੇਜ਼ ਕੌਮਾਂ ਦੀ ਭਲਾਈ ਜਾਂ ਆਪਣੀ ਸਭ ਤੋਂ ਉਚੀ ਅਮੂਰਤ ਸੁਰ ਵਿਚ ਮਨੁਖ ਜਾਤੀ ਦੀ ਭਲਾਈ ਤੇ ਸਭਿਅਤਾ ਨੂੰ ਫੈਲਾਉਣਾ ਮਿਥਿਆ ਹੈ, ਜਿਸ ਤੋਂ ਉਨ੍ਹਾਂ ਦਾ ਭਾਵ ਇਕ ਵਡੇ ਮਹਾਂਦੀਪ ਦੀ ਛੋਟੀ ਜਿਹੀ ਉਤਰ ਪਛਮੀ ਨੁਕਰ ਵਿਚ ਰਹਿੰਦੇ ਲੋਕਾਂ ਤੋਂ ਹੈ। ਨਵੇਂ ਇਤਿਹਾਸਕਾਰਾਂ ਨੇ ਕਿਸੇ ਨਵੇਂ ਸੰਕਲਪ ਨੂੰ ਜਨਮ ਦਿਤੇ ਬਗੈਰ ਪੁਰਾਣੇ ਇਤਿਹਾਸਕਾਰਾਂ ਦੇ ਵਿਸ਼ਵਾਸ ਨਕਾਰ ਦਿਤੇ ਹਨ।"

ਅਸਲ ਵਿਚ ਅਜੋਕੇ ਮਨੁਖ ਦੇ ਸੰਤਾਪ ਦਾ ਮੁਖ ਕਾਰਨ ਇਹੀ ਹੈ। ਟਾਲਸਟਾਏ ਦੇ ਇਸ ਨਿਰਣੇ ਤੋਂ ਬਾਦ ਹੀ ਅਖੌਤੀ ਆਧੁਨਿਕ ਪਛਮੀ ਇਤਿਹਾਸਕਾਰੀ ਦੀ ਸਮਸਿਆ ਸਮਝ ਆਉਂਦੀ ਹੈ। ਅਜੋਕੀ ਮਾਰਕਸਵਾਦੀ ਲਹਿਰ ਦੀਆਂ ਉਲਝਣਾਂ ਦਾ ਕਾਰਨ ਵੀ ਇਹੀ ਹੈ।

ਟਾਲਸਟਾਏ ਦੇ ਇਸ ਨਿਰਣੇ ਅਨੁਸਾਰ ਪ੍ਰਾਚੀਨ ਇਤਿਹਾਸਕਾਰਾਂ ਨੇ 'ਦੈਵੀ ਸ਼ਕਤੀ' ਦੇ ਰੂਪ ਵਿਚ ਇਤਿਹਾਸ ਨੂੰ ਦਿਸ਼ਾ ਵਿਖਾਉਣ ਵਾਲੀ ਇਕ 'ਰਬੀ' ਸ਼ਕਤੀ ਦੀ ਖੋਜ ਕੀਤੀ ਸੀ, ਪਰ ਅਜੋਕੇ ਯੂਰਪੀਨ ਇਤਿਹਾਸਕਾਰਾਂ ਨੇ ਇਸ ਦੈਵੀ ਸ਼ਕਤੀ ਦੀ ਹੋਂਦ ਨੂੰ ਨਕਾਰ ਕੇ "ਆਪਣਾ ਨਿਸ਼ਾਨਾ ਫਰਾਂਸੀਸੀ, ਜਰਮਨ ਜਾਂ ਅੰਗਰੇਜ਼ ਕੌਮਾਂ ਦੀ ਭਲਾਈ ... ਇਕ ਵਡੇ ਮਹਾਂਦੀਪ ਦੀ ਛੋਟੀ ਜਿਹੀ ਉਤਰ ਪਛਮੀ ਨੁੱਕਰ ਵਿਚ ਰਹਿੰਦੇ ਲੋਕਾਂ ਦੀ ਸਭਿਅਤਾ ਨੂੰ ਫੈਲਾਉਣਾ ਮਿਥ ਲਿਆ।" ਭਾਵ ਤਿੰਨਾਂ ਨਵੇਂ-ਨਵੇਂ ਬਣੇ ਪੂੰਜੀਵਾਦੀ ਮੁਲਕਾਂ ਨੇ ਆਪਣਾ ਇਤਿਹਾਸਕ ਕਾਰਜ ਸਾਰੇ ਸੰਸਾਰ ਵਿਚ ਪੂੰਜੀਵਾਦੀ ਸਭਿਅਤਾ ਫੈਲਾਉਣਾ ਮਿਥ ਲਿਆ ਜਿਸ ਦਾ ਜ਼ਿਕਰ ਕਾਰਲ ਮਾਰਕਸ ਨੇ ਕਮਿਊਨਿਸਟ ਮੈਨੀਫੈਸਟੋ ਵਿਚ ਕੀਤਾ ਹੈ ਤੇ ਜਿਸ ਨੂੰ ਹੁਣ ਤਕ ਉਹ ਅਮਰੀਕੀ ਸਾਮਰਾਜੀਆਂ ਦੀ ਮਦਦ ਨਾਲ ਸੰਸਾਰ ਭਰ ਵਿਚ ਫੈਲਾਉਣ ਦੇ ਯਤਨ ਕਰ ਰਹੇ ਹਨ।

ਸ਼ਾਇਦ ਇਹੀ ਕਾਰਨ ਹੈ ਕਿ ਅਮਰੀਕੀ ਸਾਮਰਾਜੀਏ ਆਪਣੇ ਮਨ ਵਿਚ ਇਹ ਸੱਚੀ-ਮੁਚੀ ਸਮਝਦੇ ਹੋਣ ਕਿ ਉਹ ਅਫਗਾਨਿਸਤਾਨ, ਇਰਾਕ, ਲੀਬੀਆ, ਸੀਰੀਆ ਤੇ ਅਨੇਕਾਂ ਅਫਰੀਕੀ ਮੁਲਕਾਂ ਵਿਚ ਖਤਰਨਾਕ ਹਥਿਆਰਾਂ ਤੇ ਡਰੋਨਾਂ ਨਾਲ ਵਡੇ ਪਧਰ ਉਤੇ ਲੋਕਾਂ ਦਾ ਕਤਲੇਆਮ ਕਰਕੇ 'ਸਭਿਅਤਾ' ਫੈਲਾਉਣ ਦਾ ਇਹੀ 'ਇਤਿਹਾਸਕ' ਕੰਮ ਕਰ ਰਹੇ ਹਨ। ਸਾਮਰਾਜੀਆਂ ਦੇ ਟੁਕੜਬੋਚ ਪੱਤਰਕਾਰ, ਇਤਿਹਾਸਕਾਰ ਤੇ ਉਨ੍ਹਾਂ ਦੀ ਦਲਾਲੀ ਉਤੇ ਪਲਣ ਵਾਲੇ ਸਾਡੇ ਦੇਸ਼ ਦੇ ਬੁਧੀਜੀਵੀ, ਇਸ ਨੂੰ ਇਉਂ ਹੀ ਪੇਸ਼ ਕਰਦੇ ਹਨ।

ਅਸਲ ਵਿਚ ਮਾਰਕਸ ਤੋਂ ਪਹਿਲਾਂ ਇਤਿਹਾਸ ਨੂੰ ਦਿਸ਼ਾ ਵਿਖਾਉਣ ਵਾਲੀ ਇਹ 'ਦੈਵੀ ਸ਼ਕਤੀ', ਰੱਬੀ 'ਹੁਕਮ' ਦੇ ਰੂਪ ਵਿਚ ਧਰਮਾਂ ਵਿਚ ਪ੍ਰਗਟ ਹੁੰਦੀ ਫਿਲਾਸਫੀ ਸੀ। ਮਾਰਕਸ ਨੇ ਇਸੇ 'ਦੈਵੀ ਸ਼ਕਤੀ' ਦੀ ਖੋਜ ਮਨੁਖ ਜਾਤੀ ਦੀ ਆਤਮਾ ਦੇ ਰੂਪ ਵਿਚ ਕੀਤੀ। ਉਸ ਦੀ ਖੋਜ ਨੇ ਹੀ ਦਸਿਆ ਕਿ ਇਹ ਦੈਵੀ ਸ਼ਕਤੀ ਨਿਰੰਤਰ ਵਿਕਸਿਤ ਹੋ ਰਹੀ ਫਿਲਾਸਫੀ ਦੇ ਰੂਪ ਵਿਚ ਮਨੁਖ ਜਾਤੀ ਦੀ ਆਪਣੀ (ਸਵੈ) ਚੇਤਨਾ ਹੈ। ਇਹੀ ਸਵੈਚੇਤਨਾ ਮਨੁਖ ਦੀ ਦੈਵਿਤਾ ਹੈ।

ਆਪਣੇ ਤੋਂ ਪਹਿਲੀ ਫਿਲਾਸਫੀ ਵਿਚਲੇ ਗਿਆਨ ਨੂੰ ਆਪਣੀ ਅਨੁਭਵੀ ਚੇਤਨਾ ਵਿਚ ਆਤਮਸਾਤ ਕਰਕੇ ਆਪਣੇ ਮਨ 'ਚ ਪ੍ਰਗਟ ਹੁੰਦੇ ਸੰਕਲਪਾਂ ਨੂੰ ਸ਼ਬਦੀ ਰੂਪ ਦੇਣ ਵਾਲੇ ਫਿਲਾਸਫਰ ਹੀ ਮਹਾਂਪੁਰਖ ਹੁੰਦੇ ਹਨ। ਇਨ੍ਹਾਂ ਮਹਾਂਪੁਰਖਾਂ ਦੀ ਫਿਲਾਸਫੀ ਨੂੰ ਹੀ ਅਗਲੇ ਸਮੇਂ ਵਿਚ ਮਨੁਖ ਜਾਤੀ ਨੇ ਆਪਣੇ ਅਮਲ ਵਿਚ ਢਾਲਣਾ ਹੁੰਦਾ ਹੈ।

ਮਾਰਕਸ ਨੇ ਆਪਣੇ ਤੋਂ ਪਹਿਲੀ ਸਾਰੀ ਫਿਲਾਸਫੀ ਦੇ ਗਿਆਨ ਨੂੰ ਆਪਣੀ ਅਨੁਭਵੀ ਚੇਤਨਾ ਵਿਚ ਆਤਮਸਾਤ ਕਰਕੇ ਹੀ ਕਮਿਊਨਿਜ਼ਮ ਦਾ ਸੰਕਲਪ ਵਿਕਸਿਤ ਕੀਤਾ ਸੀ ਪਰ ਉਸ ਦੇ ਪੈਰੋਕਾਰਾਂ ਨੇ ਉਸ ਦੀ ਇਸ ਅਹਿਮ ਖੋਜ ਨੂੰ ਕੌਡੀਓਂ ਖੋਟਾ ਕਰ ਦਿਤਾ। ਮਾਰਕਸ ਦਾ ਕਹਿਣਾ ਸੀ, ਆਪਣੇ ਤੋਂ ਪਹਿਲੇ ਸਾਰੇ ਧਰਮਾਂ ਨੂੰ ਪੜ੍ਹ ਕੇ ਉਸ ਵਿਚਲੀ ਫਿਲਾਸਫੀ ਦੇ ਗਿਆਨ ਨੂੰ ਆਪਣੀ ਚੇਤਨਾ ਵਿਚ ਆਤਮਸਾਤ ਕਰੋ, ਪਰ 'ਕਮਿਊਨਿਸਟਾਂ' ਨੇ ਧਰਮਾਂ ਨੂੰ ਪੜ੍ਹੇ ਬਿਨਾ ਨਕਾਰ ਕੇ ਸਮੁਚੀ ਕਮਿਊਨਿਸਟ ਲਹਿਰ ਨੂੰ ਹੀ ਕੁਰਾਹੇ ਪਾ ਦਿਤਾ ਹੈ। ਮਾਰਕਸ ਨੇ 'ਕਮਿਊਨਿਸਟ ਮੈਨੀਫੈਸਟੋ' ਵਿਚ ਹੀ ਆਪਣਾ ਇਹ ਮਤਿ ਸਪਸ਼ਟ ਕਰ ਦਿਤਾ ਸੀ ਕਿ ਹਰ ਕੌਮ ਜਾਂ ਕੌਮੀਅਤ ਦੇ ਕਮਿਊਨਿਸਟਾਂ ਨੇ ਆਪਣੀ ਫਿਲਾਸਫੀ ਤੇ ਆਪਣੇ ਇਤਿਹਾਸ ਨੂੰ ਆਪਣੀ ਲਹਿਰ ਵਿਚ ਆਤਮਸਾਤ ਕਰਦਿਆਂ ਕਿਰਤੀ ਜਮਾਤ ਨੂੰ ਪੂੰਜੀਵਾਦੀ ਜਕੜ ਵਿਚੋਂ ਮੁਕਤ ਕਰਵਾ ਕੇ, ਉਸ ਨੂੰ ਆਲਮੀ ਲਹਿਰ ਨਾਲ ਜੋੜਨਾ ਹੈ। ਪਰ ਕਿਸੇ ਵੀ ਦੇਸ਼ ਦੀ ਕਮਿਊਨਿਸਟ ਲਹਿਰ ਨੇ ਉਸ ਦੀ ਇਸ ਨਸੀਹਤ ਨੂੰ ਨਹੀਂ ਗੌਲਿਆ।

ਇਤਿਹਾਸ ਹੋਰ ਕੁਝ ਨਹੀਂ, ਸਗੋਂ ਮਨੁਖ ਦੀ ਚੇਤਨਾ ਉਤੇ ਉਕਰਿਆ ਉਸ ਦੇ ਭਾਈਚਾਰੇ ਦਾ ਪਿਛੋਕੜ ਹੁੰਦਾ ਹੈ। ਕੋਈ ਇਤਿਹਾਸ ਪੜ੍ਹਦਾ ਹੈ ਜਾਂ ਨਹੀਂ, ਪਰ ਇਸ ਦਾ ਕੋਈ ਨਾ ਕੋਈ ਸੰਕਲਪ ਹਰ ਮਨੁਖ ਦੀ ਚੇਤਨਾ ਵਿਚ ਵਸਿਆ ਹੁੰਦਾ ਹੈ। ਇਹ ਭਾਵੇਂ ਸੁਣ-ਸੁਣਾ ਕੇ ਹੋਵੇ ਜਾਂ ਫਿਲਮਾਂ ਦੇ ਰੂਪ ਵਿਚ ਵੇਖਿਆ ਹੋਵੇ ਜਾਂ ਕਥਾ ਕਹਾਣੀਆਂ, ਨਾਵਲਾਂ ਆਦਿ ਦੇ ਰੂਪ ਵਿਚ ਪੜ੍ਹਿਆ ਹੋਵੇ। ਇਹ ਸਾਰੇ ਕਿਸੇ ਨਾ ਕਿਸੇ ਰੂਪ ਵਿਚ ਇਤਿਹਾਸ ਨੂੰ ਲੋਕਾਂ ਦੀ ਚੇਤਨਾ ਦਾ ਹਿੱਸਾ ਬਣਾਉਂਦੇ ਰਹਿੰਦੇ ਹਨ। ਹਰ ਮਨੁਖ ਦੀ ਚੇਤਨਾ ਵਿਚ ਵਰਤਮਾਨ ਤੇ ਇਤਿਹਾਸ ਨਿਰੰਤਰ ਇਕ-ਦੂਜੇ ਨਾਲ ਟਕਰਾਓ ਵਿਚ ਰਹਿੰਦੇ ਹਨ ਅਤੇ ਇਹੀ ਟਕਰਾਓ ਖੁਦ ਮਨੁਖ ਅਤੇ ਸਮੁਚੀ ਕੌਮ ਜਾਂ ਕੌਮੀਅਤ ਦੇ ਅਗਲੇ ਵਿਕਾਸ ਦੀ ਦਿਸ਼ਾ ਤੈਅ ਕਰਦਾ ਹੈ। ਇਹੀ ਸੰਘਰਸ਼ ਮਨੁਖ ਤੇ ਮਨੁਖ ਜਾਤੀ ਦਾ ਭਵਿਖ ਤੈਅ ਕਰਦਾ ਹੈ।

ਸਾਰੀਆਂ ਕਿਤਾਬਾਂ ਅਖਬਾਰਾਂ, ਫਿਲਮਾਂ ਜਾਂ ਮਨੁਖੀ ਸੰਚਾਰ ਦੇ ਹੋਰ ਰੂਪ, ਨਿਤ ਦਿਨ ਇਸੇ ਟਕਰਾਓ ਦਾ ਪ੍ਰਗਟਾਵਾ ਕਰਦੇ ਹਨ, ਅਸੀਂ ਇਸ ਪ੍ਰਤੀ ਸੁਚੇਤ ਹੋਈਏ ਜਾਂ ਨਾ। ਅਖਬਾਰਾਂ ਹਰ ਰੋਜ਼ ਪਿਛਲੇ ਇਤਿਹਾਸ ਨੂੰ ਖਬਰਾਂ ਅਤੇ ਹੋਰ ਲਿਖਤਾਂ ਵਿਚ ਸਮੇਟ ਕੇ ਹੀ ਅੱਗੇ ਤੁਰਦੀਆਂ ਹਨ। ਇਹ ਗਲਤ-ਠੀਕ ਰੂਪ ਵਿਚ ਮਨੁਖੀ ਚੇਤਨਾ ਵਿਚ ਉਕਰਿਆ ਜਾਂਦਾ ਹੈ। ਇਸ ਆਪਮੁਹਾਰੇ ਇਤਿਹਾਸ ਨੂੰ ਫਿਲਾਸਫੀ ਵਿਚਲਾ ਗਿਆਨ ਹੀ ਸਹੀ ਰਾਹ ਵਿਖਾ ਸਕਦਾ ਹੈ, ਜਿਸ ਨੂੰ ਅਜੋਕੀ ਮਨੁਖ ਜਾਤੀ ਨੇ ਸਾਮਰਾਜੀ ਖਪਤਕਾਰੀ ਸਭਿਆਚਾਰ ਦੇ ਢਹੇ ਚੜ੍ਹ ਕੇ ਵਿਸਾਰ ਦਿਤਾ ਹੈ।

ਆਪਣੇ ਵੇਲੇ ਦੇ ਪ੍ਰਸਿਧ ਮਾਰਕਸਵਾਦੀ ਇਨਕਲਾਬੀ ਚਿੰਤਕ ਕ੍ਰਿਸਟੌਫਰ ਕੌਡਵੈਲ ਦਾ ਕਥਨ ਹੈ, "ਇਤਿਹਾਸਕ ਭੌਤਿਕਵਾਦ ਬੀਤੇ ਦੇ ਗਿਆਨ ਦੀ ਇਕ ਮੁਰਦਾ ਲਾਸ਼ ਨਹੀਂ ਹੁੰਦੀ, ਜਿਵੇਂ ਕਿ ਬੀਤਿਆ ਵਰਤਮਾਨ ਤੋਂ ਟੁਟਿਆ ਹੋਇਆ ਤੇ ਉਸ ਤੋਂ ਕੋਈ ਵਖਰਾ ਵਰਤਾਰਾ ਹੋਵੇ ਜਾਂ ਸਾਡੇ ਸਾਹਮਣੇ ਹੋ ਰਹੀਆਂ ਮਨੁਖੀ-ਸਮਾਜੀ ਸਰਗਰਮੀਆਂ, ਕੁਝ ਚਿਰ ਲਈ ਅਸੀਂ ਜਿਨ੍ਹਾਂ ਸਰਗਰਮੀਆਂ ਦੀ ਸਿਖਰ ਉਤੇ ਹਾਂ-ਇਕ ਲਹਿਰ ਵਿਚਲੀਆਂ ਤਾਕਤਾਂ-ਸਾਡੇ ਤੋਂ ਬਿਲਕੁਲ ਬਾਹਰੀ ਹੋਣ। ਇਹ ਵਰਤਮਾਨ ਵਿਚ ਕ੍ਰਿਆਸ਼ੀਲ ਬੀਤਿਆ ਹੈ, ਜੋ ਭਵਿਖ ਸਿਰਜਣ ਲਈ ਯਤਨਸ਼ੀਲ ਮਨੁਖਾਂ ਦੀ ਮਦਦ ਕਰ ਰਿਹਾ ਹੈ।"

ਮਾਰਕਸ ਤੋਂ ਪਹਿਲੇ ਜਰਮਨ ਫਿਲਾਸਫਰ ਹੀਗਲ ਦਾ ਕਥਨ ਹੈ, "ਫਿਲਾਸਫੀ ਦਾ ਇਤਿਹਾਸ ਬੀਤੇ ਨਾਲ ਨਹੀਂ, ਸਗੋਂ ਸਦਾ ਰਹਿਣ ਵਾਲੇ ਵਰਤਮਾਨ ਨਾਲ ਸਬੰਧ ਰਖਦਾ ਹੈ ਅਤੇ ਇਹ ਮਨੁਖੀ ਬੌਧਿਕਤਾ ਦੇ ਕੁਰਾਹਿਆਂ ਦਾ ਅਜਾਇਬਘਰ ਨਹੀਂ, ਸਗੋਂ ਸਾਰੀਆਂ ਰੱਬੀ ਰੂਹਾਂ (ਮਹਾਂਪੁਰਖਾਂ) ਦੇ ਇਕ-ਦੂਜੇ ਪਿਛੋਂ ਹੋਏ ਦਵੰਦਵਾਦੀ ਵਿਕਾਸ ਨਾਲ ਸਬੰਧਤ ਹੈ।"

ਏਂਗਲਜ ਨੇ ਹੀਗਲ ਦੇ ਇਸ ਕਥਨ ਦੀ ਪੁਸ਼ਟੀ ਕੀਤੀ ਹੈ, "ਹੀਗਲ ਦਾ ਦਵੰਦਵਾਦ ਕਦੇ ਨਾ ਰੁਕਣ ਵਾਲੀ, ਨਿਰੰਤਰ ਪ੍ਰਵਾਹਸ਼ੀਲ ਤਾਕਤਵਰ ਸੋਚ ਸ਼ਕਤੀ, ਹੋਰ ਕੁਝ ਨਹੀਂ ਸਗੋਂ ਸ਼ੁਧ ਸੋਚ ਵਿਚ ਮਨੁਖ ਜਾਤੀ ਦੀ ਚੇਤਨਾ ਹੈ, ਸਰਬਵਿਆਪੀ ਸੰਸਾਰ ਦੀ ਚੇਤਨਾ।"

ਮਾਰਕਸ ਦਾ ਇਤਿਹਾਸ ਬਾਰੇ ਕਥਨ ਹੈ, "ਇਤਿਹਾਸ ਕੁਝ ਨਹੀਂ ਕਰਦਾ, ਇਤਿਹਾਸ 'ਕੋਲ ਕੋਈ ਅਪਾਰ ਦੌਲਤ' ਨਹੀਂ, ਇਤਿਹਾਸ ਖੁਦ ਕੋਈ ਲੜਾਈ ਨਹੀਂ ਲੜਦਾ। ਇਹ ਮਨੁਖ, ਅਸਲੀ ਜਿਉਂਦਾ ਜਾਗਦਾ ਮਨੁਖ ਹੈ, ਜਿਹੜਾ ਇਹ ਸਾਰਾ ਕੁਝ ਕਰਦਾ ਹੈ। ਜਿਸ ਕੋਲ ਦੌਲਤ ਹੈ ਅਤੇ ਜਿਹੜਾ ਲੜਦਾ ਹੈ। ਵਿਅਕਤੀ ਤੋਂ ਬਿਨਾ ਇਤਿਹਾਸ ਇਹ ਨਹੀਂ ਸੀ ਹੋਣਾ, ਜਿਵੇਂ ਕਿ ਇਹ ਹੈ। ਮਨੁਖ ਨੂੰ ਇਕ ਸਾਧਨ ਵਜੋਂ ਵਰਤ ਕੇ ਹੀ, ਇਤਿਹਾਸ ਆਪਣਾ ਨਿਸ਼ਾਨਾ ਪ੍ਰਾਪਤ ਕਰਦਾ ਹੈ। ਇਤਿਹਾਸ ਹੋਰ ਕੁਝ ਨਹੀਂ, ਸਗੋਂ ਆਪਣੇ ਨਿਸ਼ਾਨੇ ਪ੍ਰਾਪਤ ਕਰਨ ਲਈ ਮਨੁਖੀ ਸਰਗਰਮੀ ਹੈ।"

ਫਿਲਾਸਫੀ ਸਰਬਵਿਆਪੀ ਭਾਵ ਕੁਦਰਤੀ ਨੇਮਾਂ (ਹੁਕਮ) ਦੀ ਜਾਣਕਾਰੀ ਦਿੰਦੀ ਹੈ, ਜਦੋਂ ਕਿ ਇਤਿਹਾਸ ਸਰਗਰਮ ਮਨੁਖਾਂ ਰਾਹੀਂ ਕਿਸੇ ਸਭਿਆਚਾਰਕ ਘੇਰੇ ਵਿਚ ਆਪਣੀ ਹੋਣੀ ਘੜਦਾ ਹੈ। ਕਮਿਊਨਿਜ਼ਮ ਭਾਵ ਸਰਬਸਾਂਝੀਵਾਲਤਾ ਤੇ ਸਰਬਤ ਦੇ ਭਲੇ ਦੇ ਜਜ਼ਬੇ ਨਾਲ ਜਿਉਣ ਵਾਲੇ ਚੇਤੰਨ ਸਮਾਜ ਵਿਚ ਪਹੁੰਚ ਕੇ, ਭਾਵੇਂ ਇਤਿਹਾਸ ਤੇ ਫਿਲਾਸਫੀ ਇਕ-ਮਿਕ ਹੋ ਜਾਣ, ਪਰ ਅਜੇ ਇਹ ਦੂਰ ਭਵਿਖ ਦੀ ਗੱਲ ਹੈ।

### ਗਿਆਨ ਦਾ ਮਾਰਗ

ਸ. ਅਜਮੇਰ ਸਿੰਘ ਦੇ ਚਿੰਤਨ ਸੰਸਾਰ ਦੀ ਹੋਰ ਥਾਹ ਪਾਉਣ ਲਈ, ਉਨ੍ਹਾਂ ਦੀ ਪੰਜਵੀਂ ਕਿਤਾਬ 'ਤੀਜੇ ਘਲੂਘਾਰੇ ਤੋਂ ਬਾਅਦ ਸਿੱਖਾਂ ਦੀ ਸਿਧਾਂਤਕ ਘੇਰਾਬੰਦੀ' ਦੇ ਸਤਵੇਂ ਕਾਂਡ 'ਗਿਆਨ ਦੇ ਮਾਰਗ' ਦਾ ਸੱਚ ਕੀ ਹੈ, ਤੋਂ ਅਰੰਭ ਕਰਨਾ ਸ਼ਾਇਦ ਵੱਧ ਲਾਹੇਵੰਦ ਰਹੇਗਾ। ਕਿਉਂਕਿ ਇਸ ਨਾਲ ਉਨ੍ਹਾਂ ਦੇ ਸਮੁਚੇ ਗਿਆਨ ਪ੍ਰਬੰਧ ਨੂੰ ਸਮਝਣਾ ਸੌਖਾ ਹੋ ਜਾਵੇਗਾ। ਇਸ ਕਾਂਡ ਵਿਚ ਉਨ੍ਹਾਂ ਨੇ ਤਰਕਸ਼ੀਲਤਾ ਤੇ ਮਾਨਵਵਾਦ ਦੀ ਚਰਚਾ ਕੀਤੀ ਹੈ। ਇਸ ਕਾਂਡ ਦੀ ਸ਼ੁਰੂਆਤ ਉਨ੍ਹਾਂ ਨੇ ਆਸ਼ੀਸ ਨੰਦੀ ਦੇ ਇਸ ਕਥਨ ਨਾਲ ਕੀਤੀ ਹੈ, "20ਵੀਂ ਸਦੀ ਦੇ ਅੰਤਲੇ ਚਿੰਨ੍ਹ ਪੁਲਾੜ ਖੋਜਾਂ ਤੇ ਕੰਪਿਊਟਰ ਨਹੀਂ ਹਨ, ਬਲਕਿ ਗੈਸ ਚੈਂਬਰ ਤੇ ਹੀਰੋਸ਼ੀਮਾ ਹਨ।"

ਇਸ ਕਾਂਡ ਵਿਚ ਹੀ ਉਨ੍ਹਾਂ ਨੇ ਪ੍ਰਸਿਧ ਮਾਰਕਸਵਾਦੀ ਇਤਿਹਾਸਕਾਰ ਐਰਿਕ ਹੌਬਸਬਾਮ ਦਾ ਇਕ ਹਵਾਲਾ ਦਿਤਾ ਹੈ, "1914 ਤੋਂ ਲੈ ਕੇ 1991 ਤਕ, 75 ਸਾਲਾਂ ਦੇ ਅਰਸੇ ਅੰਦਰ, 'ਮਨੁਖੀ ਫੈਸਲਿਆਂ ਦੁਆਰਾ' 18 ਕਰੋੜ 70 ਲੱਖ ਲੋਕ ਮੌਤ ਦੇ ਮੂੰਹ ਵਿਚ ਧਕ ਦਿਤੇ ਗਏ। ਦੋ ਹੋਰ ਵਿਦਵਾਨਾਂ ਦੇ ਹਾਲ ਹੀ ਦੇ ਇਕ ਅੰਦਾਜ਼ੇ ਅਨੁਸਾਰ ਪਿਛਲੀ ਸਦੀ ਦੌਰਾਨ ਜੰਗ ਨਾਲ ਸਬੰਧਤ ਹਿੰਸਾ ਦੀਆਂ ਵਾਰਦਾਤਾਂ ਦੀ ਸਾਲਾਨਾ ਦਰ 55,000 ਬਣਦੀ ਹੈ। 1950 ਤੋਂ 1989 ਤਕ, ਜਿਸ ਨੂੰ 'ਸੀਤ ਜੰਗ' (ਕੋਲਡ ਵਾਰ) ਦਾ ਦੌਰ ਕਿਹਾ ਜਾਂਦਾ ਹੈ, ਦੌਰਾਨ ਇਹ ਸਾਲਾਨਾ ਦਰ ਇਕ ਲਖ ਅੱਸੀ ਹਜ਼ਾਰ ਦੇ ਅੰਕੜੇ ਤਕ ਪਹੁੰਚ ਗਈ ਸੀ।"

ਉਨ੍ਹਾਂ ਦੇ ਇਕ ਹੋਰ ਹਵਾਲੇ ਅਨੁਸਾਰ "ਗਿਆਨ-ਵਿਗਿਆਨ ਤੇ ਸਭਿਅਤਾ ਦੇ ਯੁਗ ਅੰਦਰ ਹੀਰੋਸ਼ੀਮਾ ਤੇ ਨਾਗਾਸਾਕੀ ਉਤੇ ਸੁਟੇ ਗਏ ਐਟਮੀ ਬੰਬਾਂ ਨਾਲ ਕੁਝ ਕੁ ਪਲਾਂ ਵਿਚ ਹੀ ਜਿੰਨੀ ਤਬਾਹੀ ਹੋ ਗਈ ਸੀ, ਉਨੀ ਸ਼ਾਇਦ 'ਬਰਬਰਤਾ ਵਹਿਸ਼ਤ ਦੇ ਯੁਗ' ਅੰਦਰ ਈਸਾਈਅਤ ਤੇ ਇਸਲਾਮ ਦੇ ਪੈਰੋਕਾਰਾਂ ਵਿਚਾਲੇ ਸਦੀ ਭਰ ਚਲੀ ਜਹਾਦੀ ਜੰਗਾਂ ਦੀ ਲੜੀ ਵਿਚ ਰਲ ਕੇ ਨਹੀਂ ਹੋਈ ਹੋਣੀ। ਐਟਮੀ ਬੰਬਾਂ ਦੀ ਮਚਾਈ ਤਬਾਹੀ ਕੇਵਲ 4 ਲਖ ਤੋਂ ਵੱਧ ਮਨੁਖੀ ਜਾਨਾਂ ਦੀ ਬਲੀ ਲੈਣ ਤਕ ਸੀਮਤ ਨਹੀਂ ਸੀ ਰਹੀ। ਇਸ ਦੇ ਵਿਨਾਸ਼ਕਾਰੀ ਅਸਰਾਂ ਦਾ ਘੇਰਾ ਕਿਤੇ ਵਡਾ ਤੇ ਨਤੀਜੇ ਕਿਤੇ ਵਧ ਕਰੁਣਾਮਈ ਤੇ ਚਿਰ-ਕਾਲੀ ਸਨ। ਇਕ ਹੋਰ ਤਾਜ਼ਾ ਅੰਦਾਜ਼ੇ ਮੁਤਾਬਿਕ ਇਰਾਕ 'ਚ ਅਮਰੀਕੀ ਹਮਲੇ ਦੀ ਬਦੌਲਤ 2003 ਤੋਂ ਲੈ ਕੇ 2011 ਤਕ 5 ਲਖ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ। ਨਵੰਬਰ 2014 ਤਕ ਅਮਰੀਕਾ ਵੱਲੋਂ ਅਫਗਾਨਿਸਤਾਨ ਤੇ ਪਾਕਿਸਤਾਨ ਦੇ ਸਰਹਦੀ ਖੇਤਰ ਅੰਦਰ ਕੀਤੇ ਗਏ ਡਰੋਨ ਹਮਲਿਆਂ 'ਚ 3674 ਲੋਕ ਮਾਰੇ ਜਾ ਚੁਕੇ ਸਨ। ਇਨ੍ਹਾਂ ਹਮਲਿਆਂ ਦੌਰਾਨ ਮਿਥੇ ਹੋਏ ਇਕ 'ਦੋਸ਼ੀ' ਨੂੰ ਮਾਰਨ ਲਈ ਔਸਤਨ 25 ਬੇਦੋਸ਼ੇ ਲੋਕਾਂ ਦੀ ਬਲੀ ਲਈ ਗਈ।"

ਸ. ਅਜਮੇਰ ਸਿੰਘ ਜੇ 'ਪੂੰਜੀਵਾਦ' ਤੇ 'ਸਮਾਜਵਾਦ' ਨੂੰ ਇਕ-ਦੂਜੇ ਵਿਚ ਰਲਗਡ ਨਾ ਕਰਦੇ ਅਤੇ ਕਮਿਊਨਿਸਟ ਲਹਿਰ ਨੂੰ 'ਇਤਿਹਾਸ ਦਾ ਇਕ ਆਰਜੀ ਵਰਤਾਰਾ' ਨਾ ਸਮਝਦਿਆਂ ਉਸ ਦੀ ਘੋਖ-ਪੜਤਾਲ ਕਰਦੇ, ਤਾਂ ਉਨ੍ਹਾਂ ਨੂੰ ਇਹ ਗੱਲ ਬੜੀ ਛੇਤੀ ਸਮਝ ਆ ਜਾਣੀ ਸੀ ਕਿ ਇਹ ਸਾਰਾ ਕੁਝ ਪੂੰਜੀਵਾਦੀ ਸਾਮਰਾਜ ਦੀ ਦੇਣ ਹੈ ਅਤੇ ਇਸ ਦੇ ਇਹ ਸਾਰੇ ਵਹਿਸ਼ੀ ਲਛਣ ਕਾਰਲ ਮਾਰਕਸ ਅਤੇ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੇ ਆਗੂ ਵਲਾਦੀਮੀਰ ਇਲਿਅਚ ਲੈਨਿਨ ਨੇ ਪਹਿਲਾਂ ਹੀ ਬਿਆਨ ਕੀਤੇ ਹੋਏ ਹਨ। ਜੇ ਇਸ ਦੇ ਬਾਵਜੂਦ ਕਮਿਊਨਿਸਟ ਲਹਿਰ ਨੇ ਸਾਮਰਾਜੀ ਪੂੰਜੀਵਾਦ ਦੇ ਇਨ੍ਹਾਂ ਵਹਿਸ਼ੀ ਲਛਣਾਂ ਵੱਲ ਧਿਆਨ ਨਹੀਂ ਦਿਤਾ, ਤਾਂ ਅਮਜੇਰ ਸਿੰਘ ਦਾ ਫਰਜ਼ ਸੀ ਕਿ ਉਹ ਆਪਣੇ 'ਗਿਆਨ ਦੇ ਮਾਰਗ' ਦੀ ਖੋਜ ਉਸ ਤੋਂ ਸ਼ੁਰੂ ਕਰਨ ਦੀ ਥਾਂ ਇਸ ਨੁਕਤੇ ਤੋਂ ਸ਼ੁਰੂ ਕਰਦੇ ਕਿ ਕਮਿਊਨਿਸਟ ਲਹਿਰ ਨੇ ਸਾਮਰਾਜੀ ਪੂੰਜੀਵਾਦ ਦੇ ਇਨ੍ਹਾਂ ਵਹਿਸ਼ੀ ਲਛਣਾਂ ਵੱਲ ਧਿਆਨ ਕਿਉਂ ਨਹੀਂ ਦਿਤਾ? ਜੇ ਉਹ ਇਧਰ ਨੂੰ ਤੁਰਦੇ ਤਾਂ ਉਨ੍ਹਾਂ ਨੂੰ ਇਸ ਸਮੁਚੀ ਸਾਮਰਾਜੀ ਵਹਿਸ਼ਤ ਦੀ ਹਕੀਕਤ ਸਮਝ ਆ ਜਾਣੀ ਸੀ। ਪਰ ਅਜਮੇਰ ਸਿੰਘ ਕਿਸੇ ਮਸਲੇ ਦੀ ਧੁਰ ਤਹਿ ਤਕ ਨਾ ਜਾਣ ਦਾ, ਜੋ ਦੋਸ਼ ਦੂਜਿਆਂ ਉਤੇ ਲਾਉਂਦੇ ਹਨ, ਖੁਦ ਉਸੇ 'ਯਥਾਰਥਵਾਦੀ ਸਿਧਾਂਤ

*(ਅਗਲੇ ਸਫੇ 'ਤੇ ਜਾਰੀ)*

ਰਚਨਾ' ਦੀ ਪਹੁੰਚ ਦਾ ਸ਼ਿਕਾਰ ਹੋ ਗਏ ਹਨ। ਉਹ ਖੁਦ ਵਰਤਾਰਿਆਂ ਦੀ ਧੁਰ ਤਹਿ ਤਕ ਜਾਣ ਦੇ ਯਤਨ ਨਹੀਂ ਕਰਦੇ।

ਅਜਮੇਰ ਸਿੰਘ 'ਗੈਰ-ਯਥਾਰਥਵਾਦੀ ਸਿਧਾਂਤ ਰਚਨਾ' ਦੀ ਬੜੀ ਖੂਬਸੂਰਤ ਪੇਸ਼ਕਾਰੀ ਕਰਦੇ ਹਨ। ਉਨ੍ਹਾਂ ਦਾ ਕਥਨ ਹੈ, "ਵਿਗਿਆਨ ਦਾ ਅਸਲੀ ਐਬ ਇਸ ਦਾ ਗਿਆਨ ਹਾਸਲ ਕਰਨ ਦੀ ਵਿਧੀ ਵਿਚ ਹੈ, ਖਾਸ ਤੌਰ 'ਤੇ ਸਮਾਜੀ ਵਿਗਿਆਨ ਦੇ ਖੇਤਰ ਵਿਚ। ਇਹ ਵਿਧੀ ਕੀ ਹੈ? ਕਿਸੇ ਵਰਤਾਰੇ ਬਾਰੇ ਵਿਅਕਤੀ ਦੇ ਵਿਚਾਰ ਸਬੰਧਤ ਵਰਤਾਰੇ ਦੇ ਸਿਧੇ ਅਨੁਭਵ ਵਿਚੋਂ ਨਹੀਂ ਬਣਦੇ। ਇਹ ਵਰਤਾਰੇ ਦੀ ਹਦੀਸੀ ਭਾਵ ਅਖਰੀ ਵਿਆਖਿਆ (Verbal interpretation) ਤੋਂ ਬਣਦੇ ਹਨ। ਮਿਸਾਲ ਵਜੋਂ ਭਾਰਤ ਅੰਦਰ ਆਮ ਆਦਮੀ 'ਫਿਰਕਾਪ੍ਰਸਤੀ' ਦਾ ਮਤਲਬ ਓਹੀ ਸਮਝਦਾ ਹੈ, ਜੋ ਉਸ ਨੇ ਕਿਤਾਬਾਂ ਤੇ ਲੇਖਾਂ ਵਿਚ ਪੜ੍ਹਿਆ ਜਾਂ ਭਾਸ਼ਣਾਂ ਵਿਚ ਸੁਣਿਆ ਹੁੰਦਾ ਹੈ। ਇਸ ਬਾਰੇ ਉਸ ਦੇ ਆਪਣੇ ਮੌਲਿਕ ਅਨੁਭਵ ਦੀ ਕੋਈ ਹੈਸੀਅਤ ਨਹੀਂ। ਸੋ ਇੰਜ ਵਿਗਿਆਨ-ਮੁਖੀ ਕਲਚਰ 'ਚ ਲੋਕ ਸਾਇੰਸ ਵਲੋਂ ਵਿਕਸਿਤ ਕੀਤੀਆਂ ਆਮ ਧਾਰਨਾਵਾਂ (Generalities), ਯਾਨਿ ਸਿਧਾਂਤਕ ਘਾੜਤਾਂ (Theoretical constructs) ਨੂੰ ਹੀ 'ਅਸਲੀ ਤੱਥ' ਮੰਨਣ ਲਗ ਪੈਂਦੇ ਹਨ। ਖਾਸ ਕਰਕੇ ਉਦੋਂ, ਜਦੋਂ ਇਹ ਆਮ ਧਾਰਨਾਵਾਂ ਉਨ੍ਹਾਂ ਦੇ ਕਲਚਰ-ਮੁਖੀ ਪੂਰਵ-ਝੁਕਾਵਾਂ ਜਾਂ ਤੁਅਸਬਾਂ ਦੇ ਅਨੁਕੂਲ ਹੋਣ। ਇਸ ਸਵੈ-ਸਿਰਜੇ 'ਸੱਚ' ਨੂੰ ਆਧਾਰ ਬਣਾ ਕੇ ਨੀਤੀਆਂ ਘੜੀਆਂ ਤੇ ਲਾਗੂ ਕੀਤੀਆਂ ਜਾਂਦੀਆਂ ਹਨ। ਬਸ ਇਥੋਂ ਹੀ ਸਾਰੀ ਗੜਬੜ ਸ਼ੁਰੂ ਹੋ ਜਾਂਦੀ ਹੈ। 'ਕਰੰਸੀ' ਦੀ ਥਾਂ 'ਕਰੈਡਿਟ ਕਾਰਡ' ਲੈ ਲੈਂਦਾ ਹੈ। ਅਮੂਰਤ ਵਿਚਾਰ ਠੋਸ ਯਥਾਰਥ ਉਤੇ ਅਸਰਦਾਰ ਰੂਪ ਵਿਚ ਭਾਰੂ ਹੋ ਜਾਂਦੇ ਹਨ।"

ਅਜਮੇਰ ਸਿੰਘ ਦਾ ਇਹ ਕਥਨ ਠੋਸ ਸੱਚਾਈ ਬਿਆਨ ਕਰਦਾ ਹੈ। ਪਰ ਜਦੋਂ ਉਹ ਖੁਦ ਇਸ ਤਰਕ ਦੀ ਵਰਤੋਂ ਯਥਾਰਥ ਵਿਚ ਕਰਦੇ ਹਨ, ਤਾਂ ਇਨ੍ਹਾਂ ਹੀ ਖੱਬੇ ਪੱਖੀਆਂ ਤੇ ਉਦਾਰਪੰਥੀਆਂ ਦੀਆਂ ਧਾਰਨਾਵਾਂ ਦਾ ਸ਼ਿਕਾਰ ਹੋ ਜਾਂਦੇ ਹਨ। ਖੱਬੇ ਪੱਖੀਆਂ ਤੇ ਉਦਾਰਪੰਥੀਆਂ ਦੀ ਮਿਸਾਲ ਦਿੰਦਿਆਂ ਉਨ੍ਹਾਂ ਦਾ ਕਹਿਣਾ ਹੈ, "ਖੱਬੇ ਪੱਖੀਆਂ ਤੇ ਉਦਾਰਪੰਥੀਆਂ ਵੱਲੋਂ ਸਿੱਖ ਕੌਮ ਦੀ ਨਿਆਰੀ ਤੇ ਸੁਤੰਤਰ ਹਸਤੀ ਦੀ ਧਾਰਨਾ ਪ੍ਰਤੀ ਅਪਨਾਇਆ ਕੱਟੜ ਦੋਖੀ ਵਤੀਰਾ, ਉਨ੍ਹਾਂ ਦੇ ਠੋਸ ਯਥਾਰਥ ਦੇ ਸਿਧੇ ਅਨੁਭਵ ਵਿਚੋਂ ਪੈਦਾ ਨਹੀਂ ਹੋਇਆ। ਇਹ ਉਨ੍ਹਾਂ ਦੇ ਮਨਾਂ ਅੰਦਰ 'ਕੌਮ' ਦੀ ਪਰਿਭਾਸ਼ਾ ਬਾਰੇ ਵਸੀ ਆਮ ਧਾਰਨਾ, ਜੋ ਉਨ੍ਹਾਂ ਨੇ ਇਕ ਖਾਸ ਵੰਨਗੀ ਦੀਆਂ ਕਿਤਾਬਾਂ ਤੇ ਲਿਖਤਾਂ ਵਿਚੋਂ ਗ੍ਰਹਿਣ ਕੀਤੀ ਹੈ ਅਤੇ ਜਿਸ ਨੂੰ ਉਹ ਸੌ ਫੀਸਦੀ ਸੱਚੀ ਤੇ 'ਵਿਗਿਆਨਕ' ਮੰਨ ਕੇ ਚਲਦੇ ਹਨ, ਵਿਚੋਂ ਪੈਦਾ ਹੋਇਆ ਹੈ। ਸੋ ਇਸ ਤਰ੍ਹਾਂ ਇਹ 'ਸਿਧਾਂਤਕ ਘਾੜਤ' (ਕਲਪਨਾ) ਹੀ ਉਨ੍ਹਾਂ ਲਈ 'ਤੱਥ' (ਠੋਸ ਯਥਾਰਥ) ਦਾ ਰੁਤਬਾ ਅਖਤਿਆਰ ਕਰ ਗਈ ਹੈ। ਅਸਲੀ ਤੱਥ ਮਨਫੀ ਹੋ ਗਿਆ ਹੈ, ਸਿਧਾਂਤਕ ਘਾੜਤ ਵਿਚ ਉਨ੍ਹਾਂ ਦਾ ਇਹ ਵਿਸ਼ਵਾਸ ਏਨਾ ਪਕਾ ਹੈ ਕਿ ਠੋਸ ਯਥਾਰਥ ਉਨ੍ਹਾਂ ਲਈ ਪੂਰੀ ਤਰ੍ਹਾਂ ਬੇਮਾਅਨਾ (Irrelevant) ਹੋ ਜਾਂਦਾ ਹੈ।"

ਬੇਸ਼ਕ ਸਿੱਖ ਕੌਮ ਦੀ ਧਾਰਨਾ ਬਾਰੇ ਉਹ ਖੁਦ ਅਨੁਭਵੀ ਸੱਚ ਨਾਲੋਂ ਟੁਟ ਕੇ ਆਪਣੇ ਮਨ ਅੰਦਰ ਪਛਮੀ ਗਿਆਨ ਪ੍ਰਬੰਧ ਦੇ ਘੜੇ ਕੌਮੀ ਸੰਕਲਪਾਂ ਵਿਚ ਸਿੱਖ ਪੰਥ ਨੂੰ ਫਿਟ ਕਰਨਾ ਲੋਚਦੇ ਹਨ। ਉਨ੍ਹਾਂ ਦੀਆਂ ਪਹਿਲੀਆਂ ਲਿਖਤਾਂ ਕੌਮ ਬਾਰੇ ਅਜਿਹੀਆਂ ਘੜੀਆਂ ਘੜਾਈਆਂ ਧਾਰਨਾਵਾਂ ਨੂੰ ਹੀ ਮੰਨਣ ਲਈ ਮਜਬੂਰ ਕਰਦੀਆਂ ਹਨ। ਸਿੱਖ ਪੰਥ ਦੇ ਸਰਬਵਿਆਪੀ ਤਸੱਵਰ ਨੂੰ ਉਹ ਕੌਮੀ ਚੌਖਟੇ ਤਕ ਸੀਮਤ ਕਰ ਦਿੰਦੇ ਹਨ। ਆਪਣੀ ਇਸੇ ਘਾੜਤ ਦਾ ਹੁਣ ਉਨ੍ਹਾਂ ਨੂੰ ਖਮਿਆਜਾ ਭੁਗਤਣਾ ਪੈ ਰਿਹਾ ਹੈ। ਜੇ ਉਹ ਸਿੱਖ ਪੰਥ ਨੂੰ ਕਿਸੇ ਪਛਮੀ ਤਰਜ ਦੇ ਕੌਮੀ ਚੌਖਟੇ ਵਿਚ ਫਿਟ ਕਰਨ ਦੀ ਥਾਂ ਸਿੱਖ ਰਾਜ ਦੇ ਸੰਕਲਪ ਦੀ ਤਲਾਸ਼ ਗੁਰਮਤਿ ਵਿਚੋਂ ਕਰਦੇ ਤਾਂ ਉਨ੍ਹਾਂ ਨੂੰ 'ਹਲੇਮੀ ਰਾਜ' ਤੇ 'ਬੇਗਮਪੁਰਾ' ਸਮਾਜ ਦੇ ਸੰਕਲਪਾਂ ਦੀ ਸਮਝ ਆ ਜਾਣੀ ਸੀ। ਸਿੱਖਾਂ ਨੇ ਪੰਜਾਬ 'ਚ ਬਹੁਗਿਣਤੀ-ਘਟਗਿਣਤੀ ਦੇ ਆਧਾਰ ਉਤੇ ਰਾਜ ਨਹੀਂ ਲੈਣਾ, ਸਗੋਂ ਆਪਣੀ ਸਰਬਤ ਦੇ ਭਲੇ ਦੀ ਫਿਲਾਸਫੀ ਦੇ ਆਧਾਰ 'ਤੇ ਰਾਜ ਲੈਣਾ ਹੈ। ਹੁਣ ਤਕ ਸਾਰੇ ਰਾਜਪ੍ਰਬੰਧ ਫਿਲਾਸਫੀ ਦੇ ਆਧਾਰ 'ਤੇ ਹੀ ਸਿਰਜੇ ਜਾਂਦੇ ਰਹੇ ਹਨ। ਪਛਮੀ ਜਮਹੂਰੀਅਤ ਦਾ ਆਧਾਰ ਵੀ ਪਲੈਟੋ ਅਤੇ ਇਸਾਈਅਤ ਦੀ ਫਿਲਾਸਫੀ ਹੈ, ਜਿਸ ਨੂੰ ਸਾਮਰਾਜੀ ਪੂੰਜੀਵਾਦੀ ਆਰਥਿਕਤਾ ਚਲਾ ਰਹੀ ਹੈ ਅਤੇ ਜੋ ਹੁਣ ਆਪਣਾ ਖੋਖਲਾਪਣ ਆਪਣੇ ਅਮਲ ਵਿਚ ਸ਼ਰੇਆਮ ਪ੍ਰਗਟ ਕਰ ਰਹੀ ਹੈ। ਇਸ ਸਬੰਧੀ ਡਾ. ਅੰਬੇਡਕਰ ਦੀ ਪੜਚੋਲ ਬੜੀ ਕੀਮਤੀ ਜਾਣਕਾਰੀ ਦਿੰਦੀ ਹੈ।

ਕਹਿਣ ਨੂੰ ਭਾਵੇਂ ਸਾਡੇ ਦੇਸ਼ ਨੂੰ ਚਲਾਉਣ ਲਈ ਇਕ ਧਰਮ ਨਿਰਪਖ ਤੇ ਜਮਹੂਰੀ ਵਿਧਾਨ ਹੈ, ਪਰ ਅਸਲ ਵਿਚ ਇਸ ਨੂੰ ਬ੍ਰਾਹਮਣਵਾਦੀ ਸੋਚ ਅਤੇ ਦਲਾਲ ਸਾਮਰਾਜੀ ਅਰਥਚਾਰਾ ਚਲਾ ਰਿਹਾ ਹੈ। ਇਸੇ ਲਈ ਮੌਜੂਦਾ ਰਾਜਪ੍ਰਬੰਧ ਦਾ ਸੰਤਾਪ ਸਮੁਚੇ ਦੇਸ਼ ਦੇ ਲੋਕ ਭੁਗਤ ਰਹੇ ਹਨ। ਉਨ੍ਹਾਂ ਨੂੰ ਇਸ ਸੰਤਾਪ ਵਿਚੋਂ ਬਾਬਾ ਵਿਸਾਖਾ ਸਿੰਘ ਦੀ ਸੋਚ ਹੀ ਬਾਹਰ ਕੱਢ ਸਕਦੀ ਹੈ। ਸਿੱਖਾਂ ਵਾਸਤੇ ਮਸਲਾ ਇਸ ਸੋਚ ਭਾਵ ਸਿੱਖ ਫਿਲਾਸਫੀ ਦੇ ਅਨੁਸਾਰ ਅਜੋਕੇ ਰਾਜ ਦੇ ਨਕਸ਼ ਘੜਨ ਦਾ ਹੈ, ਸਿੱਖਾਂ ਤੇ ਸਿੱਖੀ ਨੂੰ ਕਿਸੇ ਕੌਮੀ ਚੌਖਟੇ ਵਿਚ ਫਿਟ ਕਰਨ ਦਾ ਨਹੀਂ।

ਸ. ਅਜਮੇਰ ਸਿੰਘ ਅਜੋਕੀ ਸੰਸਾਰ ਹਾਲਤ ਨੂੰ ਬੜੇ ਠੀਕ ਪ੍ਰਸੰਗ ਵਿਚ ਰਖ ਕੇ ਵੇਖਦੇ ਹਨ। ਉਨ੍ਹਾਂ ਦਾ ਕਥਨ ਹੈ, "ਇਸ ਵੇਲੇ ਕੁਝ ਵਿਕਰਾਲ ਸਮਸਿਆਵਾਂ ਤੇ ਚੁਣੌਤੀਆਂ ਮਾਨਵਤਾ ਨੂੰ ਘੂਰ ਰਹੀਆਂ ਹਨ। ਹਕੀਕਤ ਨੂੰ ਜੇ ਖੁਲ੍ਹੀਆਂ ਅੱਖਾਂ ਨਾਲ ਦੇਖਿਆ ਜਾਏ ਤਾਂ ਮਾਨਵਤਾ ਦੇ ਸਿਰ ਉਤੇ ਸਰਬਨਾਸ ਦਾ ਖਤਰਾ ਮੰਡਰਾ ਰਿਹਾ ਹੈ। ਦਰਪੇਸ਼ ਸੰਕਟ ਦਾ ਸਭ ਤੋਂ ਗੂੜ੍ਹਾ ਇਜ਼ਹਾਰ ਵਾਤਾਵਰਣ ਦੀ ਖਰਾਬੀ ਦੇ ਰੂਪ ਵਿਚ ਹੋ ਰਿਹਾ ਏ। ਬਹੁਤਾ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ, ਮਨੁਖ ਨੇ ਆਪਣੇ ਆਲੇ-ਦੁਆਲੇ ਨੂੰ ਜਿੰਨਾ ਗੰਦਾ ਅਤੇ ਅਪਵਿਤਰ ਕਰ ਦਿਤਾ ਹੈ, ਹਵਾ, ਮਿੱਟੀ ਤੇ ਪਾਣੀ ਦੇ ਬੁਨਿਆਦੀ ਤਤਾਂ ਨੂੰ ਜਿੰਨਾ ਦੂਸ਼ਿਤ ਕਰ ਦਿਤਾ ਹੈ, ਜੇ ਇਹ ਸਿਲਸਿਲਾ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਸਾਡੀ ਧਰਤੀ ਇਨ੍ਹਾਂ ਮਨੁਖੀ ਪਾਪਾਂ ਦਾ ਭਾਰ ਹੋਰ ਬਹੁਤੀ ਦੇਰ ਤਕ ਨਹੀਂ ਝੱਲ ਸਕੇਗੀ। ਇਸ ਕਰਕੇ ਇਸ ਵੇਲੇ ਮਨੁਖਤਾ ਦੇ ਸਨਮੁਖ ਸਭ ਤੋਂ ਵੱਡਾ ਤੇ ਤਦੀ ਵਾਲਾ ਸੁਆਲ ਇਹ ਖੜਾ ਹੋ ਗਿਆ ਹੈ ਕਿ ਵਾਤਾਵਰਣ ਦੀ ਖਰਾਬੀ ਦੇ ਬੇਰੋਕ ਵਗ ਰਹੇ ਇਸ ਰੁਝਾਨ ਨੂੰ ਠੱਲ੍ਹ ਕਿਵੇਂ ਪਾਈ ਜਾਵੇ?"

ਅਮਜੇਰ ਸਿੰਘ ਦਾ ਇਕ ਹੋਰ ਕਥਨ ਹੈ, "ਅੱਜ ਦੁਨੀਆਂ ਸਾਹਮਣੇ ਦੂਜਾ ਵਡਾ ਮਸਲਾ ਚਾਰੇ ਤਰਫ ਫੈਲੀ ਲੁਟ-ਖਸੁਟ, ਖੋਹਾ-ਖੋਹੀ, ਜੁਰਮ, ਜਬਰ, ਹਿੰਸਾ ਤੇ ਖੂਨ-ਖਰਾਬੇ ਦਾ ਹੈ। ਇਸ ਬੱਜਰ ਹਕੀਕਤ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ ਕਿ ਚਕਾਚੌਂਧ ਕਰ ਦੇਣ ਵਾਲੀ ਸਾਰੀ ਪਦਾਰਥਕ ਤਰੱਕੀ ਦੇ ਬਾਵਜੂਦ ਮਨੁਖ ਰੂਹਾਨੀ ਤੌਰ ਉਤੇ ਪਹਿਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਕੰਗਾਲ ਹੋ ਗਿਆ ਹੈ। ਉਸ ਦੀ ਹਿਰਸ ਦਾ ਕੋਈ ਹੱਦ-ਬੰਨਾ ਨਹੀਂ ਰਿਹਾ। ਹਰ ਕਿਸਮ ਦੇ ਵਿਸ਼ੇ-ਵਿਕਾਰ ਵਧੇ ਹਨ, ਘਟੇ ਨਹੀਂ। ਸੰਸਾਰ ਅੰਦਰ ਆਰਥਿਕ ਨਾਬਰਾਬਰੀ, ਸਮਾਜੀ ਵਿਤਕਰਾ, ਰਾਜਸੀ ਦਾਬਾ ਤੇ ਜਬਰ, ਅਨਿਆਂ, ਜ਼ੁਲਮੋ-ਤਸ਼ੱਦਦ, ਜੁਰਮ, ਹਿੰਸਾ, ਝਗੜੇ-ਬਿਖਾਦ, ਖੂਨੀ ਜੰਗਾਂ, ਸਮੂਹਿਕ ਕਤਲੇਆਮ ਤੇ ਨਸਲਕੁਸ਼ੀ ਦੀਆਂ ਵਾਰਦਾਤਾਂ ਵਿਚ ਓੜਕਾਂ ਦਾ ਵਾਧਾ ਹੋਇਆ ਹੈ। ਤਿੰਨ ਸਦੀਆਂ ਤੋਂ 'ਗਿਆਨ ਵਿਗਿਆਨ ਦਾ ਮਾਰਗ' ਅਪਨਾ ਕੇ ਚਲਣ ਤੋਂ ਬਾਅਦ ਵੀ ਮਨੁਖ ਦੀ ਨਾ ਤਾਂ ਵਿਨਾਸ਼ਕਾਰੀ ਬਿਰਤੀ ਹੀ ਬਦਲੀ ਹੈ ਅਤੇ ਨਾ ਵਿਗਿਆਨ, ਕਿਸੇ ਲਿਹਾਜ਼ ਨਾਲ ਵੀ, ਜੁਰਮ, ਜਬਰ, ਹਿੰਸਾ, ਕਤਲੋਗਾਰਤ ਤੇ ਖੂਨੀ ਜੰਗਾਂ ਦੇ ਨਾਮੁਰਾਦ ਵਰਤਾਰਿਆਂ ਦੇ ਨਿਸ਼ੇਧ ਰੁਝਾਨਾਂ ਦੀ ਰੋਕਥਾਮ ਕਰ ਸਕਣ ਵਿਚ ਸਫਲ ਹੋ ਸਕਿਆ ਹੈ। ਜਿਨ੍ਹਾਂ ਬੁਰਾਈਆਂ ਲਈ ਪਛਮੀ ਗਿਆਨ ਚਿੰਤਨ ਨੇ ਧਰਮ ਨੂੰ ਦ੍ਰਿੜ-ਨਿਸ਼ਚਿਤ ਲਹਿਜੇ ਵਿਚ ਦੋਸ਼ੀ ਕਰਾਰ ਦਿਤਾ ਸੀ, ਅੱਜ ਇਸ ਨੂੰ ਉਨ੍ਹਾਂ ਸਾਰੇ ਹੀ ਦੋਸ਼ਾਂ ਦਾ ਆਪ ਸਾਹਮਣਾ ਕਰਨਾ ਪੈ ਰਿਹਾ ਹੈ। ਸੰਸਾਰ ਦੀ ਇਸ ਅਜੋਕੀ ਦੁਰਦਸ਼ਾ ਦੀ ਜ਼ਿੰਮੇਵਾਰੀ ਕਿਹੜੇ ਗਿਆਨ ਪ੍ਰਬੰਧ ਤੇ ਸਭਿਅਤਾ ਦੇ ਸਿਰ ਆਇਦ ਹੁੰਦੀ ਹੈ?"

ਜੇ ਅਜਮੇਰ ਸਿੰਘ ਆਪਣੇ ਇਨ੍ਹਾਂ ਸਾਰੇ ਸਵਾਲਾਂ ਦੀ ਗੰਭੀਰਤਾ ਨੂੰ ਸਮਝਦੇ ਤੇ ਪਛਮੀ ਬੁਧੀਜੀਵੀਆਂ ਦੀਆਂ ਸੈਂਕੜੇ ਕਿਤਾਬਾਂ ਪੜ੍ਹਨ ਦੀ ਥਾਂ ਸਿਰਦਾਰ ਕਪੂਰ ਸਿੰਘ ਦੀ ਲਿਖੀ ਇਕ ਕਿਤਾਬ ਧਿਆਨ ਨਾਲ ਪੜ੍ਹ ਲੈਂਦੇ ਜਾਂ ਪ੍ਰੋ. ਪੂਰਨ ਸਿੰਘ ਤੇ ਅਲਾਮਾ ਇਕਬਾਲ ਦੀਆਂ ਕੁਝ ਲਿਖਤਾਂ ਪੜ੍ਹ ਲੈਂਦੇ, ਤਾਂ ਉਨ੍ਹਾਂ ਨੂੰ ਆਪਣੇ ਇਨ੍ਹਾਂ ਸਾਰੇ ਸਵਾਲਾਂ ਦਾ ਜਵਾਬ ਮਿਲ ਜਾਣਾ ਸੀ, ਪਤਾ ਲਗ ਜਾਣਾ ਸੀ ਕਿ ਇਹ ਸਾਰਾ ਕੁਝ ਸਾਮਰਾਜੀ ਵਹਿਸ਼ਤ ਦੀ ਦੇਣ ਹੈ। ਇਹ ਸਾਮਰਾਜੀ ਵਹਿਸ਼ਤ ਇਕ ਐਸੀ ਬਲਾ ਹੈ, ਜਿਸ ਨੇ ਸੰਸਾਰ ਭਰ ਦੇ ਲੋਕਾਂ ਦੀ ਬਹੁਗਿਣਤੀ ਨੂੰ ਖਪਤਕਾਰੀ ਦੇ ਮਕੜਜਾਲ ਵਿਚ ਫਸਾ ਕੇ, ਉਨ੍ਹਾਂ ਦੇ ਮਨੁਖੀ ਸਵੈਮਾਣ ਨੂੰ ਕੁਚਲ ਦਿਤਾ ਹੈ। ਖਪਤਕਾਰੀ ਦੇ ਇਸੇ ਭਰਮਜਾਲ ਨੇ ਆਲਮੀ ਕਮਿਊਨਿਸਟ ਲਹਿਰ ਹੜੱਪ ਲਈ ਹੈ। ਇਸੇ ਮਾਨਸਿਕ ਰੋਗ ਨੇ ਖਾਲਿਸਤਾਨੀ ਲਹਿਰ ਦਾ ਇਹ ਹਸ਼ਰ ਕੀਤਾ ਹੈ। ਨਹੀਂ ਤੇ ਕੀ ਕਾਰਨ ਹੈ ਕਿ ਸੁਖਬੀਰ ਸਿੰਘ ਬਾਦਲ ਵਰਗਾ ਨੀਚ ਤੇ ਕਮੀਨਾ ਮਨੁਖ, ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸਿੱਖ ਅਦਾਰਿਆਂ ਉਤੇ ਨਾਜਾਇਜ਼ ਕਬਜਾ ਕਰਕੇ, ਸ੍ਰੀ ਅਕਾਲ ਤਖਤ ਸਾਹਿਬ ਦੇ 'ਜਥੇਦਾਰ' ਤੇ ਹੋਰਨਾਂ 'ਜਥੇਦਾਰਾਂ' ਨੂੰ ਆਪਣੀਆਂ ਕਠਪੁਤਲੀਆਂ ਵਾਂਗ ਨਚਾ ਰਿਹਾ ਹੈ।

ਸਾਮਰਾਜੀ ਪੂੰਜੀਵਾਦ ਦੇ ਇਸ ਵਹਿਸ਼ੀ ਖਾਸੇ ਬਾਰੇ ਇਹ ਸਾਰੀ ਜਾਣਕਾਰੀ ਮਾਰਕਸ, ਏਂਗਲਜ ਤੇ ਲੈਨਿਨ ਦੀਆਂ ਲਿਖਤਾਂ ਤੋਂ ਹੀ ਮਿਲਦੀ ਹੈ। ਇਹ ਸਾਮਰਾਜੀ 'ਸਭਿਅਤਾ' ਹੀ 'ਸੰਸਾਰ ਦੀ ਇਸ ਅਜੋਕੀ ਦੁਰਦਸ਼ਾ' ਲਈ ਜਿੰਮੇਵਾਰ ਹੈ। ਅਜਮੇਰ ਸਿੰਘ ਨੇ ਆਪਣੇ ਇਕ ਕਥਨ ਵਿਚ ਵੀ ਇਸ ਸੱਚ ਦੀ ਪੁਸ਼ਟੀ ਕੀਤੀ ਹੈ, "ਦੁਨੀਆਂ ਭਰ ਅੰਦਰ ਸੱਚੇ ਵਾਤਾਵਰਣ ਪ੍ਰੇਮੀ ਇਸ ਗੱਲ ਬਾਰੇ ਇਕ ਰਾਇ ਹਨ ਕਿ ਵਾਤਾਵਰਣ ਦੀ ਖਰਾਬੀ ਦਾ ਮੂਲ ਕਾਰਨ ਖਪਤਕਾਰੀ ਸਭਿਆਚਾਰ ਹੈ। ਲੋਕਾਂ ਅੰਦਰ ਚੀਜ਼ਾਂ ਦੀ ਭੁੱਖ ਏਨੀ ਵਧ ਗਈ ਏ ਕਿ ਵਸਤਾਂ ਦੀ ਪੈਦਾਵਾਰ ਲੋੜ ਨਾਲੋਂ ਕਿਤੇ ਵਾਧੂ ਤੇ ਉਕਾ ਹੀ ਫਜ਼ੂਲ ਹੋ ਰਹੀ ਹੈ। ਇਸ ਕਰਕੇ ਜੇ ਵਾਤਾਵਰਣ ਦੀ ਖਰਾਬੀ ਦੇ ਰੁਝਾਨ ਨੂੰ ਠੱਲ੍ਹ ਪਾਉਣੀ ਹੈ ਤਾਂ ਲਗਾਤਾਰ ਵਧ ਰਹੀ ਪੈਦਾਵਾਰ ਦੇ ਸਿਲਸਿਲੇ ਨੂੰ ਲਗਾਮ ਦੇਣੀ ਪੈਣੀ ਹੈ, ਇਸ ਨੂੰ ਥਾਂਏਂ ਬਰੇਕਾਂ ਲਾਉਣੀਆਂ ਜ਼ਰੂਰੀ ਹੋ ਗਈਆਂ ਹਨ। ਇਸ ਵਾਸਤੇ ਲੋਕਾਂ ਦੀ ਬਿਰਤੀ ਨੂੰ ਬਦਲਣਾ, ਉਨ੍ਹਾਂ ਅੰਦਰ ਚੀਜ਼ਾਂ ਦੀ ਭੁਖ ਉਤੇ ਕਾਬੂ ਪਾਉਣਾ, ਭਾਵ ਖਪਤਕਾਰੀ ਸਭਿਆਚਾਰ ਤੋਂ ਮੁਕਤ ਹੋਣਾ ਪਹਿਲੀ ਤੇ ਅਤਿ ਜ਼ਰੂਰੀ ਲੋੜ ਬਣ ਗਈ ਹੈ।... ਕਿਸੇ ਫਲਸਫੇ ਅਥਵਾ ਗਿਆਨ ਪ੍ਰਬੰਧ ਦੇ ਭਵਿਖ-ਮੁਖੀ ਹੋਣ ਦਾ ਨਿਰਣਾ ਇਸ ਗੱਲ ਤੋਂ ਤੈਅ ਹੋਵੇਗਾ। ਬੜੀ ਸਿਧੀ ਤੇ ਸਪਸ਼ਟ ਜਿਹੀ ਗੱਲ ਐ। ਸੋ ਅਲਗ-ਅਲਗ ਗਿਆਨ ਪ੍ਰਬੰਧਾਂ ਨੂੰ ਇਸ ਰੋਸ਼ਨੀ ਵਿਚ ਰਖ ਕੇ ਵਿਚਾਰਨ ਨਾਲ ਮਸਲਾ ਸੌਖਾ ਹੱਲ ਹੋ ਸਕਦਾ ਹੈ।"

ਬੇਮੁਹਾਰੀ ਖਪਤਕਾਰੀ ਦੀ ਇਹ ਭੁਖ ਪੂੰਜੀਵਾਦੀ-ਸਾਮਰਾਜੀ ਮੰਡੀ ਦੀ ਦੇਣ ਹੈ ਅਤੇ ਇਸ ਬਾਰੇ ਮਾਰਕਸ ਏਂਗਲਜ਼ ਨੇ ਆਪਣੀਆਂ ਅਨੇਕਾਂ ਲਿਖਤਾਂ ਵਿਚ ਹਵਾਲੇ ਦਿਤੇ ਹੋਏ ਹਨ। ਇਸੇ ਕਰਕੇ ਉਨ੍ਹਾਂ ਨੇ ਇਸ ਪੂੰਜੀਵਾਦੀ ਪ੍ਰਬੰਧ ਨੂੰ ਉਲਟਾ ਕੇ ਇਸ ਦੀ ਥਾਂ ਕਮਿਊਨਿਸਟ ਸਮਾਜ ਦੀ ਸਿਰਜਣਾ ਦਾ ਹੋਕਾ ਦਿਤਾ ਸੀ। ਖਪਤਕਾਰੀ ਦੀ ਇਹ ਭੁਖ ਕਿਉਂ ਪੈਦਾ ਹੁੰਦੀ ਹੈ, ਇਸ ਦੇ ਕਾਰਨਾਂ ਨੂੰ ਮੈਂ ਆਪਣੀ ਇਕ ਲਿਖਤ (ਸਾਮਰਾਜੀ ਵਹਿਸ਼ਤ ਬਨਾਮ ਸਰਬਤ ਦਾ ਭਲਾ) ਵਿਚ ਵਿਸਥਾਰ ਨਾਲ ਬਿਆਨ ਕੀਤਾ ਹੈ ਅਤੇ ਇਹ ਜਾਣਕਾਰੀ ਵੀ ਦਿਤੀ ਹੈ ਕਿ ਇਹ ਭੁਖ ਸਿਰਫ ਤੇ ਸਿਰਫ ਸਾਰੇ ਧਰਮਾਂ ਵਿਚਲੇ ਆਤਮਿਕ ਗਿਆਨ ਨਾਲ ਹੀ ਦੂਰ ਹੋ ਸਕਦੀ ਹੈ।

ਮਾਰਕਸ ਵਲੋਂ ਵਿਕਸਿਤ ਕੀਤੀ ਕਮਿਊਨਿਸਟ ਫਿਲਾਸਫੀ ਇਸੇ ਆਤਮਿਕ ਗਿਆਨ ਦਾ ਅਨੁਭਵ ਕਰਵਾਉਂਦੀ ਹੈ, ਪਰ ਉਸ ਨੂੰ ਆਲਮੀ ਕਮਿਊਨਿਸਟ ਲਹਿਰ ਨੇ ਅਣਗੌਲਿਆ ਕਰ ਦਿਤਾ ਹੈ। ਇਹੀ ਆਤਮਿਕ ਗਿਆਨ ਗੁਰਮਤਿ ਨੇ ਦਿੱਤਾ ਹੈ।

ਪਾਕਿਸਤਾਨੀ ਮੂਲ ਦੇ ਇਕ ਵਿਦਵਾਨ ਅਕਬਰ ਐਸ. ਅਹਿਮਦ ਦੇ ਇਸ ਹਵਾਲੇ ਨਾਲ ਅਜਮੇਰ ਸਿੰਘ ਨੇ ਇਨ੍ਹਾਂ ਸਾਰੇ ਦੋਸ਼ਾਂ ਲਈ ਨਿਸ਼ਚਿਤ ਰੂਪ ਵਿਚ ਪਛਮੀ ਸਭਿਅਤਾ ਨੂੰ ਜ਼ਿੰਮੇਵਾਰ ਠਹਿਰਾਇਆ ਹੈ, "ਇਹ ਸਭਿਅਤਾ ਕਿਸੇ ਨੈਤਿਕ ਫਲਸਫੇ ਜਾਂ ਅਸੂਲਾਂ ਦੇ ਸੰਗ੍ਰਿਹ ਆਸਰੇ ਨਹੀਂ ਚਲਦੀ। ਇਸ ਦੀ ਗਤੀਸ਼ੀਲ ਊਰਜਾ ਦਾ ਸੋਮਾ ਵਿਅਕਤੀਵਾਦ ਹੈ। ਗਲਬਾ ਪਾਉਣ ਦੀ ਖਾਹਿਸ਼, ਪਦਾਰਥਕ ਵਸਤਾਂ ਹਾਸਲ ਕਰਨ ਤੇ ਇਨ੍ਹਾਂ ਦੇ ਭੰਡਾਰ ਜਮ੍ਹਾਂ ਕਰਨ ਦੀ ਅੰਨ੍ਹੀ ਭੁੱਖ! ਹਰ ਨਵੀਂ ਵਿਕਸਿਤ ਹੋਈ ਤਕਨਾਲੋਜੀ ਤੁਹਾਡੇ ਘਰ ਪਹੁੰਚਣੀ ਚਾਹੀਦੀ ਹੈ। ਇਕ ਦੂਜੇ ਨਾਲੋਂ ਵਧ-ਚੜ੍ਹ ਕੇ ਭੋਗਵਿਲਾਸ ਕਰਨ; ਗੱਲ ਕੀ ਜੀਵਨ ਦੇ ਹਰ ਖੇਤਰ ਅੰਦਰ-ਟੈਨਿਸ ਖੇਡਣ ਤੋਂ ਲੈ ਕੇ ਕਾਮ, ਵਣਜ-ਵਪਾਰ ਤੇ ਕਾਰ ਚਲਾਉਣ ਤਕ, ਹਾਵੀ ਹੋਣ ਦੀ ਅੰਨ੍ਹੀ ਖਾਹਿਸ਼ ਵਿਚੋਂ ਪੈਦਾ ਹੋਈ ਤੀਬਰ ਊਰਜਾ ਹੀ ਹੈ, ਜੋ ਇਸ ਸਭਿਅਤਾ ਨੂੰ ਗਤੀਸ਼ੀਲ ਬਣਾਉਂਦੀ ਹੈ। ਇਸ 'ਚ ਨੈਤਿਕਤਾ ਕੋਈ ਮਾਅਨੇ ਨਹੀਂ ਰਖਦੀ, ਉਤਮ ਤਕਨਾਲੋਜੀ ਹੀ ਸਭ ਕੁਝ ਹੈ। ਪਰ ਇਸ ਦੇ ਆਪਣੇ ਹੀ ਵਿਸ਼ਲੇਸ਼ਕਾਂ ਦੇ ਪੇਸ਼ ਕੀਤੇ ਸਬੂਤ ਚਾਰੇ ਪਾਸੇ ਪਸਰੇ ਅਸੰਤੋਖ ਤੇ ਨਿਰਾਸ਼ਾ ਦੀ ਕਹਾਣੀ ਦਸਦੇ ਹਨ।

...ਇਸ ਰੌਸ਼ਨੀ ਵਿਚ ਵੇਖਿਆਂ ਸਾਫ ਜ਼ਾਹਰ ਹੁੰਦਾ ਹੈ ਕਿ ਇਹ ਸਭਿਅਤਾ ਮਨੁਖਤਾ ਨੂੰ ਦਰਪੇਸ਼ ਸੁਆਲਾਂ ਦੇ ਜੁਆਬ ਮੁਹੱਈਆ ਨਹੀਂ ਕਰਦੀ। ਅਸਲ ਵਿਚ ਇਸ ਨੇ ਐਟਮੀ ਹਥਿਆਰਾਂ ਦੇ ਜਿੰਨੇ ਭੰਡਾਰ ਜਮ੍ਹਾਂ ਕਰ ਲਏ ਹਨ, ਇਸ ਦੀ ਲਾਲਸਾ ਨੇ ਵਾਤਾਵਰਣ ਨੂੰ ਜਿਸ ਹੱਦ ਤਕ ਦੂਸ਼ਿਤ ਕਰ ਦਿਤਾ ਹੈ, ਇਸ ਦੀ ਹਵਸ ਨੇ ਦੁਨੀਆਂ ਦੇ ਸੋਮਿਆਂ ਨੂੰ ਜਿਸ ਕਦਰ ਚੂੰਡ-ਮਰੂੰਡ ਕੇ ਰਖ ਦਿਤਾ ਹੈ.... ਉਸ ਨਾਲ ਧਰਤੀ ਉਤੋਂ ਨੇੜ ਭਵਿਖ ਅੰਦਰ ਹੀ ਜੀਵਨ ਦਾ ਖਾਤਮਾ ਹੋ ਜਾਣ ਦਾ ਹਕੀਕੀ ਖਤਰਾ ਖੜਾ ਹੋ ਗਿਆ ਹੈ।"

ਪਛਮੀ ਸਭਿਅਤਾ ਬਾਰੇ ਏਨਾ ਸਪਸ਼ਟ ਫਤਵਾ ਦੇਣ ਦੇ ਬਾਵਜੂਦ ਅਜਮੇਰ ਸਿੰਘ ਹਾਲੇ ਵੀ ਇਹ ਕਹਿਣ ਦੀ ਜੁਰਅਤ ਕਰ ਰਹੇ ਹਨ ਕਿ "ਜੋ ਇਨਟੈਂਸ ਡਿਬੇਟ ਚੱਲ ਰਹੀ ਹੈ, ਇੰਟਲੈਕਚੁਅਲ ਵਰਲਡ ਦੇ ਵਿਚ, ਦੁਨੀਆਂ ਪਧਰ ਦੇ ਉਤੇ, ਵੈਸਟ ਦੇ ਵਿਚ ਖਾਸ ਕਰਕੇ, ਅਜਿਹੀ ਸ਼ਾਇਦ ਪਹਿਲਾਂ ਨਹੀਂ ਚਲੀ ਸੀ, ਇਨਲਾਈਟਨਮੈਂਟ ਤੋਂ ਸ਼ਾਇਦ ਪਹਿਲੀਵਾਰ, ਤੇ ਇਸ ਰਗੜ ਵਿਚੋਂ ਸਾਰੀ ਵਿਚੋਂ ਜਰਨੀਇੰਗ ਦੇ ਵਿਚੋਂ ਨੈਚੁਰਲੀ ਰਾਹ ਨਿਕਲਣਗੇ, ਬੜੇ ਬਰੀਲੀਐਂਟ ਮਾਈਂਡ ਇਸ ਗੱਲ 'ਤੇ ਲਗੇ ਪਏ ਨੇ।"

ਜੇ ਅਕਬਰ ਐਸ. ਅਹਿਮਦ ਦਾ ਪਛਮੀ ਸਭਿਅਤਾ ਬਾਰੇ ਉਕਤ ਨਿਰਣਾ ਦਰੁਸਤ ਹੈ ਤਾਂ ਫਿਰ ਅਜਮੇਰ ਸਿੰਘ ਦਾ ਖੁਦ ਅਜੇ ਵੀ ਪਛਮ ਵਲੋਂ ਹੀ ਕਿਸੇ ਨਵੇਂ ਰਾਹ ਦੀ ਆਸ ਕਰਨੀ ਤੇ ਸਿੱਖ ਮਨਾਂ ਨੂੰ ਵੀ ਉਧਰ ਵੇਖਣ ਲਾਈ ਰਖਣਾ, ਕਿਸੇ ਭਰਮ ਤੋਂ ਵਧ ਕੁਝ ਨਹੀਂ? ਕਿਉਂਕਿ ਜਿਸ ਸਭਿਅਤਾ ਦਾ ਆਧਾਰ ਕੋਈ ਮਨੁਖਤਾ ਪਖੀ ਫਿਲਾਸਫੀ ਨਹੀਂ, ਸਗੋਂ ਪੂੰਜੀਵਾਦੀ ਸਾਮਰਾਜੀ ਲੁਟੇਰਾ ਰਾਜਪ੍ਰਬੰਧ ਹੈ, ਜਿਸ ਦਾ ਇਕੋ-ਇਕ ਮੰਤਵ ਮੁਨਾਫਾ ਕਮਾਉਣਾ ਤੇ ਵਧਾਉਣਾ ਹੈ ਤੇ ਜਿਹੜੀ ਸਭਿਅਤਾ ਅੱਜ ਸਮੁਚੀ ਮਨੁਖ ਜਾਤੀ ਨੂੰ ਤਬਾਹੀ ਦੇ ਇਸ ਕੰਢੇ ਲੈ ਆਈ ਹੈ, ਉਹ ਮਨੁਖਤਾ ਨੂੰ ਹੋਰ ਕੀ ਨਵਾਂ ਰਾਹ ਵਿਖਾਏਗੀ? ਜੇ ਅਜਮੇਰ ਸਿੰਘ ਸਿੱਖ ਇਤਿਹਾਸ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਤੋਂ ਵੀ ਜਾਣੂ ਹੁੰਦੇ ਤਾਂ ਪਤਾ ਲਗਦਾ ਕਿ ਅੱਜ ਕਿਸੇ ਨਵੇਂ ਗਿਆਨ ਦੀ ਰੌਸ਼ਨੀ ਦੀ ਕਿਰਨ, ਪਛਮ ਵਲੋਂ ਨਹੀਂ ਸਗੋਂ ਪੂਰਬ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਵਿਚੋਂ ਮਿਲਣੀ ਹੈ। ਜੇ ਆਲਮੀ ਕਮਿਊਨਿਸਟ ਲਹਿਰ ਨੇ ਮਾਰਕਸ-ਏਂਗਲਜ ਦੀ ਫਿਲਾਸਫੀ ਨੂੰ ਅਮਲ ਵਿਚ ਲਿਆਂਦਾ ਹੁੰਦਾ ਤਾਂ ਸ਼ਾਇਦ ਅਜੋਕੀ ਮਨੁਖਤਾ ਇਸ ਸਾਮਰਾਜੀ ਸੰਤਾਪ ਤੋਂ ਬਚ ਜਾਂਦੀ, ਪਰ ਇੰਜ ਨਾ ਹੋ ਸਕਿਆ।

ਹੁਣ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਹੀ ਮਾਓ-ਜੇ-ਤੁੰਗ ਦੇ ਸਭਿਆਚਾਰਕ ਇਨਕਲਾਬ ਨੂੰ ਅਗੇ ਵਧਾ ਸਕਦੀ ਹੈ ਤੇ ਮਾਰਕਸ-ਏਂਗਲਜ-ਲੈਨਿਨ ਦੀ ਵਿਕਸਿਤ ਕੀਤੀ ਇਨਕਲਾਬੀ ਰਾਜਨੀਤੀ ਵਿਚ ਜਾਨ ਪਾ ਸਕਦੀ ਹੈ। ਮਨੁਖ ਜਾਤੀ ਕੋਲ ਆਪਣੇ ਬਚਾਓ ਦਾ ਸਿਰਫ ਇਹੀ ਇਕ ਰਾਹ ਹੈ। ਕਿਉਂਕਿ ਸਿਰਫ ਇਹੀ ਫਿਲਾਸਫੀ ਮਨੁਖੀ ਜ਼ਿੰਦਗੀ ਨੂੰ ਕੁਦਰਤੀ ਨੇਮਾਂ ਅਨੁਸਾਰੀ ਵਿਉਂਤਣ ਲਈ ਵਚਨਬਧ ਹੈ। ਇਸਲਾਮ ਦੀ ਜਹਾਦੀ ਵਿਆਖਿਆ ਇਸ ਦੀ ਪੁਸ਼ਟੀ ਕਰਦੀ ਹੈ ਤੇ ਮੌਜੂਦਾ ਪੋਪ ਦੀ ਅਗਵਾਈ ਵਿਚ ਇਸਾਈਅਤ ਇਧਰ ਨੂੰ ਜਾ ਰਹੀ ਹੈ। ਡਾ. ਅੰਬੇਦਕਰ ਦੀ ਬ੍ਰਹਮਵਾਦੀ ਫਿਲਾਸਫੀ ਇਸੇ ਦ੍ਰਿਸ਼ਟੀਕੋਣ ਦਾ ਵਿਸਥਾਰ ਹੈ। ਸਰਬਸਾਂਝੀਵਾਲਤਾ ਤੇ ਸਰਬਤ ਦੇ ਭਲੇ ਦੀ ਭਾਵਨਾ ਵਾਲੀ ਪੂਰਬੀ ਜਮਹੂਰੀਅਤ ਦਾ ਆਧਾਰ, ਇਹੀ ਬ੍ਰਹਮਵਾਦੀ ਫਿਲਾਸਫੀ ਹੈ।

# ਨੇਸ਼ਨ ਸਟੇਟ ਪਾਕਿਸਤਾਨ !

**ਸੰਪਾਦਕ ਸਾਹਿਬ,**

ਵਿਚਾਰ-ਚਰਚਾ ਵਿਚ ਬਹੁਤ ਕੁਝ ਪੜ੍ਹਨ ਨੂੰ ਮਿਲ ਰਿਹਾ ਹੈ। 18 ਫਰਵਰੀ ਦੇ ਅੰਕ ਵਿਚ ਡਾ. ਸੰਦੀਪ ਸਿੰਘ ਨੇ ਆਪਣੇ ਲੇਖ 'ਨੇਸ਼ਨ ਸਟੇਟ ਅਸਲ ਵਿਚ ਕੀ ਹੈ?' ਵਿਚ ਪਾਕਿਸਤਾਨ ਦੀ ਨੇਸ਼ਨ-ਸਟੇਟ ਵਜੋਂ ਮਿਸਾਲ ਦੇ ਕੇ ਨੇਸ਼ਨ-ਸਟੇਟ ਦੀ ਪਰਿਭਾਸ਼ਾ ਨੂੰ ਸ਼ਬਦ-ਜਾਲ, ਥਿਊਰੀਆਂ, ਘੋੜੇ ਜਾਂ ਜਹਾਜ਼ਾਂ ਦੀਆਂ ਤਸ਼ਬੀਹਾਂ ਤੋਂ ਬਾਹਰ ਕੱਢ ਕੇ, ਆਮ ਪਾਠਕ ਨੂੰ ਉਨ੍ਹਾਂ ਵਲੋਂ ਸਮਝੀ ਜਾਂਦੀ ਨੇਸ਼ਨ-ਸਟੇਟ ਦੀ ਜਿਉਂਦੀ-ਜਾਗਦੀ ਬਣੀ ਬਣਾਈ ਤਸਵੀਰ ਦੇ ਦਿੱਤੀ ਹੈ। ਸੰਦੀਪ ਸਿੰਘ ਮੰਨਦੇ ਹਨ ਕਿ ਪਾਕਿਸਤਾਨ ਨੂੰ ਜਨਾਬ ਮੁਹੰਮਦ ਅਲੀ ਜਿਨਾਹ ਨੇ ਨੇਸ਼ਨ-ਸਟੇਟ ਵਜੋਂ ਕਾਇਮ ਕੀਤਾ ਸੀ। ਇਸੇ ਤਰ੍ਹਾਂ ਦੀ ਹੀ ਨੇਸ਼ਨ-ਸਟੇਟ ਸਿੱਖਾਂ ਵਾਸਤੇ ਖਾਲਿਸਤਾਨ ਬਣੇਗੀ।

ਸੰਦੀਪ ਸਿੰਘ ਪਾਕਿਸਤਾਨ ਨੂੰ ਨੇਸ਼ਨ-ਸਟੇਟ ਮੰਨਦੇ ਹਨ ਅਤੇ ਕਹਿੰਦੇ ਹਨ ਕਿ ਇਕ ਨੇਸ਼ਨ, ਕੌਮ ਦੀ ਹੋਂਦ ਅਤੇ ਸਟੇਟ ਦੀ ਹੋਂਦ ਮਿਲ ਕੇ ਨੇਸ਼ਨ-ਸਟੇਟ ਬਣਦੀ ਹੈ ਅਤੇ ਇਸ ਵਿਚ ਖੂਨ-ਖਰਾਬਾ ਨਹੀਂ ਹੋਵੇਗਾ। ਉਨ੍ਹਾਂ ਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਜਨਾਬ ਜਿਨਾਹ ਨੇ ਉਨ੍ਹਾਂ ਵਲੋਂ ਕਾਇਮ ਕੀਤੀ ਜਾ ਰਹੀ ਨੇਸ਼ਨ-ਸਟੇਟ ਯਾਨਿ ਪਾਕਿਸਤਾਨ ਨੂੰ ਖੁਦ ਜਨਮ ਤੋਂ ਪਹਿਲਾਂ ਹੀ ਮਾਰ ਦਿੱਤਾ ਸੀ। ਉਨ੍ਹਾਂ ਨੇ 11 ਅਗਸਤ 1947 ਨੂੰ ਪਾਕਿਸਤਾਨ ਕਾਂਸਟੀਚਿਊਟ ਅਸੈਂਬਲੀ, ਕਰਾਚੀ ਵਿਚ ਆਪਣੀ ਤਕਰੀਰ ਵਿਚ ਕਿਹਾ ਸੀ, "ਤੁਸੀਂ ਆਜ਼ਾਦ ਹੋ। ਹੁਣ ਤੁਸੀਂ ਨਾ ਮੁਸਲਮਾਨ ਅਤੇ ਨਾ ਹਿੰਦੂ ਹੋ, ਇਕ ਪਾਕਿਸਤਾਨੀ ਹੋਣ ਦੇ ਨਾਤੇ। ਧਰਮ ਤੁਹਾਡਾ ਨਿਜੀ ਵਿਸ਼ਵਾਸ ਹੈ। ਸਟੇਟ ਦਾ ਧਰਮ ਨਾਲ ਕੋਈ ਵਾਸਤਾ ਨਹੀਂ ਹੈ। ਤੁਹਾਡਾ ਕੋਈ ਵੀ ਧਰਮ, ਜਾਤ, ਫਿਰਕਾ ਹੋਵੇ, ਇਸ ਦਾ ਸਟੇਟ ਦੀ ਕਾਰਵਾਈ ਨਾਲ ਕੋਈ ਵਾਸਤਾ ਨਹੀਂ।"

ਇਸ ਬਿਆਨ ਨੂੰ ਅਖਬਾਰ 'ਡਾਨ', ਜੋ ਜਿਨਹਾ ਨੇ ਚਲਾਈ ਸੀ, ਵਿਚ ਤੁਸੀਂ ਪੜ੍ਹ ਸਕਦੇ ਹੋ। ਸੋ ਸੰਦੀਪ ਸਿੰਘ, ਜਿਨਹਾ ਦੇ ਇਸ ਬਿਆਨ ਤੋਂ ਬਾਅਦ ਵੀ ਪਾਕਿਸਤਾਨ ਨੂੰ ਨੇਸ਼ਨ-ਸਟੇਟ ਮੰਨਦੇ ਹਨ ਤਾਂ 'ਮੈਂ ਨਾ ਮਾਨੂੰ' ਵਾਲੀ ਗੱਲ ਹੋਵੇਗੀ।

ਜੇ ਉਹ ਫਿਰ ਵੀ ਪਾਕਿਸਤਾਨ ਨੂੰ ਖੂਨ-ਖਰਾਬੇ ਤੋਂ ਰਹਿਤ ਨੇਸ਼ਨ-ਸਟੇਟ ਦੀ ਮਿਸਾਲ ਮੰਨਦੇ ਹਨ ਤਾਂ ਕੀ ਉਹ ਦੱਸ ਸਕਦੇ ਕਿ ਪਾਕਿਸਤਾਨ ਦੇ ਟੁਕੜੇ ਕਿਉਂ ਹੋਏ? ਪਾਕਿਸਤਾਨ ਵਿਚ ਉਸ ਵਕਤ ਦੰਗੇ ਸ਼ੁਰੂ ਹੋ ਗਏ ਸਨ, ਜਦ 1948 ਵਿਚ ਜਿਨਾਹ ਨੇ ਢਾਕਾ ਵਿਚ ਕਹਿ ਦਿੱਤਾ ਸੀ ਕਿ ਸਿਰਫ ਉਰਦੂ ਹੀ ਪਾਕਿਸਤਾਨ ਦੀ ਕੌਮੀ ਜ਼ੁਬਾਨ ਹੋਵੇਗੀ। ਬੰਗਾਲੀਆਂ, ਭਾਵੇਂ ਉਹ ਵੀ ਮੁਸਲਮਾਨ ਹੀ ਸਨ, ਨੇ ਇਸ ਨੂੰ ਮਨਜ਼ੂਰ ਨਹੀਂ ਸੀ ਕੀਤਾ।

ਅੱਜ ਵੀ ਪਾਕਿਸਤਾਨ ਵਿਚ ਸੂਫੀ ਸੰਤਾਂ ਦੇ ਮਜ਼ਾਰਾਂ ਉਤੇ ਆਤਮਘਾਤੀ ਹਮਲੇ ਕਰਕੇ ਸੈਂਕੜੇ ਬੱਚੇ, ਔਰਤਾਂ, ਮਰਦ ਮਾਰੇ ਜਾ ਰਹੇ ਹਨ। ਇਕ ਸੂਫੀ ਸੰਤ ਨੇ ਹੀ ਤਾਂ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ ਸੀ। ਅਜੇ ਵੀ ਸੰਦੀਪ ਸਿੰਘ ਇਸ ਨੂੰ ਨੇਸ਼ਨ-ਸਟੇਟ ਮੰਨਦੇ ਹਨ? ਖੂਨ-ਖਰਾਬੇ ਤੋਂ ਰਹਿਤ?

ਸੰਦੀਪ ਸਿੰਘ ਨੂੰ ਅੱਜ ਕੱਲ੍ਹ ਦੇ ਕੋਈ ਵੀ ਸਿੱਖ 'ਸਿਆਸਤਦਾਨ' ਖਾਲਿਸਤਾਨ ਬਣਾਉਣ ਦੇ ਲਾਇਕ ਨਹੀਂ ਦਿਸਦੇ। ਉਨ੍ਹਾਂ ਨੇ ਸਿੱਖ ਸਿਆਸਤਦਾਨ ਦਾ ਸ਼ਬਦ ਵਰਤ ਕੇ ਸਿਆਸਤ ਨੂੰ ਹੀ ਸਟੇਟ ਬਣਾਉਣ ਦਾ ਜ਼ਿੰਮੇਵਾਰ ਮੰਨ ਕਬੂਲ ਕਰ ਲਿਆ ਹੈ। ਸਿਆਸਤ ਦਾ ਤਾਂ ਸਿੱਖੀ ਨਾਲ ਕੋਈ ਵਾਸਤਾ ਹੀ ਨਹੀਂ ਹੈ। ਉਹ ਤਾਂ ਗੁਰੂ ਸ਼ਬਦ 'ਤੇ ਖੜ੍ਹੀ ਹੈ। ਫਿਰ 'ਸਿੱਖ' ਅਤੇ 'ਸਿੱਖ ਸਿਆਸਤਦਾਨ' ਬਿਲਕੁਲ ਇਕ ਦੂਜੇ ਦੇ ਉਲਟ ਕਾਰਜ ਸ਼ਕਤੀਆਂ ਹਨ। ਸਿਆਸਤਦਾਨ ਤਾਂ ਸਿਆਸਤਦਾਨ ਹੀ ਹੋ ਸਕਦਾ ਹੈ! ਤਾਕਤ ਦਾ ਧਨੀ, ਨਾ ਕਿ ਧਰਮ ਦਾ ਧਨੀ। ਸੰਦੀਪ ਸਿੰਘ ਦੀ ਸੋਚਣੀ ਧਰਮ ਤੋਂ ਪਹਿਲਾਂ ਸਿਆਸਤ ਨੂੰ ਹੀ ਖਾਲਿਸਤਾਨ ਬਣਾਉਣ ਦੀ ਜ਼ਿੰਮੇਵਾਰੀ ਦੇ ਬੈਠੀ ਹੈ।

ਮੈਂ ਜੋ ਖਦਸ਼ਾ ਜ਼ਾਹਰ ਕੀਤਾ ਸੀ ਕਿ ਸੰਦੀਪ ਸਿੰਘ ਉਨ੍ਹਾਂ ਸਿੱਖਾਂ ਨੂੰ, ਜਿਵੇਂ ਚੀਫ ਜਸਟਿਸ ਆਫ ਇੰਡੀਆ, ਸੈਨਾ ਦੇ ਮੁਖੀ, ਏਅਰ ਫੋਰਸ ਦੇ ਮੁਖੀ, ਚੀਫ ਮਨਿਸਟਰ ਆਦਿ ਜੋ ਭਾਰਤ ਸਰਕਾਰ ਦਾ ਹਿੱਸਾ ਹਨ, ਨੂੰ ਗੈਰ ਸਿੱਖ ਹੀ ਨਾ ਕਰਾਰ ਦੇ ਦੇਣ! ਉਹੀ ਹੋਇਆ, ਉਨ੍ਹਾਂ ਨੇ ਇਨ੍ਹਾਂ ਨੂੰ ਗੁਲਾਮ ਸਿੱਖ ਕਹਿ ਹੀ ਦਿੱਤਾ।

ਹੁਣ ਸੰਦੀਪ ਸਿੰਘ ਆਪਣੇ ਆਪ ਨੂੰ ਆਜ਼ਾਦ ਸਿੱਖ ਅਖਵਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਜੇ ਕਿਸੇ ਵੀ ਅਦਾਰੇ ਵਾਸਤੇ ਕੰਮ ਕਰਦੇ ਹੋਣ ਜੋ ਕਿ ਭਾਰਤ ਵਿਚ ਮੌਜੂਦ ਹੈ, ਉਸ ਨੂੰ ਛੱਡ ਦੇਣ ਅਤੇ ਇਸ ਗੁਲਾਮੀ ਸਿਸਟਮ ਵਿਚ ਪ੍ਰਾਪਤ ਕੀਤੀਆਂ ਡਿਗਰੀਆਂ ਨੂੰ ਤਿਲਾਂਜਲੀ ਦੇ ਕੇ ਆਜ਼ਾਦ ਹੋਣ ਦਾ ਝੰਡਾ ਚੁੱਕਣ। ਬਣਦੀ ਸਰਦੀ ਮਾਲੀ ਮਦਦ ਦਾਸ ਵੀ ਦੇ ਦੇਵੇਗਾ (ਪੰਜਾਬ ਟਾਈਮਜ਼ ਦੇ ਜ਼ਰੀਏ)। ਉਨ੍ਹਾਂ ਨੂੰ ਇਹ ਕੰਮ ਦੂਸਰਿਆਂ 'ਤੇ ਨਹੀਂ ਛੱਡਣਾ ਚਾਹੀਦਾ ਕਿਉਂਕਿ "ਸਿੱਖ ਸੰਗਤਾਂ ਤਾਂ ਲਾਪਰਵਾਹ ਹਨ।" (ਬਕੌਲ ਕਰਮਜੀਤ ਸਿੰਘ ਚੰਡੀਗੜ੍ਹ)

*-ਕਮਲਜੀਤ ਸਿੰਘ ਫਰੀਮਾਂਟ*

# ਕਹਿ ਰਵਿਦਾਸ ਨਿਦਾਨਿ ਦਿਵਾਨੇ

**ਗੁਰੂ ਗ੍ਰੰਥ ਸਾਹਿਬ ਵਿਚ ਜਾਤ-ਪਾਤ ਦੇ ਭਿੰਨ-ਭੇਦ ਤੋਂ ਉਪਰ ਉਠ ਕੇ ਸਮੂਹ ਭਗਤਾਂ-ਸੰਤਾਂ ਨੂੰ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ ਸਗੋਂ ਕਈ ਥਾਂ ਗੁਰੂ ਸਾਹਿਬਾਨ ਨੇ ਉਨ੍ਹਾਂ ਨੂੰ ਆਪਣੇ ਤੋਂ ਵੀ ਉਪਰ ਦਾ ਦਰਜਾ ਦਿੱਤਾ ਹੈ ਪਰ ਅੱਜ ਦੀ ਸਥਿਤੀ ਦਾ ਦੁਖਾਂਤ ਇਹ ਹੈ ਕਿ ਅਸੀਂ ਗੁਰੂ ਸਾਹਿਬਾਨ ਤੋਂ ਬੇਮੁਖ ਹੋ ਕੇ ਜਾਤ-ਪਾਤ ਦੇ ਚਿਹਨ ਚੱਕਰ ਵਿਚ ਫਸ ਗਏ ਹਾਂ। ਗੁਰੂ ਸਾਹਿਬਾਨ ਨੇ ਕਿਸੇ ਵੀ ਤਰ੍ਹਾਂ ਦੇ ਭਿੰਨ-ਭੇਦ ਤੋਂ ਸਾਨੂੰ ਮੁਕਤ ਕੀਤਾ ਸੀ ਪਰ ਅੱਜ ਅਸੀਂ ਜਾਤਾਂ ਦੇ ਆਧਾਰ 'ਤੇ ਆਪੋ ਆਪਣੇ ਗੁਰਦੁਆਰੇ ਬਣਾਈ ਬੈਠੇ ਹਾਂ। ਕੀ ਇਹ ਸਭ ਗੁਰਬਾਣੀ ਦੀ ਰੋਸ਼ਨੀ ਵਿਚ ਸਹੀ ਹੈ? ਹਥਲੇ ਲੇਖ ਵਿਚ ਲੇਖਕ ਨੇ ਇਹੀ ਸਵਾਲ ਉਠਾਇਆ ਹੈ। -ਸੰਪਾਦਕ**

ਸਿੱਖ ਲਹਿਰ ਸੁਤੰਤਰਤਾ, ਸਮਾਜਕ ਨਿਆਂ ਅਤੇ ਨਿਮਨ ਵਰਗ ਦੇ ਉਥਾਨ ਅਤੇ ਬਰਾਬਰੀ ਦੇ ਹੋਕੇ ਨਾਲ ਪੂਰੇ ਪੂਰਬੀ ਅਰਧ ਗੋਲੇ 'ਤੇ ਇਕ ਦਮ ਉਭਰੀ ਸੀ ਜੋ ਪੂਰੀ ਮਨੁੱਖਤਾ ਨੂੰ ਹਰ ਤਰ੍ਹਾਂ ਨਾਲ ਬੁਲੰਦੀਆਂ 'ਤੇ ਪਹੁੰਚਾਉਣ ਵਾਲੀ ਲੀਡਰਸ਼ਿਪ ਦੇਣ ਦੀ ਸੰਭਾਵਨਾ ਨਾਲ ਓਤਪੋਤ ਸੀ। ਇਸ ਨੇ ਸੰਸਾਰ ਭਰ ਦੇ ਦਲਿਤਾਂ, ਦਮਿਤਾਂ ਅਤੇ ਸ਼ੋਸ਼ਤ ਲੋਕਾਂ ਦਾ ਝੰਡਾ ਬਰਦਾਰ ਬਣਨਾ ਸੀ। ਕਮਜ਼ੋਰ ਬੰਦੇ, ਭਾਈਚਾਰੇ ਜਾਂ ਦੇਸ਼ ਨੂੰ ਡਰਾਉਣ ਵਾਲੇ ਹਰ ਜਾਬਰ ਅਤੇ ਸਾਮਰਾਜੀਏ ਲਈ ਖੌਫ ਬਣਨਾ ਸੀ। ਪਰ ਵਿਹਾਰਕ ਰੂਪ ਵਿਚ ਅਜਿਹਾ ਹੋ ਨਹੀਂ ਸਕਿਆ। ਅੱਜ ਅਸੀਂ ਕੇਵਲ 'ਵੱਖਰੀ ਪਛਾਣ' ਦਾ ਫਿਕਰ ਕਰਨ ਜੋਗੇ ਰਹਿ ਗਏ ਹਾਂ। ਚਿੰਤਨ ਗੋਚਰੀ ਗੱਲ ਇਹ ਹੈ ਕਿ ਅਸੀਂ ਕਿਧਰੇ ਕੇਸਾਂ ਅਤੇ ਪੱਗਾਂ ਦੇ ਦਿਖਾਵੇ ਨਾਲ ਹੀ ਗੁਜ਼ਰ ਬਸਰ ਅਤੇ ਸਬਰ ਕਰਨ ਜੋਗੇ ਨਾ ਰਹਿ ਜਾਈਏ। ਅਸਲ ਵਿਚ ਅਸੀਂ ਆਪਣੀਆਂ ਵਿਚਾਰਧਾਰਕ ਜੜ੍ਹਾਂ ਨਾਲੋਂ ਨਿਖੜ ਕੇ ਸਿੱਖੀ ਦੀ ਮੂਲ ਤਾਸੀਰ ਗੁਆਈ ਜਾ ਰਹੇ ਹਾਂ। ਭਗਤ ਰਵਿਦਾਸ ਵਰਗੇ ਸਿਧਾਂਤਕਾਰਾਂ ਅਤੇ ਚਿੰਤਕਾਂ ਦੀ ਰਚਨਾ ਨੂੰ ਸਮੁੱਚੇ ਭਾਈਚਾਰੇ ਦੇ ਵਿਰਾਸਤੀ ਗੌਰਵ ਦੇ ਰੂਪ ਵਿਚ ਸਥਾਪਿਤ ਕਰਨ ਦੀ ਲੋੜ ਹੈ।



**ਜਸਵੰਤ ਸਿੰਘ ਜ਼ਫ਼ਰ**
**ਫੋਨ:91-96461-18208**

ਗੁਰੂ ਨਾਨਕ ਨੇ ਲੰਮੀਆਂ ਵਾਟਾਂ ਮਾਰ ਕੇ ਗੁਰਮਤਿ ਗਿਆਨ ਪ੍ਰਕਾਸ਼ ਦੇ ਸਰੋਤਾਂ ਦੀ ਪਛਾਣ ਕਰਕੇ ਵੱਖ ਵੱਖ ਬਾਣੀਕਾਰਾਂ ਦੀ ਬਾਣੀ ਕਰੜੀ ਮਿਹਨਤ ਨਾਲ ਇਕੱਠੀ ਕੀਤੀ। ਉਨ੍ਹਾਂ ਤੋਂ ਪੌਣੀ ਕੁ ਸਦੀ ਪਹਿਲਾਂ ਹੋਏ ਭਗਤ ਰਵਿਦਾਸ ਦੀ ਬਾਣੀ ਗੁਰਮਤਿ ਗਿਆਨ ਅਤੇ ਗੁਰਮਤਿ ਚਿੰਤਨ ਦਾ ਅਹਿਮ ਖਜਾਨਾ ਸੀ। ਇਹ ਬਾਣੀ ਗੁਰੂ ਨਾਨਕ ਨੇ ਸੰਭਾਲ ਕੇ ਹੋਰ ਬਾਣੀਕਾਰਾਂ ਅਤੇ ਆਪਣੀ ਬਾਣੀ ਸਹਿਤ ਪੋਥੀ ਸਾਹਿਬ ਦੇ ਰੂਪ ਵਿਚ ਆਪਣੇ ਵਾਰਿਸ ਭਾਈ ਲਹਿਣੇ ਨੂੰ ਗੁਰਿਆਈ ਦੇ ਰੂਪ ਵਿਚ ਸੌਂਪੀ। ਗੁਰੂ ਅਮਰਦਾਸ ਨੇ ਇਸ ਬਾਣੀ ਨੂੰ 'ਸੱਚ' ਕਿਹਾ:

ਵਾਹੁ ਵਾਹੁ ਬਾਣੀ ਸਚੁ ਹੈ
ਗੁਰਮੁਖਿ ਲਧੀ ਭਾਲਿ॥
ਵਾਹੁ ਵਾਹੁ ਸਬਦੇ ਉਚਰੈ
ਵਾਹੁ ਵਾਹੁ ਹਿਰਦੈ ਨਾਲਿ॥ (ਪੰਨਾ 514)

ਇਸ ਤੋਂ ਬਾਅਦ ਹੋਰ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਰਚਨਾ ਸ਼ਾਮਿਲ ਹੋਣ ਨਾਲ ਇਸ ਪੋਥੀ ਸਾਹਿਬ ਨੇ ਗੁਰੂ ਅਰਜਨ ਦੇਵ ਤੱਕ ਪਹੁੰਚ ਕੇ ਆਦਿ ਸ੍ਰੀ ਗ੍ਰੰਥ ਸਾਹਿਬ ਦਾ ਰੂਪ ਧਾਰਨ ਕੀਤਾ। ਗੁਰੂ ਰਾਮਦਾਸ ਨੇ ਇਸ ਬਾਣੀ ਨੂੰ ਅੰਮ੍ਰਿਤ ਕਹਿ ਕੇ ਵਡਿਆਇਆ:

ਅੰਮ੍ਰਿਤ ਬਾਣੀ ਭਗਤ ਜਨਾ ਕੀ
ਮੇਰੀ ਜਿੰਦੁੜੀਏ ਮਨਿ ਸੁਣੀਐ
ਹਰਿ ਲਿਵ ਲਾਏ ਰਾਮ॥ (ਪੰਨਾ 538)

ਜੇ ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਸੱਚੀ ਬਾਣੀ ਮੰਨਦੇ ਹਾਂ ਤਾਂ ਗੁਰੂ ਅਮਰਦਾਸ ਮੁਤਾਬਕ ਭਗਤ ਰਵਿਦਾਸ ਸਮੇਤ ਇਹ ਸਾਰੇ ਬਾਣੀਕਾਰ ਸਾਡੇ ਸਤਿਗੁਰੂ ਹਨ:

ਬਾਣੀ ਤ ਕਚੀ ਸਤਿਗੁਰੂ ਬਾਝਹੁ
ਹੋਰ ਕਚੀ ਬਾਣੀ॥ (ਪੰਨਾ 920)

ਜੇ ਗੁਰੂ ਸਾਹਿਬਾਨ ਦੀ ਬਾਣੀ ਗੁਰੂ ਹੈ ਤਾਂ ਗੁਰੂ ਨਾਨਕ ਤੋਂ ਪਹਿਲਾਂ ਪੈਦਾ ਹੋਏ ਭਗਤ ਰਵਿਦਾਸ ਦੀ ਬਾਣੀ ਤਾਂ ਸਾਡੀ ਆਦਿ ਗੁਰੂ ਹੈ। ਗੁਰੂ ਗ੍ਰੰਥ ਸਾਹਿਬ ਦੇ ਪੰਨਾ 1192 'ਤੇ ਗੁਰੂ ਅਰਜਨ ਦੇਵ ਦਾ ਬਸੰਤ ਰਾਗ ਵਿਚ ਸ਼ਬਦ ਹੈ, ਜਿਸ ਵਿਚ ਉਹ ਗੁਰੂ ਨਾਨਕ ਦੇਵ ਨੂੰ ਰਿਸ਼ੀ ਬਾਲਮੀਕ ਅਤੇ ਧਰੂ ਭਗਤ ਤੋਂ ਚਲੀ ਆ ਰਹੀ ਭਗਤੀ ਪਰੰਪਰਾ ਦੀ ਨਿਰੰਤਰਤਾ ਵਜੋਂ ਦੇਖਦੇ ਹਨ। ਸ਼ਬਦ ਵਿਚ ਇਨ੍ਹਾਂ ਸਮੂਹ ਸੰਤਾਂ-ਭਗਤਾਂ ਨੂੰ ਨਮੋ ਕੀਤਾ ਗਿਆ ਹੈ। ਸ਼ਬਦ ਹੈ:

ਸੁਣਿ ਸਾਖੀ ਮਨ ਜਪਿ ਪਿਆਰ॥
ਅਜਾਮਲੁ ਉਧਰਿਆ ਕਹਿ ਏਕ ਬਾਰ॥
ਬਾਲਮੀਕੈ ਹੋਆ ਸਾਧਸੰਗੁ॥
ਧ੍ਰੂ ਕਉ ਮਿਲਿਆ ਹਰਿ ਨਿਸੰਗ॥

ਸ਼ਬਦ ਦੀ ਸਮਾਪਤੀ ਇਸ ਤਰ੍ਹਾਂ ਹੁੰਦੀ ਹੈ:

ਕਬੀਰਿ ਧਿਆਇਓ ਏਕ ਰੰਗ॥
ਨਾਮਦੇਵ ਹਰਿ ਜੀਉ ਬਸਹਿ ਸੰਗਿ॥
ਰਵਿਦਾਸ ਧਿਆਏ ਪ੍ਰਭ ਅਨੂਪ॥
ਗੁਰ ਨਾਨਕ ਦੇਵ ਗੋਵਿੰਦ ਰੂਪ॥

ਜਿਸ ਭਗਤੀ ਪਰੰਪਰਾ ਨੂੰ ਗੁਰੂ ਨਾਨਕ ਦੇਵ ਨੇ ਇਕ ਸ਼ਕਤੀਸ਼ਾਲੀ ਲਹਿਰ ਵਿਚ ਤਬਦੀਲ ਕੀਤਾ, ਭਗਤ ਰਵਿਦਾਸ ਨੂੰ ਇਸ ਸ਼ਬਦ ਰਾਹੀਂ ਉਸ ਪਰੰਪਰਾ ਦਾ ਅਹਿਮ ਪੜਾਅ ਜਾਂ ਮੀਲ ਪੱਥਰ ਤਸਲੀਮ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਦੇ ਪੰਨਾ 1207 'ਤੇ ਸਾਰੰਗ ਰਾਗ ਵਿਚ ਦਰਜ ਇਕ ਹੋਰ ਸ਼ਬਦ ਵਿਚ ਗੁਰੂ ਅਰਜਨ ਦੇਵ ਭਗਤ ਰਵਿਦਾਸ ਤੇ ਦੂਸਰੇ ਬਾਣੀਕਾਰਾਂ ਦੀ ਸ੍ਰੇਸ਼ਠਤਾ ਦਾ ਧਿਆਨ ਧਰਦੇ ਹਨ ਅਤੇ ਆਪਣਾ ਪ੍ਰੇਰਨਾ ਸਰੋਤ ਮੰਨਦੇ ਹਨ। ਇਸ ਤੋਂ ਵੀ ਵਧ ਕੇ, ਖੁਦ ਨੂੰ ਉਨ੍ਹਾਂ ਦੇ ਚਰਨਾਂ ਦੀ ਧੂੜ ਆਖਦੇ ਹਨ:

ਭਲੋ ਕਬੀਰੁ ਦਾਸੁ ਦਾਸਨ ਕੋ
ਊਤਮੁ ਸੈਨੁ ਜਨੁ ਨਾਈ॥
ਊਚ ਤੇ ਊਚ ਨਾਮਦੇਉ ਸਮਦਰਸੀ
ਰਵਿਦਾਸ ਠਾਕੁਰ ਬਣਿ ਆਈ॥
ਜੀਉ ਪਿੰਡੁ ਤਨੁ ਧਨੁ ਸਾਧਨ ਕਾ
ਇਹੁ ਮਨੁ ਸੰਤ ਰੇਨਾਈ॥
ਸੰਤ ਪ੍ਰਤਾਪਿ ਭਰਮ ਸਭਿ ਨਾਸੇ
ਨਾਨਕ ਮਿਲੇ ਗੁਸਾਈ॥

ਗੁਰੂ ਅਰਜਨ ਦੇਵ ਤੋਂ ਪਹਿਲਾਂ ਗੁਰੂ ਰਾਮਦਾਸ ਵੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 835 'ਤੇ ਬਿਲਾਵਲ ਰਾਗ ਵਿਚ ਦਰਜ ਸ਼ਬਦ ਰਾਹੀਂ ਭਗਤ ਰਵਿਦਾਸ ਅਤੇ ਹੋਰ ਸੰਤਾਂ-ਭਗਤਾਂ ਦੀ ਜ਼ਾਤ (ਸ਼ਖਸੀਅਤ) ਨੂੰ ਸਭ ਜਾਤਾਂ ਤੋਂ ਸ੍ਰੇਸ਼ਠ ਕਹਿ ਕੇ ਵਡਿਆਉਂਦੇ ਹਨ:

ਅੰਡਜ ਜੇਰਜ ਸੇਤਜ ਉਤਭੁਜ
ਸਭਿ ਵਰਨ ਰੂਪ ਜੀਅ ਜੰਤ ਉਪਈਆ॥
ਸਾਧੂ ਸਰਣਿ ਪਰੈ ਸੋ ਉਬਰੈ
ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ॥
ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ
ਰਵਿਦਾਸੁ ਚਮਿਆਰੁ ਚਮਈਆ॥

ਭੱਟ ਕਲ ਨੇ ਆਪਣੇ ਸਵੱਈਆਂ ਵਿਚ ਇਨ੍ਹਾਂ ਆਦਿ ਸੰਤਾਂ-ਭਗਤਾਂ ਦਾ ਉਚੇਚਾ ਜ਼ਿਕਰ ਕੀਤਾ ਹੈ:

ਗੁਣ ਗਾਵੈ ਰਵਿਦਾਸੁ
ਭਗਤੁ ਜੈਦੇਵ ਤ੍ਰਿਲੋਚਨ॥
ਨਾਮਾ ਭਗਤੁ ਕਬੀਰੁ ਸਦਾ ਗਾਵਹਿ
ਸਮ ਲੋਚਨ॥ (ਪੰਨਾ 1390)

ਇਸ ਤਰ੍ਹਾਂ ਹੋਰ ਬਾਣੀਕਾਰਾਂ ਦੀ ਰਚਨਾ ਵਿਚ ਭਗਤ ਰਵਿਦਾਸ ਦਾ ਆਦਰ ਭਰਿਆ ਜ਼ਿਕਰ ਉਨ੍ਹਾਂ ਦੀ ਗੁਰਮਤਿ ਅੰਦਰ ਵੱਡੀ ਵਡਿਆਈ ਨੂੰ ਸਥਾਪਿਤ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੇ ਸ੍ਰੀਰਾਗੁ ਵਿਚ 1, ਗਉੜੀ ਵਿਚ 2, ਗਉੜੀ ਬੈਰਾਗਣਿ ਵਿਚ 2, ਗਉੜੀ ਪੂਰਬੀ ਵਿਚ 1, ਆਸਾ ਰਾਗ ਵਿਚ 6, ਗੂਜਰੀ ਵਿਚ 1, ਸੋਰਠਿ ਵਿਚ 7, ਧਨਾਸਰੀ ਵਿਚ 3, ਜੈਤਸਰੀ ਵਿਚ 1, ਸੂਹੀ ਵਿਚ 3, ਬਿਲਾਵਲ ਵਿਚ 2, ਗੋਂਡ ਵਿਚ 2, ਰਾਮਕਲੀ ਵਿਚ 1, ਮਾਰੂ ਵਿਚ 2, ਕੇਦਾਰਾ ਵਿਚ 1, ਭੈਰਉ ਵਿਚ 1, ਬਸੰਤੁ ਵਿਚ 1 ਅਤੇ ਮਲਾਰ ਰਾਗ ਵਿਚ 3 ਸ਼ਬਦ ਮੌਜੂਦ ਹਨ। ਇਸ ਤਰ੍ਹਾਂ 18 ਰਾਗਾਂ ਵਿਚ ਉਨ੍ਹਾਂ ਦੇ ਕੁਲ 40 ਸ਼ਬਦ ਹਨ। ਪਰੰਤੂ ਉਨ੍ਹਾਂ ਦੇ ਬੋਲਾਂ, ਵਿਚਾਰਾਂ ਅਤੇ ਉਨ੍ਹਾਂ ਪ੍ਰਤੀ ਆਦਰ ਦੇ ਭਾਵ ਦੀ ਗੂੰਜ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਥਾਂ ਫੈਲੀ ਹੋਈ ਮਿਲਦੀ ਹੈ। ਗੁਰੂ ਸਾਹਿਬਾਨ ਦੇ ਭਗਤ ਰਵਿਦਾਸ ਪ੍ਰਤੀ ਸਤਿਕਾਰ ਅਤੇ ਆਤਮਿਕ ਨੇੜਤਾ ਕਾਰਨ ਉਨ੍ਹਾਂ ਦੀ ਬਾਣੀ ਵਿਚ ਭਗਤ ਰਵਿਦਾਸ ਦੇ ਬੋਲ ਆਪ ਮੁਹਾਰੇ ਆਣ ਮਿਲਦੇ ਹਨ। ਮਿਸਾਲ ਵਜੋਂ:

**ਭਗਤ ਰਵਿਦਾਸ:**
ਊਚੇ ਮੰਦਰ ਸੁੰਦਰ ਨਾਰੀ॥
ਰਾਮ ਨਾਮ ਬਿਨੁ ਬਾਜੀ ਹਾਰੀ॥
(ਪੰਨਾ 659)

**ਗੁਰੂ ਨਾਨਕ:**
ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ॥
ਪੁਤ੍ਰ ਕਲਤ੍ਰ ਲਗਿ ਨਾਮੁ ਵਿਸਾਰੀ॥
(ਪੰਨਾ 412)

**ਭਗਤ ਰਵਿਦਾਸ:**
ਕਾਮ ਕ੍ਰੋਧ ਮਾਇਆ ਮਦ ਮਤਸਰ
ਇਨ ਪੰਚਹੁ ਮਿਲਿ ਲੂਟੇ॥ (ਪੰਨਾ 973)

**ਗੁਰੂ ਅਰਜਨ ਦੇਵ:**
ਕਾਮ ਕ੍ਰੋਧ ਮਾਇਆ ਮਦ ਮਤਸਰ
ਏ ਖੇਲਤ ਸਭਿ ਜੂਐ ਹਾਰੇ॥ (ਪੰਨਾ 379)

ਗੁਰੂ ਨਾਨਕ ਦੇਵ ਤੋਂ ਮਗਰਲੇ ਗੁਰੂ ਸਾਹਿਬਾਨ ਨੇ ਨਾਨਕ-ਮਾਰਗ ਦੇ ਪਾਂਧੀ ਹੋਣ ਕਰਕੇ ਆਪਣੇ ਆਪ ਨੂੰ ਬਾਣੀ ਵਿਚ 'ਨਾਨਕ' ਹੀ ਲਿਖਿਆ। ਭਗਤ ਕਬੀਰ ਦੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਲੋਕਾਂ ਵਿਚ ਕਈ ਥਾਂਈਂ ਜੋ ਸਲੋਕ 'ਮਹਲਾ ਪੰਜਵਾਂ' ਲਿਖ ਕੇ ਆਉਂਦੇ ਹਨ, ਉਨ੍ਹਾਂ ਵਿਚ ਗੁਰੂ ਅਰਜਨ ਦੇਵ ਨੇ ਆਪਣੇ ਨਾਂ ਲਈ ਨਾਨਕ ਦੀ ਬਜਾਏ 'ਕਬੀਰ' ਵਰਤਿਆ ਹੈ। ਇਸ ਗੱਲ ਨੂੰ ਭਗਤੀ ਲਹਿਰ ਦਾ ਵਿਚਾਰਧਾਰਕ ਪ੍ਰਵਾਹ ਕਹਿ ਸਕਦੇ ਹਾਂ ਕਿ ਭਗਤ ਕਬੀਰ ਨੇ ਆਪਣੇ ਇਕ ਸਲੋਕ ਵਿਚ ਖੁਦ ਨੂੰ 'ਰਵਿਦਾਸ' ਕਿਹਾ ਹੈ:

ਹਰਿ ਸੋ ਹੀਰਾ ਛਾਡਿ ਕੈ
ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ
ਸਤਿ ਭਾਖੈ ਰਵਿਦਾਸ॥ (ਪੰਨਾ 1377)

ਭਗਤ ਕਬੀਰ ਐਵੇਂ ਨਹੀਂ ਆਪਣੇ ਆਪ ਨੂੰ ਰਵਿਦਾਸ ਆਖਦੇ। ਉਹ ਆਪਣੀ ਸ਼ਖਸੀਅਤ ਦੀ ਬੁਲੰਦੀ ਪਿੱਛੇ ਭਗਤ ਰਵਿਦਾਸ ਦੀ ਹੋਂਦ ਦੇ ਮਹੱਤਵ ਨੂੰ ਪਛਾਣਦੇ ਸਨ। ਜਾਂ ਕਹਿ ਸਕਦੇ ਹਾਂ ਕਿ ਭਗਤ ਕਬੀਰ, ਭਗਤ ਰਵਿਦਾਸ ਦੇ ਬੋਲਾਂ ਨੂੰ 'ਸਤਿ' ਕਰਕੇ ਜਾਣਦੇ ਸਨ। ਇਸ ਕਰਕੇ ਅਸੀਂ ਦੇਖ ਸਕਦੇ ਹਾਂ ਕਿ ਉਨ੍ਹਾਂ ਦੀ ਬਾਣੀ ਵਿਚ ਭਗਤ ਰਵਿਦਾਸ ਦੇ ਬੋਲ ਕਿਵੇਂ ਘੁਲੇ-ਮਿਲੇ ਪਏ ਹਨ, ਸੋਚ ਮੰਡਲਾਂ ਵਿਚ ਭਗਤ ਰਵਿਦਾਸ ਕਿਵੇਂ ਛਾਏ ਹੋਏ ਹਨ। ਕਈ ਵਾਰ ਤਾਂ ਉਨ੍ਹਾਂ ਵਿਚੋਂ ਭਗਤ ਰਵਿਦਾਸ ਹੂਬਹੂ ਬੋਲਦੇ ਹਨ:

**ਭਗਤ ਰਵਿਦਾਸ:**
ਜਬ ਹਮ ਹੋਤੇ ਤਬ ਤੂ ਨਾਹੀ
ਅਬ ਤੂਹੀ ਮੈ ਨਾਹੀ॥ (ਪੰਨਾ 657)

**ਭਗਤ ਕਬੀਰ:**
ਜਬ ਹਮ ਹੋਤੇ ਤਬ ਤੁਮ ਨਾਹੀ
ਅਬ ਤੁਮ ਹਹੁ ਹਮ ਨਾਹੀ॥ (ਪੰਨਾ 339)

ਇਸ ਤਰ੍ਹਾਂ ਭਗਤ ਕਬੀਰ ਆਪਣੇ ਗੁਰਭਾਈ ਭਗਤ ਰਵਿਦਾਸ ਪ੍ਰਤੀ ਜਿਥੇ ਸਤਿਕਾਰ ਪ੍ਰਗਟ ਕਰਦੇ ਹਨ, ਉਥੇ ਉਨ੍ਹਾਂ ਦੇ ਵਿਚਾਰਾਂ ਦੀ ਪ੍ਰੋੜਤਾ ਵੀ ਕਰਦੇ ਹਨ। ਉਨ੍ਹਾਂ ਦੀ ਬਾਣੀ ਵਿਚ ਕਈ ਥਾਂਈਂ ਭਗਤ ਰਵਿਦਾਸ ਦੀਆਂ ਰਮਜ਼ਾਂ ਦਾ ਖੁਲਾਸਾ ਵੀ ਦੇਖ ਸਕਦੇ ਹਾਂ:

**ਭਗਤ ਰਵਿਦਾਸ:**
ਸੰਤ ਅਨੰਤਹਿ ਅੰਤਰੁ ਨਾਹੀ॥
(ਪੰਨਾ 486)

**ਭਗਤ ਕਬੀਰ:**
ਹਰਿ ਜਨੁ ਐਸਾ ਚਾਹੀਐ
ਜੈਸਾ ਹਰਿ ਹੀ ਹੋਇ॥ (ਪੰਨਾ 1372)

ਇਸ ਤੋਂ ਇਹ ਪੱਕਾ ਨਿਰਣਾ ਕਰਨਾ ਤਾਂ ਉਚਿਤ ਨਹੀਂ ਹੋਵੇਗਾ ਕਿ ਭਗਤ ਰਵਿਦਾਸ ਭਗਤ ਕਬੀਰ ਤੋਂ ਵਡੇਰੀ ਉਮਰ ਦੇ ਸਨ। ਉਨ੍ਹਾਂ ਦੀ ਜਨਮ ਮਿਤੀ ਜਾਂ ਸਾਲ ਸਬੰਧੀ ਕੋਈ ਪੱਕਾ ਪਤਾ ਨਹੀਂ ਹੈ। ਵੱਖ ਵੱਖ ਥਾਂਈਂ ਚੌਦਵੀਂ ਸਦੀ ਦੇ ਦੂਸਰੇ ਅੱਧ ਤੋਂ ਪੰਦਰਵੀਂ ਸਦੀ ਦੇ ਅਰੰਭ ਤੱਕ ਦੇ ਅਲੱਗ ਅਲੱਗ ਸਾਲ ਭਗਤ ਰਵਿਦਾਸ ਦੇ ਜਨਮ ਵਰ੍ਹੇ ਵਜੋਂ ਦਰਜ ਹਨ। ਇਨ੍ਹਾਂ ਮੁਤਾਬਕ ਉਹ ਭਗਤ ਨਾਮਦੇਵ ਨਾਲੋਂ ਲਗਭਗ ਸਦੀ-ਸਵਾ ਸਦੀ ਮਗਰੋਂ ਅਤੇ ਗੁਰੂ ਨਾਨਕ ਦੇਵ ਤੋਂ ਲਗਭਗ ਸਦੀ-ਪੌਣੀ ਸਦੀ ਪਹਿਲਾਂ ਪੈਦਾ ਹੋਏ ਹਨ। ਕੁਝ ਵਰ੍ਹਿਆਂ ਦੇ ਫਰਕ ਨਾਲ ਉਨ੍ਹਾਂ ਦਾ ਜੀਵਨ ਕਾਲ ਭਗਤ ਕਬੀਰ ਦੇ ਜੀਵਨ ਕਾਲ ਨਾਲ ਮਿਲਦਾ ਜੁਲਦਾ ਹੈ। ਆਪਣੀ ਬਾਣੀ ਵਿਚ ਕਈ ਥਾਂਈਂ ਭਗਤ ਰਵਿਦਾਸ ਨੇ ਭਗਤ ਕਬੀਰ ਪ੍ਰਤੀ ਜੋ ਸਤਿਕਾਰ ਪ੍ਰਗਟ ਕੀਤਾ ਹੈ, ਉਸ ਤੋਂ ਭਗਤ ਕਬੀਰ ਦੇ ਉਨ੍ਹਾਂ ਤੋਂ ਵਡੇਰੇ ਹੋਣ ਦਾ ਭੁਲੇਖਾ ਵੀ ਪੈਂਦਾ ਹੈ। ਭਗਤ ਕਬੀਰ ਦੀ ਬਾਣੀ ਵਿਚ ਖਾਸਾ ਕਰਾਰਾਪਨ ਹੈ ਅਤੇ ਭਗਤ ਰਵਿਦਾਸ ਦੀ ਬਾਣੀ ਵਿਚ ਮਿਠਾਸ ਤੇ ਹਲੀਮੀ ਵੱਧ ਹੈ। ਫਿਰ ਵੀ ਦੋਵਾਂ ਨੂੰ ਜਿੰਨਾ ਵਖਰਿਆਉਣ ਦੀ ਕੋਸ਼ਿਸ਼ ਕਰਦੇ ਹਾਂ, ਇਹ ਓਨੇ ਹੀ ਵੱਧ ਇਕ ਦੂਜੇ ਦੇ ਅੰਦਰੋਂ ਮਿਲਦੇ ਹਨ।



*ਭਗਤ ਰਵਿਦਾਸ ਦੀ ਇਕ ਕਾਲਪਿਕ ਤਸਵੀਰ*

ਗੁਰੂ ਸਹਿਬਾਨ ਦਾ ਭਗਤ ਰਵਿਦਾਸ ਪ੍ਰਤੀ ਸਤਿਕਾਰ ਤੇ ਸ਼ਰਧਾ ਉਨ੍ਹਾਂ ਨਾਲ ਜੁੜੀਆਂ ਅਖੌਤੀ ਕਰਾਮਾਤਾਂ ਦੀਆਂ ਕਹਾਣੀਆਂ ਕਾਰਨ ਨਹੀਂ ਸਗੋਂ ਉਨ੍ਹਾਂ ਦੀ ਪ੍ਰੇਮਾ ਭਗਤੀ, ਸ਼ੁਭਚਿੰਤਨ ਅਤੇ ਵੈਰਾਗ ਨਾਲ ਭਰਪੂਰ ਸ਼ਖਸੀਅਤ ਕਾਰਨ ਹੈ, ਉਨ੍ਹਾਂ ਦੀ ਬਾਣੀ ਦੀ ਉਚਤਾ ਕਾਰਨ ਹੈ। ਸੰਖੇਪਤਾ ਇਸ ਬਾਣੀ ਦਾ ਉਘੜਵਾਂ ਗੁਣ ਹੈ। ਗੁਰੂ ਸਾਹਿਬਾਨ ਨੇ ਉਨ੍ਹਾਂ ਦੇ ਥੋੜ੍ਹੇ ਲਫਜ਼ਾਂ 'ਚੋਂ ਬਹੁਤਾ ਸੁਣਿਆ। ਇਸੇ ਕਰਕੇ ਉਨ੍ਹਾਂ ਨੇ ਕਈ ਥਾਂਈਂ ਆਪਣੀ ਬਾਣੀ ਰਾਹੀਂ ਭਗਤ ਰਵਿਦਾਸ ਦੇ ਵਿਚਾਰਾਂ ਦਾ ਖੁਲਾਸਾ ਕੀਤਾ ਹੈ। ਉਨ੍ਹਾਂ ਦੀ ਬਾਣੀ ਨੂੰ ਬਖਾਨਿਆਂ ਅਤੇ ਵਿਸਥਾਰਿਆ ਹੈ। ਮਿਸਾਲ ਵਜੋਂ ਗੁਰੂ ਗ੍ਰੰਥ ਸਾਹਿਬ ਦੇ ਪੰਨਾ 794 ਉਤੇ ਦਰਜ ਸ਼ਬਦ ਵਿਚ ਭਗਤ ਰਵਿਦਾਸ ਨੇ ਮਨੁੱਖ ਦੇ ਅੰਤ ਸਮੇਂ ਦਾ ਥੋੜ੍ਹੇ ਸ਼ਬਦਾਂ ਰਾਹੀਂ ਵਰਣਨ ਕੀਤਾ ਹੈ। ਗੁਰੂ ਤੇਗ ਬਹਾਦਰ ਨੇ ਪੰਨਾ 634 'ਤੇ ਦਰਜ ਸ਼ਬਦ ਰਾਹੀਂ ਭਗਤ ਰਵਿਦਾਸ ਦੇ ਇਸ ਸ਼ਬਦ ਨੂੰ ਵਿਸਥਾਰ ਨਾਲ ਸਮਝਾਇਆ ਹੈ। ਦੋਨਾਂ ਸ਼ਬਦਾਂ ਦੀਆਂ ਦੋ ਦੋ ਸਤਰਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ:

**ਭਗਤ ਰਵਿਦਾਸ:**
ਘਰ ਕੀ ਨਾਰਿ ਉਰਹਿ ਤਨ ਲਾਗੀ॥
ਉਹ ਤਉ ਭੂਤੁ ਭੂਤੁ ਕਰਿ ਭਾਗੀ॥

**ਗੁਰੂ ਤੇਗ ਬਹਾਦਰ:**
ਘਰ ਕੀ ਨਾਰਿ ਬਹੁਤੁ ਹਿਤੁ
ਜਾ ਸਿਉ ਸਦਾ ਰਹਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਂਇਆ
ਪ੍ਰੇਤ ਪ੍ਰੇਤ ਕਰਿ ਭਾਗੀ॥

ਇਸ ਤਰ੍ਹਾਂ ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ ਦੇ ਬੋਲਾਂ, ਵਿਚਾਰਾਂ, ਸੰਕਲਪਾਂ ਅਤੇ ਸਰੋਕਾਰਾਂ ਦੇ ਬੀਜਾਂ, ਬੂਟਿਆਂ ਅਤੇ ਬਿਰਖਾਂ ਦੇ ਦਰਸ਼ਨ ਕਰ ਸਕਦੇ ਹਾਂ। ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਸਮੇਂ ਹਰੇਕ ਬਾਣੀ ਦੇ ਅੱਗੇ ਪਰਮਾਤਮਾ ਦੇ ਸੰਕਲਪ ਦਾ ਤੱਤ ਸਾਰ ਪੇਸ਼ ਕਰਨ ਵਾਲਾ ਜੋ ਪੂਰਾ ਜਾਂ ਸੰਖੇਪ ਮੂਲ ਮੰਤਰ ਦਰਜ ਕੀਤਾ ਗਿਆ ਹੈ, ਉਸ ਮੂਲ ਮੰਤਰ ਦੇ ਅਨੇਕਾਂ ਬੀਜ ਭਗਤ ਰਵਿਦਾਸ ਦੀ ਬਾਣੀ ਵਿਚ ਸੋਖਿਆਂ ਹੀ ਦਿਸ ਸਕਦੇ ਹਨ:

ਸੋਈ ਬਸਿ ਰਸਿ ਮਨ ਮਿਲੇ
ਗੁਨ ਨਿਰਗੁਨ ਏਕ ਬਿਚਾਰ॥ (ਪੰਨਾ 346)
ਸਰਬੇ ਏਕੁ ਅਨੇਕੈ ਸੁਆਮੀ
ਸਭ ਘਟ ਭੋਗਵੈ ਸੋਈ॥ (ਪੰਨਾ 657)
ਕਹਿ ਰਵਿਦਾਸ ਸਭੈ ਜਗੁ ਲੂਟਿਆ॥
ਹਮ ਤਉ ਏਕ ਰਾਮੁ ਕਹਿ ਛੂਟਿਆ॥
(ਪੰਨਾ 794)
ਏਕੁ ਮੁਕੰਦੁ ਕਰੈ ਉਪਕਾਰੁ॥
ਹਮਰਾ ਕਹਾ ਕਰੈ ਸੰਸਾਰੁ॥ (ਪੰਨਾ 875)
ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ॥
(ਪੰਨਾ 1293)
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥
(ਪੰਨਾ 694)
ਮਨ ਕਾ ਸੁਭਾਉ ਸਭੁ ਕੋਈ ਕਰੈ॥
ਕਰਤਾ ਹੋਇ ਸੁ ਅਨਭੈ ਰਹੈ॥
(ਪੰਨਾ 1167)
ਜਨ ਰਵਿਦਾਸ ਰਾਮ ਰੰਗਿ ਰਾਤਾ॥
ਇਉ ਗੁਰ ਪਰਸਾਦਿ ਨਰਕ ਨਹੀ ਜਾਤਾ॥
(ਪੰਨਾ 487)
ਤਨੁ ਮਨੁ ਅਰਪਉ ਪੂਜ ਚਰਾਵਉ॥
ਗੁਰ ਪਰਸਾਦਿ ਨਿਰੰਜਨੁ ਪਾਵਉ॥
(ਪੰਨਾ 525)

ਇਸ ਤਰ੍ਹਾਂ ਭਗਤ ਰਵਿਦਾਸ ਆਪਣੇ ਚਿੰਤਨ ਰਾਹੀਂ ਸਿੱਖ ਧਰਮ ਦਾ ਵਿਚਾਰਧਾਰਕ ਆਧਾਰ ਤਿਆਰ ਕਰਨ ਵਿਚ ਅਹਿਮ ਹਿੱਸਾ ਪਾਉਂਦੇ ਹਨ। ਇਨ੍ਹਾਂ ਸ਼ਬਦਾਂ ਤੋਂ ਇਲਾਵਾ ਉਨ੍ਹਾਂ ਦੀ ਬਾਣੀ ਵਿਚਲੀ ਬਹੁਤ ਸਾਰੀ ਸ਼ਬਦਾਵਲੀ ਸਿੱਖੀ ਦੀ ਪਛਾਣ ਦੀ ਸ਼ਬਦਾਵਲੀ ਬਣੀ। ਜਿਵੇਂ ਗੁਰੂ, ਸਤਿਗੁਰੂ, ਸੰਗਤ, ਸਾਧ ਸੰਗਤ, ਸੰਤ, ਸਿਮਰਨ, ਅੰਮ੍ਰਿਤ, ਪੰਥ ਆਦਿ:

ਪਰਮ ਪਰਸ ਗੁਰੂ ਭੇਟੀਐ
ਪੂਰਬ ਲਿਖਤ ਲਿਲਾਟ॥ (ਪੰਨਾ 346)
ਰਵਿਦਾਸ ਦਾਸ ਉਦਾਸ ਤਜੁ ਭ੍ਰਮੁ
ਤਪਨ ਤਪੁ ਗੁਰ ਗਿਆਨ॥
...
ਮਾਧਉ ਸਤਸੰਗਤਿ ਸਰਨਿ ਤੁਮਾਰੀ॥
ਹਮ ਅਉਗਨ ਤੁਮ ਉਪਕਾਰੀ॥
...
ਸਤਸੰਗਤਿ ਮਿਲਿ ਰਹੀਐ
ਮਾਧਉ ਜੈਸੇ ਮਧੁਪ ਮਖੀਰਾ॥
...
ਸੰਤ ਤੁਝੀ ਤਨੁ ਸੰਗਤਿ ਪ੍ਰਾਨ॥
ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥
(ਪੰਨਾ 486)
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥
ਹਮ ਕਹੀਅਤ ਕਲਿਜੁਗ ਕੇ ਕਾਮੀ॥
(ਪੰਨਾ 710)
ਸਾਧਸੰਗਤਿ ਬਿਨਾ ਭਾਉ ਨਹੀ ਉਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥
(ਪੰਨਾ 694)
ਮਿਲਤ ਪਿਆਰੋ ਪ੍ਰਾਨ ਨਾਥੁ
ਕਵਨ ਭਗਤਿ ਤੇ॥
ਸਾਧਸੰਗਤਿ ਪਾਈ ਪਰਮ ਗਤੇ॥
(ਪੰਨਾ 1293)
ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ
ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ॥
ਮਨੁ ਸੁ ਮਧੁਕਰੁ ਕਰਉ
ਚਰਨ ਹਿਰਦੇ ਧਰਉ
ਰਸਨ ਅੰਮ੍ਰਿਤ ਰਾਮ ਨਾਮ ਭਾਖਉ॥
(ਪੰਨਾ 694)
ਪੂਰ ਸਲਾਤ ਕਾ ਪੰਥੁ ਦੁਹੇਲਾ॥
ਸੰਗਿ ਨ ਸਾਥੀ ਗਵਨੁ ਇਕੇਲਾ॥
(ਪੰਨਾ 793)
ਜਨਮੁ ਸਿਰਾਨੋ ਪੰਥੁ ਨ ਸਵਾਰਾ॥
ਸਾਂਝ ਪਰੀ ਦਹ ਦਿਸ ਅੰਧਿਆਰਾ॥
(ਪੰਨਾ 793)

*(ਬਾਕੀ ਅਗਲੇ ਸਫੇ 'ਤੇ)*

ਭਗਤ ਰਵਿਦਾਸ ਦੀ ਰਚਨਾ ਵਿਚ ਉਨ੍ਹਾਂ ਦੀ ਕਿਰਤ ਅਤੇ ਕਾਰ ਵਿਹਾਰ ਨਾਲ ਜੁੜੀ ਸ਼ਬਦਾਵਲੀ ਕਈ ਥਾਂਈਂ ਸਾਹਮਣੇ ਆਉਂਦੀ ਹੈ: ਜਿਵੇਂ ਚੋਰ, ਜੁੱਤੀ, ਰੰਬੀ, ਆਰ, ਧਾਗਾ, ਤੋਪਾ, ਗੰਢ ਆਦਿ। ਇਹ ਸ਼ਬਦਾਵਲੀ ਉਨ੍ਹਾਂ ਦੀ ਰਚਨਾ, ਸ਼ਖਸੀਅਤ ਅਤੇ ਅਨੁਭਵ ਨਾਲ ਇਕਸੁਰਤਾ ਦੀ ਲਖਾਇਕ ਹੈ। ਆਧੁਨਿਕ ਸਮੇਂ ਵਿਚ ਪ੍ਰਗਤੀਵਾਦੀ ਅਖਵਾਉਣ ਵਾਲੇ ਲੋਕਾਂ ਨੇ ਕਿਰਤੀ ਨੂੰ ਕਿਰਤ ਦੇ ਗੌਰਵ ਅਤੇ ਅਨੰਦ ਤੋਂ ਵਿਛੁੰਨਣ ਦੀ ਬੜੀ ਸਰਗਰਮ ਅਤੇ ਅਸਰਦਾਰ ਭੂਮਿਕਾ ਨਿਭਾਈ ਹੈ। ਕਿਰਤ ਤੋਂ ਕਿਰਤੀ ਦਾ ਮੋਹ ਭੰਗ ਕਰਨ ਵਾਲੇ ਪਾਠ ਪੜ੍ਹਾਏ ਗਏ। ਪਰ ਭਗਤ ਰਵਿਦਾਸ ਕਿਰਤ ਦੇ ਗੌਰਵ ਅਤੇ ਅਨੰਦ ਦੇ ਨਾਲ ਨਾਲ ਕਿਰਤੀ ਦੇ ਸਵੈ-ਮਾਣ ਨੂੰ ਉਜਾਗਰ ਕਰਦੇ ਹਨ, ਕਿਰਤ ਨਾਲ ਜੁੜੀ ਗਿਲਾਨੀ ਨੂੰ ਹੂੰਝਦੇ-ਪੂੰਝਦੇ ਹਨ ਅਤੇ ਦੂਸਰਿਆਂ ਦੀ ਕਿਰਤ ਦੇ ਸਿਰ 'ਤੇ ਪਲਣ ਵਾਲੇ ਅਖੌਤੀ ਉਚ ਵਰਗ ਨੂੰ ਸ਼ਰਮਿੰਦਗੀ ਦਾ ਗੱਫਾ ਪਰੋਸਦੇ ਹਨ। ਸਿੱਖ ਵਿਚਾਰਧਾਰਾ ਦੀਆਂ ਨੀਂਹਾਂ ਵਿਚ ਪਈ ਭਗਤ ਰਵਿਦਾਸ ਵਰਗੇ ਕਿਰਤੀਆਂ ਦੀਆਂ ਸ਼ਖਸੀਅਤਾਂ ਦੀ ਸ਼ਕਤੀ ਅਤੇ ਵਿਚਾਰਾਂ ਦੀ ਰੌਸ਼ਨੀ ਇਕੱਤਰ ਹੋ ਕੇ ਸਿੱਖ ਧਰਮ ਦਾ ਬੁਨਿਆਦੀ ਅਸੂਲ 'ਕਿਰਤ ਕਰਨਾ' ਬਣਦੀ ਹੈ। ਭਗਤ ਰਵਿਦਾਸ ਨੇ ਕਰੀਬ ਹਰੇਕ ਸ਼ਬਦ ਦੇ ਅੰਤ ਵਿਚ ਆਪਣੇ ਨਾਂ ਦੇ ਨਾਲ ਆਪਣੀ ਨੀਵੀਂ ਸਮਝੀ ਜਾਂਦੀ ਜਾਤ ਦਾ ਨਾਂ ਦਰਜ ਕਰਕੇ ਜਨਮ ਆਧਾਰਤ ਉਚ-ਨੀਚ ਵਾਲੇ ਜਾਤੀ ਪ੍ਰਬੰਧ ਦੀ ਨਿਮਰਤਾ ਦੀ ਜੁਗਤ ਨਾਲ ਖਿੱਲੀ ਉਡਾਈ ਹੈ। ਉਨ੍ਹਾਂ ਦੇ ਜਾਤ ਪਾਤ ਵਿਰੋਧੀ ਵਿਚਾਰਾਂ ਨੂੰ ਅਗਾਂਹ ਤੋਰਦੇ ਹੋਏ ਗੁਰੂ ਸਾਹਿਬਾਨ ਨੇ ਸਾਂਝੇ ਲੰਗਰਾਂ ਅਤੇ ਸਰੋਵਰਾਂ ਦੀ ਰਵਾਇਤ ਨਾਲ ਬਰਾਬਰੀ ਨੂੰ ਵਿਹਾਰਕ ਅਤੇ ਸਮਾਜਕ ਤੌਰ 'ਤੇ ਵਿਸਥਾਰ ਦੇਣ ਦਾ ਮਹਾਨ ਕਾਰਜ ਕੀਤਾ।

'ਕਿਰਤ ਕਰਨਾ' ਤੋਂ ਬਾਅਦ 'ਨਾਮ ਜਪਣਾ' ਸਿੱਖੀ ਦਾ ਬੁਨਿਆਦੀ ਸਿਧਾਂਤ ਹੈ। ਸਾਰੇ ਬਾਣੀਕਾਰਾਂ ਨੇ ਧਰਮ ਦੇ ਨਾਂ 'ਤੇ ਹੋਣ ਵਾਲੇ ਕਰਮ ਕਾਂਡਾਂ ਨੂੰ ਰੱਦ ਕੀਤਾ ਹੈ। ਇਨ੍ਹਾਂ ਦੀ ਥਾਂ ਪ੍ਰੇਮ ਭਗਤੀ ਜਾਂ 'ਨਾਮ ਜਪਨ' ਦੇ ਮਹੱਤਵ ਨੂੰ ਸਥਾਪਿਤ ਕੀਤਾ ਹੈ। ਕਰਮ ਕਾਂਡਾਂ 'ਚੋਂ ਮੂਰਤੀਆਂ ਅੱਗੇ ਦੀਵੇ ਬਾਲ ਕੇ ਕੀਤੀ ਜਾਂਦੀ ਆਰਤੀ ਸਭ ਤੋਂ ਆਕਰਸ਼ਕ ਕਰਮ ਕਾਂਡ ਸੀ। ਇਸ ਸਬੰਧੀ ਕਈ ਬਾਣੀਕਾਰਾਂ ਦੀ ਬਾਣੀ ਸਾਡੇ ਸਾਹਮਣੇ ਹੈ, ਜਿਸ 'ਚ ਇਸ ਰਸਮ ਪੂਰਤੀ ਦੀ ਥਾਂ ਸਮੁੱਚੀ ਸ੍ਰਿਸ਼ਟੀ ਦੇ ਕਰਤਾ ਦੇ ਬਲਿਹਾਰੇ ਜਾਣ ਦੀ ਗੱਲ ਕੀਤੀ ਗਈ। ਭਗਤ ਰਵਿਦਾਸ ਦੀ ਬਾਣੀ ਵਿਚ ਆਰਤੀ ਦੀ ਸਾਰੀ ਸਮੱਗਰੀ ਨੂੰ ਪਿਛਾਂਹ ਕਰਕੇ ਉਸ ਦੀ ਜਗ੍ਹਾ 'ਨਾਮੁ' ਨੂੰ ਵਡਿਆਇਆ ਗਿਆ ਹੈ:

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥
(ਪੰਨਾ 694)

ਆਰਤੀ ਦੇ ਹਵਾਲੇ ਨਾਲ ਭਗਤ ਕਬੀਰ, ਭਗਤ ਸੈਨ, ਭਗਤ ਪੀਪਾ ਅਤੇ ਭਗਤ ਧੰਨਾ ਤੋਂ ਬਾਅਦ ਗੁਰੂ ਨਾਨਕ ਦੇਵ ਨੇ ਬ੍ਰਹਿਮੰਡੀ ਆਰਤੀ ਸਬੰਧੀ ਸ਼ਾਹਕਾਰ ਰਚਨਾ ਕੀਤੀ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ॥
ਕੈਸੀ ਆਰਤੀ ਹੋਇ॥
ਭਵ ਖੰਡਨਾ ਤੇਰੀ ਆਰਤੀ॥ (ਪੰਨਾ 13)

ਭਗਤ ਰਵਿਦਾਸ ਲਈ ਭਗਤੀ ਜਾਂ ਧਰਮ ਨਿਜੀ ਪ੍ਰਾਪਤੀ, ਖੁਸ਼ੀ ਜਾਂ ਮੁਕਤੀ ਲਈ ਨਹੀਂ, ਸਗੋਂ ਨਿਆਂ ਤੇ ਬਰਾਬਰੀ ਆਧਾਰਤ ਸਮਾਜ ਅਤੇ ਸੰਸਾਰ ਦਾ ਸੁਪਨਾ ਹੈ, ਜਿਥੇ ਹਰ ਕੋਈ ਖੁਸ਼ੀ, ਖੁਸ਼ਹਾਲੀ, ਸੁਤੰਤਰਤਾ ਅਤੇ ਮੁਹੱਬਤ ਭਰੇ ਜੀਵਨ ਦਾ ਭਾਗੀ ਬਣ ਸਕੇ। ਤਕੜੇ ਦੇ ਰੋਹਬ, ਜ਼ੁਲਮ ਅਤੇ ਸ਼ੋਸ਼ਣ ਦਾ ਕੋਈ ਸ਼ਿਕਾਰ ਨਾ ਹੋਵੇ:

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥
(ਪੰਨਾ 345)

ਇਹ ਸੁਪਨਾ ਗੁਰੂ ਸਾਹਿਬਾਨ ਦੁਆਰਾ ਖੜ੍ਹੀ ਕੀਤੀ ਗਈ ਸਿੱਖ ਲਹਿਰ ਦੇ ਏਜੰਡੇ ਦਾ ਕੇਂਦਰੀ ਨੁਕਤਾ ਬਣਿਆ। ਸਿੱਖੀ ਦੇ ਪ੍ਰਚਾਰ ਦਾ ਭਾਵ ਇਸ ਸੁਪਨੇ ਨੂੰ ਜਨ ਜਨ ਦੇ ਖੂਨ ਵਿਚ ਉਤਾਰਨਾ ਸੀ ਅਤੇ ਖਾਲਸਾ ਪੰਥ ਦੀ ਸਾਜਨਾ ਇਸ ਸੁਪਨੇ ਦੀ ਪੂਰਤੀ ਲਈ ਇਨਕਲਾਬੀ ਪ੍ਰਤਿਬੱਧਤਾ ਦਾ ਐਲਾਨ-ਨਾਮਾ ਸੀ। ਜਿਸ ਭਗਤ ਰਵਿਦਾਸ ਪ੍ਰਤੀ ਗੁਰੂ ਸਾਹਿਬਾਨ ਅਥਾਹ ਸ਼ਰਧਾ, ਸਤਿਕਾਰ, ਸਮਰਪਣ ਅਤੇ ਪ੍ਰਤਿਬੱਧਤਾ ਦਾ ਭਾਵ ਪ੍ਰਗਟ ਕਰਦੇ ਹਨ, ਉਨ੍ਹਾਂ ਪ੍ਰਤੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂਆਂ ਦੇ ਸ਼ਰਧਾਲੂ ਅਖਵਾਉਣ ਵਾਲਿਆਂ ਦੇ ਮਨ ਵਿਚ ਅਥਾਹ ਸ਼ਰਧਾ ਅਤੇ ਸਤਿਕਾਰ ਹੋਣਾ ਚਾਹੀਦਾ ਹੈ। ਉਨ੍ਹਾਂ ਦਾ ਸਤਿਕਾਰ ਜੇ ਗੁਰੂ ਸਾਹਿਬਾਨ ਤੋਂ ਵੱਧ ਨਹੀਂ ਤਾਂ ਘੱਟ ਤਾਂ ਬਿਲਕੁਲ ਨਹੀਂ ਹੋਣਾ ਚਾਹੀਦਾ। ਪਰ ਅਫਸੋਸ ਹੈ ਕਿ ਅਸੀਂ ਜਦ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਉਨ੍ਹਾਂ ਦੀ ਬਾਣੀ ਦਾ ਜ਼ਿਕਰ ਕਰਦੇ ਹਾਂ ਤਾਂ ਵੀ ਸਾਡੀ ਭਾਵਨਾ ਉਨ੍ਹਾਂ ਪ੍ਰਤੀ ਸ਼ਰਧਾ ਅਤੇ ਸਤਿਕਾਰ ਵਾਲੀ ਨਹੀਂ, ਸਗੋਂ ਹੋਰ ਹੀ ਤਰ੍ਹਾਂ ਦੀ ਹੁੰਦੀ ਹੈ। ਉਨ੍ਹਾਂ ਦੇ ਬਹਾਨੇ ਅਸੀਂ ਆਪਣੀ ਵਡਿਆਈ ਕਰ ਰਹੇ ਹੁੰਦੇ ਹਾਂ ਕਿ ਦੇਖੋ ਅਸੀਂ ਕਿੰਨੇ ਮਹਾਨ ਹਾਂ ਜਿਨ੍ਹਾਂ ਦੇ ਗੁਰੂਆਂ ਨੇ ਰਵਿਦਾਸ ਭਗਤ ਵਰਗੇ 'ਛੋਟਿਆਂ' ਨੂੰ ਆਪਣੇ ਬਰਾਬਰ ਥਾਂ ਦਿੱਤੀ? ਪਰ ਕੀ ਅਸੀਂ ਆਪਣੇ ਮਨਾਂ ਵਿਚ ਜਾਂ ਆਪਣੇ ਵਤੀਰੇ ਵਿਚ ਉਨ੍ਹਾਂ ਨੂੰ ਗੁਰੂਆਂ ਬਰਾਬਰ ਥਾਂ ਦਿੱਤੀ ਹੈ? ਗੁਰੂ ਸਾਹਿਬਾਨ ਤਾਂ ਆਪਣਾ ਤਨ, ਮਨ, ਧਨ ਉਨ੍ਹਾਂ ਦੇ ਚਰਨਾਂ ਵਿਚ ਸੌਂਪਣ ਦੀ ਗੱਲ ਕਰਦੇ ਹਨ। ਪਰ ਅਸੀਂ ਆਪਣੇ ਆਪ ਨੂੰ ਭਗਤ ਰਵਿਦਾਸ ਦੇ ਨਾ ਕਹਾਉਣ ਜਾਂ ਹੋਣ ਦੀ ਗੁੱਝੀ ਪਰ ਵੱਡੀ ਅਤੇ ਖਤਰਨਾਕ ਝਿਜਕ ਦੇ ਸ਼ਿਕਾਰ ਹਾਂ। ਕੀ ਅਸੀਂ ਉਨ੍ਹਾਂ ਦੀ ਜਾਤੀ ਦੇ ਲੋਕਾਂ ਨੂੰ ਆਪਣੇ ਬਰਾਬਰ ਦੀ ਮਾਨਸ ਕੀ ਜਾਤ ਸਵੀਕਾਰਦੇ ਹਾਂ? ਭਗਤ ਰਵਿਦਾਸ ਦਾ ਪੁਰਬ ਮਨਾਉਣ ਦੀ ਜ਼ਿੰਮੇਵਾਰੀ ਸਿਰਫ ਉਨ੍ਹਾਂ ਦੀ ਜਾਤੀ ਦੇ ਲੋਕਾਂ ਦੀ ਹੀ ਕਿਉਂ ਸਮਝਦੇ ਹਾਂ? ਉਨ੍ਹਾਂ ਨੂੰ ਭਗਤ ਰਵਿਦਾਸ ਦੇ ਨਾਂ 'ਤੇ ਵੱਖਰੇ ਗੁਰਦੁਆਰੇ ਜਾਂ ਮੰਦਿਰ ਬਣਾਉਣ ਦੀ ਲੋੜ ਕਿਉਂ ਪੈ ਰਹੀ ਹੈ?

ਅਸੀਂ ਸਿੱਖੀ ਤੇ ਕਾਬਜ਼ ਲੋਕ ਗੁਰੂਆਂ ਨੂੰ ਅੱਵਲ ਅਤੇ ਭਗਤਾਂ ਨੂੰ ਦੋਇਮ ਦਰਜੇ ਦੇ ਬਾਣੀਕਾਰ ਮੰਨਣ ਦੀ ਮਾਨਸਿਕ ਗੁੰਝਲ ਦੇ ਸ਼ਿਕਾਰ ਹਾਂ। ਸਾਡੇ ਵਲੋਂ ਦਿੱਤੀ ਜਾ ਰਹੀ ਅਜਿਹੀ ਮਾਨਤਾ ਦਾ ਸਿਗਨਲ ਜਦ ਉਨ੍ਹਾਂ ਦੀ ਜਾਤੀ ਦੇ ਰਵਿਦਾਸ ਨਾਮਲੇਵਾ ਲੋਕਾਂ ਨੂੰ ਮਿਲਦਾ ਹੈ ਤਾਂ ਉਹ ਭਗਤ ਰਵਿਦਾਸ ਨੂੰ ਉਚਾ ਕਰਨ ਦੀ ਕੋਸ਼ਿਸ਼ ਵਜੋਂ ਉਨ੍ਹਾਂ ਨੂੰ ਭਗਤ ਰਵਿਦਾਸ ਦੀ ਬਜਾਏ ਗੁਰੂ ਰਵਿਦਾਸ ਕਹਿਣਾ ਸ਼ੁਰੂ ਕਰਦੇ ਹਨ। ਇਸ ਨਾਲ ਸਾਨੂੰ ਹੋਰ ਤਕਲੀਫ ਹੁੰਦੀ ਹੈ ਕਿ ਇਹ ਆਪਣੇ ਰਵਿਦਾਸ ਨੂੰ ਸਾਡੇ ਗੁਰੂ ਨਾਨਕ ਅਤੇ ਦੂਸਰੇ ਗੁਰੂਆਂ ਦੇ ਬਰਾਬਰ ਪੇਸ਼ ਕਰਨ ਦੀ ਹਮਾਕਤ ਕਿਉਂ ਕਰਦੇ ਹਨ। ਇਸ ਤਰ੍ਹਾਂ ਦੋਨੋਂ ਧਿਰਾਂ ਨਾ ਕੇਵਲ ਖੁਦ ਤਣਾਓ ਦਾ ਸ਼ਿਕਾਰ ਹੁੰਦੀਆਂ ਹਨ ਸਗੋਂ ਗੁਰਬਾਣੀ ਦੇ ਸਾਂਝੀਵਾਲਤਾ, ਬਰਾਬਰੀ ਅਤੇ ਇਕਸੁਰਤਾ ਦੇ ਭਾਵ ਦੇ ਉਲਟ ਬਾਣੀਕਾਰਾਂ ਨੂੰ ਹੀ ਇਕ ਦੂਸਰੇ ਵਿਰੁਧ ਤਣਾਓ ਦੀ ਸਥਿਤੀ ਵਿਚ ਲਿਆ ਖੜ੍ਹੇ ਕਰਦੀਆਂ ਹਨ। ਇਹ ਤਣਾਓ ਸਿੱਖ ਧਰਮ ਦੀ ਅੰਤਰੀਵ ਸੱਤਿਆ ਨੂੰ ਘਟਾ ਕੇ ਇਸ ਨੂੰ ਵਿਆਪਕ ਸਮਾਜਕ ਅਤੇ ਰਾਜਨੀਤਕ ਕ੍ਰਾਂਤੀ ਵਿਚ ਰੁਪਾਂਤ੍ਰਿਤ ਹੋਣ ਤੋਂ ਰੋਕਦੇ ਹਨ। ਸਮਝਣ ਅਤੇ ਮਨਾਂ ਵਿਚ ਵਸਾਉਣ ਵਾਲੀ ਗੱਲ ਇਹ ਹੈ ਕਿ ਪੰਚਮ ਪਾਤਸ਼ਾਹ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਅਰੰਭ ਵਿਚ ਗੁਰੂ ਲਿਖਣ ਦੀ ਬਜਾਏ ਇਹ ਬਾਣੀ ਸਧਾਰਨ ਸੂਚਨਾ ਵਾਂਗ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ ਆਦਿ ਲਿਖ ਕੇ ਦਰਜ ਕੀਤੀ। ਪਰ ਭਗਤ ਰਵਿਦਾਸ ਦੇ ਸ਼ਬਦਾਂ ਅੱਗੇ ਬਾਣੀ 'ਰਵਿਦਾਸ ਜੀ ਕੀ' ਜਾਂ 'ਰਵਿਦਾਸ ਜੀਉ ਕੀ' ਲਿਖਿਆ ਹੈ, ਭਾਵ ਉਨ੍ਹਾਂ ਨੂੰ ਗੁਰੂ ਨਾਨਕ ਤੋਂ ਵੀ ਵੱਡਾ ਆਦਰ ਦਿੱਤਾ ਹੈ। ਗੁਰੂ ਸਾਹਿਬਾਨ ਨੇ ਹੋਰ ਪੂਰਬਲੇ ਬਾਣੀਕਾਰਾਂ ਦੇ ਨਾਲ ਨਾਲ ਉਨ੍ਹਾਂ ਨੂੰ ਆਪਣਾ ਪੁਰਖਾ ਮੰਨਿਆ ਅਤੇ ਉਨ੍ਹਾਂ ਨੂੰ ਆਪਣੇ ਤੋਂ ਉਚਾ ਸਥਾਨ ਦਿੱਤਾ। ਉਨ੍ਹਾਂ ਨੂੰ ਆਪਣੇ ਨਾਲ ਰਲਾਇਆ-ਬੈਠਾਇਆ ਨਹੀਂ ਸਗੋਂ ਆਪ ਉਨ੍ਹਾਂ ਦੇ ਨਾਲ ਰਲੇ ਬੈਠੇ ਹਨ:

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥ (ਪੰਨਾ 15)

ਇਸ ਲਈ ਸਮੂਹ ਬਾਣੀਕਾਰਾਂ ਪ੍ਰਤੀ ਹਰ ਵਰਗ ਦੇ ਸ਼ਰਧਾਲੂਆਂ ਦੇ ਰਵੱਈਏ ਨੂੰ ਦਰੁਸਤ ਕਰਨ ਲਈ ਇਹ ਜ਼ਰੂਰੀ ਹੈ ਕਿ ਜਾਤੀ ਕਾਰਨ ਭਗਤ ਰਵਿਦਾਸ 'ਤੇ ਆਪਣਾ ਅਧਿਕਾਰ ਸਮਝਣ ਵਾਲੇ ਸ਼ਰਧਾਲੂਆਂ ਨੂੰ ਦੂਸਰੀਆਂ ਜਾਤੀਆਂ ਦੇ ਬਾਣੀਕਾਰਾਂ ਪ੍ਰਤੀ ਵੀ ਗੁਰੂ ਜਾਂ ਸਤਿਗੁਰੂ ਵਾਲਾ ਸਮਾਨ ਸਤਿਕਾਰ ਰੱਖਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਨੇ ਉਚ ਜਾਤ ਵਾਲਿਆਂ ਦੀ ਰੀਸ ਜਾਂ ਕੁਲੀਨਤਾ ਨੂੰ ਛੱਡ ਕੇ 'ਤਿਨ ਕੈ ਸੰਗ ਸਾਥ' ਨੂੰ ਚੁਣਿਆ। ਨੀਵੀਆਂ ਕਹੀਆਂ ਜਾਂਦੀਆਂ ਜਾਤਾਂ ਵਾਲੇ ਸਿੱਖ ਗੁਰੂ ਸਾਹਿਬਾਨ ਦੇ ਨਜ਼ਦੀਕੀ ਅਤੇ ਵਿਸ਼ਵਾਸ ਪਾਤਰ ਹੁੰਦੇ ਸਨ। ਕਿਸੇ ਵੇਲੇ ਪਹਾੜੀ ਰਾਜੇ ਗੁਰੂ ਗੋਬਿੰਦ ਸਿੰਘ ਨਾਲ ਇਸ ਸ਼ਰਤ 'ਤੇ ਰਲਣ ਲਈ ਤਿਆਰ ਹੋ ਗਏ ਸਨ ਕਿ ਉਨ੍ਹਾਂ ਨੂੰ ਇਨ੍ਹਾਂ ਨੀਵੀਆਂ ਜਾਤਾਂ ਦੇ ਸਿੱਖਾਂ ਨਾਲੋਂ ਉਚੇਰਾ ਸਨਮਾਨ ਦਿੱਤਾ ਜਾਵੇ, ਪਰ ਗੁਰੂ ਸਾਹਿਬ ਨੇ ਅਜਿਹਾ ਮਨਜੂਰ ਨਹੀਂ ਸੀ ਕੀਤਾ। ਗੁਰੂ ਕਾਲ ਤੋਂ ਮਿਸਲਾਂ ਤੱਕ ਸਿੱਖ ਸਫਾਂ ਅੰਦਰ ਜਾਤ ਵਖਰੇਵਾਂ ਨਹੀਂ ਸੀ। ਗਰੀਬ ਸਿੱਖਾਂ ਦੇ ਰੂਪ ਵਿਚ ਕਿਰਤ ਅਤੇ ਗੁਣਾਂ ਦਾ ਬੋਲ ਬਾਲਾ ਸੀ। ਪਰ ਮਿਸਲਾਂ ਮਗਰੋਂ ਸਥਿਤੀ ਵਿਚ ਲਗਾਤਾਰ ਅਤੇ ਤੇਜ਼ੀ ਨਾਲ ਗਿਰਾਵਟ ਆਈ। ਗੁਰਦੁਆਰਿਆਂ 'ਤੇ ਕਾਬਜ਼ ਹੋਏ ਮਹੰਤਾਂ ਨੇ ਇਨ੍ਹਾਂ ਦਾ ਪੂਰੀ ਤਰ੍ਹਾਂ ਪੁਜਾਰੀਕਰਨ ਕਰ ਦਿੱਤਾ। ਗੁਰਦੁਆਰਿਆਂ ਵਿਚ ਵੀ ਜਾਤ ਵਿਤਕਰਾ ਮੰਦਰਾਂ ਵਾਂਗ ਆਮ ਹੋ ਗਿਆ। ਉਨੀਵੀਂ ਸਦੀ ਦੇ ਅਖੀਰ ਵਿਚ ਗਿਆਨੀ ਦਿੱਤ ਸਿੰਘ ਵਰਗੇ ਰਵਿਦਾਸੀਏ ਆਗੂਆਂ ਅਤੇ ਵੀਹਵੀਂ ਸਦੀ ਦੇ ਅਰੰਭ ਵਿਚ ਗੁਰਦੁਆਰਾ ਸੁਧਾਰ ਲਹਿਰ ਨੇ ਇਸ ਰੁਝਾਨ ਨੂੰ ਠੱਲ ਪਾਉਣ ਵਿਚ ਅਹਿਮ ਭੂਮਿਕਾ ਨਿਭਾਈ।

ਗੁਰੂ ਨਾਨਕ ਦੇਵ ਦਾ ਉਦਾਸੀਆਂ ਤੋਂ ਮਗਰੋਂ ਕਰਤਾਰਪੁਰ ਖੇਤੀ ਕਰਨਾ ਨੀਵੇਂ ਸਮਝੇ ਜਾਂਦੇ ਕਿਰਤੀਆਂ ਅਤੇ ਕਿਰਤ ਦੇ ਗੌਰਵ ਨੂੰ ਉਭਾਰਨ ਦਾ ਕਾਰਜ ਸੀ। ਸਿੱਖੀ ਵਿਚ ਉਚ-ਨੀਚ ਦਾ ਭੇਦ ਨਾ ਹੋਣ ਕਰਕੇ ਹੀ ਪੰਜਾਬ ਦੇ ਜੱਟਾਂ ਨੇ ਸਿੱਖ ਬਣਨਾ ਸ਼ੁਰੂ ਕੀਤਾ ਸੀ, ਕਿਉਂਕਿ ਉਦੋਂ ਜੱਟਾਂ ਨੂੰ ਵੀ ਸ਼ੂਦਰ ਜਾਤ ਹੀ ਸਮਝਿਆ ਜਾਂਦਾ ਸੀ। ਇਹ ਮਿੱਟੀ ਨਾਲ ਮਿੱਟੀ ਤੇ ਪਸ਼ੂਆਂ ਨਾਲ ਪਸ਼ੂ ਹੋ ਕੇ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੀ ਜਾਤ ਸੀ। ਸਿੱਖੀ ਦੇ ਕਲੇਵਰ 'ਚ ਆਉਣ ਨਾਲ ਨਿਸ਼ਚਿਤ ਤੌਰ 'ਤੇ ਪੰਜਾਬ ਦੇ ਜੱਟਾਂ ਦਾ ਸਮਾਜਿਕ ਵੱਕਾਰ ਕਾਫੀ ਉਚਾ ਹੋਇਆ। ਅੱਜ ਸੱਤਾ ਦਾ ਫੈਸਲਾ ਵੋਟਾਂ ਦੀ ਗਿਣਤੀ ਦੇ ਹਿਸਾਬ ਨਾਲ ਹੁੰਦਾ ਹੈ। ਬਹੁਗਿਣਤੀ ਹੋਣ ਕਰਕੇ ਪੰਜਾਬ ਵਿਚ ਜੱਟਾਂ ਨੂੰ ਸੱਤਾਧਾਰੀ ਹੋਣ ਦਾ ਉਹ ਰੁਤਬਾ ਹਾਸਲ ਹੋ ਗਿਆ ਜੋ ਮੱਧਕਾਲ ਦੌਰਾਨ ਬ੍ਰਾਹਮਣਾਂ ਨੂੰ ਭਾਰਤ ਵਿਚ ਹਾਸਲ ਸੀ।

ਹੁਣ ਪੰਜਾਬ ਦੇ ਪਿੰਡਾਂ ਵਿਚ ਬ੍ਰਾਹਮਣ ਪਰਿਵਾਰਾਂ ਦਾ ਸਮਾਜਕ ਰੁਤਬਾ ਬਿਲਕੁਲ ਹਾਸ਼ੀਏ 'ਤੇ ਜਾ ਚੁੱਕਾ ਹੈ। ਰਾਜ ਅਤੇ ਧਰਮ ਸੰਸਥਾਵਾਂ ਉਪਰ ਜੱਟਾਂ ਦਾ ਕੰਟਰੋਲ ਹੈ। ਇਹੀ ਕਾਰਨ ਹੈ ਕਿ ਹਰ ਤਰ੍ਹਾਂ ਦੀ ਕੁਰਹਿਤ ਅਤੇ ਬੱਜਰ ਕੁਰਹਿਤ ਦਾ ਧਾਰਨੀ ਹੋਣ ਦੇ ਬਾਵਜੂਦ ਜੱਟ ਦਾ ਪੁੱਤਰ ਜੱਟ-ਸਿੱਖ ਹੀ ਹੁੰਦਾ ਹੈ। ਸਾਰੇ ਰਾਜਸੀ ਫੈਸਲੇ ਜੱਟ ਵੋਟ ਨੂੰ ਕੇਂਦਰ ਵਿਚ ਰੱਖ ਕੇ ਕੀਤੇ ਜਾਂਦੇ ਹਨ। ਜੱਟ ਸਭਿਆਚਾਰ ਹੀ ਪੰਜਾਬੀ ਸਭਿਆਚਾਰ ਜਾਂ ਸਿੱਖ ਸਭਿਆਚਾਰ ਵਜੋਂ ਪੇਸ਼ ਹੋ ਰਿਹਾ ਹੈ।

ਪਹਿਲਾਂ ਪਛੜੀਆਂ ਸ਼੍ਰੇਣੀਆਂ ਦੇ ਕਿਰਤੀਆਂ ਨੂੰ ਨਾਲ ਲੈ ਕੇ ਖੇਤੀ ਕਰਦਾ ਜੱਟ ਦਸਾਂ ਨਹੁੰਆਂ ਨਾਲ ਕਿਰਤ ਕਰਦਾ ਸੀ। ਆਪਸ ਵਿਚ ਸਾਂਝ ਅਤੇ ਸੀਰ ਸੀ। ਫਿਰ ਪਰਵਾਸੀ ਮਜ਼ਦੂਰਾਂ ਤੋਂ ਖੇਤੀ ਕਰਵਾਉਣ ਲਈ ਇਕ ਉਂਗਲ ਨਾਲ ਨਿਰਦੇਸ਼ ਦੇਣ ਲੱਗ ਪਿਆ। ਨਵੇਂ ਆਰਥਿਕ ਸਮੀਕਰਣਾਂ ਤਹਿਤ ਅਜਿਹਾ ਕਰਨ ਦੀ ਇਸ ਇਕ ਉਂਗਲ ਵਿਚ ਸੱਤਿਆ ਨਾ ਰਹੀ ਤਾਂ ਜੱਟ ਖੁਦਕੁਸ਼ੀਆਂ ਕਰਨ ਲੱਗ ਪਿਆ। ਪੰਜਾਬ ਹਰਿਆਣਾ ਦੇ ਬਾਰਡਰ ਨਾਲ ਲੱਗਦੇ ਲਹਿਰਾਗਾਗਾ ਇਲਾਕੇ ਦੇ ਪਿੰਡਾਂ ਵਿਚ ਪਿਛਲੇ ਸਾਲਾਂ ਵਿਚ ਜੱਟਾਂ ਦੀਆਂ ਸੈਂਕੜੇ ਖੁਦਕੁਸ਼ੀਆਂ ਹੋਈਆਂ। ਸੰਨ 2006 ਵਿਚ ਅਸੀਂ 7-8 ਦੋਸਤਾਂ ਦਾ ਗਰੁਪ ਇਸ ਇਲਾਕੇ ਦੇ ਅਜਿਹੇ ਪਰਿਵਾਰਾਂ ਨੂੰ ਮਿਲੇ ਜਿਨ੍ਹਾਂ ਦੇ ਕਮਾਊ ਪੁਰਸ਼ ਮੈਂਬਰ ਖੁਦਕੁਸ਼ੀ ਕਰ ਚੁੱਕੇ ਸਨ। ਅਸੀਂ ਇਨ੍ਹਾਂ ਪਰਿਵਾਰਾਂ ਦੇ 13 ਸਾਲ ਤੋਂ ਉਪਰ ਉਮਰ ਦੇ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਸਾਡੇ ਕੋਲ ਲੁਧਿਆਣੇ ਆ ਜਾਣ, ਉਨ੍ਹਾਂ ਨੂੰ ਫੈਕਟਰੀਆਂ ਵਿਚ ਰੁਜ਼ਗਾਰ ਦਾ ਪ੍ਰਬੰਧ ਕਰ ਕੇ ਦੇਵਾਂਗੇ ਅਤੇ ਸਭ ਦੇ ਰਹਿਣ ਅਤੇ ਖਾਣ-ਪੀਣ ਦਾ ਵੀ ਸਾਂਝੇ ਤੌਰ 'ਤੇ ਪ੍ਰਬੰਧ ਕਰ ਦਿਆਂਗੇ। ਪਰ ਇਕ ਵੀ ਨੌਜਵਾਨ ਨੇ ਸਾਡੇ ਇਸ ਸੱਦੇ ਨੂੰ ਪਰਵਾਨ ਨਹੀਂ ਕੀਤਾ। ਸ਼ਾਇਦ ਉਨ੍ਹਾਂ ਦੇ ਜੱਟ ਹੋਣ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਵਰਜ ਦਿੱਤਾ ਸੀ। ਅਜਿਹਾ ਜੱਟਪੁਣਾ ਵਰਤਮਾਨ ਆਰਥਿਕ ਹਾਲਤਾਂ ਦੇ ਮੱਦੇਨਜ਼ਰ ਬਿਲਕੁਲ ਵਾਰਾ ਨਹੀਂ ਖਾਂਦਾ। ਪਰ ਜੱਟ-ਕੇਂਦਰਤ ਵੋਟ-ਰਾਜਨੀਤੀ ਜੱਟਪੁਣੇ ਨੂੰ ਹਰ ਕੀਮਤ 'ਤੇ ਜਿਉਂਦਾ ਅਤੇ ਸੰਗਠਿਤ ਰੱਖਣ ਲਈ ਬਜ਼ਿੱਦ ਹੈ। ਧਰਤੀ ਹੇਠਲੇ ਪਾਣੀ ਨੂੰ ਮੁਕਾਉਣ ਲਈ ਮਹਿੰਗੇ ਭਾਅ ਬਣਾਈ ਅਤੇ ਖਰੀਦੀ ਜਾਂਦੀ ਬਿਜਲੀ ਟਿਊਬਵੈਲਾਂ ਲਈ ਮੁਫਤ ਦੇਣਾ, ਵਾਤਾਵਰਣ ਨੂੰ ਜ਼ਹਿਰੀਲਾ ਕਰਨ ਵਾਲੇ ਰਸਾਇਣਾਂ ਦੀ ਬੇਰੋਕ ਵਰਤੋਂ ਅਤੇ ਇਨ੍ਹਾਂ 'ਤੇ ਦਿੱਤੀ ਜਾਂਦੀ ਸਬਸਿਡੀ ਮੋਟੀਆਂ ਮਿਸਾਲਾਂ ਹਨ। ਪਰ ਇੰਜ ਵੀ ਜੱਟ ਨਾ ਤਾਂ ਆਪ ਬਚ ਰਿਹਾ ਹੈ ਸਗੋਂ ਪੂਰੇ ਸਮਾਜਿਕ ਆਰਥਿਕ ਪ੍ਰਬੰਧ 'ਤੇ ਵੀ ਉਲਟ ਅਸਰ ਪੈ ਰਿਹਾ ਹੈ। ਬਾਹਰਲੇ ਮੁਲਕਾਂ ਵਿਚ ਜਾ ਕੇ ਪੰਜਾਬ ਦਾ ਜੱਟ ਕਿਰਤ ਦੀ ਦ੍ਰਿਸ਼ਟੀ ਤੋਂ ਰਾਮਗੜ੍ਹੀਆ, ਰਵਿਦਾਸੀਆ, ਬਾਲਮੀਕੀਆ ਆਦਿ ਬਣ ਕੇ ਆਪਣੀ ਖੁਸ਼ਹਾਲੀ ਅਤੇ ਸਵੈਮਾਣ ਦੇ ਨਵੇਂ ਦੁਆਰ ਖੋਲ੍ਹ ਰਿਹਾ ਹੈ। ਉਧਰ ਕਿਰਤ ਦਾ ਸਬੰਧ ਜਾਤ-ਪਾਤ ਜਾਂ ਉਚ-ਨੀਚ ਨਾਲ ਨਹੀਂ ਸਗੋਂ ਕਮਾਈ ਅਤੇ ਸਵੈਮਾਣ ਨਾਲ ਹੈ। ਸਮੁੱਚੇ ਪੰਜਾਬ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਵਿਕਾਸ ਲਈ ਪੰਜਾਬ ਵਿਚ ਜੱਟਾਂ ਨੂੰ ਜੱਟਪੁਣਾ ਤਿਆਗ ਕੇ ਭਗਤ ਰਵਿਦਾਸ, ਕਬੀਰ, ਨਾਮਦੇਵ, ਸਦਨਾ, ਸੈਣ, ਬਾਲਮੀਕ ਆਦਿ ਵਾਲੀਆਂ ਕਿਰਤਾਂ ਅਤੇ ਦਸਤਕਾਰੀਆਂ ਵਿਚ ਆਧੁਨਿਕ ਮੁਹਾਰਤ ਹਾਸਲ ਕਰਨੀ ਪਏਗੀ। ਸਰਕਾਰਾਂ ਨੂੰ ਸਨਅਤੀਕਰਨ ਅਤੇ ਸ਼ਹਿਰੀ ਵਿਕਾਸ ਵੱਲ ਵਧੇਰੇ ਧਿਆਨ ਦੇਣਾ ਪਵੇਗਾ। ਪਰ ਇਹ ਸਭ ਤਾਂ ਹੀ ਹੋ ਸਕੇਗਾ ਜੇ ਅਸੀਂ ਉਨ੍ਹਾਂ ਨੂੰ ਆਪਣੇ ਮਨਾਂ ਅਤੇ ਵਤੀਰੇ ਵਿਚ ਉਹ ਸਥਾਨ ਦੇਵਾਂਗੇ ਜੋ ਸਥਾਨ ਗੁਰੂ ਸਾਹਿਬਾਨ ਨੇ ਉਨ੍ਹਾਂ ਨੂੰ ਦਿੱਤਾ ਸੀ। ਸਮੂਹ ਸਿੱਖਾਂ ਨੂੰ ਉਨ੍ਹਾਂ ਦੇ ਪੈਰੋਕਾਰ ਹੋਣ ਦੇ ਗੌਰਵ ਦੇ ਧਾਰਨੀ ਹੋਣਾ ਪਏਗਾ। ਜਾਤ ਨਾਲ ਜੁੜੀ ਹੋਛੀ ਹਉਮੈ ਨੂੰ ਤਿਆਗਣਾ ਪਏਗਾ, ਜਿਹਾ ਕਿ ਗੁਰੂ ਅਮਰਦਾਸ ਦਾ ਬਚਨ ਹੈ:

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥
ਚਾਰੇ ਵਰਨ ਆਖੈ ਸਭੁ ਕੋਈ॥
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥
ਮਾਟੀ ਏਕ ਸਗਲ ਸੰਸਾਰਾ॥
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥
(ਪੰਨਾ 1127)

# ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਰਵਿਦਾਸ ਜੀ ਦੀ ਬਾਣੀ ਵਿਚੋਂ ਕੁਝ ਸ਼ਬਦ

## ਦੂਧੁ ਤ ਬਛਰੈ ਥਨਹੁ ਬਿਟਾਰਿਓ

ਦੂਧੁ ਤ ਬਛਰੈ ਥਨਹੁ ਬਿਟਾਰਿਓ॥
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥1॥
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥
ਅਵਰੁ ਨ ਫੂਲੁ
ਅਨੂਪੁ ਨ ਪਾਵਉ॥1॥ਰਹਾਉ॥
ਮੈਲਾਗਰ ਬੇਰ੍ਹੇ ਹੈ ਭੁਇਅੰਗਾ॥
ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ॥2॥
ਧੂਪ ਦੀਪ ਨਈਬੇਦਹਿ ਬਾਸਾ॥
ਕੈਸੇ ਪੂਜ ਕਰਹਿ ਤੇਰੀ ਦਾਸਾ॥3॥
ਤਨੁ ਮਨੁ ਅਰਪਉ ਪੂਜ ਚਰਾਵਉ॥
ਗੁਰ ਪਰਸਾਦਿ ਨਿਰੰਜਨੁ ਪਾਵਉ॥4॥
ਪੂਜਾ ਅਰਚਾ ਆਹਿ ਨ ਤੋਰੀ॥
ਕਹਿ ਰਵਿਦਾਸ ਕਵਨ ਗਤਿ ਮੋਰੀ॥5॥
(ਪੰਨਾ 525)

---

## ਮਾਟੀ ਕੋ ਪੁਤਰਾ ਕੈਸੇ ਨਚਤੁ ਹੈ

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥
ਦੇਖੈ ਦੇਖੈ ਸੁਨੈ ਬੋਲੈ
ਦਉਰਿਓ ਫਿਰਤੁ ਹੈ॥1॥ਰਹਾਉ॥
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥
ਮਾਇਆ ਗਈ ਤਬ ਰੋਵਨੁ ਲਗਤੁ ਹੈ॥1॥
ਮਨ ਬਚ ਕ੍ਰਮ ਰਸ ਕਸਹਿ ਲੁਭਾਨਾ॥
ਬਿਨਸਿ ਗਇਆ ਜਾਇ ਕਹੂੰ ਸਮਾਨਾ॥2॥
ਕਹਿ ਰਵਿਦਾਸ ਬਾਜੀ ਜਗੁ ਭਾਈ॥
ਬਾਜੀਗਰ ਸਉ ਮੁਹਿ ਪ੍ਰੀਤਿ ਬਨ ਆਈ॥3॥
(ਪੰਨਾ 487)

---

## ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ॥1॥
ਰਾਮ ਗੁਸਈਆ ਜੀਅ ਕੇ ਜੀਵਨਾ॥
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ॥1॥ਰਹਾਉ॥
ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ॥
ਚਰਣ ਨ ਛਾਡਉ ਸਰੀਰ ਕਲ ਜਾਈ॥2॥
ਕਹੁ ਰਵਿਦਾਸ ਪਰਉ ਤੇਰੀ ਸਾਭਾ॥
ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ॥3॥
(ਪੰਨਾ 345)

---

## ਨਾਮੁ ਤੇਰੋ ਆਰਤੀ ਮਜਨੁ ਮੁਰਾਰੇ

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ
ਝੂਠੇ ਸਗਲ ਪਾਸਾਰੇ॥1॥ਰਹਾਉ॥
ਨਾਮੁ ਤੇਰੋ ਆਸਨੋ ਨਾਮੁ ਤੇਰਾ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥1॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥
ਨਾਮ ਤੇਰੇ ਕੀ ਜੋਤਿ ਲਗਾਈ
ਭਇਓ ਉਜਿਆਰੋ ਭਵਨ ਸਗਲਾਰੇ॥2॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ
ਭਾਰ ਅਠਾਰਹ ਸਗਲ ਜੂਠਾਰੇ॥
ਤੇਰੋ ਕੀਆ ਤੁਝਹਿ ਕਿਆ ਅਰਪਉ
ਨਾਮੁ ਤੇਰਾ ਤੁਹੀ ਚਵਰ ਢੋਲਾਰੇ॥3॥
ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥4॥
(ਪੰਨਾ 694)

---

## ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥1॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ॥1॥ਰਹਾਉ॥
ਤੁਮ੍ਹ ਜੁ ਨਾਇਕ ਆਛਹੁ ਅੰਤਰਜਾਮੀ॥
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ॥2॥
ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ॥
ਰਵਿਦਾਸ ਸਮ ਦਲ ਸਮਝਾਵੈ ਕੋਊ॥3॥
(ਪੰਨਾ 93)

---

## ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ

ਤੁਮ ਚੰਦਨ ਹਮ ਇਰੰਡ ਬਾਪੁਰੇ
ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈਂ
ਗੰਧ ਸੁਗੰਧ ਨਿਵਾਸਾ॥1॥
ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ॥
ਹਮ ਅਉਗਨ ਤੁਮ ਉਪਕਾਰੀ॥1॥ਰਹਾਉ॥
ਤੁਮ ਮਖਤੂਲ ਸਪੇਦ ਸਪੀਅਲ
ਹਮ ਬਪੁਰੇ ਜਸ ਕੀਰਾ॥
ਸਤਸੰਗਤਿ ਮਿਲ ਰਹੀਐ
ਮਾਧਉ ਜੈਸੇ ਮਧੁਪ ਮਖੀਰਾ॥2॥
ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ॥
ਰਾਜਾ ਰਾਮ ਕੀ ਸੇਵ ਨ ਕੀਨੀ
ਕਹਿ ਰਵਿਦਾਸ ਚਮਾਰਾ॥3॥
(ਪੰਨਾ 486)

---

## ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ

ਘਟ ਅਵਘਟ ਡੂਗਰ ਘਣਾ
ਇਕੁ ਨਿਰਗੁਣੁ ਬੈਲੁ ਹਮਾਰ॥
ਰਮਈਏ ਸਿਉ ਇਕ ਬੇਨਤੀ
ਮੇਰੀ ਪੂੰਜੀ ਰਾਖੁ ਮੁਰਾਰਿ॥1॥
ਕੋ ਬਨਜਾਰੋ ਰਾਮ ਕੋ ਮੇਰਾ
ਟਾਂਡਾ ਲਾਦਿਆ ਜਾਇ ਰੇ॥1॥ਰਹਾਉ॥
ਹਉ ਬਨਜਾਰੋ ਰਾਮ ਕੋ
ਸਹਜ ਕਰਉ ਬ੍ਯ੍ਯਾਪਾਰੁ॥
ਮੈ ਰਾਮ ਨਾਮ ਧਨੁ ਲਾਦਿਆ
ਬਿਖੁ ਲਾਦੀ ਸੰਸਾਰਿ॥2॥
ਉਰਵਾਰ ਪਾਰ ਕੇ ਦਾਨੀਆ
ਲਿਖਿ ਲੇਹੁ ਆਲ ਪਤਾਲੁ॥
ਮੋਹਿ ਜਮ ਡੰਡੁ ਨ ਲਾਗਈ
ਤਜੀਲੇ ਸਰਬ ਜੰਜਾਲ॥3॥
ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ॥
ਮੇਰੇ ਰਮਈਏ ਰੰਗੁ ਮਜੀਠ ਕਾ
ਕਹੁ ਰਵਿਦਾਸ ਚਮਾਰ॥4॥
(ਪੰਨਾ 345)



ਸਦਾਬਹਾਰ ਗੁਲਜ਼ਾਰ ਸਿੰਘ ਸੰਧੂ-4

# ਸੰਧੂਰੀ ਸੰਧੂ

***ਪ੍ਰਿੰਸੀਪਲ ਸਰਵਣ ਸਿੰਘ ਦੀਆਂ ਲਿਖਤਾਂ ਵਿਚ ਕਥਾ ਰਸ ਕਮਾਲ ਦਾ ਹੁੰਦਾ ਹੈ। ਉਨ੍ਹਾਂ ਦੀਆਂ ਖੇਡ ਲਿਖਤਾਂ ਵੀ ਕਹਾਣੀਆਂ ਜਾਪਦੀਆਂ ਹਨ। ਉਨ੍ਹਾਂ ਸਾਹਿਤਕਾਰ ਤੇ ਪੱਤਰਕਾਰ ਗੁਲਜ਼ਾਰ ਸਿੰਘ ਸੰਧੂ ਬਾਰੇ ਇਹ ਲੰਮਾ ਲੇਖ ਭੇਜਿਆ ਹੈ ਜੋ ਉਨ੍ਹਾਂ ਦੀ ਮਾਰਚ ਮਹੀਨੇ ਛਪ ਕੇ ਆ ਰਹੀ ਪੁਸਤਕ 'ਪੰਜਾਬ ਦੇ ਕੋਹੇਨੂਰ ਭਾਗ ਦੂਜਾ' ਵਿਚ ਸ਼ਾਮਲ ਹੋਵੇਗਾ। ਪ੍ਰਿੰਸੀਪਲ ਸਰਵਣ ਸਿੰਘ ਵੀ ਸੰਧੂ ਜੱਟ ਹਨ। ਹੁਣ ਇਹ ਫੈਸਲਾ ਪਾਠਕਾਂ 'ਤੇ ਛੱਡਦੇ ਹਾਂ ਕਿ ਉਹ ਇਸ ਲੇਖ ਵਿਚ ਆਪਣੇ ਸੰਧੂ ਭਰਾ (ਗੁਲਜ਼ਾਰ ਸੰਧੂ) ਦੀ ਵਡਿਆਈ ਕਰਦੇ ਹਨ ਜਾਂ ਫਿਰ ਸ਼ਰੀਕ ਬਣ ਕੇ ਉਨ੍ਹਾਂ ਦੇ ਪਾਜ ਉਧੇੜਦੇ ਹਨ। -ਸੰਪਾਦਕ***

ਦਸਵੀਂ ਪਾਸ ਕਰ ਕੇ ਗੁਲਜ਼ਾਰ ਸਿੰਘ ਸੰਧੂ ਖਾਲਸਾ ਕਾਲਜ ਮਾਹਿਲਪੁਰ ਵਿਚ ਦਾਖਲ ਹੋ ਗਿਆ। ਕਾਲਜ ਪੜ੍ਹਦਿਆਂ ਕਵਿਤਾ ਨੂੰ ਮੂੰਹ ਮਾਰਨ ਲੱਗ ਪਿਆ, ਉਸ ਦੀ ਇਕ ਕਵਿਤਾ ਕਾਲਜ ਦੇ ਮੈਗਜ਼ੀਨ ਵਿਚ ਵੀ ਛਪੀ। ਕਿੱਸਿਆਂ ਤੋਂ ਬਾਅਦ ਪੰਜਾਬੀ ਦੇ ਰਸਾਲੇ ਪੜ੍ਹਨੇ ਉਹਦਾ ਮਨਭਾਉਂਦਾ ਸ਼ੌਕ ਸੀ। ਕਾਲਜ ਤੋਂ ਬੀ. ਏ. ਕਰ ਕੇ ਉਹ ਦਿੱਲੀ ਚਲਾ ਗਿਆ। ਦਿੱਲੀ ਉਹਦੇ ਮਾਮਿਆਂ ਦਾ ਟੈਕਸੀਆਂ ਦਾ ਕਾਰੋਬਾਰ ਸੀ। ਆਸ ਸੀ ਕਿ ਉਹ ਵੀ ਟੈਕਸੀਆਂ ਦੇ ਕਾਰੋਬਾਰ ਵਿਚ ਪੈ ਜਾਵੇਗਾ ਜਾਂ ਦਿੱਲੀ ਤੋਂ ਵਲਾਇਤ ਚਲਾ ਜਾਵੇਗਾ, ਪਰ ਉਹ ਪਹਿਲਾਂ ਗਿਆਨੀ, ਤੇ ਫਿਰ ਕੈਂਪ ਕਾਲਜ ਦਿੱਲੀ ਤੋਂ ਅੰਗਰੇਜ਼ੀ ਦੀ ਐਮ. ਏ. ਕਰਨ ਲੱਗ ਪਿਆ। ਵੀਹ ਸਾਲ ਦੀ ਉਮਰ ਵਿਚ ਜਦੋਂ ਉਹ ਦਿੱਲੀ ਨੂੰ ਤੁਰਿਆ ਸੀ ਤਾਂ ਉਸ ਦੇ ਪਿਤਾ ਨੇ ਮੱਤ ਦਿੱਤੀ ਸੀ, "ਵੇਖੀਂ ਗੁਲਜ਼ਾਰ ਪੁੱਤ, ਸ਼ਿਕਾਇਤ ਨਾ ਆਵੇ ਤੇਰੀ।" ਨਾਲ ਹੀ ਕਿਹਾ ਸੀ, "ਜੇ ਪੈਸੇ ਦੀ ਲੋੜ ਹੋਵੇ ਤਾਂ ਕਰਜ਼ ਨਹੀਂ ਲੈਣਾ। ਉਧਾਰ ਫੜ ਲਈਂ। ਕੋਈ ਗਲਤ ਕੰਮ ਨਹੀਂ ਕਰਨਾ।"

ਲਿਖਣ ਦੀ ਚੇਟਕ ਉਸ ਨੂੰ ਮਾਹਿਲਪੁਰ ਤੋਂ ਹੀ ਲੱਗ ਚੁੱਕੀ ਸੀ। ਬਾਲ ਸੰਦੇਸ਼ ਵਿਚ ਲੇਖ ਛਪ ਗਿਆ ਸੀ। ਦਿੱਲੀ ਜਾ ਕੇ ਆਪਣੇ ਤਾਏ ਦੀ ਕਹਾਣੀ 'ਹਵਾਲਦਾਰ ਬਖਤਾਵਰ ਸਿੰਘ' ਲਿਖੀ ਜੋ ਗਿਆਨੀ ਕੁਲਦੀਪ ਸਿੰਘ ਨੇ 1955 ਵਿਚ ਸੈਨਿਕ ਸਮਾਚਾਰ ਵਿਚ ਛਾਪੀ। ਉਸ ਦੇ 20 ਰੁਪਏ ਮਿਲੇ ਜੋ ਉਹਨੀਂ ਦਿਨੀਂ ਅੱਜ ਦੇ ਦੋ ਹਜ਼ਾਰ ਤੋਂ ਵੱਧ ਸਨ। ਉਸ ਨੂੰ 'ਪ੍ਰੀਤਮ' ਰਸਾਲੇ ਦੀ ਸੰਪਾਦਕੀ ਮਿਲ ਗਈ। ਮਹੀਨੇ ਦੇ ਪਹਿਲਾਂ 55 ਰੁਪਏ, ਫਿਰ 65 ਤੇ ਅਖੀਰ 75 ਰੁਪਏ। ਕਦੇ



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

'ਪ੍ਰੀਤਮ' ਦੇ ਪਹਿਲੇ ਐਡੀਟਰ ਡਾਕਟਰ ਗੋਪਾਲ ਸਿੰਘ, ਪ੍ਰੀਤਮ ਸਿੰਘ ਸਫ਼ੀਰ ਤੇ ਵਣਜਾਰਾ ਬੇਦੀ ਰਹੇ ਸਨ। ਉਹਨਾਂ ਵਾਲੀ ਕੁਰਸੀ 'ਤੇ ਨੌਜੁਆਨ ਸੰਧੂ ਜਾ ਬੈਠਾ। ਉਹਨੀਂ ਦਿਨੀਂ ਕਰੋਲ ਬਾਗ ਵਿਚ ਹਰਿਭਜਨ ਸਿੰਘ, ਕਵੀ ਤਾਰਾ ਸਿੰਘ ਤੇ ਈਸ਼ਵਰ ਚਿੱਤਰਕਾਰ ਹੋਰੀਂ ਰਹਿੰਦੇ ਸਨ ਜਿਨ੍ਹਾਂ ਨਾਲ ਉਸ ਦਾ ਮੇਲ ਜੋਲ ਹੋਣਾ ਸ਼ੁਰੂ ਹੋ ਗਿਆ। ਉਹ ਉਹਨਾਂ ਨਾਲ ਸਾਹਿਤਕਾਰੀ ਨੂੰ ਮੂੰਹ ਮਾਰਨ ਲੱਗ ਪਿਆ।

ਦਿੱਲੀ ਉਦੋਂ ਟੈਕਸੀਆਂ ਵਿਚ ਦੋ ਨਾਂ ਮਸ਼ਹੂਰ ਸਨ। ਰੀਗਲ ਟੈਕਸੀ ਸਟੈਂਡ ਵਾਲਾ ਚਰਨ ਸਿੰਘ ਤੇ ਰੇਲਵੇ ਟੈਕਸੀ ਸਟੈਂਡ ਵਾਲਾ ਸੁਖਦੇਵ ਸਿੰਘ। ਗੁਲਜ਼ਾਰ ਦੇ ਦੱਸਣ ਮੁਤਾਬਿਕ ਉਹਦੇ ਮਾਮਿਆਂ ਕੋਲ ਏਨੀਆਂ ਟੈਕਸੀਆਂ ਸਨ ਕਿ ਇਕ ਦੂਜੀ ਪਿੱਛੇ ਖਲ੍ਹਿਆਰੀਏ ਤਾਂ ਪੂਰੀ ਰੇਲ ਗੱਡੀ ਬਣ ਸਕਦੀ ਸੀ। ਫਿਰ ਉਨ੍ਹਾਂ 'ਚ ਰੌਲਾ ਪੈ ਗਿਆ। ਇਕ ਦੂਜੇ ਨੂੰ ਮਰਨ ਮਾਰਨ 'ਤੇ ਤੁਲ ਗਏ। ਪਿੰਡੋਂ ਗੁਲਜ਼ਾਰ ਦਾ ਨਾਨਾ ਦਿੱਲੀ ਪਹੁੰਚਿਆ। ਨਾਨੇ ਨੇ ਰਾਜ਼ੀਨਾਮਾ ਕਰਾਉਣ ਲਈ ਕੇਵਲ ਦੋ ਲਫ਼ਜ਼ ਬੋਲੇ, "ਬੇਹਯਾ ਕੁਲੱਛਣੇ"। ਬਾਅਦ ਵਿਚ ਗੁਲਜ਼ਾਰ ਸੰਧੂ ਨੇ ਇਸੇ ਨਾਂ ਦੀ ਕਹਾਣੀ ਲਿਖੀ।

ਦਿੱਲੀ 'ਚ ਉਸ ਨੇ ਕਈ ਪਾਪੜ ਵੇਲੇ। ਗਿਆਨੀ ਪਾਸ ਕਰਨ ਪਿੱਛੋਂ ਦੋ ਰਸਾਲਿਆਂ ਦੀ ਸੰਪਾਦਕੀ ਕੀਤੀ। ਅੰਗਰੇਜ਼ੀ ਤੋਂ ਪੰਜਾਬੀ 'ਚ ਅਨੁਵਾਦ ਕੀਤੇ। ਨਿਊ ਆਰਟਸ ਕਾਲਜ ਦੀ ਆਰਜ਼ੀ ਪ੍ਰੋਫੈਸਰੀ ਕੀਤੀ। ਪੀ. ਟੀ. ਕਾਲਜ 'ਚ ਟਿਊਸ਼ਨਾਂ ਪੜ੍ਹਾਈਆਂ। ਅਕਾਊਂਟਸ ਆਫਿਸ 'ਚ ਕਲਰਕੀ ਉਪਰੰਤ ਖੇਤੀ ਕਾਊਂਸਲ 'ਚ ਐਡੀਟਰੀ ਕੀਤੀ। ਨਾਲ ਕਹਾਣੀਆਂ ਲਿਖੀਆਂ। ਲੇਖਕਾਂ ਨਾਲ ਸਾਂਝ ਪਾਈ। ਮਹਿਫ਼ਲਾਂ ਵਿਚ ਹਾਸੇ ਵੰਡੇ।

ਗੁਲਜ਼ਾਰ ਸੰਧੂ ਨੂੰ ਮੈਂ ਪਹਿਲੀ ਵਾਰ ਉਹਦੀ ਅਨੁਵਾਦ ਪੁਸਤਕ 'ਜੀਵਨ ਤੇ ਸਾਹਿਤ' ਪੜ੍ਹ ਕੇ ਜਾਣਿਆ ਸੀ। ਇਹ ਮੈਕਸਿਮ ਗੋਰਕੀ ਦੇ ਲੇਖਾਂ ਦਾ ਅਨੁਵਾਦ ਸੀ। 1962 ਦੀਆਂ ਗਰਮੀਆਂ ਦੀ ਗੱਲ ਹੈ। ਮੈਂ ਉਦੋਂ ਦਿੱਲੀ ਯੂਨੀਵਰਸਿਟੀ ਤੋਂ ਐਮ. ਏ. ਕਰਨ ਗਿਆ ਸਾਂ। ਸਾਡੇ ਪੀਰੀਅਡ ਆਰਟਸ ਫੈਕਲਟੀ ਬਿਲਡਿੰਗ ਵਿਚ ਲੱਗਦੇ ਸਨ। ਉਹ ਪੁਸਤਕ ਮੈਂ ਯੂਨੀਵਰਸਿਟੀ ਦੀ ਲਾਇਬ੍ਰੇਰੀ ਤੋਂ ਹਾਸਲ ਕੀਤੀ ਸੀ। ਉਸ ਤੋਂ ਬਾਅਦ ਮੈਂ ਸੰਧੂ ਦੀ ਹਰ ਰਚਨਾ ਪੜ੍ਹੀ। ਸਾਡਾ ਪਹਿਲਾ ਮੇਲ 1962 ਵਿਚ ਦਿੱਲੀ ਦੇ ਖ਼ਾਲਸਾ ਕਾਲਜ ਵਿਚ ਹੋਇਆ। ਅਸੀਂ ਪੰਜਾਬੀ ਦਾ ਸਾਹਿਤਕ ਸਮਾਗਮ ਕੀਤਾ ਤਾਂ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਵੀ ਆਇਆ, ਗਾਰਗੀ ਵੀ, ਸਫ਼ੀਰ ਵੀ ਤੇ ਕਈ ਕਵੀ ਜਨ ਵੀ। ਉਸੇ ਸਮਾਗਮ ਵਿਚ ਗੁਲਜ਼ਾਰ ਸੰਧੂ ਮਿਲਿਆ। ਸੁਆਰ ਕੇ ਕਤਰੀ ਹੋਈ ਛੱਲਿਆਂ ਵਾਲੀ ਖੁੱਲ੍ਹੀ ਦਾੜ੍ਹੀ, ਦਗਦਾ ਚਿਹਰਾ। ਕਨਾਟ ਪਲੇਸ ਵਾਲੇ ਇੰਡੀਅਨ ਕਾਫੀ ਹਾਊਸ ਵਿਚ ਲੇਖਕਾਂ ਦੀ ਸੱਥ ਜੁੜਦੀ। ਕਦੇ ਕਦੇ ਸੰਧੂ ਵੀ ਆ ਜਾਂਦਾ। ਉਹਦੇ ਤੇ ਹਜ਼ਾਰਾ ਸਿੰਘ ਗੁਰਦਾਸਪੁਰੀ ਦੇ ਉੱਚੇ ਠਹਾਕੇ ਸਭਨਾਂ ਦਾ ਧਿਆਨ ਖਿੱਚਦੇ। ਉਥੇ ਬਿਸ਼ਨ ਸਿੰਘ ਉਪਾਸ਼ਕ ਹੁੰਦਾ, ਤਾਰਾ ਸਿੰਘ ਕਾਮਲ ਹੁੰਦਾ, ਸੰਸਾਰ ਸਿੰਘ ਗਰੀਬ, ਦੇਵ ਰਾਜ ਚਾਨਣਾ ਤੇ ਗੁਰਦੇਵ ਰੁਪਾਣੇ ਵਰਗੇ ਹੁੰਦੇ। ਇਕ ਹੁੰਦਾ ਸੀ ਬੂਟਾ ਸਿੰਘ ਕਹਾਣੀਕਾਰ। ਉਹਨੇ 1964 ਵਿਚ ਗੁਲਜ਼ਾਰ ਸਿੰਘ ਸੰਧੂ ਦਾ ਰੇਖਾ ਚਿੱਤਰ ਲਿਖਿਆ- ਅਖੇ ਗੁਲਜ਼ਾਰ ਸਿੰਘ ਦੇ ਨਾਂ ਅੱਗੇ ਸੰਧੂ ਸ਼ਬਦ ਇਸ ਤਰ੍ਹਾਂ ਹੈ, ਜਿਵੇਂ ਪੁਰਾਣੀ ਹਵੇਲੀ ਨੂੰ ਵੱਜਿਆ ਸਿਆਲਕੋਟੀ ਜੰਦਰਾ। ਇਕ ਵਾਰ ਬੂਟਾ ਸਿੰਘ ਨੇ ਗੁਲਜ਼ਾਰ ਦੀ ਮਾਤਾ ਕੋਲ ਗੁਲਜ਼ਾਰ ਦੇ ਲਾਇਕ ਹੋਣ ਦੀ ਗੱਲ ਕੀਤੀ ਤਾਂ ਮਾਤਾ ਕਹਿੰਦੀ, "ਹੋਊ ਵੀਰਾ ਲੈਕ, ਅਸੀਂ ਤਾਂ ਉਹਦੀ ਕੋਈ ਲੈਕੀ ਦੇਖੀ ਨੀ। ਦੇਖ ਲੈ ਕਿੱਡਾ ਵੱਡਾ ਹੋ ਗਿਆ। ਸੁੱਖ ਨਾਲ ਵਿਆਹ ਕਰਾਵੇ, ਪੁੱਤ ਧੀ ਜੰਮੇ, ਪਿੰਡ ਆਵੇ ਜਾਵੇ ਤਾਂ ਸਾਨੂੰ ਵੀ ਠੰਢ ਪਵੇ। ਅਸੀਂ ਵੀ ਕਹੀਏ ਬਈ ਸਾਡਾ ਅਬਸਰ ਪੁੱਤ ਲੈਕ ਆ।"

ਆਲੋਚਕ ਗੁਰਬਚਨ, ਗੁਲਜ਼ਾਰ ਸੰਧੂ ਨੂੰ 'ਰਾਜਧਾਨੀ ਦਾ ਸਿਪਾਹ ਸਲਾਰ' ਲਿਖਦੈ, "ਉਦੋਂ ਗੁਲਜ਼ਾਰ ਦੀ ਉਮਰ ਵੀਹਾਂ ਤੋਂ ਵੀ ਘੱਟ ਸੀ। ਜੇ ਦਿੱਲੀ ਵੱਲ ਮੂੰਹ ਨਾ ਕਰਦਾ ਤਾਂ ਸਾਊਥਾਲ ਪੁੱਜ ਜਾਂਦਾ। ਹੋਰ ਜ਼ੋਰ ਲਗਾਂਦਾ ਤਾਂ ਵੈਨਕੂਵਰ ਜਾਂ ਕੈਲੀਫੋਰਨੀਆ। 1953 'ਚ ਬੀ. ਏ. ਪਾਸ ਲਈ ਵਿਦੇਸ਼ ਜਾਣਾ ਅੱਜ ਵਾਂਗ ਮੁਸ਼ਕਿਲ ਤਾਂ ਸੀ ਨਹੀਂ। ਜੇ ਕਿਤੇ ਉਹ ਭਾਰਤ ਦੀ ਥਾਂ ਅਮਰੀਕਾ ਦੀ ਰਾਜਧਾਨੀ ਪੁੱਜ ਜਾਂਦਾ ਤਾਂ ਦਿੱਲੀ ਸੁੰਨੀ ਹੋ ਜਾਂਦੀ ਤੇ ਸਾਹਿਤ ਵਿਚ ਪੈਦਾ ਹੋਣ ਵਾਲੀ ਖਾਈ ਨੂੰ ਕੌਣ ਭਰਦਾ? ਅਮਰੀਕਾ ਵਿਚ ਲੋਕ ਉਸ ਨੂੰ 'ਮਿਸਟਰ ਸੈਂਡੀ' ਕਹਿੰਦੇ।" ਗੁਰਬਚਨ, ਗੁਲਜ਼ਾਰ ਸਿੰਘ ਸੰਧੂ ਨੂੰ ਨਵੇਂ ਯੁੱਗ ਦਾ ਜੱਟ ਕਹਿ ਕੇ ਨਿਵਾਜਦੈ।

1958 ਵਿਚ ਉਹ ਡਲਹੌਜ਼ੀ ਗਿਆ ਤਾਂ ਇਕੋ ਹਫ਼ਤੇ 'ਚ ਕਿਤਾਬ ਜੋਗੀਆਂ ਕਹਾਣੀਆਂ ਲਿਖ ਲਿਆਇਆ। ਉਸ ਦੀਆਂ ਕਹਾਣੀਆਂ ਦੀ ਪਹਿਲੀ ਪੁਸਤਕ 'ਹੁਸਨ ਦੇ ਹਾਣੀ' 1963 ਵਿਚ ਪ੍ਰਕਾਸ਼ਿਤ ਹੋਈ। ਦਿੱਲੀ 'ਚ ਪੈਰ ਜਮਾਉਂਦਿਆਂ ਉਹ ਅਮਰੀਕਾ ਦੇ ਸੂਚਨਾ ਵਿਭਾਗ ਨਾਲ ਜੁੜ ਗਿਆ ਜਿਥੇ ਰੋਜ਼ 40 ਰੁਪਏ ਦਾ ਅਨੁਵਾਦ ਕਰਨ ਲੱਗਾ। ਉਦੋਂ ਉਹਦੀ ਐਡੀਟਰੀ ਦੀ ਤਨਖਾਹ ਸੌ ਰੁਪਏ ਤੋਂ ਵੀ ਘੱਟ ਹੁੰਦੀ ਸੀ।

***ਸੰਧੂ ਕਹਿੰਦਾ ਹੈ ਕਿ ਮੈਂ ਕੋਈ ਗੁਣੀ, ਗਿਆਨੀ ਜਾਂ ਵਿਦਵਾਨ ਨਹੀਂ, ਪਰ ਮੈਨੂੰ ਦ੍ਰਿੜਤਾ ਤੇ ਦਮ ਵਿਰਸੇ ਵਿਚ ਮਿਲੇ, ਬਾਪ ਦਾਦੇ ਦੇ ਮੰਜ਼ਿਲਾਂ ਮਾਰਨ ਦੇ ਦਮ ਤੋਂ। ਊਠ ਵਾਹੁਣ ਦੇ ਸਫ਼ਰਾਂ ਤੇ ਭਾਰ ਢੋਣ ਦੀ ਦ੍ਰਿੜਤਾ ਤੋਂ। ਉਦੋਂ ਪਹਾੜਾਂ ਵਿਚ ਸੜਕਾਂ ਨਾ ਹੋਣ ਕਾਰਨ ਟਰੱਕ ਨਹੀਂ ਸਨ ਚੱਲਦੇ। ਊਠਾਂ ਵਾਲੇ ਮਾਲਕ ਤੇ ਚਾਲਕ ਆਪ ਹੀ ਸਨ। ਕਈ ਵਾਰੀ ਭਾੜੇ 'ਤੇ ਮਾਲ ਨਾ ਮਿਲਣ ਦੀ ਹਾਲਤ ਵਿਚ ਖਾਲੀ ਮੁੜਨ ਦੀ ਥਾਂ ਅਗਲੇ ਸਫ਼ਰ ਤੋਂ ਪਹਿਲਾਂ ਉਸ ਥਾਂ ਦੀ ਫਸਲ ਜਾਂ ਫਲ ਤੇ ਮੇਵਾ ਖਰੀਦ ਕੇ ਊਠਾਂ 'ਤੇ ਲੱਦ ਲੈਂਦੇ, ਅਗਲੀ ਠਾਹਰ ਉਤੇ ਪਹੁੰਚ ਕੇ ਵੇਚ ਦਿੰਦੇ। ਇਉਂ ਉਹ ਇਕ ਤਰ੍ਹਾਂ ਦੇ ਨਿੱਕੇ ਮੋਟੇ ਵਪਾਰੀ ਵੀ ਸਨ। ਨਫ਼ਾ ਤੇ ਨੁਕਸਾਨ ਉਨ੍ਹਾਂ ਲਈ ਨਿੱਤ ਦੀ ਖੇਡ ਸੀ। ਨਾ ਹੀ ਨਫ਼ਾ ਉਨ੍ਹਾਂ ਦੇ ਸਿਰ ਨੂੰ ਚੜ੍ਹਦਾ ਸੀ ਤੇ ਨਾ ਹੀ ਨੁਕਸਾਨ ਉਨ੍ਹਾਂ ਨੂੰ ਲਾਚਾਰ ਤੇ ਨਿਰਾਸ਼ ਕਰਦਾ ਸੀ। ਸਾਬਤ ਕਦਮੀ, ਦ੍ਰਿੜਤਾ ਤੇ ਦਮ ਹੀ ਉਨ੍ਹਾਂ ਦੀ ਸ਼ਕਤੀ ਸੀ।***

ਸੰਧੂ ਨੂੰ ਗਿਆਨੀ ਤੇ ਅੰਗਰੇਜ਼ੀ ਦੀ ਐਮ. ਏ. ਕਰਨ ਪਿੱਛੋਂ ਅਕਾਊਂਟੈਂਟ ਜਨਰਲ ਦੇ ਦਫਤਰ ਵਿਚ ਨੌਕਰੀ ਮਿਲ ਗਈ। ਫਿਰ ਭਾਰਤੀ ਖੇਤੀਬਾੜੀ ਖੋਜ ਸੰਸਥਾ ਵਿਚ ਪੰਜਾਬੀ ਦਾ ਸਬ ਐਡੀਟਰ ਬਣ ਗਿਆ ਅਤੇ 1969 'ਚ ਐਡੀਟਰ ਲੱਗ ਗਿਆ। 1977 ਵਿਚ ਉਹ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਵਿਚ ਕਮਿਊਨੀਕੇਸ਼ਨ ਡੀਪਾਰਟਮੈਂਟ ਦਾ ਜਾਇੰਟ ਡਾਇਰੈਕਟਰ ਜਾ ਲੱਗਾ। 1979 'ਚ ਲੁਧਿਆਣੇ ਤੋਂ ਮੁੜ ਕੇ ਫਿਰ ਦਿੱਲੀ ਖੇਤੀ ਮੰਤਰਾਲੇ ਵਿਚ ਡਾਇਰੈਕਟਰ ਪਬਲਿਕ ਕੋਆਪ੍ਰੇਸ਼ਨ ਬਣ ਗਿਆ। ਦਿੱਲੀ ਉਸ ਨੇ ਭਾਰਤ ਸਰਕਾਰ ਦੀ 28 ਸਾਲ ਨੌਕਰੀ ਕੀਤੀ।

1984 ਵਿਚ ਉਹ ਦਿੱਲੀ ਛੱਡ ਕੇ ਚੰਡੀਗੜ੍ਹ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਆ ਲੱਗਾ। ਤਿੰਨ ਸਾਲ ਸੰਪਾਦਕੀ ਕੀਤੀ। ਟ੍ਰਿਬਿਊਨ ਵਿਚ ਆਉਣ ਨਾਲ ਉਸ ਨੂੰ ਸਾਰੇ ਦਾ ਸਾਰਾ ਪੰਜਾਬ, ਅੱਧਾ ਹਰਿਆਣਾ ਤੇ ਇਕ ਤਿਹਾਈ ਹਿਮਾਚਲ ਪ੍ਰਦੇਸ਼ ਜਾਣਨ ਲੱਗ ਪਿਆ। ਦਿੱਲੀ ਬੈਠਾ ਰਹਿੰਦਾ ਤਾਂ ਕੀਹਨੇ ਪੁੱਛਣਾ ਸੀ? ਫੇਰ ਇਕ ਦਿਨ ਉਹ ਵੀ ਆਇਆ ਕਿ ਉਹ ਆਰਟਸ ਕੌਂਸਲ ਦੇ ਚੇਅਰਮੈਨ ਵਜੋਂ ਡਾ. ਮਹਿੰਦਰ ਸਿੰਘ ਰੰਧਾਵਾ ਵਾਲੀ ਕੁਰਸੀ 'ਤੇ ਜਾ ਬੈਠਿਆ। 'ਦੇਸ਼ ਸੇਵਕ' ਦਾ ਬਾਨੀ ਐਡੀਟਰ ਬਣਿਆ। ਪੰਜਾਬ ਰੈੱਡ ਕਰਾਸ ਦਾ ਸੈਕਟਰੀ। ਪੰਜਾਬੀ ਯੂਨੀਵਰਸਿਟੀ ਵਿਚ ਜਰਨਲਿਜ਼ਮ ਦਾ ਪ੍ਰੋਫੈਸਰ। ਇਹ ਸਭ 'ਪੰਜਾਬੀ ਟ੍ਰਿਬਿਊਨ' ਕਰ ਕੇ ਹੋਇਆ।

ਜਦੋਂ ਉਹ 'ਪੰਜਾਬੀ ਟ੍ਰਿਬਿਊਨ' ਦਾ ਐਡੀਟਰ ਸੀ ਤਾਂ ਬਹੁਤੇ ਸਟਾਫ਼ ਮੈਂਬਰ ਉਹਦੇ ਨਾਲ ਖ਼ੁਸ਼ ਰਹੇ ਤੇ ਕੁਝ ਇਕ ਨਾਰਾਜ਼ ਵੀ ਹੋਏ। ਜਿਹੜੇ ਨਾਰਾਜ਼ ਹੋਏ, ਉਨ੍ਹਾਂ ਸ਼ਿਕਾਇਤਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਅਖੇ ਸੰਧੂ ਦੀ ਥਰਮਸ ਵਿਚ ਚਾਹ ਨਹੀਂ, ਕੁਝ ਹੋਰ ਹੁੰਦੈ। ਢੱਕਣ ਲਾਹ ਕੇ ਦੇਖਣ ਦੀ ਕਦੇ ਨੌਬਤ ਨਾ ਆਈ। ਮਖੌਲ ਉਡਾਇਆ ਗਿਆ ਕਿ ਸੰਧੂ ਦਫ਼ਤਰ 'ਚ ਬੈਠਾ-ਬੈਠਾ ਸੌਂ ਜਾਂਦੈ। ਸੰਧੂ ਨੇ ਬੇਪਰਵਾਹੀ ਨਾਲ ਕਿਹਾ, ਹਾਂ ਮੈਂ ਸੌਂ ਜਾਨਾਂ। ਨੀਂਦ ਮੈਨੂੰ ਸਭ ਤੋਂ ਪਿਆਰੀ ਐ। ਨਰਾਜ਼ ਧੜੇ ਨੇ ਪ੍ਰਚਾਰਿਆ, ਪਈ ਸੰਧੂ ਦੀ ਸੰਪਾਦਨਾ ਵਿਚ ਅਖ਼ਬਾਰ ਦੀ ਇਸ਼ਾਇਤ ਘਟ ਰਹੀ ਹੈ। ਅਸਲੀਅਤ ਦੀ ਘੋਖ ਕਿਸੇ ਨਾ ਕੀਤੀ। ਆਖ਼ਰ ਜੋੜ ਤੋੜ ਨੇ ਸੰਧੂ ਨੂੰ ਰੋਜ਼ਾਨਾ ਅਖ਼ਬਾਰ ਦੀ ਐਡੀਟਰੀ ਛੱਡਣ ਲਈ ਮਜਬੂਰ ਕਰ ਦਿੱਤਾ। ਸੰਧੂ ਨੇ ਕਿਹੜਾ ਕਿੱਲੇ ਗੱਡੇ ਸਨ? ਉਹ ਥਰਮਸ ਚੁੱਕ ਕੇ ਬਾਹਰ ਆ ਗਿਆ ਤੇ ਸੜਕ ਸਵਾਰ ਹੋ ਗਿਆ। ਉਦੋਂ ਉਹਦੀ ਉਮਰ 50ਵਿਆਂ ਵਿਚਕਾਰ ਸੀ। ਨਾ ਏਧਰ ਦਾ ਸੀ ਨਾ ਓਧਰ ਦਾ।

ਸ਼ਾਮ ਨੂੰ ਸਰੂਰ 'ਚ ਟਹਿਲਦਾ ਉਹ ਟ੍ਰਸਟ ਦੇ ਚੇਅਰਮੈਨ ਦੀ ਕੋਠੀ ਮੂਹਰ ਦੀ ਲੰਘਿਆ। ਖੜ੍ਹ ਕੇ ਗੇਟ 'ਤੇ ਦਸਤਕ ਦੇ ਦਿੱਤੀ। ਚੇਅਰਮੈਨ ਨੇ ਸਮਝਿਆ, ਨੌਕਰੀ ਜਾਰੀ ਰੱਖਣ ਦੀ ਮਿੰਨਤ ਕਰਨ ਆਇਆ ਹੋਊ। ਉਸ ਨੇ ਅੰਦਰ ਆਉਣ ਲਈ ਕਿਹਾ, ਪਰ ਸੰਧੂ ਨੇ ਕਿਹਾ, "ਤੁਸੀਂ ਹੀ ਗੇਟ 'ਤੇ ਆ ਕੇ ਗੱਲ ਸੁਣ ਲਓ, ਮੈਂ ਕਿਤੇ ਛੇਤੀ ਜਾਣੈ।" ਉਹ ਗੇਟ 'ਤੇ ਆਇਆ ਤਾਂ ਸੰਧੂ ਨੇ ਧੰਨਵਾਦ ਕੀਤਾ ਅਤੇ ਕਿਹਾ, "ਮੈਂ ਇਸ ਲਈ ਆਇਆਂ, ਬਈ ਤੁਸੀਂ ਮੈਨੂੰ ਨੌਕਰੀ 'ਚੋਂ ਕੱਢਣ ਦਾ ਗ਼ਮ ਨਾ ਲਾਇਓ। ਮਨ 'ਤੇ ਕੋਈ ਬੋਝ ਨਾ ਪਾਇਓ। ਬੇਫਿਕਰ ਹੋ ਕੇ ਸੌਂਵੋ। ਮੈਨੂੰ ਹੋਰ ਕੰਮ ਬਥੇਰੇ। ਆਪਣਾ ਕੋਈ ਰੌਲਾ ਈ ਨੀ।"

000

ਸੰਧੂ ਦੀ ਜੀਵਨ ਸਾਥਣ ਡਾ. ਸੁਰਜੀਤ ਕੌਰ ਸੰਧੂ ਕਹਿੰਦੀ ਹੈ ਕਿ ਉਹ ਦੋਸਤਾਂ ਵਰਗਾ ਪਤੀ ਹੈ ਤੇ ਪਤੀਆਂ ਵਰਗਾ ਦੋਸਤ। ਬਤੌਰ ਸ਼ਖ਼ਸ ਗੁਲਜ਼ਾਰ ਬਹੁਤ ਮਿਹਰਬਾਨ ਤੇ ਨਿੱਘਾ ਹੈ। ਮਹਿਫ਼ਲਾਂ ਜਾਂ ਮੁਹਿੰਮਾਂ ਵਿਚ ਝੱਟ ਲਾੜਾ ਬਣ ਜਾਂਦਾ ਹੈ। ਫਿਰ ਤਾਂ ਉਹਦੀ ਸੱਤਵੇਂ ਸੁਰ ਵਾਲੀ ਆਵਾਜ਼ ਅਤੇ ਠਹਾਕੇ ਹੀ ਗੂੰਜਦੇ ਹਨ। ਉਹਦੀ ਸਾਦਗੀ ਤੇ ਸਾਫ਼ਗੋਈ ਦੇ ਨਾਲ ਭਰਪੂਰ ਮਿਹਰਬਾਨੀਆਂ ਉਛਾਲੇ ਮਾਰਦੀਆਂ ਰਹਿੰਦੀਆਂ ਹਨ। ਉਂਜ ਹੁਣ ਉਹਦਾ ਗੁੱਸਾ ਛੇਤੀ ਸਿਰ ਚੁੱਕ ਲੈਂਦਾ ਹੈ। ਗੁਲਜ਼ਾਰ ਜੁਗਤੂ/ਸਕੀਮੀ/ਜੁਗਾੜੂ ਨਹੀਂ। ਜੱਟ ਸਿੱਖ ਹੋਣ ਅਤੇ ਇਨ੍ਹਾਂ ਦੇ ਇਤਿਹਾਸਕ ਤੇ ਸਭਿਆਚਾਰਕ ਪਿਛੋਕੜ 'ਤੇ ਉਹਨੂੰ ਬੜਾ ਮਾਣ ਹੈ। ਕੌਫੀ ਉਹ ਆਪ ਬਣਾਉਂਦਾ ਹੈ। ਉਹਦੀ ਬੋਤੇ ਦੀ ਸਵਾਰੀ ਵਾਲੀ ਕਹਾਣੀ 'ਆਪਣੀ ਸਵਾਰੀ' ਪੜ੍ਹ ਕੇ ਮੇਰਾ ਹਾਸਾ ਬੰਦ ਨਾ ਹੋਵੇ। ਆਪਣੇ ਸਾਮਾਨ ਨੂੰ ਸਾਂਭਣ ਦਾ ਉਹਨੂੰ ਬਹੁਤਾ ਚੱਜ ਨਹੀਂ ਅਤੇ ਕਿਸੇ ਹੋਰ ਨੂੰ ਇਹ ਕਰਨ ਦੀ ਆਗਿਆ ਨਹੀਂ। ਉਰਦੂ ਸ਼ਾਇਰੀ ਦਾ ਬਹੁਤ ਸ਼ੌਕੀਨ ਹੈ। ਆਮਦਨ ਕਰ ਬਾਰੇ ਉਹਨੂੰ ਕੁਝ ਵੀ ਪਤਾ ਨਹੀਂ। ਛੋਟੀਆਂ ਬੱਚਤਾਂ ਵਿਚ ਉਹਦਾ ਉਕਾ ਯਕੀਨ ਨਹੀਂ। ਵਿਆਹ ਲਈ 'ਹਾਂ' ਕਰਨ ਦਾ ਇਕ ਕਾਰਨ ਇਹ ਵੀ ਸੀ ਕਿ ਉਹ ਕੰਜੂਸ ਨਹੀਂ। ਮਹਿਮਾਨ ਨਿਵਾਜ਼ ਸਿਰੇ ਦਾ। ਖਾਣੇ 'ਤੇ ਅੱਠ ਬੰਦੇ ਸੱਦਣੇ ਤੇ ਵਧਦੇ-ਵਧਦੇ ਚੌਵੀ ਪੰਝੀ ਹੋ ਜਾਣੇ। ਮੈਂ ਫਿਲਮਾਂ ਦੇਖਣ ਦੀ ਸ਼ੌਕੀਨ ਸਾਂ, ਇਹ ਘੁਰਾੜੇ ਮਾਰਨ ਦੇ। ਅੱਕ ਕੇ ਸਿਨਮੇ ਜਾਣਾ ਛੱਡ ਦਿੱਤਾ। ਦਾਰੂ ਪਹਿਲਾਂ ਕਦੇ ਕਦੇ, ਫਿਰ ਆਮ, ਫਿਰ ਛੱਡ'ਤੀ। ਮਹਿਮਾਨ ਘਟ ਗਏ ਕਿ ਕੀ ਲੈਣਾ ਜਾ ਕੇ। ਹੁਣ ਕਦੇ ਕਦਾਈਂ। ਆਯੁਰਵੈਦਿਕ ਦਵਾਈ ਲਿਆਉਂਦਾ, ਪਰ ਖਾਂਦਾ ਨਹੀਂ। ਮੇਰੀ ਸਵੇਰ ਦੀ ਚਾਹ ਉਹਦੇ ਹੱਥ ਦੀ ਬਣੀ ਹੁੰਦੀ ਹੈ।



***ਸੁਰਜੀਤ ਆਖਦੀ ਹੈ- ਗੁਲਜ਼ਾਰ ਦੀ ਬੋਤੇ ਦੀ ਸਵਾਰੀ ਵਾਲੀ ਕਹਾਣੀ 'ਆਪਣੀ ਸਵਾਰੀ' ਪੜ੍ਹ ਕੇ ਮੇਰਾ ਹਾਸਾ ਬੰਦ ਨਾ ਹੋਵੇ। ਆਪਣੇ ਸਾਮਾਨ ਨੂੰ ਸਾਂਭਣ ਦਾ ਉਹਨੂੰ ਬਹੁਤਾ ਚੱਜ ਨਹੀਂ ਅਤੇ ਕਿਸੇ ਹੋਰ ਨੂੰ ਇਹ ਕਰਨ ਦੀ ਆਗਿਆ ਨਹੀਂ। ਵਿਆਹ ਲਈ 'ਹਾਂ' ਕਰਨ ਦਾ ਇਕ ਕਾਰਨ ਇਹ ਵੀ ਸੀ ਕਿ ਉਹ ਕੰਜੂਸ ਨਹੀਂ। ਮਹਿਮਾਨ ਨਿਵਾਜ਼ ਸਿਰੇ ਦਾ। ਖਾਣੇ 'ਤੇ ਅੱਠ ਬੰਦੇ ਸੱਦਣੇ, ਤੇ ਵਧਦੇ-ਵਧਦੇ ਚੌਵੀ ਪੰਝੀ ਹੋ ਜਾਣੇ। ਮੈਂ ਫਿਲਮਾਂ ਦੇਖਣ ਦੀ ਸ਼ੌਕੀਨ ਸਾਂ, ਇਹ ਘੁਰਾੜੇ ਮਾਰਨ ਦੇ। ਅੱਕ ਕੇ ਸਿਨਮੇ ਜਾਣਾ ਛੱਡ ਦਿੱਤਾ।***

ਸੰਧੂ ਦੀ ਸ਼ਖ਼ਸੀਅਤ ਵਿਚ ਅਜੀਬ ਕਿਸਮ ਦੀ ਆਵਾਰਗੀ ਹੈ। ਉਹ ਆਪਣੀ ਪੱਤਰਕਾਰੀ ਵਿਚ ਸਿਆਣਪਾਂ ਨਹੀਂ ਘੋਟਦਾ, ਮੱਤਾਂ ਨਹੀਂ ਦਿੰਦਾ। ਕਿਤੇ ਵੀ ਸੰਕੀਰਨ ਨਹੀਂ ਹੁੰਦਾ। ਖੁੱਲ੍ਹਾ ਖੁਲਾਸਾ, ਉਦਮੀ, ਨਿੱਘਾ ਤੇ ਇਮਾਨਦਾਰ ਬੰਦਾ ਹੈ ਉਹ। ਉਸ ਨੂੰ ਰਿਸ਼ਤੇ ਬਣਾਉਣੇ ਵੀ ਆਉਂਦੇ ਹਨ ਤੇ ਪੁਗਾਉਣੇ ਵੀ। ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਅਤੇ ਹਰ ਪਲ ਨੂੰ ਚਾਅ ਨਾਲ ਜਿਉਣ ਵਾਲਾ ਬੰਦਾ ਹੈ। ਲਾਪਰਵਾਹ, ਬੇਬਾਕ ਤੇ ਬੇਪ੍ਰਵਾਹ। ਜਰਨਲਿਸਟ ਨਵਜੀਤ ਜੌਹਲ ਨੇ ਲਿਖਿਆ, "ਸੰਧੂ ਸਾਹਿਬ ਨਾਲ ਕੁਝ ਸਮਾਂ ਬਿਤਾ ਕੇ ਮੈਂ ਇਹ ਮਹਿਸੂਸ ਕੀਤਾ ਕਿ ਉਹ ਗਿਣਤੀ ਦੇ ਕੁਝ ਇਕ ਲੇਖਕਾਂ 'ਚੋਂ ਇਕ ਹੈ ਜਿਨ੍ਹਾਂ ਦੀ ਲੇਖਣੀ ਅਤੇ ਸ਼ਖ਼ਸੀਅਤ 'ਚ ਪੂਰੀ ਤਰ੍ਹਾਂ ਇਕਸਾਰਤਾ ਤੇ ਇਕਸੁਰਤਾ ਹੈ।"

ਸੰਧੂ ਸ਼ਿਵ ਕੁਮਾਰ ਨੂੰ 'ਓਏ ਪੰਡਤਾ' ਕਹਿ ਕੇ 'ਵਾਜ ਮਾਰਦਾ ਸੀ। ਇਕ ਵਾਰ ਪ੍ਰੋ. ਮੋਹਨ ਸਿੰਘ ਦਿੱਲੀ ਉਹਦੇ ਘਰ ਗਿਆ ਹੋਇਆ ਸੀ। ਅੰਮ੍ਰਿਤਾ ਪ੍ਰੀਤਮ, ਦੁੱਗਲ ਤੇ ਕੁਝ ਹੋਰ ਲੇਖਕ ਜੁੜੇ ਹੋਏ ਸਨ। ਦਾਰੂ ਦਾ ਦੌਰ ਚਾਲੂ ਸੀ। ਲੋਰ 'ਚ ਆਏ ਮੋਹਨ ਸਿੰਘ ਨੇ ਗੱਲ ਸੁਣਾਈ- "ਸਿਆਲਕੋਟ ਦਾ ਇਕ ਜੱਟ ਸੀ ਜੱਟ। ਜੋਤਰਾ ਲਾ ਕੇ ਘਰ ਮੁੜਿਆ ਤੇ ਆਪਣੀ ਕਾਕੋ ਨੂੰ ਕਹਿਣ ਲੱਗਾ, ਰੋਟੀ ਜਲਦੀ ਪਾ ਦੇ, ਭੁੱਖ ਬੜੀ ਲੱਗੀ ਆ। ਕਾਕੋ ਨੇ ਘਿਉ ਸ਼ੱਕਰ ਨਾਲ ਰੋਟੀ ਪਾ ਦਿੱਤੀ। ਉਹਨੇ ਇਕੋ ਗਰਾਹੀ ਭੰਨੀ ਸੀ ਕਿ ਬਾਹਰ ਪਿੜਾਂ 'ਚ ਵਿਸਾਖੀ ਦਾ ਢੋਲ ਵੱਜ ਪਿਆ। ਢੋਲ ਦੀ ਆਵਾਜ਼ ਸੁਣ ਕੇ ਕੁੜੀ ਦਾ ਪਿਉ ਕੁੜੀ ਨੂੰ ਕਹਿਣ ਲੱਗਾ, ਬੱਸ ਓ ਬੱਚੀ ਬੱਸ, ਬੱਸ ਓ ਬੱਚੀ ਬੱਸ...।" ਤੇ ਨੱਚਦਾ ਹੋਇਆ ਪਿੜਾਂ ਵੱਲ ਨੱਠ ਉੱਠਿਆ।

ਸੰਧੂ ਦੱਸਦਾ ਹੈ ਕਿ ਮੋਹਨ ਸਿੰਘ ਵੀ ਉਹਦੇ ਘਰ ਚੁਟਕੀਆਂ ਵਜਾਉਂਦਾ 'ਬੱਸ ਓ ਬੱਚੀ ਬੱਸ' ਕਹਿੰਦਾ ਨੱਚਣ ਲੱਗ ਪਿਆ ਸੀ!

ਸੁਰਜੀਤ ਪਾਤਰ: ਗੁਲਜ਼ਾਰ ਸਿੰਘ ਸੰਧੂ ਦਾ ਰੰਗ ਸੰਧੂਰੀ ਹੈ। ਉਸ ਨੂੰ ਦੇਖ ਕੇ ਲੱਗਦਾ ਹੈ ਜਿਵੇਂ 'ਸੰਧੂ' ਸ਼ਬਦ 'ਸੰਧੂਰੀ' ਤੋਂ ਬਣਿਆ ਹੋਵੇ। ਉਹ ਭਾਵੇਂ ਕਨਾਟ ਪਲੇਸ ਦੇ ਰੈਂਬਲ ਰੈਸਤੋਰਾਂ ਵਿਚ ਬੈਠਾ ਕਿਸੇ ਮੇਮ ਨਾਲ ਚਾਹ ਪੀ ਰਿਹਾ ਹੋਵੇ, ਭਾਵੇਂ ਦਿੱਲੀ ਦੀਆਂ ਸੜਕਾਂ 'ਤੇ ਕਾਰ ਚਲਾ ਰਿਹਾ ਹੋਵੇ, ਉਸ ਦੇ ਕੋਲ ਬੈਠਿਆਂ ਹਮੇਸ਼ਾ ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਹਰੇ ਕਚੂਰ ਤੂਤਾਂ ਦੀ ਸੰਘਣੀ ਛਾਵੇਂ ਪਾਣੀ ਵਾਲਾ ਖੂਹ ਵਗ ਰਿਹਾ ਹੋਵੇ ਤੇ ਨਾਲ ਹੀ ਵਗ ਰਹੀ ਹੋਵੇ ਹਲਕੀ ਠੰਢੀ ਹਵਾ, ਤੇ ਚਲ੍ਹੇ ਦੇ ਚਾਂਦੀ-ਰੰਗੇ ਪਾਣੀ ਵਿਚ ਸ਼ਰਬਤੀ ਖਰਬੂਜ਼ੇ ਠੰਢੇ ਹੋ ਰਹੇ ਹੋਣ। ਮੈਂ ਗੁਲਜ਼ਾਰ ਸਿੰਘ ਸੰਧੂ ਨੂੰ ਸਿਰਫ਼ ਹੱਸਦਿਆਂ ਦੇਖਿਆ ਹੈ। ਉਸ ਨੂੰ ਗੁੱਸਾ ਵੀ ਆਉਂਦਾ ਹੈ, ਇਹ ਸਿਰਫ਼ ਸੁਣਿਆ ਹੈ।

ਇਹ ਗੁਲਜ਼ਾਰ ਦੇ ਖੁੱਲ੍ਹੇ-ਡੁੱਲ੍ਹੇ ਤੇ ਨਿਰਛਲ ਸੁਭਾਅ ਸਦਕਾ ਹੀ ਹੈ ਕਿ ਉਸ ਦੀਆਂ ਦੋਸਤੀਆਂ ਦਾ ਘੇਰਾ ਸਾਹਿਤਕਾਰਾਂ ਤੋਂ ਇਲਾਵਾ ਵੱਡੇ-ਵੱਡੇ ਆਈ.ਏ.ਐਸ. ਤੇ ਆਈ.ਪੀ.ਐਸ. ਅਫ਼ਸਰਾਂ, ਬਿਊਰੋਕਰੇਟਾਂ, ਸਿਆਸਤਦਾਨਾਂ, ਬੰਗਾਲੀਆਂ, ਮਦਰਾਸੀਆਂ ਤੇ ਅਮਰੀਕਨਾਂ ਤਕ ਫੈਲਿਆ ਹੋਇਆ ਹੈ। ਉਹ ਸਵਰਾਜ ਪਾਲ ਤੋਂ ਲੈ ਕੇ ਸੰਸਾਰ ਸਿੰਘ ਗਰੀਬ ਤਕ ਦੀ ਸੰਗਤ ਮਾਣ ਸਕਦਾ ਹੈ। ਕਿਸੇ ਸਮੇਂ ਦਿੱਲੀ ਦੇ ਅੰਤਲੇ ਸਿਰੇ 'ਤੇ ਭਾਪਾ ਪ੍ਰੀਤਮ ਸਿੰਘ ਦਾ ਨਵਯੁਗ ਫਾਰਮ ਉਸ ਦੀ ਮਨਭਾਉਂਦੀ ਸੈਰਗਾਹ ਹੁੰਦਾ ਸੀ।

ਗੁਲਜ਼ਾਰ ਸੰਧੂ ਨਾਲ ਇੰਟਰਵਿਊ ਕਰੋ ਤਾਂ ਸਵਾਲਾਂ ਦੇ ਜਵਾਬ ਬੜੇ ਦਿਲਚਸਪ ਮਿਲਦੇ ਹਨ। ਮਿਲਦੇ ਵੀ ਕਈ ਵਾਰ ਹਾਸੇ-ਹਾਸੇ ਵਿਚ ਹਨ। ਉਸ ਨੇ ਊੜਾ, ਐੜਾ, ਈੜੀ ਸੱਜੇ ਹੱਥ ਦੀ ਜੇਠੀ ਉਂਗਲ ਨਾਲ ਸੁਥਰੀ ਤੇ ਮਹੀਨ ਰੇਤ ਵਿਚ ਹੀ ਉਕਰੇ ਸਨ। ਧਰਤੀ ਦੇ ਵਿਹੜੇ ਨੂੰ ਲਕੜੀ ਦੀ ਫੱਟੀ, ਰੇਤ ਨੂੰ ਸਿਆਹੀ ਤੇ ਉਂਗਲ ਨੂੰ ਕਲਮ ਦਾ ਰੂਪ ਧਾਰਦਿਆਂ ਦੇਰ ਨਹੀਂ ਲੱਗੀ। ਮਾਲਵੇ 'ਚ ਕਲਮਾਂ ਕਾਨਿਆਂ ਤੋਂ ਬਣਦੀਆਂ ਸਨ ਅਤੇ ਦੁਆਬੇ ਤੇ ਕੰਢੀ ਦੇ ਇਲਾਕਿਆਂ ਵਿਚ ਨੜਿਆਂ ਤੋਂ। ਉਦੋਂ ਕਲਮ ਵੀ ਨੰਗੀ ਸੀ ਤੇ ਪਾੜ੍ਹਿਆਂ ਦੇ ਪੈਰ ਵੀ ਨੰਗੇ। ਉਹਦੀ ਪੀੜ੍ਹੀ ਦੇ ਬੰਦਿਆਂ ਦੀ ਅਕਲ ਉਮਰਾਂ ਕਰ ਕੇ ਨਹੀਂ, ਬਚਪਨ ਦੇ ਨੰਗੇ ਪੈਰਾਂ ਦੀ ਦੇਣ ਹੈ।

ਸੰਧੂ ਕਹਿੰਦਾ ਹੈ ਕਿ ਮੈਂ ਕੋਈ ਗੁਣੀ, ਗਿਆਨੀ ਜਾਂ ਵਿਦਵਾਨ ਨਹੀਂ, ਪਰ ਮੈਨੂੰ ਦ੍ਰਿੜਤਾ ਤੇ ਦਮ ਵਿਰਸੇ ਵਿਚ ਮਿਲੇ ਹਨ। ਮੇਰੇ ਬਾਪ ਦਾਦੇ ਦੇ ਮੰਜ਼ਿਲਾਂ ਮਾਰਨ ਦੇ ਦਮ ਤੋਂ। ਊਠ ਵਾਹੁਣ ਦੇ ਸਫ਼ਰਾਂ ਤੇ ਭਾਰ ਢੋਣ ਦੀ ਦ੍ਰਿੜਤਾ ਤੋਂ। ਉਦੋਂ ਪਹਾੜਾਂ ਵਿਚ ਸੜਕਾਂ ਨਾ ਹੋਣ ਕਾਰਨ ਟਰੱਕ ਨਹੀਂ ਸਨ ਚੱਲਦੇ। ਊਠਾਂ ਵਾਲੇ ਮਾਲਕ ਤੇ ਚਾਲਕ ਆਪ ਹੀ ਸਨ। ਕਈ ਵਾਰੀ ਭਾੜੇ 'ਤੇ ਮਾਲ ਨਾ ਮਿਲਣ ਦੀ ਹਾਲਤ ਵਿਚ ਖਾਲੀ ਮੁੜਨ ਦੀ ਥਾਂ ਅਗਲੇ ਸਫ਼ਰ ਤੋਂ ਪਹਿਲਾਂ ਉਸ ਥਾਂ ਦੀ ਫਸਲ ਜਾਂ ਫਲ ਤੇ ਮੇਵਾ ਖਰੀਦ ਕੇ ਊਠਾਂ 'ਤੇ ਲੱਦ ਲੈਂਦੇ ਸਨ ਜਿਸ ਨੂੰ ਅਗਲੀ ਠਾਹਰ ਉਤੇ ਪਹੁੰਚ ਕੇ ਵੇਚ ਦਿੱਤਾ ਜਾਂਦਾ ਸੀ। ਇਉਂ ਉਹ ਇਕ ਤਰ੍ਹਾਂ ਦੇ ਨਿੱਕੇ ਮੋਟੇ ਵਪਾਰੀ ਵੀ ਸਨ। ਨਫ਼ਾ ਤੇ ਨੁਕਸਾਨ ਉਨ੍ਹਾਂ ਲਈ ਨਿੱਤ ਦੀ ਖੇਡ ਸੀ। ਨਾ ਹੀ ਨਫ਼ਾ ਉਨ੍ਹਾਂ ਦੇ ਸਿਰ ਨੂੰ ਚੜ੍ਹਦਾ ਸੀ ਤੇ ਨਾ ਹੀ ਨੁਕਸਾਨ ਉਨ੍ਹਾਂ ਨੂੰ ਲਾਚਾਰ ਤੇ ਨਿਰਾਸ਼ ਕਰਦਾ ਸੀ। ਸਾਬਤ ਕਦਮੀ, ਦ੍ਰਿੜਤਾ ਤੇ ਦਮ ਹੀ ਉਨ੍ਹਾਂ ਦੀ ਸ਼ਕਤੀ ਸੀ ਤੇ ਇਹੀਓ ਉਨ੍ਹਾਂ ਦੀ ਸ਼ਾਹ ਰਗ।

(ਚਲਦਾ)

## ਜ਼ਿੰਦਗੀ ਦਾ ਨਾਦ

# ਮਾਨਵਤਾ ਦਾ ਪੰਘੂੜਾ-ਮਾਂ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਡਾ. ਭੰਡਾਲ ਇਸ ਕਾਲਮ ਹੇਠ ਛਪਦੀਆਂ ਆਪਣੀਆਂ ਲਿਖਤਾਂ ਵਿਚ ਘਰ ਦੀਆਂ ਬਰਕਤਾਂ, ਘਰ ਦੇ ਬੂਹੇ ਅਤੇ ਵਿਹੜੇ ਦੀਆਂ ਸਿਫਤਾਂ ਕਰ ਚੁਕੇ ਹਨ। ਉਨ੍ਹਾਂ ਕੰਧਾਂ ਦੀ ਵਾਰਤਾ ਸੁਣਾਉਂਦਿਆਂ ਕਿਹਾ ਸੀ ਕਿ ਕੰਧਾਂ ਇਤਿਹਾਸ ਤੇ ਅਕੀਦਤਯੋਗ ਥਾਂਵਾਂ ਬਣਦੀਆਂ ਨੇ। ਕਮਰੇ ਬਾਰੇ ਉਨ੍ਹਾਂ ਲਿਖਿਆ ਸੀ ਕਿ ਕੋਈ ਕਮਰਾ, ਕਿਸੇ ਨੂੰ ਨੈਲਸਨ ਮੰਡੇਲਾ, ਭਗਤ ਸਿੰਘ, ਜੈ ਪ੍ਰਕਾਸ਼ ਨਰਾਇਣ ਜਾਂ ਸੂ ਕੁਈ ਬਣਾ ਕੇ ਲੋਕਾਂ ਦੇ ਸਨਮੁਖ ਕਰਦਾ ਏ ਜੋ ਸਮੇਂ ਦੀਆਂ ਮੁਹਾਰਾਂ ਮੋੜਨ ਦੇ ਸਮਰੱਥ ਹੁੰਦੇ ਨੇ। ਪਿਛਲੇ ਲੇਖ ਵਿਚ ਉਨ੍ਹਾਂ ਨਸੀਹਤ ਕੀਤੀ ਸੀ ਕਿ ਦਸਤਕ ਦੀ ਦਾਸਤਾਨ ਜ਼ਰੂਰ ਸੁਣਿਓ ਤਾਂ ਕਿ ਤੁਸੀਂ ਕਦੇ ਤਾਂ ਦਸਤਕ ਦੇ ਰੂ-ਬ-ਰੂ ਹੋ, ਆਪਣੇ ਸਾਹਾਂ ਉਤੇ ਨਰੋਏ ਨਕਸ਼ਾਂ ਦੀ ਇਬਾਦਤ ਲਿਖ ਸਕੋ। ਹਥਲੇ ਲੇਖ ਵਿਚ ਉਨ੍ਹਾਂ ਮਾਂ ਦੀ ਮਮਤਾ ਦੇ ਨਿੱਘ ਦੀ ਗੱਲ ਕਰਦਿਆਂ ਕਿਹਾ ਹੈ ਕਿ ਮਾਂ, ਸਿਰਫ ਮਾਂ ਹੁੰਦੀ ਏ ਜੋ ਸਭ ਤੋਂ ਵੱਡੀ ਦਾਤੀ ਹੁੰਦਿਆਂ ਵੀ ਨਿਮਾਣੀ ਬਣੀ ਰਹਿੰਦੀ ਏ। ਇਸ ਨੂੰ ਫਿਰਕਿਆਂ, ਜਾਤਾਂ ਜਾਂ ਵਰਣਾਂ 'ਚ ਨਹੀਂ ਵੰਡਿਆ ਜਾ ਸਕਦਾ ਕਿਉਂਕਿ ਮਾਂ ਦਾ ਧਰਮ ਹੁੰਦਾ ਏ, ਮਾਨਵਤਾ ਨੂੰ ਤਾਮੀਰ ਕਰਨਾ।...ਤਾਹੀਉਂ ਤਾਂ ਆਪਣੀ ਮਾਂ ਦੇ ਮਰਨ 'ਤੇ ਬਾਦਸ਼ਾਹ ਅਕਬਰ ਨੇ ਕਿਹਾ ਸੀ, "ਮੈਨੂੰ ਬਾਦਸ਼ਾਹ ਸਲਾਮਤ ਕਹਿਣ ਵਾਲੇ ਤਾਂ ਬਹੁਤ ਹੋਣਗੇ, ਪਰ ਮੈਨੂੰ 'ਅਕੂ' ਕਹਿ ਕੇ 'ਵਾਜ ਮਾਰਨ ਵਾਲੀ ਮਾਂ ਅੱਜ ਮਰ ਗਈ ਏ।" -ਸੰਪਾਦਕ*

ਕੰਧ 'ਤੇ ਲਟਕ ਰਹੀ ਤਸਵੀਰ। ਗੋਦ 'ਚ ਬੱਚੇ ਨੂੰ ਦੁੱਧ ਚੁੰਘਾ ਰਹੀ ਮਾਂ। ਬੱਚੇ ਦੇ ਮੁਖੜੇ 'ਤੇ ਝਲਕਦੀ ਤ੍ਰਿਪਤੀ ਅਤੇ ਮਾਂ ਦੇ ਚਿਹਰੇ 'ਤੇ ਸੰਪੂਰਨਤਾ ਤੇ ਸਕੂਨ ਦਾ ਅਹਿਸਾਸ। ਬੱਚੇ ਦੇ ਆਲੇ-ਦੁਆਲੇ ਫੈਲਿਆ ਉਸ ਦਾ ਸੰਸਾਰ ਅਤੇ ਸੁੱਖਨਵਰ ਪਲਾਂ ਦੀ ਬਹਾਰ। ਤਸਵੀਰ ਦੇ ਹੇਠਾਂ ਲਿਖਿਆ ਸਮਿਆਂ ਦਾ ਸੱਚ, "ਮਾਂ ਦੀ ਸੋਚ, ਮਾਨਵਤਾ ਦਾ ਪੰਘੂੜਾ ਏ। ਇਸ ਵਿਚ ਮਨੁੱਖੀ ਸਭਿਅਤਾ ਦਾ ਮੁਹਾਂਦਰਾ ਸਿਰਜਿਆ ਅਤੇ ਨਿਖਾਰਿਆ ਜਾਂਦਾ ਏ।"

ਮਾਂ ਇਕ ਸੇਧ ਏ, ਜੀਵਨ ਅਰਸ਼ 'ਤੇ ਪਹਿਲਾ ਨਕਸ਼ ਉਲੀਕਣ ਵਾਲੇ ਜੀਵ ਲਈ। ਜੀਵਨ-ਜਾਚ, ਬਿਲਕੁਲ ਕੋਰੇ ਜੀਵਨ-ਮਾਰਗੀਆਂ ਲਈ। ਆਸ ਏ, ਤੁਰਨ ਦੀ ਕੋਸ਼ਿਸ਼ 'ਚ ਰੁੱਝੇ ਜੁਆਕ ਦੀ ਅਤੇ ਇਕ ਅਗਲੇਰਾ ਕਦਮ ਏ ਰਿੜ੍ਹ ਰਹੇ ਬਾਲਕ ਲਈ।



**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 216-556-2080**

ਮਾਂ, ਪਿਆਰ ਦਾ ਭਰ ਵਗਦਾ ਦਰਿਆ ਏ ਜੋ ਹਰ ਇਕ ਨੂੰ ਨੀਰ ਤੇ ਨੂਰ ਵੰਡਦਾ, ਸਮਿਆਂ ਦੇ ਵਿਹੜੇ ਨੂੰ ਭਾਗ ਲਾਉਂਦਾ, ਮਨੁੱਖਤਾ ਦੀ ਚਿਰੰਜੀਵਤਾ ਦਾ ਪੈਗਾਮ, ਧਰਤ ਦੇ ਨਾਮ ਲਾਉਂਦਾ ਏ। ਇਹ ਵਗਦਾ ਨਿਰਮਲ ਨੀਰ, ਬੁੱਕੋ-ਬੁੱਕ ਮੋਹ-ਮੁਹੱਬਤ ਵੰਡਦਿਆਂ ਵੀ, ਭਰਿਆ-ਭੁਕੰਨਾ ਰਹਿੰਦਾ ਏ।

ਮਾਂ ਜਨਮ ਹੀ ਨਹੀਂ ਦਿੰਦੀ, ਸੋਚ ਵੀ ਦਿੰਦੀ ਏ ਅਤੇ ਹੋਸ਼ ਵੀ। ਮਾਂ ਦੇ ਮਨ ਦੀਆਂ ਭਾਵਨਾਵਾਂ ਕੁੱਖ 'ਚ ਪਲਦੇ ਬੱਚੇ ਨੂੰ ਪ੍ਰਭਾਵਿਤ ਕਰਦੀਆਂ, ਉਸ ਦਾ ਵਰਤਮਾਨ ਵੀ ਨਿਸ਼ਚਿਤ ਕਰਦੀਆਂ ਨੇ ਅਤੇ ਭਵਿੱਖ ਵੀ। ਮਾਂ ਦੀ ਸੋਚ ਦੀਆਂ ਤੰਦਾਂ, ਅਣਜੰਮੇ ਬੱਚੇ ਦਾ ਤਸੱਵੁਰ ਕਰਦੀਆਂ, ਉਸ ਨਾਲ ਲਾਡ ਲਡਾਉਂਦੀਆਂ ਨੇ। ਮਾਂ, ਜਦੋਂ ਕੁੱਖ 'ਤੇ ਹੱਥ ਫੇਰ, ਕੁੱਖ ਵਿਚਲੇ ਬੱਚੇ ਦੇ ਵਿਕਾਸ ਨੂੰ ਕਿਆਸਦੀ ਏ ਤਾਂ ਉਸ ਦੇ ਜ਼ਿਹਨ 'ਚ ਉਤਰਦੇ ਨੇ ਵੱਖੋ ਵੱਖਰੇ ਨਾਂ, ਖਿਡੌਣਿਆਂ ਦੀ ਲੰਮੀ ਸੂਚੀ ਅਤੇ ਸੁਚੱਜੀ ਪਰਵਰਿਸ਼ ਲਈ ਯੋਗ ਵਿਉਂਤਬੰਦੀ।

ਮਾਂ ਮਨੁੱਖਤਾ ਦੀ ਜਨਮਜਾਤੀ ਏ। ਮਨੁੱਖ ਦੇ ਸਮੁੱਚੇ ਸੰਸਕਾਰ, ਮਨੁੱਖੀ ਵਿਹਾਰ ਅਤੇ ਉਸ ਦਾ ਕਿਰਦਾਰ, ਮਾਂ ਦੀ ਦੇਣ ਏ। ਮਾਂ ਦੀ ਗੋਦ ਹੀ ਨਿਸ਼ਚਿਤ ਕਰਦੀ ਏ ਕਿ ਬੱਚਾ ਇਨਸਾਨ ਬਣੇਗਾ ਕਿ ਹੈਵਾਨ, ਦਰਿੰਦਾ ਬਣੇਗਾ ਕਿ ਰਹਿਮਦਿਲ, ਅਫਸਰ ਬਣੇਗਾ ਕਿ ਮਜ਼ਦੂਰ ਜਾਂ ਪਹਿਚਾਣ ਬਣੇਗਾ ਕਿ ਮਿਟਿਆ ਹੋਇਆ ਨਾਮੋ-ਨਿਸ਼ਾਨ।

ਮਾਂ, ਮੁਹੱਬਤੀ ਪਲਾਂ ਦੀ ਅਜਿਹੀ ਆਬਸ਼ਾਰ ਏ ਜੋ ਜੀਵਨ ਦੇ ਅਹਿਸਾਸਾਂ ਨੂੰ ਤਾਜ਼ਗੀ ਬਖਸ਼, ਮਨੁੱਖੀ ਸਰੋਕਾਰਾਂ ਦਾ ਮੁਹਾਂਦਰਾ ਪਲੋਸਦੀ ਏ।

ਮਮਤਾ-ਮਈ ਸਰੋਕਾਰ, ਮਾਂ ਦੇ ਵਿਚਾਰਾਂ ਦੀ ਸ਼ੁੱਧਤਾ ਅਤੇ ਉਚਮਤਾ, ਉਸ ਦੇ ਖਿਆਲਾਂ ਵਿਚਲੀ ਪਾਕੀਜ਼ਗੀ ਬੱਚੇ ਦੀ ਸੋਚ ਦਾ ਨਿਰਮਾਣ ਕਰਦੀ, ਉਸ ਲਈ ਨਿੱਗਰ ਧਰਾਤਲ ਬਣਦੀ ਏ। ਨਰੋਈ ਸੋਚ ਵਾਲੀ ਮਾਂ ਦੇ ਬੱਚੇ, ਨਰੋਈਆਂ ਸੋਚਾਂ ਦੇ ਅਲੰਬਰਦਾਰ ਬਣਦੇ ਨੇ।

ਬੱਚੇ ਦੀਆਂ ਨਿੱਕੀਆਂ ਨਿੱਕੀਆਂ ਸ਼ਰਾਰਤਾਂ 'ਚ ਰੁੱਝੀ ਹੋਈ, ਤੋਤਲੇ ਬੋਲਾਂ ਨਾਲ ਹੁੰਗਾਰਾ ਭਰਦੀ, ਬੱਚੇ ਦੇ ਪਹਿਲਾ ਕਦਮ ਪੁੱਟਣ ਦੀ ਪ੍ਰਾਪਤੀ 'ਤੇ ਰਸ਼ਕ ਕਰਦੀ ਮਾਂ ਨੂੰ ਕਿਤੇ ਅਛੋਪਲੇ ਜਿਹੇ ਨਿਹਾਰਿਓ, ਤੁਹਾਨੂੰ ਦੁਨਿਆਵੀ ਖੁਸ਼ੀਆਂ ਦਾ ਅਸੀਮ ਅੰਬਰ ਖਲਾਅ ਨਜ਼ਰ ਆਵੇਗਾ। ਇਕ ਦੂਜੇ 'ਚੋਂ ਤ੍ਰਿਪਤੀ ਦੇ ਭਾਵਾਂ ਨਾਲ ਲਬਰੇਜ਼ ਮਾਂ-ਬੱਚਾ, ਦੁਨਿਆਵੀ ਸਰੋਕਾਰਾਂ ਤੋਂ ਬਹੁਤ ਉਪਰ ਉਠ ਜ਼ਿੰਦਗੀ ਦੇ ਮਾਸੂਮ, ਰੰਗੀਨ ਤੇ ਹੁਸੀਨ ਪਲਾਂ ਦੀ ਇਬਾਦਤ ਸਿਰਜਦੇ ਨੇ।

ਮਾਂ, ਸਦਾਬਹਾਰ ਫਲਸਫਾ ਏ ਜਿਉਣ ਦਾ, ਥੀਣ ਦਾ। ਮਾਂ ਦੀ ਜੀਵਨ-ਸ਼ੈਲੀ 'ਚ ਜੀਵਨ ਦੇ ਸਮੁੱਚ ਦੀ ਸਾਰਥਿਕਤਾ ਨੂੰ ਉਪਜਾਉਣ ਦਾ ਹੁਨਰ ਏ।

ਮਾਂ, ਧਰਤੀ ਉਪਰ ਸਾਖਸ਼ਾਤ ਰੱਬ ਏ ਜੋ ਮਨੁੱਖ ਨੂੰ ਜਨਮ ਦਿੰਦੀ, ਪਾਲਦੀ, ਪੋਸਦੀ ਤੇ ਮਨੁੱਖ ਲਈ ਸਭੈ ਨਿਆਮਤਾਂ ਦੇ ਦਰ ਖੋਲ੍ਹ, ਚੰਗੇਰੇ ਜੀਵਨ ਲਈ ਖੈਰਾਂ ਵੀ ਮੰਗਦੀ ਏ ਅਤੇ ਨਰੋਈਆਂ ਮੰਜ਼ਿਲਾਂ ਦਾ ਸਿਰਨਾਵਾਂ ਵੀ ਮਸਤਕ ਵਿਚ ਟਿਕਾਉਂਦੀ ਏ।

ਮਾਂ ਇਕ ਵਰਦਾਨ ਏ, ਖੁਦਾ ਦੀ ਦਰਗਾਹ 'ਚ ਗੂੰਜਦੀ ਅਜ਼ਾਨ ਏ, ਮਾਸੂਮਾਂ ਦੇ ਭਾਵਾਂ ਦੀ ਪਰਵਾਜ਼ 'ਚ ਰੁੱਝਿਆ ਭਗਵਾਨ ਏ ਅਤੇ ਸੋਚ ਤੇ ਹੋਸ਼ 'ਚ ਰਚ ਚੁਕੀ ਕੁਰਾਨ ਏ।

ਮਾਂਵਾਂ ਇਤਿਹਾਸ ਦੀਆਂ ਸਿਰਜਣਹਾਰੀਆਂ ਹੁੰਦੀਆਂ ਨੇ। ਉਨ੍ਹਾਂ ਦੀ ਸੁਲੱਖਣੀ ਕੁੱਖ ਹੀ ਵਕਤ ਦੀਆਂ ਮੁਹਾਰਾਂ ਮੋੜਨ ਦੇ ਸਮਰੱਥ ਹੁੰਦੀ ਏ। ਮਾਤਾ ਗੁਜ਼ਰੀ ਵਰਗੀ ਮਾਂ, ਆਪਣੇ ਪਤੀ, ਪੁੱਤਰ ਤੇ ਪੋਤਰਿਆਂ ਦੀ ਕੁਰਬਾਨੀ ਤੋਂ ਸਦਕੇ ਜਾਂਦੀ, ਇਤਿਹਾਸ ਦੇ ਵਰਕਿਆਂ 'ਤੇ ਅਮਿੱਟ ਹਸਤਾਖਰ ਛੱਡ ਗਈ ਏ।

ਕਦੇ ਬਿਮਾਰ ਹੋਏ ਬੱਚੇ ਦੀ ਸਿਹਤਯਾਬੀ ਲਈ ਫਿਕਰਮੰਦ, ਖਾਣਾ-ਪੀਣਾ ਭੁੱਲੀ ਤੇ ਲਿਲਕੜੀਆਂ ਲੈਂਦੀ ਮਾਂ ਵੰਨੀਂ ਦੇਖਿਓ, ਤੁਹਾਨੂੰ ਮਾਂ ਦੇ ਦਰਦ ਦੀ ਇੰਤਹਾ ਸਮਝ ਆ ਜਾਵੇਗੀ। ਆਪਣੇ ਬੱਚੇ ਦੀ ਤੰਦਰੁਸਤੀ ਅਤੇ ਖੁਸ਼ੀ 'ਚੋਂ ਆਪਣੇ ਲਈ ਖੁਸ਼ੀ ਤਲਾਸ਼ਣ ਵਾਲੀ ਮਾਂ, ਜੱਗ ਦੇ ਕਸ਼ਟ ਨਿਵਾਰਨ ਦੀ ਸਮਰੱਥਾ ਰੱਖਦੀ ਏ। ਉਸ ਦੇ ਚਾਅਵਾਂ ਦੀ ਥਾਹ ਪਾਉਣ ਲਈ, ਬੱਚੇ ਦੇ ਮੁਖੜੇ 'ਚੋਂ ਆਪਣੇ ਨਕਸ਼ ਪਛਾਣਦੀ ਮਾਂ ਨੂੰ ਵਾਚਣਾ, ਅਸੀਮ ਸਮੁੰਦਰਾਂ ਦੀ ਨੀਲਤਣ ਵਰਗੀ ਪਵਿੱਤਰਤਾ ਦੇ ਦਰਸ-ਦੀਦਾਰੇ ਹੋਣਗੇ।

ਮਜ਼ਹਬੀ ਦੰਗਿਆਂ ਦਾ ਤਾਂਡਵ ਨਾਚ, ਮਾਂ ਦੇ ਸਾਹਮਣੇ ਉਸ ਦੇ ਲਾਡਲੇ ਦੇ ਗਲ 'ਚ ਪਾਇਆ ਬਲਦਾ ਟਾਇਰ ਤੇ ਵਰਤਦਾ ਕਹਿਰ। ਮਾਂ ਦੀ ਹਿੱਕ 'ਚ ਦਫਨ ਹਉਕਾ, ਪੌਣਾਂ ਨੂੰ ਰੁਆਵੇ, ਫਿਜ਼ਾ ਨੂੰ ਪੀੜਾ-ਪੀੜਾ ਕਰ ਜਾਵੇ ਅਤੇ ਹਟਕੋਰੇ ਬਣੇ ਬੋਲਾਂ 'ਚ ਰੁਦਨ ਸਮਾਵੇ। ਆਪਣੇ ਜਿਗਰ ਦੇ ਟੋਟੇ ਦੀ ਚੀਸ ਕਾਰਨ ਮਾਂ ਦਾ ਆਂਦਰਾਂ ਵੰਨੀਂ ਹੱਥ ਜਾਵੇ। ਬੱਚਿਆਂ ਦੀ ਆਈ ਮਰਨ ਵਾਲੀ ਮਾਂ ਮੌਤ ਦੀਆਂ ਆਂਦਰਾਂ ਨੋਚਣ ਲਈ ਤਿਆਰ।

ਮਾਂ, ਮਰ ਤਾਂ ਸਕਦੀ ਏ ਪਰ ਆਪਣੇ ਬੋਟਾਂ ਨੂੰ ਕੋਈ ਆਂਚ ਆਵੇ ਜਾਂ ਤਕਲੀਫ ਹੋਵੇ, ਕਦੇ ਜਰ ਨਹੀਂ ਸਕਦੀ। ਇਸੇ ਲਈ ਤਾਂ ਕਈ ਵਾਰ ਮਾਂ ਭੁੱਖੀ ਰਹਿ ਕੇ ਵੀ ਬੋਟਾਂ ਦੇ ਮੂੰਹ 'ਚ ਚੋਗ ਜ਼ਰੂਰ ਪਾਉਂਦੀ ਏ।

ਮਾਂ ਦੀ ਕੁੱਖ ਕਦੇ ਬਾਂਝ ਨਾ ਹੋਵੇ, ਮਨੁੱਖੀ ਪੀੜ੍ਹੀ ਨੂੰ ਅੱਗੇ ਤੋਂ ਅੱਗੇ ਤੋਰਦੀ ਰਹੇ। ਇਸ ਦੀ ਕੁੱਖ ਦਾ ਦਰਦ, ਸਮਿਆਂ ਕੋਲੋਂ ਸਹਿ ਨਹੀਂ ਹੋਣਾ, ਕਲਮ ਕੋਲੋਂ ਕਹਿ ਨਹੀਂ ਹੋਣਾ ਅਤੇ ਪੌਣਾਂ ਕੋਲੋਂ, ਬਿਨ ਕਹਿਆਂ ਰਹਿ ਨਹੀਂ ਹੋਣਾ।

ਮਾਂ, ਮਮਤਾਈ ਦੀਪਕ ਦੀ ਜਗਦੀ ਲੋਅ। ਸੁਘੜ ਸਿਆਣਪਾਂ ਦੀ ਸਾਂਝੀ ਸੋਅ। ਹਰ ਇਕ ਲਈ ਮਨ 'ਚ ਪੈਂਦੀ ਖੋਹ ਅਤੇ ਉਸ ਖੋਹ ਦੀ ਇਬਾਦਤ ਕਰਦਿਆਂ ਮਾਣੀ ਹੋਈ ਮਿੱਠੜੀ ਛੋਹ।



ਜਦੋਂ ਮਾਂ ਮਰ ਜਾਂਦੀ ਹੈ ਤਾਂ ਨਾਲ ਹੀ ਮਰ ਜਾਂਦੀ ਏ ਘਰ ਦੀ ਉਡੀਕ। ਭੁੱਲ ਜਾਂਦਾ ਏ ਦਰਾਂ ਨੂੰ ਚੋਇਆ ਹੋਇਆ ਤੇਲ ਅਤੇ ਡੋਲ੍ਹਿਆ ਹੋਇਆ ਪਾਣੀ। ਕੋਈ ਨਹੀਂ ਮਨਾਉਂਦਾ ਸ਼ਗਨ, ਘਰੋਂ ਤੁਰਨ ਲੱਗਿਆਂ ਅਤੇ ਨਾ ਹੀ ਕੋਈ ਨੀਝ ਨਾਲ ਘਰੋਂ ਤੁਰਿਆਂ ਦੀਆਂ ਦੂਰ ਤੀਕ ਪੈੜਾਂ ਨਿਹਾਰਦਾ ਏ। ਦਫਨ ਹੋ ਜਾਂਦੇ ਨੇ, ਮਾਂਵਾਂ ਉਪਰ ਧੀਆਂ ਦੇ ਦਾਈਏ। ਸਿਸਕ ਕੇ ਰਹਿ ਜਾਂਦੀ ਹੈ ਦੁੱਧ ਪੀ ਕੇ ਘਰੋਂ ਤੁਰਨ ਲੱਗਿਆਂ ਮੂੰਹ ਨੂੰ ਲੂਣ ਲਾਉਣ ਦੀ ਨਸੀਹਤ। ਕਬਰਾਂ ਦੇ ਰਾਹ ਪੈਂਦੀ ਏ, ਚੀਜ਼ ਮੰਗਣ ਦੀ ਬੱਚੇ ਦੀ ਰਿਹਾੜ। ਹਉਕਾ ਬਣ ਜਾਂਦੀ ਏ ਸ਼ਰਾਰਤ। ਨਿਰਮੋਹੇ ਪਲਾਂ ਦੀ ਵਹਿੰਗੀ ਢੋਂਦਾ ਮਨੁੱਖ, ਤ੍ਰਿਸਕਾਰ ਦੀ ਜ਼ਿੰਦਗੀ ਜਿਉਂਦਾ ਏ। ਧੀਆਂ ਕੋਲੋਂ ਛੁੱਟ ਜਾਂਦਾ ਏ ਪੇਕਾ ਘਰ, ਤਿੜਕ ਜਾਂਦਾ ਏ ਮਾਪਿਆਂ ਦਾ ਮਾਣ, ਧੁਆਂਖਿਆ ਜਾਂਦਾ ਏ ਪੇਕਿਆਂ ਦਾ ਰੋਅਬ, ਵਿਲਕਦੀ ਏ ਮਾਂ-ਧੀ ਦੀ ਸਾਂਝੀ ਬੁੱਕਲ ਅਤੇ ਫਿਰ ਧੀ ਪਰਾਈ ਹੋਣ ਦਾ ਦਰਦ, ਬਹੁਤ ਸ਼ਿੱਦਤ ਨਾਲ ਮਹਿਸੂਸ ਕਰਦੀ ਏ।

ਆਪ ਸਿੱਲੀ ਥਾਂ 'ਤੇ ਪੈ ਕੇ ਬੱਚੇ ਨੂੰ ਸੁੱਕੀ ਥਾਂ ਪਾਉਣ ਵਾਲੀ, ਬੱਚੇ ਦੀ ਚੀਖ 'ਚ ਚੀਖ ਬਣ ਜਾਣ ਵਾਲੀ ਅਤੇ ਬੱਚੇ ਦੇ ਸਾਹਾਂ 'ਚੋਂ ਆਪਣੇ ਸਾਹ ਲੈਣ ਵਾਲੀ ਮਾਂ ਜਦੋਂ ਬੇਵਕਤ ਤੁਰ ਜਾਵੇ ਤਾਂ ਰੁਲ ਜਾਂਦੇ ਨੇ ਮਾਂ-ਮਛੋਰ। ਦਰਿੰਦੇ ਖੋਹ ਲੈਂਦੇ ਨੇ ਸੁਪਨੇ ਤੇ ਟੁਕਰ। ਕਿਸੇ ਦੀ ਮੁਹਤਾਜੀ 'ਚ ਅਲੂਆਂ ਫੁੱਲ, ਖਿੜ੍ਹਨ ਤੋਂ ਪਹਿਲਾਂ ਹੀ ਮੁਰਝਾ ਕੇ ਉਦਾਸ ਰੁੱਤ ਦਾ ਨਗਮਾ ਬਣ ਜਾਂਦਾ ਏ। 'ਕੇਰਾਂ ਜਦੋਂ ਮਾਂ-ਪਿਉ, ਭੈਣ-ਭਰਾ ਵਾਹਰਾ ਦੋਸਤ ਵਿਆਹੁਣ ਤੁਰਿਆ ਤਾਂ ਉਸ ਦੇ ਨੈਣਾਂ 'ਚ ਉਮਡੀ ਦਰਦ, ਗਮ ਤੇ ਤਨਹਾਈ ਦੀ ਇੰਤਹਾ ਦੇਖਣਾ, ਮੇਰੀ ਜ਼ਿੰਦਗੀ ਦੇ ਸਭ ਤੋਂ ਪੀੜਤ ਪਲ ਸਨ।

ਮਾਂ ਕਦੇ ਮਰਦੀ ਨਹੀਂ ਕਿਉਂਕਿ ਅਸਥੂਲ ਰੂਪ ਵਿਚ ਮਾਂ ਆਪਣੇ ਬੱਚਿਆਂ ਵਿਚ ਵਿਚਰਦੀ, ਉਨ੍ਹਾਂ ਦਾ ਮਾਰਗ ਦਰਸ਼ਨ ਕਰਦੀ, ਉਨ੍ਹਾਂ ਦੀਆਂ ਮੰਜ਼ਿਲਾਂ ਰੁਸ਼ਨਾਉਂਦੀ ਏ। ਇਸੇ ਲਈ ਤਾਂ ਮਰਨ ਤੋਂ ਬਾਅਦ ਕੰਧ 'ਤੇ ਲਟਕਦੀ ਮਾਂ ਦੀ ਉਦਾਸ ਜਿਹੀ ਤਸਵੀਰ, ਆਪਣੇ ਸੁਪਨਿਆਂ ਦੀ ਸੰਪੂਰਨਤਾ 'ਚੋਂ ਸੁੱਖ ਦੀ ਕਾਮਨਾ ਕਰਦੀ ਪ੍ਰਤੀਤ ਹੁੰਦੀ ਏ।

ਮਾਂ, ਸਿਰਫ ਮਾਂ ਹੁੰਦੀ ਏ। ਇਸ ਨੂੰ ਫਿਰਕਿਆਂ, ਜਾਤਾਂ ਜਾਂ ਵਰਣਾਂ 'ਚ ਨਹੀਂ ਵੰਡਿਆ ਜਾ ਸਕਦਾ ਕਿਉਂਕਿ ਮਾਂ ਦਾ ਧਰਮ ਹੁੰਦਾ ਏ, ਮਾਨਵਤਾ ਨੂੰ ਤਾਮੀਰ ਕਰਨਾ। ਹਰ ਇੱਕ ਦੀ ਤਲੀ 'ਤੇ ਚਾਵਾਂ ਨੂੰ ਧਰਨਾ। ਹਰ ਜ਼ੁਲਮ ਨੂੰ ਜਰਨਾ ਅਤੇ ਕੁਰਖਤ ਬੋਲਾਂ ਦੀ ਬੀਹੀ 'ਚ ਵਿਚਰਦਿਆਂ ਵੀ, ਸੀ ਨਾ ਕਰਨਾ।

ਜੀਵਾਂ ਦੇ ਹਰ ਰੂਪ ਲਈ ਮਾਂ ਇਕ ਸੰਘਣੀ ਛਾਂ ਏ, ਇਕ ਆਸਰਾ ਏ, ਇਕ ਛੱਤ ਏ, ਇਕ ਰੈਣ ਬਸੇਰਾ ਏ ਜਿਥੇ ਬਹਿ ਕੇ ਤੁਸੀਂ ਆਪਣੀਆਂ ਮਾਨਸਿਕ, ਆਰਥਿਕ, ਸਰੀਰਕ ਤੇ ਸਮਾਜਿਕ ਉਲਝਣਾਂ ਦਾ ਹੱਲ ਤਲਾਸ਼ਦੇ ਹੋ। ਤਾਹੀਓਂ ਤਾਂ ਬੱਚੇ, ਬਾਪ ਦੀ ਬਜਾਏ ਆਪਣੇ ਸਾਰੇ ਰਾਜ਼ ਮਾਂ ਨਾਲ ਸਾਂਝੇ ਕਰ, ਉਸ ਕੋਲੋਂ ਸੇਧ ਤੇ ਅਸ਼ੀਰਵਾਦ ਪ੍ਰਾਪਤ ਕਰ ਅਗਲੇਰਾ ਕਦਮ ਪੁੱਟਦੇ ਨੇ। ਮਾਂ ਕਦੇ ਵੀ ਬੱਚਿਆਂ ਨੂੰ ਗਲਤ ਸਿੱਖਿਆ ਨਹੀਂ ਦਿੰਦੀ। ਉਸ ਦੀ ਸੋਚ ਵਿਚ ਤਾਂ ਹਮੇਸ਼ਾ ਹੀ ਕੁੱਖੋਂ ਜਾਇਆਂ ਦੀ ਬਿਹਤਰੀ ਪਨਪਦੀ ਏ।

ਉਚੇਰੀ ਪੜ੍ਹਾਈ ਜਾਂ ਕਮਾਈ ਲਈ ਘਰੋਂ ਬਾਹਰ ਪੈਰ ਧਰ ਰਹੀ ਔਲਾਦ। ਮਾਂ ਦੇ ਕਾਲਜੇ ਨੂੰ ਪੈ ਰਹੀ ਖੋਹ। ਕਈ ਤਰ੍ਹਾਂ ਦੀਆਂ ਹਦਾਇਤਾਂ ਤੇ ਸਿਆਣਪਾਂ ਨੂੰ ਪੱਲੇ ਬੰਨਣ ਲਈ ਸਮਝੌਤੀਆਂ। ਦੁਨੀਆਂ ਦੇ ਬਹੁਰੂਪਾਂ ਅਤੇ ਵਿਭਿੰਨ ਪਰਤਾਂ ਦੀ ਜਾਣਕਾਰੀ ਸਾਂਝੀ ਕਰਦੀ ਮਾਂ, ਮੁਹਾਠਾਂ 'ਤੇ ਤੇਲ ਚੋਅ ਅਤੇ ਦਰਾਂ 'ਤੇ ਪਾਣੀ ਡੋਲ ਭਰੇ ਹੋਏ ਮਨ ਨਾਲ ਜਿਗਰ ਦੇ ਟੁਕੜੇ ਨੂੰ ਆਪਣੇ ਕੋਲੋਂ ਦੂਰ ਕਰਦੀ। ਦੂਰ ਤੀਕ ਤੁਰੀ ਜਾਂਦੀ ਔਲਾਦ ਦੀਆਂ ਪੈੜਾਂ ਨਿਹਾਰਦੀ। ਉਨ੍ਹਾਂ ਦੇ ਸੁੱਖੀਂ ਸਾਂਦੀ ਘਰ ਪਰਤਣ ਲਈ ਅਰਦਾਸਾਂ ਕਰਦੀ ਅਤੇ ਸੁੱਖਾਂ ਸੁੱਖਦੀ। ਨਜ਼ਰ ਤੋਂ ਔਝਲ ਹੋਣ 'ਤੇ ਘਰ ਵੱਲ ਮੁੜਦੀ ਅਤੇ ਬੱਚਿਆਂ ਨਾਲ ਭਰਿਆ ਭੁਕੰਨਾ ਘਰ, ਹੁਣ ਸੱਖਣਾ ਸੱਖਣਾ ਖਾਣ ਨੂੰ ਆਵੇ। ਬੱਚਿਆਂ ਤੇ ਉਨ੍ਹਾਂ ਦੀਆਂ ਗੱਲਾਂ ਨੂੰ ਯਾਦ ਕਰ ਫਿਸ ਪੈਣਾ। ਘਰੋਂ ਦੂਰ ਪਰਦੇਸੀ ਹੋਈਆਂ ਆਂਦਰਾਂ ਦੀ ਖੋਹ, ਜੀਵਨ 'ਚ ਉਦਾਸੀ ਤੇ ਉਪਰਾਮਤਾ ਭਰਦੀ। ਘੜੀ ਪਲ ਦੀ ਦੂਰੀ ਨਾ ਜਰਨ ਵਾਲੀ ਮਾਂ, ਲੰਮੇ ਵਿਛੋੜੇ 'ਚ ਪਸੀਜੀ, ਧੁਖਦੀ ਅੱਗ ਦਾ ਗੋਹੜਾ ਬਣੀ, ਦੀਦਿਆਂ ਨੂੰ ਖਾਰੇ ਪਾਣੀ ਦੀਆਂ ਨਦੀਆਂ ਬਣਾ ਬੱਚਿਆਂ ਦੀ ਭਵਿੱਖੀ ਆਮਦ 'ਚੋਂ ਕਦੇ-ਕਦੇ ਸਕੂਨ ਦੇ ਕੁਝ ਪਲ ਕਿਆਸਦੀ।

ਮਾਂ ਇਕ ਸਮਰਪਣ ਏ, ਆਪਣੇ ਬੱਚਿਆਂ ਦੇ ਉਜਲੇ ਭਵਿੱਖ ਪ੍ਰਤੀ, ਹੱਸਦੇ ਵੱਸਦੇ ਘਰ ਲਈ, ਨਰੋਏ ਸਮਾਜ ਦੀ ਉਤਪਤੀ ਲਈ ਅਤੇ ਸਭ ਤੋਂ ਵਧੀਆ ਮਨੁੱਖ ਦੀ ਸਿਰਜਣਾ ਪ੍ਰਤੀ।

ਮਾਂ ਲਈ ਬੱਚੇ, ਬੱਚੇ ਹੀ ਰਹਿੰਦੇ ਨੇ ਭਾਵੇਂ ਉਹ ਕਿੰਨੇ ਵੀ ਵੱਡੇ ਅਫਸਰ, ਉਚੇ ਅਹੁਦਿਆਂ ਦਾ ਮਾਣ ਜਾਂ ਕੋਈ ਵੀ ਸਨਮਾਨ ਪ੍ਰਾਪਤ ਕਰਨ। ਮਾਂ ਨੂੰ ਹੱਕ ਹੁੰਦਾ ਏ, ਨਿੱਕੇ ਨਾਮ ਨਾਲ ਹਾਕ ਮਾਰਨਾ। ਰੋਅਬ ਪਾਉਣ ਵਾਲਿਆਂ 'ਤੇ ਰੋਅਬ ਪਾਉਣਾ ਅਤੇ ਉਨ੍ਹਾਂ ਦੇ ਮਨਾਂ 'ਚ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦਾ ਅਹਿਸਾਸ ਉਪਜਾਉਣਾ। ਤਾਹੀਉਂ ਤਾਂ ਆਪਣੀ ਮਾਂ ਦੇ ਮਰਨ 'ਤੇ ਬਾਦਸ਼ਾਹ ਅਕਬਰ ਨੇ ਕਿਹਾ ਸੀ, "ਮੈਨੂੰ ਬਾਦਸ਼ਾਹ ਸਲਾਮਤ ਕਹਿਣ ਵਾਲੇ ਤਾਂ ਬਹੁਤ ਹੋਣਗੇ, ਪਰ ਮੈਨੂੰ 'ਅਕੂ' ਕਹਿ ਕੇ 'ਵਾਜ ਮਾਰਨ ਵਾਲੀ ਮਾਂ ਅੱਜ ਮਰ ਗਈ ਏ।" ਮਾਂ ਦੇ 'ਵਾਜ ਮਾਰਨ 'ਚ ਵੀ ਲੋਹੜੇ ਦੀ ਅਪਣੱਤ ਅਤੇ ਦਾਈਆ ਹੁੰਦਾ ਏ।

ਜਦੋਂ ਮਾਂ ਦੀ ਅੱਖ 'ਚ ਹੰਝੂ ਟਪਕਦਾ ਏ ਤਾਂ ਰੋਂਦੀ ਏ ਮਾਨਵਤਾ, ਹਟਕੋਰੇ ਭਰਦਾ ਏ ਸੁਹਿਰਦਤਾ ਦਾ ਸੰਕਲਪ, ਗਮਾਂ ਦੀ ਪੈ ਜਾਂਦੀ ਏ ਰਾਤ ਅਤੇ ਸੁੱਜੇ ਹੋਈ ਦੀਦਿਆਂ ਨਾਲ ਦਸਤਕ ਦਿੰਦੀ ਏ ਪ੍ਰਭਾਤ। ਮਾਂ ਦੀ ਦੇਣ ਨੂੰ ਭੁੱਲਣ ਵਾਲੇ, ਅਕ੍ਰਿਤਘਣਤਾ ਦਾ ਹਉਕਾ ਮਨ 'ਚ ਪਾਲਦੇ, ਸੁਲਗਦੇ ਪਲਾਂ ਦਾ ਤੰਦੂਰ ਬਣੇ ਰਹਿੰਦੇ ਨੇ ਸਾਰੀ ਉਮਰ।

ਕੁੱਖੋਂ ਜਾਇਆਂ ਦੇ ਸੱਭੇ ਕਾਰਜ ਸੰਵਾਰਦਿਆਂ, ਭੰਬੀਬੀ ਬਣੀ ਮਾਂ ਅਸੀਸਾਂ ਦਾ ਸ਼ਗਨ ਪਾਉਂਦੀ, ਯੁੱਗ ਯੁੱਗ ਜੀਵੋ, ਜਵਾਨੀਆਂ ਮਾਣੋਂ ਦਾ ਅਸ਼ੀਰਵਾਦ ਦਿੰਦੀ, ਨਿਰਮਾਣਤਾ ਦੀ ਮੂਰਤ ਬਣੀ, ਦਰੀਂ ਤੇਲ ਚੋਂਦੀ ਏ। ਮਾਂ, ਮਾਂ ਹੀ ਹੁੰਦੀ ਏ ਜੋ ਸਭ ਤੋਂ ਵੱਡੀ ਦਾਤੀ ਹੁੰਦਿਆਂ ਵੀ ਨਿਮਾਣੀ ਬਣੀ ਰਹਿੰਦੀ ਏ।

ਮਾਂ ਦੀ ਕੁੱਖ ਸੁਲੱਖਣੀ ਹੋ ਜਾਂਦੀ ਏ ਜਦੋਂ ਉਸ ਦੀ ਗੋਦ 'ਚ ਖੇਡਿਆ, ਅਟਕ ਦਰਿਆ ਨੂੰ ਅਟਕਾਉਂਦਾ ਏ, ਜ਼ਾਲਮਾਂ ਨਾਲ ਆਢਾ ਲਾਉਂਦਾ ਏ, ਕਹਿਰ ਸਾਹਵੇਂ ਹਿੱਕ ਡਾਹੁੰਦਾ ਏ, ਧਰਤ 'ਤੇ ਪਸਰੇ ਹਨੇਰ 'ਚ ਚਾਨਣ ਦੀ ਰਿਸ਼ਮ ਉਪਜਾਉਂਦਾ ਏ ਅਤੇ ਨਵੀਂਆਂ ਪੈੜਾਂ ਦਾ ਸਿਰਨਾਵਾਂ ਸਮਿਆਂ ਦੇ ਵਰਕੇ 'ਤੇ ਉਕਰਾਉਂਦਾ ਏ।

ਮਾਂ ਦੀ ਕਦੇ ਬੇਕਦਰੀ ਨਾ ਕਰੋ ਕਿਉਂਕਿ ਮਾਂ ਵਕਗਾ ਮਿੱਠੜਾ ਮੇਵਾ, ਜਦੋਂ ਜਹਾਨੋਂ ਤੁਰ ਜਾਂਦਾ ਏ ਤਾਂ ਫਿਰ ਮਾਂ ਦੀਆਂ ਮਿੱਠੀਆਂ ਯਾਦਾਂ, ਕੌੜੀਆਂ ਨਸੀਹਤਾਂ ਤੇ ਸੁਘੜ ਸਿਆਣਪਾਂ, ਸਾਡੇ ਮੱਥੇ 'ਚ ਚਾਨਣ ਦਾ ਧੂਣਾ ਮਘਾਉਂਦੀਆਂ ਨੇ। ਵਕਤ ਵਿਹਾਜਣ ਤੋਂ ਬਾਅਦ, ਸਿਰਫ ਪਛਤਾਵਾ ਹੀ ਸਾਡੇ ਪੱਲੇ ਰਹਿ ਜਾਂਦਾ ਏ। ਮਾਂ ਤਾਂ ਸਿਵਿਆਂ ਦੀ ਰਾਖ ਬਣ ਕੇ ਵੀ, ਆਪਣੀ ਬਗੀਚੀ ਦੇ ਵੱਸਣ, ਫੁੱਲਣ ਲਈ ਖਾਦ ਬਣ ਜਾਂਦੀ ਏ।

ਮਾਂ ਸਾਡਾ ਸੁਹਜ ਏ, ਵਡਿਆਈ ਏ, ਦਾਨਾਈ ਏ ਅਤੇ ਸਾਡੀਆਂ ਸੋਚਾਂ ਵਿਚ ਉਪਜਦੀ ਚੰਗਿਆਈ ਏ।

ਮਾਂ ਦਾ ਦਰਜਾ ਸਭ ਤੋਂ ਉਤਮ ਏ। ਉਤਮ ਹੈ ਇਸ ਦੀ ਪ੍ਰਤੀਬੱਧਤਾ, ਸੁਹਿਰਦਤਾ ਅਤੇ ਸਮਰਪਣ। ਵਿਲੱਖਣ ਏ ਇਸ ਦਾ ਤਿਆਗ। ਅਜ਼ੀਮ ਏ ਇਸ ਦੀ ਕੁਰਬਾਨੀ ਅਤੇ ਕੁਦਰਤ ਦੇ ਹਰ ਕਿਣਕੇ 'ਤੇ ਉਕਰੀ ਹੁੰਦੀ ਏ ਮਾਂ ਦੀ ਕਹਾਣੀ।



**ਬੱਚੇ ਦੀਆਂ ਨਿੱਕੀਆਂ ਨਿੱਕੀਆਂ ਸ਼ਰਾਰਤਾਂ 'ਚ ਰੁੱਝੀ ਹੋਈ, ਤੋਤਲੇ ਬੋਲਾਂ ਨਾਲ ਹੁੰਗਾਰਾ ਭਰਦੀ, ਬੱਚੇ ਦੇ ਪਹਿਲਾ ਕਦਮ ਪੁੱਟਣ ਦੀ ਪ੍ਰਾਪਤੀ 'ਤੇ ਰਸ਼ਕ ਕਰਦੀ ਮਾਂ ਨੂੰ ਕਿਤੇ ਅਛੋਪਲੇ ਜਿਹੇ ਨਿਹਾਰਿਓ, ਤੁਹਾਨੂੰ ਦੁਨਿਆਵੀ ਖੁਸ਼ੀਆਂ ਦਾ ਅਸੀਮ ਅੰਬਰ ਖਲਾਅ ਨਜ਼ਰ ਆਵੇਗਾ। ਇਕ ਦੂਜੇ 'ਚੋਂ ਤ੍ਰਿਪਤੀ ਦੇ ਭਾਵਾਂ ਨਾਲ ਲਬਰੇਜ਼ ਮਾਂ-ਬੱਚਾ, ਦੁਨਿਆਵੀ ਸਰੋਕਾਰਾਂ ਤੋਂ ਬਹੁਤ ਉਪਰ ਉਠ ਜ਼ਿੰਦਗੀ ਦੇ ਮਾਸੂਮ, ਰੰਗੀਨ ਤੇ ਹੁਸੀਨ ਪਲਾਂ ਦੀ ਇਬਾਦਤ ਸਿਰਜਦੇ ਨੇ।**

# ਕਵੀਸ਼ਰ ਕਰਨੈਲ ਸਿੰਘ ਪਾਰਸ

*ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ (28 ਜੂਨ 1916-28 ਫਰਵਰੀ 2009) ਦੀ ਜਨਮ ਸ਼ਤਾਬਦੀ ਮੌਕੇ ਅਸੀਂ ਉਨ੍ਹਾਂ ਦੇ ਕੈਨੇਡਾ ਵੱਸਦੇ ਪੁੱਤਰ ਅਤੇ ਲੇਖਕ ਇਕਬਾਲ ਰਾਮੂਵਾਲੀਆ ਦਾ ਲਿਖਿਆ ਇਹ ਲੇਖ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਘਰਦਿਆਂ ਨੇ ਪੋਥੀ ਪੜ੍ਹਨ ਜਦੋਂ ਨੰਨ੍ਹੇ ਕਰਨੈਲ ਨੂੰ ਗੁਰਦੁਆਰੇ ਭੇਜਿਆ ਤਾਂ ਉਥੇ ਉਸਤਾਦ ਨੇ ਉਸ ਦੀ ਲਿਆਕਤ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਪਾਰਸ ਆਖਿਆ; ਤੇ ਮਗਰੋਂ ਇਹੀ ਸ਼ਬਦ ਉਸ ਦਾ ਤਖੱਲਸ ਹੋ ਨਿਬੜਿਆ। ਕਵੀਸ਼ਰੀ ਦੇ ਸ਼ੌਕ ਕਰ ਕੇ ਉਹ ਕਵੀਸ਼ਰ ਮੋਹਨ ਸਿੰਘ ਰੋਡੇ ਦੇ ਜਥੇ ਨਾਲ ਜਾ ਰਲਿਆ। ਫਿਰ ਤਾਂ ਚੱਲ ਸੋ ਚੱਲ। ਫਿਰ ਜਦੋਂ ਉਸ ਨੇ ਆਪਣਾ ਜਥਾ ਕਾਇਮ ਕੀਤਾ ਤਾਂ ਕਰਨੈਲ ਸਿੰਘ ਪਾਰਸ, ਰਣਜੀਤ ਸਿੰਘ ਸਿੱਧਵਾਂ ਅਤੇ ਚੰਦ ਸਿੰਘ ਜੰਡੀ ਇਕੱਠੇ 40 ਸਾਲ ਗਾਉਂਦੇ ਰਹੇ ਅਤੇ ਇਕੋ ਜਥਾ ਰੱਖ ਕੇ ਗਾਉਣ ਦਾ ਇਤਿਹਾਸ ਸਿਰਜ ਦਿੱਤਾ। -ਸੰਪਾਦਕ*



ਸੌ ਸਾਲ ਪਹਿਲਾਂ ਜਨਮਿਆਂ ਬਾਪੂ ਪਾਰਸ ਆਜ਼ਾਦੀ ਤੋਂ ਬਾਅਦ, ਕਵੀਸ਼ਰੀ ਦੀ ਪ੍ਰਚੰਡ ਬਲਦੀ ਆਖਰੀ ਮਿਸ਼ਾਲ। ਰੰਗਲੀ, ਮਸਤਾਨੀ, ਬੇਪਰਵਾਹ ਜ਼ਿੰਦਗੀ ਜੀਣ ਵਾਲਾ ਤਰਕਸ਼ੀਲ, ਲੋਕ ਹਿਤੂ ਤੇ ਜਾਤਪਾਤ ਦੇ ਕੋਹੜ ਦਾ ਕੱਟੜ ਵਿਰੋਧੀ ਪਾਰਸ। 2009 ਵਿਚ ਸਮੇਟੇ, ਆਪਣੇ 93 ਸਾਲਾ ਜੀਵਨ 'ਚ ਉਤਰਾਅ-ਚੜ੍ਹਾਅ, ਚੁਣੌਤੀਆਂ, ਦੁਸ਼ਵਾਰੀਆਂ ਨਾਲ ਖਹਿ-ਖਹਿ, ਘਸ-ਘਸ 'ਕੈਲੇ' ਤੋਂ ਕਰਨੈਲ, ਤੇ ਕਰਨੈਲ ਤੋਂ 'ਪਾਰਸ' ਬਣਿਆਂ ਬਾਪੂ ਪਾਰਸ।

ਦੋ ਸ਼ਬਦਾਂ 'ਕਵ' ਅਤੇ 'ਈਸ਼ਰੀ' ਦੇ ਸੁਮੇਲ ਵਿਚੋਂ ਉਦੈ ਹੋਇਆ ਸ਼ਬਦ 'ਕਵੀਸ਼ਰੀ' ਯਾਨਿ ਕਰਤਾਰੀ ਬੋਲ। ਸਰਲ ਬੋਲੀ ਵਿਚ, ਰਿਦਮ ਨੂੰ ਬਰਕਰਾਰ ਰਖਦਿਆਂ, ਕਾਫੀਏ ਦੀ ਬੰਦਿਸ਼ ਵਿਚ, ਭੋਲ਼ੇ ਭਾਲ਼ੇ, ਦਿਹਾਤੀ ਲੋਕਾਂ ਲਈ ਰਚੀ ਸਿੱਧੀ ਸਾਦੀ ਕਵਿਤਾ। ਲੋਕ ਗਾਇਕੀ ਦੀ ਸਭ ਤੋਂ ਪੁਰਾਤਨ ਵੰਨਗੀ। ਬਾਪੂ ਦਾਅਵਾ ਕਰਿਆ ਕਰਦਾ: ਦੁਨੀਆਂ ਦੇ



ਇਕਬਾਲ ਰਾਮੂਵਾਲੀਆ
ਫੋਨ: 647-574-7357

ਹਰ ਖਿੱਤੇ ਤੇ ਹਰ ਬੋਲੀ ਵਿਚ ਗਾਇਕੀ ਦਾ ਅਰੰਭ ਕਵੀਸ਼ਰੀ ਤੋਂ ਹੀ ਹੋਇਆ, ਕਿਉਂਕਿ ਸਾਜ਼ ਦੀ ਈਜਾਦ ਤੋਂ ਕਰੋੜਾਂ ਵਰ੍ਹੇ ਪਹਿਲਾਂ, ਦੁੱਧ ਚੁੰਘਦੇ ਬਾਲਾਂ ਨੂੰ ਵਰਾਉਣ/ਸੁਲਾਉਣ ਲਈ, ਮਾਂਵਾਂ ਨੇ, ਕਿਸੇ ਵੀ ਬੋਲੀ ਵਿਚ, ਜੋ ਲੋਰੀਆਂ ਲੈਅਮਈ 'ਹੂੰਅੰਅੰ, ਹੂੰਅੰਅੰ... ਹਾਂਅਅ, ਹਾਂਅਅ' ਕਰਦਿਆਂ ਗੁਣਗੁਣਾਈਆਂ, ਉਹ ਅਸਲ ਵਿਚ ਕਵੀਸ਼ਰੀ ਦੇ ਬੀਜ ਹੀ ਸਨ; ਸਾਜ਼ਾਂ ਤੋਂ ਬਗੈਰ ਤਰੰਨਮ ਵਿਚ ਉਚਰੀਆਂ ਤੁਕਬੰਦਕ ਲੋਰੀਆਂ।

ਸ਼ਬਦ ਪ੍ਰਧਾਨ ਗਾਇਕੀ ਹੈ ਕਵੀਸ਼ਰੀ, ਸਾਹ ਰੋਕ ਕੇ ਸੁਣਨ ਵਾਲੀ! ਸਾਜ਼ਾਂ ਤੋਂ ਬਿਨਾ ਉਚੀ ਸੁਰ 'ਚ ਗਾਈ ਜਾਂਦੀ ਛੰਦਬੱਧ ਕਵਿਤਾ; ਸੂਰਮਿਆਂ, ਭਗਤਾਂ, ਦਰਵੇਸ਼ਾਂ, ਗੁਰੂਆਂ, ਤੇ ਆਸ਼ਕਾਂ ਦੀਆਂ ਕਥਾਵਾਂ, ਛੰਦਾਬੰਦੀ 'ਚ ਬੁਣੀਆਂ! ਉਚੀ ਸੁਰ 'ਚ ਕੀਤੀ ਇਨ੍ਹਾਂ ਕਥਾਵਾਂ ਦੀ ਗਾਇਕੀ ਜਿਸ ਨੂੰ ਪਿੰਡਾਂ ਦੀਆਂ ਸੱਥਾਂ, ਮੇਲਿਆਂ ਤੇ ਗੁਰਧਾਮਾਂ ਵਿਚ ਬੈਠੇ ਖਲੋਤੇ ਪੇਂਡੂ ਸਰੋਤੇ ਘੰਟਿਆਂ-ਬੱਧੀ ਸੁਣੀ ਜਾਂਦੇ।

ਬਾਪੂ ਕਰਨੈਲ ਸਿੰਘ ਪਾਰਸ ਦੀ ਕਵੀਸ਼ਰੀ ਉਸ ਦੇ ਸਮਕਾਲੀ ਕਵੀਸ਼ਰਾਂ ਤੋਂ ਬਿਲਕੁਲ ਵਿਲੱਖਣ ਤਾਂ ਸੀ ਹੀ, ਇਹ ਵੀ ਧਿਆਨਯੋਗ ਹੈ ਕਿ ਉਸ ਪਿਛੋਂ ਦੇ ਸਮੇਂ ਵਿਚ ਵੀ ਕਵੀਸ਼ਰੀ ਵਿਚ ਕੋਈ ਉਭਰਵਾਂ ਹਸਤਾਖਰ ਪੈਦਾ ਨਹੀਂ ਹੋ ਸਕਿਆ।

ਚੌਦਾਂ ਸਾਲ ਦੀ ਉਮਰ ਤੀਕ ਸਕੂਲੀ ਵਿਦਿਆ ਤੋਂ ਕੋਰਾ ਕਰਨੈਲ, ਸਵੈ-ਸਿੱਖਿਆ ਦੀਆਂ ਪੌੜੀਆਂ ਨਾਲ ਹੀ ਪੰਜਾਬੀ, ਹਿੰਦੀ, ਤੇ ਉਰਦੂ ਵਿਚ ਮੁਹਾਰਤ ਕਿਵੇਂ ਹਾਸਲ ਕਰ ਗਿਆ; ਦਾਤੀਆਂ, ਰੰਬਿਆਂ, ਕਹੀਆਂ, ਤੇ ਹਲ਼-ਪੰਜਾਲੀਆਂ ਵਿਚ ਘਿਰਿਆ, ਉਹ ਕਵੀਸ਼ਰੀ ਵੱਲ ਕਿਵੇਂ ਖਿੱਚਿਆ ਗਿਆ ਤੇ ਫਿਰ ਕਵੀਸ਼ਰੀ ਦਾ ਹੀ ਹੋ ਕੇ ਪੰਜਾਬੀ ਲੋਕਧਾਰਾ ਦੀ ਇਸ ਸਿਨਫ 'ਤੇ ਕਿਵੇਂ ਛਾਇਆ ਰਿਹਾ, ਇਹ ਸਭ ਕੁਝ ਸਰਵਣ ਸਿੰਘ, ਡਾ. ਗੁਰਦੇਵ ਸਿੰਘ ਸਿੱਧੂ ਅਤੇ ਨਿੰਦਰ ਘੁਗਿਆਣਵੀ ਨੇ ਵਿਸਥਾਰ ਨਾਲ ਚਿਤਰਿਆ ਹੈ।

ਬਾਪੂ ਤੋਂ ਪਹਿਲੇ ਸਮਿਆਂ ਵਿਚ ਕਵੀਸ਼ਰੀ ਦਾ ਚਿਹਰਾ-ਮੋਹਰਾ ਹਾਲੇ ਪੂਰੀ ਤਰ੍ਹਾਂ ਨਿਖਰਿਆ ਨਹੀਂ ਸੀ, ਕਿਉਂਕਿ ਪੇਂਡੂ ਸਰੋਤਿਆਂ ਦਾ ਸੁਹਜ-ਸਵਾਦ ਹੀ ਹਾਲੇ ਵਿਕਸਿਤ ਨਹੀਂ ਸੀ ਹੋਇਆ। ਪੇਂਡੂ ਲੋਕ ਹਲਕੇ ਰੰਗ ਦੀ ਤੁਕਬੰਦੀ ਮਾਣਨ ਦੇ ਆਦੀ ਹੀ ਸਨ। ਇਸ ਲਈ ਆਪਣੇ ਬਚਪਨ ਵਿਚੋਂ ਗੁਜ਼ਰ ਰਹੀ ਕਵੀਸ਼ਰੀ ਐਵੇਂ ਤੁਕਬੰਦਕ ਜੁਗਾੜ ਹੀ ਹੁੰਦੀ ਸੀ; ਮਿਸਾਲ ਦੇ ਤੌਰ 'ਤੇ:

ਮੋਰ ਪਾਵੇ ਪੈਲ ਸੱਪ ਜਾਵੇ ਖੱਡ ਨੂੰ;
ਬਗਲਾ ਭਗਤ ਚੁੱਕ ਲਿਆਵੇ ਡੱਡ ਨੂੰ।
ਬੋਤੀ ਉਤੇ ਬੈਠੇ ਜਦੋਂ ਤਿੰਨ ਸਿੰਘ ਜੀ;
ਭਾਰ ਸੀਗਾ ਬਾਹਲਾ ਬੋਤੀ ਪਈ ਰਿੰਗ ਜੀ।
ਰੱਬ ਦੀਆਂ ਕਰੀਆਂ ਨੂੰ ਕੌਣ ਮੋੜਦਾ;
ਕੱਸੀ ਉਤੇ ਖੜ੍ਹ ਕੇ ਕਬਿੱਤ ਜੋੜਦਾ!

ਪਰ ਬਾਪੂ ਪਾਰਸ ਦੇ ਦਿਸਹੱਦੇ ਵੱਖਰੇ ਸਨ। ਉਸ ਨੇ ਕਿੱਸਾਕਾਰੀ ਕਰਦਿਆਂ, ਤੁਕਬੰਦਕ ਅਤੇ ਹਲਕੇ ਮੁਹਾਂਦਰੇ ਵਾਲੀ ਕਵੀਸ਼ਰੀ ਤੋਂ ਪ੍ਰਤੱਖ ਵਿੱਥ ਸਿਰਜ ਕੇ ਸਾਹਿਤਕ ਰੰਗ ਵਾਲੀ ਰਚਨਾ ਕੀਤੀ। ਚੜ੍ਹਦੀ ਜਵਾਨੀ ਵਿਚ ਰਚੇ, ਆਪਣੇ ਪਹਿਲੇ ਕਿੱਸੇ 'ਦਹੂਦ ਬਾਦਸ਼ਾਹ' ਵਿਚ ਹੀ ਉਸ ਦਾ ਨਿਵੇਕਲਾ ਰੰਗ ਉਘੜਨ ਲੱਗਾ ਸੀ। ਮਨੁੱਖਤਾ ਨੂੰ ਧਰਮਾਂ, ਜਾਤਾਂ, ਨਸਲਾਂ ਵਿਚ ਵੰਡੇ ਹੋਣ ਦੇ ਵਰਤਾਰੇ ਪ੍ਰਤੀ ਘਿਰਣਾ ਅਤੇ ਖਿਆਲੀ ਰੱਬ ਦੀ ਪ੍ਰਾਪਤੀ ਦੇ ਨਾਂ 'ਤੇ, ਲੋਕਾਈ ਦੇ ਗੁੰਮਰਾਹ ਹੋਈ ਜਾਣ ਉਤੇ ਉਸ ਦਾ ਰੋਹ 'ਦਹੂਦ ਬਾਦਸ਼ਾਹ' ਵਿਚ ਹੀ ਠਾਠਾਂ ਮਾਰਦਾ ਨਜ਼ਰ ਆਉਂਦਾ ਹੈ। ਜਿਥੇ ਰਵਾਇਤੀ ਕਿੱਸਾਕਾਰ ਆਪਣੀ ਰਚਨਾ ਰੱਬ ਦੀ ਇਬਾਦਤ ਜਾਂ ਮੰਗਲਾਚਰਨ ਨਾਲ ਸ਼ੁਰੂ ਕਰਿਆ ਕਰਦੇ, ਬਾਪੂ ਪਾਰਸ ਨਵੀਂ ਪਗਡੰਡੀ ਸਿਰਜਣ ਦੇ ਰਾਹ ਤੁਰਿਆ:

ਵਾਹੇ-ਗੁਰੂ ਐ ਗਾਡ ਭਗਵਾਨ ਰੱਬਾ,
ਜ਼ਰਾ ਮੁੱਖ ਦਿਖਾਅ ਖੁਦਾ ਸਾਨੂੰ
ਬਾਂਗ ਸੰਖ ਘੜਿਆਲ ਤੇ ਗਿਰਗਟਾਂ ਤੂੰ,
ਆਪੋ ਵਿਚ ਨਾ ਪਿਆ ਲੜਾਅ ਸਾਨੂੰ
ਭਾਈਆਂ, ਪਾਦਰੀ, ਕਾਜ਼ੀਆਂ, ਬਾਹਮਣਾਂ ਦੇ,
ਅੱਡੋ ਅੱਡ ਦਿਖਲਾਂਵਦਾ ਰਾਹ ਸਾਨੂੰ
ਤੇਰੇ ਨਾਮ ਬਕਰੀਦ 'ਤੇ ਲੱਖ ਗਊਆਂ,
ਮੁਸਲਮਾਨ ਕਰ ਦੇਣ ਕਤਲੇਆਮ ਰੱਬਾ
ਮੋਮਨ ਪੜ੍ਹਨ ਨਮਾਜ਼ਾਂ ਪਰ ਹਿੰਦੂਆਂ ਨੂੰ,
ਜ਼ਿਬਹਾ ਕਰੀ ਜਾਂਦੇ ਤੇਰੇ ਨਾਮ ਰੱਬਾ
ਖਾ ਜੇਂ ਸੂਰ ਈਸਾਈਆਂ ਦੇ ਚਰਚ ਬਹਿ ਕੇ,
ਮੁਸਲਮਾਨ ਨੂੰ ਕਹੇਂ ਹਰਾਮ ਰੱਬਾ
ਖੀਰ ਬਾਮ੍ਹਣਾਂ ਤੋਂ ਹਲਵਾ ਖਾਲਸੇ ਤੋਂ,
ਜਾਵੇਂ ਨਿਗਲ ਤੂੰ ਕੁੱਲ-ਤਮਾਮ ਰੱਬਾ

---

ਹਿੰਦੂ ਮੁਸਲਮ ਫਸਾਦ 'ਤੇ ਫਿਰੇਂ ਖਿੜਿਆ,
ਵਾਹ ਬਈ ਵਾਹ ਖੁਦਾ ਅਲਬੇਲਿਆ ਓਇ
ਜਿਨ੍ਹਾਂ ਗੁੰਡਿਆਂ ਪੱਟ ਕਰੀਰ ਸਿੱਟੇ,
ਕੱਟ ਤੈਨੂੰ ਵੀ ਦੇਣਗੇ ਕੇਲਿਆ ਓਇ
ਭਗਤ ਵੇਂਹਦਿਆਂ ਨੰਗ ਕੰਗਾਲ ਹੋਗੇ,
ਤੇਰੇ ਨਾਮ ਦਾ ਜੂਆ ਜੇ ਖੇਲ੍ਹਿਆ ਓਏ
ਚੌਵੀ ਸਾਲ ਭਗਤੀ ਹੋ ਜੇ ਇਕ ਗਲਤੀ,
ਰੁੜ੍ਹ ਜੇਂ ਝੱਟ ਤੂੰ ਟੁੱਕ ਤੋਂ ਡੇਲਿਆ ਓਇ
ਤੇਰੇ ਹੁੰਦਿਆਂ ਹਿੰਦ ਵਿਚ ਰਾਤ ਕਾਲੀ
ਬੱਲੇ ਬੱਲੇ ਸਵੇਰ ਦਿਆ ਵੇਲਿਆ ਓਇ
ਜਗ੍ਹਾ ਖਾਣ ਦੀ ਸਿਰਾਂ ਨੂੰ ਪਾੜ ਦੇਵੇਂ,
ਕੌੜੇ ਬੂਟੇ ਨੂੰ ਲੱਗੇ 'ਵੇ ਕੇਲਿਆ ਓਏ
ਹਿੰਦੂ ਖਾਲਸੇ ਮੁਸਲਮਾਂ ਜਦੋਂ 'ਕੱਠੇ,
ਤੇਰੀ ਹਿੱਕ ਉਤੇ ਨਾਗ ਮੇਲ੍ਹਿਆ ਓਇ

---

ਹੈਜ਼ਾ ਕੋਹੜ ਸੁਜ਼ਾਕ ਤਪਦਿਕ ਲਾ ਕੇ,
ਤੰਦਰੁਸਤ ਨੂੰ ਜਾ ਬੀਮਾਰ ਕਰਦਾ
ਹਾੜੀ ਪੱਕੀ ਕਿਰਸਾਨ ਦੀ ਦੇਖ ਹੱਸੇ,
ਲੈ ਕੇ ਕਾਕੜੇ ਫਸਲ 'ਤੇ ਵਾਰ ਕਰਦਾ

1947 ਦੇ ਹਿੰਦ ਬਟਵਾਰੇ ਸਮੇਂ ਮਨੁੱਖ ਹੱਥੋਂ ਮਨੁੱਖ ਨਾਲ ਹੋਏ ਇੰਤਹਾਈ ਜ਼ੁਲਮ ਪਾਰਸ ਨੇ ਅੱਖੀਂ ਦੇਖੇ ਸਨ, ਤੇ ਇਨ੍ਹਾਂ ਨੂੰ ਯਾਦ ਕਰ-ਕਰ ਸਾਰੀ ਉਮਰ ਫੁੱਟ-ਫੁੱਟ ਰੋਣ ਵਾਲਾ ਬਾਪੂ ਪਾਰਸ 1950ਵਿਆਂ ਦੇ ਜ਼ਮਾਨੇ ਵਿਚ ਹੀ ਗੈਬੀ ਸ਼ਕਤੀਆਂ ਦੀ ਹੋਂਦ ਨੂੰ ਨਾਕਾਰਨ ਲੱਗ ਪਿਆ ਸੀ। ਇਸੇ ਲਈ ਅਨੇਕਾਂ ਥਾਂਵਾਂ ਉਤੇ ਉਹ ਆਪਣਾ ਤਖ਼ੱਲਸ 'ਮੁਨਕਿਰ' ਵੀ ਵਰਤਦਾ ਰਿਹਾ। ਇਹ ਉਹ ਸਮਾਂ ਸੀ ਜਦੋਂ ਗੈਬੀ ਸ਼ਕਤੀਆਂ ਤੋਂ ਮੁਨਕਰ ਹੋਣ ਵਾਲੀ ਵਿਚਾਰਧਾਰਾ ਲਈ ਪੰਜਾਬੀ ਬੋਲੀ ਵਿਚ ਹਾਲੇ 'ਤਰਕਸ਼ੀਲ' ਲਫਜ਼ ਈਜਾਦ ਨਹੀਂ ਸੀ ਹੋਇਆ।

ਕਿੱਸਾਕਾਰੀ ਤਾਂ ਉਸ ਨੇ 1947 ਦੇ ਕਰੀਬ ਹੀ ਸ਼ੁਰੂ ਕਰ ਦਿੱਤੀ ਸੀ। ਉਸ ਦਾ ਪਹਿਲਾ ਹੀ ਕਿੱਸਾ 'ਦਹੂਦ ਬਾਦਸ਼ਾਹ' ਮੋਗੇ ਦੇ ਪ੍ਰਕਾਸ਼ਕ ਕਿਸ਼ਨ ਸਿੰਘ ਹਮੀਰ ਸਿੰਘ ਐਂਡ ਸਨਜ਼ ਨੇ ਲੱਖਾਂ ਦੀ ਗਿਣਤੀ ਵਿਚ ਛਾਪਿਆ। 'ਦਹੂਦ ਬਾਦਸ਼ਾਹ' ਦੀ ਮਕਬੂਲੀਅਤ ਨੇ ਉਸ ਦੇ ਕਵੀਸ਼ਰੀ ਜਥੇ ਦੀ ਮਹਿਮਾ ਵੀ ਦੂਰ ਦੂਰ ਤੀਕ ਫੈਲਾ ਦਿੱਤੀ।

ਫਿਰ 1950 ਦਾ ਦੌਰ ਆ ਗਿਆ। ਅਮੀਰੀ ਦਾ ਚਿੰਨ੍ਹ ਬਣਿਆਂ ਗ੍ਰਾਮੋਫੋਨ ਪਿੰਡਾਂ ਦੇ ਵਿਰਲੇ ਵਿਰਲੇ ਘਰਾਂ 'ਚ ਦਿਸਣ ਲੱਗਾ। ਥੋੜ੍ਹੇ ਸਮੇਂ ਬਾਅਦ ਲਾਊਡਸਪੀਕਰ ਆ ਗਿਆ ਜਿਸ ਨੇ ਬਰਾਤਾਂ ਦੇ ਮਨੋਰੰਜਨ ਲਈ ਗ੍ਰਾਮੋਫੋਨ ਉਪਰ ਲਾਖ ਦੇ ਤਵੇ ਵਜਾਉਣ ਦਾ ਰਿਵਾਜ ਲੈ ਆਂਦਾ। ਬਰਾਤਾਂ, ਬਰਾਤ ਘਰਾਂ ਜਾਂ ਧਰਮਸ਼ਾਲਾਵਾਂ ਵਿਚ ਉਤਰਦੀਆਂ। ਲਾਊਡਸਪੀਕਰਾਂ ਦੇ ਧੂਤਰੂ ਬਰਾਤ ਘਰਾਂ ਦੀਆਂ ਛੱਤਾਂ 'ਤੇ ਮੰਜਿਆਂ ਦੇ ਸਿਰ ਜੋੜ ਕੇ ਉਪਰ ਟਿਕਾਏ ਹੁੰਦੇ। ਧੂਤਰੂਆਂ 'ਚੋਂ ਲਲਕਾਰੇ ਮਾਰਦਾ ਗੌਣ ਸਾਰੀ-ਸਾਰੀ ਰਾਤ ਪਿੰਡ 'ਚ ਗਲੀਆਂ ਤੇ ਘਰਾਂ ਦੀ ਨੀਂਦ ਉਖੇੜੀ ਜਾਂਦਾ ਤੇ ਹਵਾ ਅਤੇ ਹਨੇਰੇ ਨੂੰ ਝੰਜੋੜੀ ਜਾਂਦਾ। ਬਰਾਤ ਉਤਰਦੀ ਤਾਂ ਲੋਕਾਂ ਨੂੰ ਪਤਾ ਹੁੰਦਾ ਕਿ ਬਰਾਤ ਘਰ ਵਿਚ ਬਰਾਤੀਆ ਦੇ ਮੰਜੇ ਮੱਲਦਿਆਂ ਹੀ, ਅਮਰ ਸਿੰਘ ਸ਼ੌਕੀ ਦੀ ਦਮਦਾਰ ਆਵਾਜ਼ ਨੇ ਹਵਾ ਨੂੰ ਚੀਰਨ ਲੱਗ ਜਾਣਾ ਹੁੰਦਾ ਸੀ:

ਸਹਿਬਾਂ ਵਾਜਾਂ ਮਾਰਦੀ,
ਕਹਿੰਦੀ ਉਠ ਖੜ੍ਹ ਮਿਰਜ਼ਾ ਯਾਰ ਵੇ!

ਜਾਂ ਜਗਰਾਵਾਂ ਵਾਲੇ ਟੁੰਡੇ ਦੇ ਬੋਲ ਧੂਤਰੂਆਂ ਵਿਚੋਂ ਉਛਲਣ ਲੱਗ ਪੈਂਦੇ:

ਭੰਨ ਸੁੱਟੀਆਂ ਸੁਹਾਗ ਦੀਆਂ ਚੂੜੀਆਂ
ਜਿਨ੍ਹਾਂ ਨੂੰ ਪੈ'ਗੇ ਯਾਰ ਪਿਟਣੇ!

ਪਰ 1957 ਦੇ ਸਾਲ, ਬਰਾਤਾਂ ਦੇ ਉਤਰਦਿਆਂ ਅਚਾਨਕ ਹੀ ਲਾਊਡਸਪੀਕਰਾਂ ਵਿਚੋਂ, ਸਾਰੰਗੀਆਂ-ਅਲਗੋਜ਼ਿਆਂ ਦੇ ਰਵਾਇਤੀ ਰੰਗ ਦੀ ਗਾਇਕੀ ਦੀ ਥਾਂ, ਉਚੀਆਂ ਆਵਾਜ਼ਾਂ ਵਿਚ ਅਸਲੋਂ ਨਵਾਂ ਵਾਵਰੋਲਾ ਉਠਣ ਲੱਗਾ। ਸਾਜ਼ਾਂ ਤੋਂ ਸੱਖਣੀ ਗਾਇਕੀ ਦਾ ਵਾਵਰੋਲਾ ਸੀ ਇਹ!

ਬਰਾਤ ਉਤਦਿਆਂ ਹੀ ਧੂਤਰੂ ਵਿਚੋਂ ਕੋਈ ਬੰਦਾ ਕਾਹਲੀ-ਕਾਹਲੀ ਬੋਲਦਾ, "ਜਿਸ ਵੇਲੇ ਛੋਟੇ ਸਾਹਿਬਜ਼ਾਦੇ ਗ੍ਰਿਫਤਾਰ ਕੀਤੇ ਸਿਰਹੰਦ ਅੱਪੜੇ ਤਾਂ ਪਾਣੀ ਭਰਦੀਆਂ ਕੁੜੀਆਂ, ਦੱਸੀਂ ਖਾਂ ਸਿੱਧਵਾਂ ਵਾਲਿਆ ਕੀ ਕਹਿੰਦੀਆਂ ਨੇ!"

ਇਹ ਕਰਨੈਲ ਸਿੰਘ ਪਾਰਸ ਸੀ।

ਫਿਰ ਨਾ ਕੋਈ ਤਾਲ ਤੇ ਨਾ ਹੀ ਕੋਈ ਸਾਜ਼। ਬੱਸ ਤਿੱਖੀ ਆਵਾਜ਼ ਵਿਚ ਗਾਇਕੀ ਉਭਰਦੀ:

ਕਿਉਂ ਪਕੜ ਮਾਸੂਮਾਂ ਨੂੰ,
ਨੀ ਇਹ ਲਈ ਪੁਲਸੀਏ ਜਾਂਦੇ,
ਤੱਕ ਨੂਰ ਅਲਾਹੀ ਨੂੰ,
ਨਿਉਂ ਨਿਉਂ ਪਰਬਤ ਸੀਸ ਨਿਵਾਂਦੇ



*ਕਰਨੈਲ ਸਿੰਘ ਪਾਰਸ ਆਪਣੇ ਕਵੀਸ਼ਰੀ ਜੱਥੇ ਦੇ ਸਾਥੀਆਂ ਰਣਜੀਤ ਸਿੰਘ ਸਿੱਧਵਾਂ ਅਤੇ ਚੰਦ ਸਿੰਘ ਜੰਡੀ ਨਾਲ। ਇਹ ਤਸਵੀਰ 1958 'ਚ ਕਲਕੱਤੇ ਖਿੱਚੀ ਗਈ ਸੀ।*

ਇਹ ਬਾਪੂ ਦੇ ਜਥੇ ਦਾ 'ਆਗੂ' ਗਾਇਕ ਰਣਜੀਤ ਸਿੱਧਵਾਂ ਸੀ। ਰਣਜੀਤ ਦੀ ਪੰਗਤੀ ਮੁਕਦਿਆਂ ਹੀ ਬਾਪੂ ਪਾਰਸ ਅਤੇ ਸਾਥੀ ਚੰਦ ਜੰਡੀ ਦੀ ਜੋੜੀ ਇਕ-ਸੁਰ ਆਵਾਜ਼ ਵਿਚ ਗਾਉਂਦੀ:

ਲਗਦੀ ਨਿਰਦੋਸ਼ਾਂ ਦੀ,
ਆਯੂ ਦਸ ਸਾਲਾਂ ਤੋਂ ਥੋੜ੍ਹੀ।
ਕਿਉਂ ਫੜੀ ਸਿਪਾਹੀਆਂ ਨੇ,
ਭੈਣੋਂ ਇਹ ਹੰਸਾਂ ਦੀ ਜੋੜੀ!

ਤਵਿਆਂ ਦੇ ਸਿਆੜਾਂ ਵਿਚ ਬੀਜੀ ਕਵੀਸ਼ਰੀ ਨੇ ਬਾਪੂ ਦੇ ਕਵੀਸ਼ਰੀ ਜਥੇ ਦੀ ਮਹਿਮਾ ਏਨੀ ਪ੍ਰਚੰਡ ਕਰ ਦਿੱਤੀ ਕਿ ਮਾਲਵੇ ਵਿਚ ਬਾਪੂ ਦੇ ਕਵੀਸ਼ਰੀ ਜਥੇ ਦੀ ਬੁਕਿੰਗ ਕਈ ਕਈ ਮਹੀਨੇ ਅਗਾਊਂ ਹੋਣ ਲੱਗੀ। ਗਾਇਕੀ ਦੇ ਸ਼ੌਕੀਨ, ਬਾਪੂ ਦੇ ਕਵੀਸ਼ਰੀ ਅਖਾੜੇ ਸੁਣਨ ਲਈ ਵੀਹ-ਵੀਹ ਮੀਲ ਤੋਂ ਘੋੜਿਆਂ-ਊਠਾਂ ਉਪਰ ਚੜ੍ਹ ਕੇ ਆਉਣ ਲੱਗੇ।

ਬਾਪੂ ਪਾਰਸ ਉਤੇ ਕਵੀਸ਼ਰੀ ਦੇ ਨਾਲ ਹੀ ਗਿਆਨ ਹਾਸਲ ਕਰਨ ਦੀ ਅਮਿੱਟ ਭੁੱਖ: ਪਾਣੀ ਵਿਚ ਘੁਲੇ ਪਾਣੀ ਵਾਂਗ ਇਕੋ ਜੋਤ ਤੇ ਇਕੋ ਹੀ ਮੂਰਤ! ਬਾਪੂ ਕੋਲ ਹਰ ਵਕਤ ਚਮੜੇ ਦਾ ਬੈਗ ਹੁੰਦਾ, ਤਿੰਨ ਚਾਰ ਤਹਿਆਂ ਵਾਲਾ। ਵਿਚਕਾਰਲੀ ਤਹਿ ਵਿਚ ਇਕ ਮੋਟ-ਸਰੀਰੀ ਸ਼ੀਸ਼ੀ ਤੇ ਦੋ ਬੋਤਲਾਂ! ਸ਼ੀਸ਼ੀ ਵਿਚ, ਕਾਲੇ ਲੂਣ, ਸੁੰਢ, ਤੇ ਕਾਲੀ ਮਿਰਚ ਦਾ ਪਾਊਡਰ ਪੀਸ ਕੇ ਇਕ-ਜਾਨ ਕੀਤਾ ਹੋਇਆ; ਇਸ ਮਿਸ਼ਰਨ ਦਾ ਇਕ ਚਮਚਾ ਉਹ ਲੱਸੀ ਵਿਚ ਘੋਲ ਲੈਂਦਾ, ਤੇ ਇਕ ਚੂੰਢੀ ਦਾਲ-ਸਬਜ਼ੀ ਉਤੇ ਭੁੱਕ ਲੈਂਦਾ। ਬਾਪੂ ਕਿਹਾ ਕਰੇ, ਮੈਂ ਆਯੁਰਵੈਦਿਕ ਬਾਕਾਇਦਾ ਪੜ੍ਹੀ ਵੀ ਐ ਤੇ ਇਸ ਹੁਨਰ ਅਨੁਸਾਰ ਦੁਆਈ-ਬੂਟੀ ਵੀ ਕੀਤੀ ਐ! ਬਹੁਤੀਆਂ ਬੀਮਾਰੀਆਂ ਦੀ ਜੜ੍ਹ ਪੇਟ ਵਿਚਲੀ ਗੜਬੜ ਤੋਂ ਸ਼ੁਰੂ ਹੁੰਦੀ ਐ; ਕਾਲਾ ਲੂਣ, ਕਾਲੀ ਮਿਰਚ ਤੇ ਸੁੰਢ ਪੇਟ ਨੂੰ ਤੰਦਰੁਸਤ ਰਖਦੇ ਐ!

ਬੈਗ ਦੀ ਦੂਜੀ ਤਹਿ ਵਿਚ ਦੋ ਬੋਤਲਾਂ ਹੁੰਦੀਆਂ ਜਿਨ੍ਹਾਂ ਦੇ ਡੱਟਾਂ ਵਿਚੋਂ ਖਾਰਜ ਹੁੰਦੀ ਬਦਾਮ-ਰੋਗਨ ਦੀ ਸੁਗੰਧੀ ਤੇ ਮੱਛੀ ਦੇ ਤੇਲ ਦੀ ਗੰਧ! ਮੱਛੀ ਦਾ ਸਫੈਦ ਤੇਲ, ਅਧ-ਰਿੜਕੀ ਲੱਸੀ ਤੋਂ ਵੀ ਗਾੜ੍ਹਾ। ਬਦਾਮ ਰੋਗਨ ਤੇ ਮੱਛੀ-ਤੇਲ ਦੀ ਗੰਧ-ਸੁਗੰਧ ਬੈਗ ਦੀ ਚਮੜਈ ਗੰਧ ਨਾਲ ਇਕ-ਮਿਕ ਹੋ ਰਹੀਆਂ ਹੁੰਦੀਆਂ। ਬੈਗ ਦੀ ਤੀਜੀ ਤਹਿ ਵਿਚ ਹਿੰਦੀ, ਪੰਜਾਬੀ ਤੇ ਉਰਦੂ ਦੇ ਅਖਬਾਰ ਅਤੇ ਚੌਥੀ ਵਿਚ 'ਫੁੱਲ-ਸਕੇਪ' (ਫੂਲਜ਼-ਕੈਪ) ਕਾਗਜ਼ਾਂ ਦੀ ਥਹੀ: ਥਹੀ ਨੂੰ, ਖੱਬੇ ਕੋਨੇ ਵਿਚ ਮੋਚੀ ਤੋਂ ਕਰਾਈ ਮੋਰੀ ਵਿਚੋਂ ਮੋਟਾ ਧਾਗਾ ਲੰਘਾ ਕੇ ਬੰਨ੍ਹਿਆ ਹੁੰਦਾ। ਬੱਸ ਸਟੈਂਡਾਂ ਅਤੇ ਪਲੈਟਫਾਰਮਾਂ ਉਤੇ ਬੱਸਾਂ/ਰੇਲਾਂ ਉਡੀਕਦਿਆਂ ਅਤੇ ਉਨ੍ਹਾਂ ਦੀ ਸਵਾਰੀ ਕਰਦਿਆਂ ਬਾਪੂ ਪਾਰਸ ਦਾ ਚਮੜਈ ਬੈਗ ਉਸ ਦੇ ਪੱਟਾਂ ਉਪਰ ਹੁੰਦਾ ਅਤੇ ਕਾਗਜ਼ਾਂ ਦੀ ਥਹੀ ਬੈਗ ਉਤੇ। ਉਹ ਕਾਗਜ਼ਾਂ ਉਪਰ ਸ਼ਬਦਾਂ ਦੇ ਬੀਜ ਬੀਜਦਾ ਅਤੇ ਸ਼ਬਦਾਂ ਵਿਚੋਂ ਖਿੜਦੀ ਕਵੀਸ਼ਰੀ ਨੂੰ ਦੇਖ-ਦੇਖ ਮੁਸਕਰਾਉਂਦਾ। ਉਸ ਦਾ ਮਕਬੂਲ ਛੰਦ 'ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇਕ ਆਵੇ ਇਕ ਜਾਵੇ' ਬਠਿੰਡਾ ਰੇਲਵੇ ਸਟੇਸ਼ਨ ਦੇ ਪਲੈਟਫਾਰਮ ਦੇ ਬੈਂਚ ਉਪਰ ਗੱਡੀ ਦੀ ਇੰਤਜ਼ਾਰ ਵਿਚ ਬੈਠਿਆਂ, ਆਉਂਦੀਆਂ-ਜਾਂਦੀਆਂ ਰੇਲ ਗੱਡੀਆਂ ਵਿਚੋਂ ਲਹਿੰਦੇ-ਚੜ੍ਹਦੇ ਮੁਸਾਫਰਾਂ ਨੂੰ ਦੇਖ ਕੇ ਹੀ ਉਪਜਿਆ ਸੀ। ਫਿਰ ਜਿਸ ਪਿੰਡ ਵਿਚ ਕਵੀਸ਼ਰੀ ਦਾ ਪ੍ਰੋਗਰਾਮ ਹੁੰਦਾ, ਜਥੇ ਦਾ ਉਤਾਰਾ ਕਿਸੇ ਘਰ ਦੇ ਕੋਨੇ ਵਿਚ ਬਣੀ ਬੈਠਕ ਵਿਚ ਹੁੰਦਾ। ਬਾਪੂ ਦੇ ਸਾਥੀ ਰਣਜੀਤ ਸਿੱਧਵਾਂ ਅਤੇ ਚੰਦ ਜੰਡੀ, ਦੁਪਹਿਰ ਦੇ ਖਾਣੇ ਵਿਚ ਭੂਕਾਂ ਵਾਲੇ ਗੰਢੇ ਤੇ ਚਟਣੀ ਛਕ ਕੇ, ਮੰਜੇ ਉਤੇ ਪਏ ਸਿਰਹਾਣਿਆਂ ਵੱਲ ਝਾਕਣ ਲਗਦੇ। ਦਸਾਂ ਕੁ ਮਿੰਟਾਂ ਵਿਚ ਹੀ ਉਨ੍ਹਾਂ ਦੇ ਘੁਰਾੜੇ ਬੈਠਕ ਦੀ ਹਵਾ ਵਿਚ ਪਿਆਜ਼ ਤੇ ਅਚਾਰ ਦੀ ਗੰਧ ਘੋਲਣ ਲਗਦੇ, ਪਰ ਬਾਪੂ ਪਾਰਸ ਦੇ ਅੰਦਰ ਪਈ ਗਿਆਨ-ਜਗਿਆਸਾ ਅੰਗੜਾਈਆਂ ਲੈਣ ਲਗਦੀ। ਉਹ ਆਪਣੇ ਚਮੜਈ ਬੈਗ ਦੀਆਂ ਵੱਧਰੀਆਂ ਟਟੋਲਣ ਲਗਦਾ! ਅਗਲੇ ਪਲੀਂ ਉਹ ਕਿਸੇ ਅਖਬਾਰ ਦੇ ਜਾਂ 'ਪ੍ਰੀਤ ਲੜੀ' ਰਸਾਲੇ ਦੇ ਤੇ ਜਾਂ ਕਿਸੇ ਕਿਤਾਬ ਦੇ ਵਰਕਿਆਂ ਉਪਰ ਝੁਕਿਆ ਹੁੰਦਾ।

ਪਾਕਿਸਤਾਨ ਬਣਨ ਤੋਂ ਬਾਅਦ ਬਾਪੂ ਪਾਰਸ, ਗੁਰਬਖਸ਼ ਸਿੰਘ ਦੇ ਮਾਸਿਕ ਰਸਾਲੇ 'ਪ੍ਰੀਤ ਲੜੀ' ਦਾ ਬਾਕਾਇਦਾ ਪਾਠਕ ਬਣ ਗਿਆ ਸੀ। 'ਪ੍ਰੀਤ ਲੜੀ' ਨੇ ਜਿੱਥੇ ਉਸ ਨੂੰ ਨਵਚੇਤਨਾ ਦੇ ਬੂਹੇ ਲਿਆ ਖਲਿਆਰਿਆ, ਵਹਿਮਾਂ, ਜਾਦੂ ਟੂਣਿਆਂ ਤੇ ਗੈਬੀ ਸ਼ਕਤੀਆਂ ਦੇ ਭਰਮ ਤੋਂ ਮੁਕਤ ਕੀਤਾ, ਜਾਤ-ਪਾਤ ਦੇ ਕੋਹੜ ਦਾ ਕੱਟੜ ਵਿਰੋਧੀ ਬਣਾਇਆ, ਉਥੇ ਉਸ ਦੀ ਕਵੀਸ਼ਰੀ 'ਚ ਸਾਹਿਤਕ ਰੰਗ ਵੀ ਲਿਆਂਦਾ। ਉਹ ਨਵੀਆਂ ਤਸ਼ਬੀਹਾਂ, ਨਵੇਂ ਅਲੰਕਾਰ ਅਤੇ ਨਵੀਂ ਸੋਚ ਲੈ ਕਵੀਸ਼ਰੀ ਦਾ ਮੁਹਾਂਦਰਾ ਨਿਖਾਰਦਾ ਰਿਹਾ।

ਕਿੱਸਾ 'ਬਾਗੀ ਸੁਭਾਸ਼' ਉਸ ਨੇ 1947 ਦੇ

(ਬਾਕੀ ਸਗਲੇ ਸਫੇ 'ਤੇ)

***ਬਾਪੂ ਪਾਰਸ ਆਪਣੀ ਕਵੀਸ਼ਰੀ ਦੇ ਨਾਲ ਨਾਲ ਆਪਣੀ ਬੇਪਰਵਾਹ ਜ਼ਿੰਦਗੀ ਕਰ ਕੇ ਵੀ ਸਤਿਕਾਰਿਆ ਜਾਂਦਾ ਸੀ। ਨਾ ਕਿਸੇ ਨਾਲ ਵੈਰ, ਨਾ ਝਗੜਾ। ਨਾ ਹੰਕਾਰ, ਨਾ ਫੁਕਰਾਪੰਥੀ। ਕਿਹਾ ਕਰੇ, ਮੁੰਡਿਓ ਕਮਾਈ ਦਾ ਮੀਟਰ ਨਾ ਖੜ੍ਹਨ ਦੇਵੋ, ਤੇ ਸੋਹਣੀ ਜ਼ਿੰਦਗੀ ਜੀਣ ਲਈ ਖਰਚ ਵੀ ਕਰੋ; ਕੰਜੂਸੀ ਤੇ ਫਜ਼ੂਲ ਖਰਚੀ ਦੋਵੇਂ ਮਾੜੀਆਂ; ਸੰਜਮ ਨਾਲ ਪੈਸਾ ਖਰਚੋ। ਬਜ਼ੁਰਗੀ ਦੌਰਾਨ ਅਕਾਦਮਿਕ ਸਮਾਗਮਾਂ 'ਚ ਆਪਣੀ ਦਮਦਾਰ, ਠੇਠ ਮਲਵਈ ਬੋਲੀ ਵਿਚ ਦਲੀਲਮਈ ਭਾਸ਼ਣ ਨਾਲ ਉਹ ਵੱਡੇ ਵੱਡੇ ਵਿਦਵਾਨਾਂ ਨੂੰ ਵੀ ਕੀਲ ਲੈਂਦਾ ਸੀ।***




*ਕਰਨੈਲ ਸਿੰਘ ਪਾਰਸ ਦੇ ਪਿੰਡ ਰਾਮੂਵਾਲੀਆ ਵਿਚ ਸਕੂਲ ਦਾ ਗੇਟ। ਸਕੂਲ ਦਾ ਨਾਂ ਉਨ੍ਹਾਂ ਦੇ ਨਾਂ 'ਤੇ ਰੱਖਿਆ ਗਿਆ ਹੈ।*

ਕਰੀਬ ਲਿਖਿਆ। ਉਸ ਤੋਂ ਪਹਿਲਾਂ ਦੇ ਕਿੱਸਾਕਾਰ ਜਿਥੇ ਆਪਣਾ ਕਿੱਸਾ ਰੱਬ ਦੀ ਅਰਾਧਨਾ ਨਾਲ ਸ਼ੁਰੂ ਕਰਿਆ ਕਰਦੇ, ਉਥੇ ਰੱਬ ਤੇ ਹੋਰ ਗੈਬੀ ਸ਼ਕਤੀਆਂ ਦੀ ਹੋਂਦ ਬਾਰੇ ਸ਼ੰਕਾਵਾਦੀ ਹੋ ਗਿਆ ਪਾਰਸ ਆਪਣੀ ਕਿੱਸਾਕਾਰੀ ਦਾ ਆਗਾਜ਼ ਅਸਲੋਂ ਨਿਵੇਕਲੇ ਢੰਗ ਦੀਆਂ ਬੈਂਤਾਂ ਨਾਲ ਕਰਦਾ:

ਸੋਚਣ ਦੇਖੀਏ ਜੇ ਚੜ੍ਹ ਕੇ ਜਗ੍ਹਾ ਉਚੀ,
ਤੇਰੀ ਢੂੰਡ ਮੇਂ ਕਈ ਇਨਸਾਨ ਥੱਕੇ।
ਘੇਸਲ ਮਾਰ ਕੇ ਰਿਹਾ ਤੂੰ ਘੂਕ ਸੁੱਤਾ,
ਕਰ ਕਰ ਮੌਲਵੀ ਹਿਫਜ਼ ਕੁਰਾਨ ਥੱਕੇ।
ਤੈਨੂੰ ਇਕ ਨਾ ਸੁਣੀ ਓ ਖੁਦਾਵੰਦਾ,
ਬਾਂਗਾਂ ਦੇਂਦਿਆਂ ਨੇ ਮੁਸਲਮਾਨ ਥੱਕੇ।
ਬਾਮ੍ਹਣ ਬਣ ਕੇ ਪੁਚਕਾਰਦਾ ਰਿਹਾ ਸਾਨੂੰ,
ਦਾਨ ਦੇਂਵਦੇ ਅਸੀਂ ਜਜਮਾਨ ਥੱਕੇ।

---

ਰਾਜਗੁਰੂ ਤੇ ਭਗਤ ਕਰਤਾਰ ਤਾਈਂ,
ਤੈਂ ਕਿਉਂ ਵੇਲਣੇ ਵਿਚ ਦੀ ਵੇਲਿਆ ਓਇ।
ਅੱਠੇ ਪਹਿਰ ਆਖੇਂ ਮੇਰੇ ਵੱਲ ਦੇਖੋ,
ਸਾਨੂੰ ਕੰਮ ਨਾ ਕਰਨ ਦਏਂ ਵਿਹਲਿਆ ਓਇ।
ਸੋਨ-ਮੋਹਰਾਂ ਨੇ ਮਣਾਂ-ਮੂੰਹ ਚਰਲੀਆਂ ਤੂੰ,
ਇਹ ਕੀ ਕੀਤਾ ਹੈ ਤਾਂਬੇ ਦਿਆ ਧੇਲਿਆ ਓਇ।
ਅਸੀਂ ਧੱਕ ਕੇ ਚਾੜ੍ਹੀਏ ਉਤਾਂਹ ਤੈਨੂੰ,
ਉਲਟਾ ਸਾਨੂੰ ਹੀ ਦਰੜ ਦਏਂ ਠੇਲ੍ਹਿਆ ਓਇ।

ਪਾਰਸ ਦੀ ਕਿੱਸਾਕਾਰੀ ਬਹੁ-ਦਿਸ਼ਾਵੀ ਸੀ। ਜਿਥੇ ਉਸ ਨੇ ਕੌਲਾਂ, ਦਹੂਦ ਬਾਦਸ਼ਾਹ, ਪੂਰਨ ਆਦਿਕ ਲੋਕ ਗਾਥਾਵਾਂ ਨੂੰ ਆਪਣੀ ਕਵੀਸ਼ਰੀ ਦਾ ਕੇਂਦਰ ਬਣਾਇਆ, ਉਥੇ ਬਾਗੀ ਸੁਭਾਸ਼, ਸ਼ਹੀਦ ਭਗਤ ਸਿੰਘ ਤੇ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਜ਼ਿੰਦਗੀ ਨੂੰ ਕਿੱਸੇ ਦੇ ਰੂਪ ਵਿਚ ਲਿਖਣ ਵਾਲਾ ਪਹਿਲਾ ਕਵੀਸ਼ਰ ਵੀ ਬਾਪੂ ਪਾਰਸ ਹੀ ਸੀ।

ਯੂਨੀਵਰਸਿਟੀਆਂ ਦੇ ਪੰਜਾਬੀ ਵਿਭਾਗਾਂ ਉਤੇ, ਰਵਾਇਤੀ ਤੌਰ 'ਤੇ ਸ਼ਹਿਰੀ ਪਿਛੋਕੜ ਵਿਚੋਂ ਆਏ ਲੋਕਾਂ ਦੀ ਜਕੜ ਹੁੰਦੀ ਸੀ। ਉਨ੍ਹਾਂ ਲਈ ਕਵੀਸ਼ਰੀ 'ਅਛੂਤ' ਬਰਾਦਰੀਆਂ ਵਾਂਗ ਸੀ। ਪਹਿਲੀ ਗੱਲ ਤਾਂ ਇਹ ਕਿ ਸ਼ਹਿਰੀ ਲੋਕਾਂ ਨੂੰ ਪਤਾ ਹੀ ਨਹੀਂ ਸੀ ਕਿ 'ਕਵੀਸ਼ਰੀ' ਹੁੰਦੀ ਕੀ ਹੈ? ਕਦੇ ਕੋਈ ਬੰਦਾ 'ਕਵੀਸ਼ਰੀ' ਲਫਜ਼ ਉਚਾਰ ਦਿੰਦਾ, ਕਾਲਜਾਂ, ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਦੇ ਬੁੱਲ੍ਹਾਂ ਉਤੇ ਖਚਰੀਆਂ ਹਾਸੀਆਂ ਉਗ ਪੈਂਦੀਆਂ। ਫਿਰ ਸੱਤਰਿਆਂ ਦੇ ਵਰ੍ਹੇ ਆਣ ਢੁੱਕੇ: ਖੇਤਾਂ ਵਿਚੋਂ ਚਰ੍ਹੀਆਂ, ਬਾਜਰੇ ਦੇ ਸਿੱਟਿਆਂ, ਸਰ੍ਹੋਂ ਦੇ ਫੁੱਲਾਂ ਤੇ ਮੱਕੀਆਂ ਦੀ ਮਹਿਕ, ਅਤੇ ਕੜ੍ਹਾਹਿਆਂ ਵਿਚ ਉਬਲਦੇ ਤੱਤੇ ਗੁੜ ਦੀ ਸੁਗੰਧ ਨਾਲ ਭਰੀਆਂ ਜੇਬਾਂ ਲੈ ਕੇ ਪੇਂਡੂ ਰਹਿਤਲ ਵਿਚੋਂ ਉਦੇ ਹੋਏ ਮੁੰਡੇ-ਕੁੜੀਆਂ, ਯੂਨੀਵਰਸਿਟੀਆਂ ਦੇ ਗਲਿਆਰਿਆਂ ਦੀ ਰੌਣਕ ਬਣਨ ਲੱਗੇ; ਸਾਹਿਤਕ ਗੋਸ਼ਟੀਆਂ ਵਿਚ ਚੁੰਝਾਂ ਫਸਾਉਣ ਲੱਗੇ। ਨਵੀਂ ਸੋਚ ਵਾਲੇ ਇਨ੍ਹਾਂ ਮੁੰਡੇ-ਕੁੜੀਆਂ ਨੂੰ ਕੋਈ ਖਬਰ ਨਹੀਂ ਸੀ ਕਿ ਉਹ ਕਵੀਸ਼ਰੀ ਨੂੰ, ਪੰਜਾਬੀ ਲੋਕਧਾਰਾ ਦੀ ਅਣਗੌਲੀ ਪਰ ਵਿਸ਼ੇਸ਼ ਵੰਨਗੀ ਦੇ ਤੌਰ 'ਤੇ ਸਥਾਪਤ ਕਰਨ ਦੇ ਇਤਿਹਾਸਕ ਕਾਰਜ ਵਿਚ ਜੁਟੇ ਹੋਏ ਸਨ। ਕਵੀਸ਼ਰੀ 'ਜੱਟੀ' ਤੋਂ 'ਹੀਰ' ਬਣਨ ਲੱਗੀ। ਕਵੀਸ਼ਰੀ ਨੂੰ ਸੱਥਾਂ ਤੋਂ ਉਠਾ ਕੇ ਰੇਡੀਓ, ਗ੍ਰਾਮੋਫੋਨ, ਸੀ.ਡੀ. ਅਤੇ ਕਾਲਜਾਂ-ਯੂਨੀਵਰਸਿਟੀਆਂ ਦੀਆਂ ਸਟੇਜਾਂ ਤੀਕ ਅਪੜਾਉਣ ਵਿਚ ਬਾਪੂ ਪਾਰਸ ਦੀ ਵਿਸ਼ੇਸ਼ ਘਾਲਣਾ ਦਾ ਜ਼ਿਕਰ ਹੋਣ ਲੱਗਾ।



ਕਵੀਸ਼ਰ ਕਰਨੈਲ ਸਿੰਘ ਪਾਰਸ ਅਤੇ ਹਰਭਜਨ ਮਾਨ

ਬਾਪੂ ਪਾਰਸ ਨੇ ਆਪਣੀ ਕਵੀਸ਼ਰੀ ਦੇ ਨਿਵੇਕਲੇ ਰੰਗ, ਤਰਕਸ਼ੀਲਤਾ ਅਤੇ ਜਾਤਪਾਤ ਦੇ ਕੱਟੜ ਵਿਰੋਧੀ ਦੇ ਤੌਰ 'ਤੇ ਪਿੰਡਾਂ ਦੀਆਂ ਸੱਥਾਂ ਤੋਂ ਲੈ ਕੇ ਯੂਨੀਵਰਸਿਟੀਆਂ ਤੀਕ ਜਿਉਂਦਿਆਂ ਹੀ ਆਪਣੇ ਨਾਮ ਨੂੰ ਸਤਿਕਾਰਯੋਗ ਬਣਾ ਲਿਆ ਸੀ। ਨਵੇਂ ਯੁੱਗ ਵਿਚ ਉਸ ਦੀ ਕਵੀਸ਼ਰੀ ਦਾ ਚਰਚਾ ਯੂਨੀਵਰਸਿਟੀਆਂ ਦੇ ਖੋਜ ਕਾਰਜਾਂ ਦਾ ਵਿਸ਼ਾ ਵੀ ਬਣ ਰਿਹਾ ਹੈ।

ਬਾਪੂ ਪਾਰਸ ਆਪਣੀ ਕਵੀਸ਼ਰੀ ਦੇ ਨਾਲ ਨਾਲ ਆਪਣੀ ਬੇਪਰਵਾਹ ਜ਼ਿੰਦਗੀ ਕਰ ਕੇ ਵੀ ਸਤਿਕਾਰਿਆ ਜਾਂਦਾ ਸੀ। ਨਾ ਕਿਸੇ ਨਾਲ ਵੈਰ, ਨਾ ਝਗੜਾ। ਨਾ ਹੰਕਾਰ, ਨਾ ਫੁਕਰਾਪੰਥੀ। ਕਿਹਾ ਕਰੇ, ਮੁੰਡਿਓ ਕਮਾਈ ਦਾ ਮੀਟਰ ਨਾ ਖੜ੍ਹਨ ਦੇਵੋ, ਤੇ ਸੋਹਣੀ ਜ਼ਿੰਦਗੀ ਜੀਣ ਲਈ ਖਰਚ ਵੀ ਕਰੋ; ਕੰਜੂਸੀ ਤੇ ਫਜ਼ੂਲ ਖਰਚੀ ਦੋਵੇਂ ਮਾੜੀਆਂ; ਸੰਜਮ ਨਾਲ ਪੈਸਾ ਖਰਚੋ।

ਬਜ਼ੁਰਗੀ ਦੌਰਾਨ ਅਕਾਦਮਿਕ ਸਮਾਗਮਾਂ ਵਿਚ ਆਪਣੀ ਦਮਦਾਰ, ਠੇਠ ਮਲਵਈ ਬੋਲੀ ਵਿਚ ਆਪਣੇ ਦਲੀਲਮਈ ਭਾਸ਼ਣ ਨਾਲ ਉਹ ਵੱਡੇ ਵੱਡੇ ਵਿਦਵਾਨਾਂ ਨੂੰ ਵੀ ਕੀਲ ਲੈਂਦਾ ਸੀ। ਭਾਸ਼ਣਾਂ ਵਿਚ ਤਨਜ਼, ਚੁਟਕਲੇਬਾਜ਼ੀ ਅਤੇ ਟਿੱਚਰ-ਮਸ਼ਕਰੀ ਵੀ ਕਰੀ ਜਾਂਦਾ। ਬਾਪੂ ਪਾਰਸ ਨੇ ਤੀਹ ਦੇ ਕਰੀਬ ਕਿੱਸਿਆਂ ਦੀ ਰਚਨਾ ਕੀਤੀ ਜਿਨ੍ਹਾਂ ਵਿਚ ਰਵਾਇਤੀ ਲੋਕ ਗਾਥਾਵਾਂ (ਦਹੂਦ, ਕੌਲਾਂ, ਪੂਰਨ, ਸਰਵਣ, ਤਾਰਾ ਰਾਣੀ ਆਦਿਕ) ਤੋਂ ਇਲਾਵਾ ਸਿੱਖ ਇਤਿਹਾਸ ਅਤੇ ਦੇਸ਼ ਦੀ ਆਜ਼ਾਦੀ ਦੇ ਸ਼ਹੀਦਾਂ ਨੂੰ ਵੀ ਆਪਣੀ ਕਿੱਸਾਕਾਰੀ ਦਾ ਵਿਸ਼ਾ ਬਣਾਇਆ। ਵੀਹਵੀਂ ਸਦੀ ਦੇ ਨਾਮਵਰ ਕਵੀਸ਼ਰ/ਕਿੱਸਾਕਾਰ, ਹੁਸੀਨ ਮਨੁੱਖ ਤੇ ਚਿੰਤਕ ਬਾਪੂ ਪਾਰਸ ਨੂੰ ਉਸ ਦੀ ਜਨਮ ਸ਼ਤਾਬਦੀ ਉਤੇ ਸਲਾਮ!

# ਕਰਨੈਲ ਸਿੰਘ ਪਾਰਸ ਦੀ ਕਵੀਸ਼ਰੀ

## ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ

ਉਠ ਜਗ ਮੁਸਾਫਿਰ ਤੂੰ, ਹੋਈ ਭੌਰ ਨਗਾਰੇ ਵੱਜੇ,
ਜੋ ਕਰਨਾ ਅਬ ਕਰਲੈ, ਕਰਨਾ ਕੱਲ੍ਹ ਸੋ ਕਰਲੈ ਅੱਜੇ,
ਗਫਲਤ ਵਿਚ ਬੀਤ ਗਿਆ, ਮੁੜ ਕੇ ਹੱਥ ਨੀ ਆਉਣਾ ਵੇਲਾ,
ਹੈ ਆਉਣ ਜਾਣ ਬਣਿਆਂ, ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ।

ਫਲ ਟਹਿਣੀ ਲੱਗਣੇ ਨਾ, ਵਾਪਸ ਲਹਿਰਾਂ ਕਦੇ ਨੀ ਮੁੜੀਆਂ,
'ਕੱਠ ਨਾਲ ਸਬੱਬਾਂ ਦੇ, ਬੇੜੀ ਪੂਰ ਤਰਿੰਜਣੀ ਕੁੜੀਆਂ।
ਨੱਚ ਰਹੀਆਂ ਪੁਤਲੀਆਂ, ਜਗਤ ਮਦਾਰੀ ਵਾਲਾ ਖੇਲਾ,
ਹੈ ਆਉਣ ਜਾਣ ਬਣਿਆਂ, ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ।

ਪਿਆ ਘੁੰਮਰਾਂ ਪਾਉਂਦਾ ਸੀ, ਉਚਾ ਤਾਣ-ਤਾਣ ਕੇ ਸੀਨਾ,
ਉਤੇ ਬੈਠ ਬਨੇਰੇ ਦੇ, ਗੁਟ ਕੂੰ ਕਹੇ ਕਬੂਤਰ ਚੀਨਾ।
ਉਤੋਂ ਝਪਟ ਬਾਜ ਮਾਰੀ, ਪਾਸਿਉਂ ਪੋਟੇ ਪਿਆ ਗੁਲੇਲਾ,
ਹੈ ਆਉਣ ਜਾਣ ਬਣਿਆਂ, ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ।

ਲੰਕਾ ਪਤਿ ਰਾਵਣ ਦੇ, ਇੱਕ ਲੱਖ ਪੂਤ ਸਵਾ ਲੱਖ ਨਾਤੀ,
ਨਿੱਤ ਜਗੇ ਦੀਪ ਮਾਲਾ, ਉਸ ਘਰ ਨਾ ਦੀਵਾ ਨਾ ਬਾਤੀ।
ਸਭ ਪੀਰ ਪੈਗੰਬਰਾਂ ਨੇ, ਮੰਨੀ ਮੌਤ ਗੁਰੂ ਜੱਗ ਚੇਲਾ,
ਹੈ ਆਉਣ ਜਾਣ ਬਣਿਆਂ, ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ।

ਨਮਰੂਦ ਵਰਗਿਆਂ ਨੇ, ਬੰਨ੍ਹੇ ਨਾਲ ਖੁਦਾ ਦੇ ਦਾਅਵੇ,
ਉਠ ਸ਼ਾਹ ਸਿਕੰਦਰ ਨੇ, ਕੀਤੇ ਜਗਤ ਜਿੱਤਣ ਨੂੰ ਧਾਵੇ।
ਜਦ ਕਾਲ ਚਪੇੜ ਵੱਜੀ, ਰੁੜ੍ਹ ਗਏ ਜਿਉਂ ਰੋਟੀ ਤੋਂ ਡੇਲਾ,
ਹੈ ਆਉਣ ਜਾਣ ਬਣਿਆਂ, ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ।

ਬੁਰੀਆਂ ਕਰਤੂਤਾਂ ਦਾ ਲੱਗਾ ਦਾਗ ਨੀ ਲਹਿਣਾ ਸਦੀਆਂ,
ਆ ਕੇ ਵਿਚ ਤਾਕਤ ਦੇ, ਨਾ ਕਰ ਮਨਾ-ਮੂਰਖਾ ਬਦੀਆਂ।
ਜੱਗ ਯਾਦ ਕਰੂ ਕਰ ਲੈ, ਨੇਕੀ ਖੱਟ ਕੇ ਜਨਮ ਸੁਹੇਲਾ,
ਹੈ ਆਉਣ ਜਾਣ ਬਣਿਆਂ, ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ।

ਲੈ ਮੌਤ ਵਰੰਟ ਜਦੋਂ, ਆਊ ਅਜਰਾਈਲ ਫਰਿਸ਼ਤਾ,
ਵਿਚ ਹੈ-ਬੂ ਪਹਿਰੇ ਦੇ, ਜਾਣਾ ਟੁੱਟ ਸੰਸਾਰੀ ਰਿਸ਼ਤਾ।
ਰਣਜੀਤ ਬਗੈਰਾ 'ਚੋਂ, ਜਾਊ ਟੁਰ ਕਰਨੈਲ ਇਕੇਲਾ,
ਹੈ ਆਉਣ ਜਾਣ ਬਣਿਆਂ, ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ।

## ਜੱਗ ਜੰਕਸ਼ਨ ਰੇਲਾਂ ਦਾ

ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ।
ਰਲ ਸੰਗ ਕਾਫਲੇ ਦੇ, ਛੇਤੀ ਬੰਨ ਬਿਸਤਰਾਂ ਕਾਫਰ
ਕਈ ਪਹਿਲੀ ਡਾਕ ਚੜ੍ਹੇ, ਬਾਕੀ ਟਿੱਕਟਾਂ ਲੈਣ ਮੁਸਾਫਿਰ।
ਹੈ ਸਿਗਨਲ ਹੋਇਆ ਵਾ ਗਾਰਡ ਵਿਸਲਾਂ ਪਿਆ ਵਜਾਵੇ।
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ।

ਘਰ ਨੂੰਹ ਨੇ ਸਾਂਭ ਲਿਆ, ਤੁਰ'ਗੀ ਧੀ ਝਾੜ ਕੇ ਪੱਲੇ,
ਪੋਤੇ ਨੇ ਜਨਮ ਲਿਆ, ਬਾਬਾ ਸਿਵਿਆਂ ਦੇ ਵੱਲ ਚੱਲੇ।
ਕਿਤੇ ਜ਼ੋਰ ਮਕਾਣਾਂ ਦਾ, ਕਿਧਰੇ ਹਨ ਵਿਆਹ ਤੇ ਮੁਕਲਾਵੇ।
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ।

ਰਫਤਾਰ ਜ਼ਮਾਨੇ ਦੀ, ਕਰਿਆਂ ਤੇਜ਼ ਨਾ ਹੋਵੇ ਢਿੱਲੀ,
ਲੱਖ ਰਾਜੇ ਬਹਿ ਤੁਰ ਗਏ, ਉਥੇ ਦੀ ਉਥੇ ਹੈ ਦਿੱਲੀ।
ਗਏ ਲੁੱਟ ਵਿਚਾਰੀ ਨੂੰ, ਨਾਦਿਰ ਸ਼ਾਹ ਵਰਗੇ ਕਰ ਧਾਵੇ।
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ।

ਲੱਖ ਪੰਛੀ ਬਹਿ ਉਡ ਗਏ, ਬੁੱਢੇ ਬੋਹੜ ਬਿਰਛ ਦੇ ਉਤੇ,
ਸਨ ਜੇਤੂ ਦੁਨੀਆਂ ਦੇ, ਲੱਖਾਂ ਸਿਕੰਦਰ ਕਬਰੀਂ ਸੁੱਤੇ।
ਬੱਸ ਇਸ ਕਚਹਿਰੀ 'ਚੋਂ, ਤੁਰ ਗਏ ਕੁੱਲ ਹਾਰ ਕੇ ਦਾਵੇ।
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ।

ਰਲ ਮਾਨ ਭਰਾਵਾਂ ਨੇ, ਨਿੱਤ ਨੀ ਗਾਉਣੇ ਗੀਤ ਇਕੱਠਿਆਂ,
ਕਰਨੈਲ ਕਵੀਸ਼ਰ ਨੇ, ਕਿਧਰੇ ਲੁੱਕ ਨੀ ਜਾਣਾ ਨੱਠਿਆਂ।
ਵਾਂਗੂ ਇੱਲ ਭੁੱਖੀ ਦੇ, ਲੈਂਦੀ ਫਿਰਦੀ ਮੌਤ ਕਲਾਵੇ।
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ।

## ਸਿਰ ਧੜ ਦੀ ਬਾਜੀ

ਮਰ ਗਈ ਹਿੰਦੀ ਦੋਸਤੋ ਕਿਉਂ ਗੈਰਤ ਸਾਡੀ,
ਗਦਰੀਆਂ ਵਾਲਾ ਫੜ ਲਵੋ ਹੁਣ ਰਸਤਾ ਗਾਡੀ,
ਸਤਵੰਜਾ ਦੀ ਯਾਦ ਮੁੜ ਕਰ ਦੇਈਏ ਤਾਜੀ,
ਲਾ ਦੇਈਏ ਹੁਣ ਹਾਣੀਓਂ ਸਿਰ ਧੜ ਦੀ ਬਾਜੀ।

ਨਬਜ਼ ਪਛਾਣੋਂ ਸਮੇਂ ਦੀ ਖੁਦ ਆਪ ਮਰੀਜੋ,
ਵੈਦ, ਹਕੀਮੋਂ, ਡਾਕਟਰੋ, ਨੁਸਖਾ ਤਜਵੀਜੋ,
ਭਾਰਤ ਮਾਤਾ ਮਰ ਰਹੀ ਹੈ ਬਿਨਾ ਇਲਾਜੀ,
ਲਾ ਦੇਈਏ ਹੁਣ ਹਾਣੀਓਂ ਸਿਰ ਧੜ ਦੀ ਬਾਜੀ।

ਗਲਤੀ ਕੀਤੀ ਪੁੱਜ ਕੇ ਸੀ ਵੱਡੇ ਹਮਾਰਿਆਂ,
ਪਾਰੋਂ ਸੱਤ ਸਮੁੰਦਰੋਂ ਆ ਕੇ ਵਣਜਾਰਿਆਂ,
ਕਬਜਾ ਕੀਤਾ ਹਿੰਦ 'ਤੇ ਕਰ ਜਾਅਲਸਾਜੀ,
ਲਾ ਦੇਈਏ ਹੁਣ ਹਾਣੀਓਂ ਸਿਰ ਧੜ ਦੀ ਬਾਜੀ।

ਸਾਮਰਾਜ ਦੇ ਬੋਹੜ ਦੀ ਜੜ੍ਹ ਮੁੱਢੋਂ ਪੁੱਟੋ,
ਧਰਮ ਯੁੱਧ ਵਿਚ ਜੂਝਣੋਂ ਨਾ ਪਿੱਛੇ ਹਟੋ,
ਆਜ਼ਾਦੀ ਦੀ ਜੰਗ ਵਿਚ ਨਾ ਬਣੀਏ ਪਾਜੀ,
ਲਾ ਦੇਈਏ ਹੁਣ ਹਾਣੀਓਂ ਸਿਰ ਧੜ ਦੀ ਬਾਜੀ।

ਕਈ ਹਜ਼ਾਰਾਂ ਗੱਭਰੂ ਭਾਰਤ ਦੇ ਪੁੱਤਰ,
ਵਿਚ ਮੈਦਾਨੇ ਜੰਗ ਦੇ ਆਏ ਹਨ ਉਤਰ,
ਰਣਭੂਮੀ ਵਿਚ ਜੂਝੀਏ ਬਣ ਮਰਦ ਜੋ ਗਾਜੀ,
ਲਾ ਦੇਈਏ ਹੁਣ ਹਾਣੀਓਂ ਸਿਰ ਧੜ ਦੀ ਬਾਜੀ।

ਆਜ਼ਾਦੀ ਦੀ ਜੰਗ ਨਾ ਇਉਂ ਅੱਗੇ ਸਿਰਕੂ,
ਦਿੰਦਾ ਸਾਨੂੰ ਵਧਣ ਨਾ ਇਹ ਟੋਲਾ ਫਿਰਕੂ,
ਨਾਲ ਗ੍ਰੰਥੀ ਦੇ ਰਲੇ ਪੰਡਿਤ ਤੇ ਕਾਜੀ,
ਲਾ ਦੇਈਏ ਹੁਣ ਹਾਣੀਓਂ ਸਿਰ ਧੜ ਦੀ ਬਾਜੀ।

ਅਣਖੀਲਿਆਂ ਨੂੰ ਮਰਨ ਲਈ ਥਾਂ ਨੀ ਥਿਆਉਂਦਾ,
ਮੋੜੋ ਦਿਓ ਸੌ ਸਾਲ ਦਾ ਗੋਰੇ ਦਾ ਨਿਉਂਦਾ,
ਵਾਪਿਸ ਹੁਣ ਅੰਗਰੇਜ ਦੀ ਕਰ ਦੇਈਏ ਭਾਜੀ,
ਲਾ ਦੇਈਏ ਹੁਣ ਹਾਣੀਓਂ ਸਿਰ ਧੜ ਦੀ ਬਾਜੀ।

ਕਹੇ ਕਰਨੈਲ ਅਜੀਤ ਸਿੰਘ ਸੁਆਹ ਖੱਟੀਆਂ ਖੱਟੀਆਂ,
ਜੇ ਨਾ ਮੁਸ਼ਕਾਂ ਮਾਂ ਦੀਆਂ ਆਪਾਂ ਨੇ ਕੱਟੀਆਂ,
ਐਵੇਂ ਭਾਰਤ ਬਾਪ ਨੇ ਨਾ ਹੋਣਾ ਰਾਜੀ,
ਲਾ ਦੇਈਏ ਹੁਣ ਹਾਣੀਓਂ ਸਿਰ ਧੜ ਦੀ ਬਾਜੀ।

## ਦਸਖਤ ਕਰਕੇ ਨਾਲ ਖੂਨ ਦੇ

ਲਹੂ ਵਿਚ ਕਲਮ ਡੋਬ ਕੇ ਸੀ ਸਿਰਲੱਥ ਵੀਰੇ ਨੇ,
ਹਲਫ ਵਫਾਦਾਰੀ ਦਾ ਲਿਖਿਆ ਦੁਆਬੇ ਦੇ ਹੀਰੇ ਨੇ,
ਕਰ ਪ੍ਰਤਿੱਗਿਆ ਰਿਹਾ ਖਲੋਤਾ ਭਗਤ ਸਿੰਘ ਪਰਵਾਨਾ,
ਦਸਖਤ ਕਰਕੇ ਨਾਲ ਖੂਨ ਦੇ ਕੀਤੇ ਪ੍ਰਣ ਜਵਾਨਾਂ।

ਸੁਖਦੇਵ ਨੇ ਆਖਿਆ ਵੀਰੋ ਲਾ ਕੇ ਦੇਹੀ ਸਰਬੀ,
ਆਜ਼ਾਦੀ ਦੀ ਜੋਤ ਜਗਾਉਣੀ ਪਾ ਕੇ ਥਿੰਦੀ ਚਰਬੀ,
ਜੰਞ ਚੜ੍ਹਨ ਲੱਗਾ ਹੁਣ ਲਾੜਾ ਬੰਨ੍ਹ ਸ਼ਹੀਦੀ ਗਾਨਾ,
ਦਸਖਤ ਕਰਕੇ ਨਾਲ ਖੂਨ ਦੇ ਕੀਤੇ ਪ੍ਰਣ ਜਵਾਨਾਂ।

ਭਗਵਤੀ ਚਰਨ ਫਰਾਇਜ਼ ਵਾਲਾ ਜੂਲਾ ਧਰਿਆ ਕੰਨ੍ਹੇ,
ਨਾਲ ਖੂਨ ਦੇ ਲਿਖਣੇ ਕਹਿੰਦਾ ਤਵਾਰੀਖ ਦੇ ਪੰਨੇ,
ਸਿਰ 'ਤੇ ਕੱਫਨ ਲਪੇਟਿਆ ਰੱਖੇ ਕਦਮ ਵਿਚ ਸ਼ਮਸ਼ਾਨਾਂ,
ਦਸਖਤ ਕਰਕੇ ਨਾਲ ਖੂਨ ਦੇ ਕੀਤੇ ਪ੍ਰਣ ਜਵਾਨਾਂ।

ਗੱਭਰੂ ਕਈ ਅੱਖਾਂ ਰੋਹ ਭਰੀਆਂ ਅੱਗੇ ਹੋਏ ਵਧਕੇ,
ਭਗਤ ਸਿੰਘ ਨੂੰ ਕਹਿੰਦੇ ਅੱਜ ਤੋਂ ਸਾਡੇ ਵੀ ਸਿਰ ਸਦਕੇ,
ਤੁਰ ਪਏ ਸਿਰ ਤਲੀਆਂ 'ਤੇ ਧਰ ਕੇ ਲੜਨ ਵਾਰ ਮਰਦਾਨਾ,
ਦਸਖਤ ਕਰਕੇ ਨਾਲ ਖੂਨ ਦੇ ਕੀਤੇ ਪ੍ਰਣ ਜਵਾਨਾਂ।

ਚੁਣ ਲਿਆ ਦੇਸ਼ ਭਗਤਾਂ ਨੇ ਆ ਕੇ ਕੰਡਿਆਂ ਵਾਲਾ ਰਸਤਾ,
ਸਾਮਰਾਜ ਦਾ ਗੜ੍ਹ ਤੋੜਨ ਲਈ ਚੱਲਿਆ ਪਹਿਲਾ ਦਸਤਾ,
ਅਸਲੀ ਮੰਜ਼ਲ ਵੱਲ ਕਾਫਲਾ ਲੱਗਿਆ ਹੋਣ ਰਵਾਨਾ,
ਦਸਖਤ ਕਰਕੇ ਨਾਲ ਖੂਨ ਦੇ ਕੀਤੇ ਪ੍ਰਣ ਜਵਾਨਾਂ।

ਮੋੜ ਬਹਾਰ ਲਿਆਉਣੀ ਕਹਿੰਦੇ ਵਿਚ ਖਿਜ਼ਾਂ ਦੀ ਰੁੱਤਾਂ,
ਸੋਧ ਲਿਆ ਕੌਮੀ ਅਰਦਾਸਾ ਭਾਰਤ ਮਾਂ ਦਿਆਂ ਪੁੱਤਾਂ,
ਛੱਡ ਕੇ ਰਾਗ ਪੁਰਾਣੇ ਉਨ੍ਹਾਂ ਛੇੜਿਆ ਨਵਾਂ ਤਰਾਨਾ,
ਦਸਖਤ ਕਰਕੇ ਨਾਲ ਖੂਨ ਦੇ ਕੀਤੇ ਪ੍ਰਣ ਜਵਾਨਾਂ।

ਲੱਗੇ ਹਿੰਦ 'ਚੋਂ ਇੰਗਲੈਂਡ ਦਾ ਪੜ੍ਹਨ ਕੀਰਤਨ ਸੋਹਲਾ,
ਅੰਗਰੇਜ਼ਾਂ ਦੇ ਖੂਨ 'ਚੋਂ ਖੇਡਣ ਹੋਲੀ ਦੀ ਥਾਂ ਹੋਲਾ,
ਲੁੱਟ ਰਹੇ ਸਨ ਚੋਰ ਵਲਾਇਤੀ ਸਾਡਾ ਦੌਲਤਖਾਨਾ,
ਦਸਖਤ ਕਰਕੇ ਨਾਲ ਖੂਨ ਦੇ ਕੀਤੇ ਪ੍ਰਣ ਜਵਾਨਾਂ।

ਰਹਿਣ ਪ੍ਰਾਨ ਵਜੂਦ ਵਿਚ ਨਾ ਪੱਲੇ ਰਹੇ ਨਾ ਦਮੜੀ,
ਸੁੱਖ ਨਾਲ ਨਾ ਬੈਠਣ ਦੇਣੀ ਕਹਿੰਦੇ ਚਿੱਟੀ ਚਮੜੀ,
ਘਰ ਸਾਡੇ 'ਤੇ ਕਬਜ਼ਾ ਕੀਤਾ ਬਿਨ ਸੱਦਿਆਂ ਮਹਿਮਾਨਾਂ,
ਦਸਖਤ ਕਰਕੇ ਨਾਲ ਖੂਨ ਦੇ ਕੀਤੇ ਪ੍ਰਣ ਜਵਾਨਾਂ।

ਆਪੂੰ ਵਿਚੀਂ ਬਾਂਸਾਂ ਵਾਂਗੂੰ ਖਹਿੰਦੇ ਫਿਰਕੂ ਟੋਲੇ,
ਭਾਰਤ ਮਾਂ ਦੀਆਂ ਮੁਸ਼ਕਾਂ ਬੰਨ੍ਹੀਆਂ ਕੋਈ ਨਾ ਗੰਢਾਂ ਖੋਲ੍ਹੇ,
ਦੇਸ਼ ਧਰੋਹੀਆਂ ਰੋਲ ਦਿੱਤੀਆਂ ਮਿੱਟੀ ਦੇ ਵਿਚ ਸ਼ਾਨਾਂ,
ਦਸਖਤ ਕਰਕੇ ਨਾਲ ਖੂਨ ਦੇ ਕੀਤੇ ਪ੍ਰਣ ਜਵਾਨਾਂ।

ਕਹੇ ਕਰਨੈਲ ਸਿੰਘ ਰਣਜੀਤਾ ਕਰੋਧ ਭਰੇ ਦਿਲ ਫਿੱਸੇ,
ਸਨ ਡਰਪੋਕ ਡਰੇ ਵਿਚ ਬੈਠੇ ਮੁੜ ਨਾ ਓਥੇ ਦਿੱਸੇ,
ਖਿਸਕ ਗਏ ਕਮਜੋਰੇ ਦਿਲ ਦੇ ਕਰ ਕੇ ਕੋਈ ਬਹਾਨਾ,
ਦਸਖਤ ਕਰਕੇ ਨਾਲ ਖੂਨ ਦੇ ਕੀਤੇ ਪ੍ਰਣ ਜਵਾਨਾਂ।

# ਮਹੰਤ ਮਿੱਤ ਸਿੰਘ ਕਿਸ਼ਨਪੁਰਾ

ਮਹੰਤ ਮਿੱਤ ਸਿੰਘ ਪੁੱਤਰ ਖੜਕ ਸਿੰਘ ਪਿੰਡ ਮਲਕਾਣਾ, ਰਿਆਸਤ ਪਟਿਆਲਾ ਦਾ ਰਹਿਣ ਵਾਲਾ ਸੀ। ਪਿੰਡ ਮਲਕਾਣਾ ਦਾ ਹੱਦ ਬਸਤ ਨੰਬਰ 125, ਰਕਬਾ 2448 ਹੈਕਟੇਅਰ, ਤਹਿਸੀਲ ਤਲਵੰਡੀ ਸਾਬੋ, ਜਿਲ੍ਹਾ ਬਠਿੰਡਾ ਹੈ। ਮਿੱਤ ਸਿੰਘ ਨੇ 8 ਕੁ ਸਾਲ 29ਵੀਂ ਪੰਜਾਬ ਪੈਦਲ ਫੌਜ ਦੀ ਨੌਕਰੀ ਕੀਤੀ ਅਤੇ ਫਿਰ ਉਹ ਪੈਨਸ਼ਨ 'ਤੇ ਆ ਗਿਆ। ਭਗਤੀ ਵਾਲੇ ਸੁਭਾਅ ਦਾ ਮਿੱਤ ਸਿੰਘ ਬੜੇ ਉਚੇ ਚਾਲ-ਚਲਣ ਦਾ ਮਾਲਕ ਸੀ। ਘੁੰਮਦਾ-ਘੁਮਾਉਂਦਾ ਉਹ ਪਿੰਡ ਕਿਸ਼ਨਪੁਰਾ ਆ ਗਿਆ।

ਕਿਸ਼ਨਪੁਰਾ ਦੀ ਹੱਦ ਬਸਤ ਨੰਬਰ 120 ਅਤੇ ਰਕਬਾ 233 ਹੈਕਟੇਅਰ ਹੈ। ਇਹ ਜਲੰਧਰ ਤੋਂ ਪਠਾਣਕੋਟ ਜਾਣ ਵਾਲੇ ਮੁੱਖ ਮਾਰਗ 'ਤੇ 8 ਕੁ ਮੀਲ 'ਤੇ ਸਥਿਤ ਹੈ। ਮਿੱਤ ਸਿੰਘ ਇਥੇ ਇਕ ਨਿਵੇਲੀ ਥਾਂ ਦੇਖ ਕੇ ਜ਼ਮੀਨ ਵਿਚ ਭੋਰਾ ਪੁੱਟ ਕੇ ਭਗਤੀ ਕਰਨ ਲੱਗਾ। ਭੋਰੇ 'ਚੋਂ ਦੋ ਕੁ ਵਾਰੀ ਹੀ ਬਾਹਰ ਨਿਕਲਦਾ। ਉਸ ਦੀ ਭਗਤੀ ਦੀ ਸੋਭਾ ਉਸ ਪਿੰਡ ਅਤੇ ਆਲੇ-ਦੁਆਲੇ ਦੇ ਪਿੰਡਾਂ ਵਿਚ ਵੀ ਫੈਲ ਗਈ। ਉਸ ਲਈ ਲੰਗਰ ਪਾਣੀ ਪਿੰਡ ਦੇ ਲੋਕ ਬੜੀ ਸ਼ਰਧਾ ਅਤੇ ਪਿਆਰ ਨਾਲ ਲੈ ਕੇ ਆਉਂਦੇ। ਪਿੰਡ ਦੇ ਲੋਕਾਂ ਨੇ ਅਤੇ ਆਲੇ-ਦੁਆਲੇ ਦੇ ਉਸ ਦੇ ਚੇਲਿਆਂ ਨੇ ਉਸ ਲਈ ਗੁਰਦੁਆਰਾ ਬਣਾਉਣ ਲਈ ਪੈਸਾ ਇਕੱਠਾ ਕੀਤਾ ਤੇ 20 ਹਜ਼ਾਰ ਰੁਪਏ ਇਕੱਠੇ ਕਰ ਲਏ। ਉਸ ਸਮੇਂ ਇਹ ਇਕ ਵੱਡੀ ਰਕਮ ਸੀ। ਇਹ ਉਹ ਸਮਾਂ ਸੀ ਜਦੋਂ ਇੱਟ ਦੋ ਰੁਪਏ ਨੂੰ ਹਜ਼ਾਰ ਮਿਲਦੀ ਸੀ ਅਤੇ ਮਿਸਤਰੀ ਦੀ ਦਿਹਾੜੀ ਚਾਰ ਆਨੇ ਤੇ ਮਜਦੂਰ ਦੀ ਦੋ ਆਨੇ ਹੁੰਦੀ ਸੀ।

ਡਾ. ਬਖਸ਼ੀਸ਼ ਸਿੰਘ ਨਿੱਜਰ ਨੇ ਆਪਣੀ ਕਿਤਾਬ 'ਬੱਬਰ ਅਕਾਲੀਆਂ ਦਾ ਇਤਿਹਾਸ' ਦੇ ਪੰਨਾ ਨੰਬਰ 540 'ਤੇ ਲਿਖਿਆ ਹੈ ਕਿ ਉਸ ਸਮੇਂ ਦੁਆਬੇ ਦੇ ਮਹਾਂਦਾਨੀ ਸ. ਕੁੰਦਨ ਸਿੰਘ ਬੱਡੋਂ ਅਤੇ ਸ. ਨਗੀਨਾ ਸਿੰਘ ਪਾਲਦੀ ਵਾਲਿਆਂ ਵਲੋਂ ਬਹੁਤੀ ਰਕਮ ਪੁੱਜੀ ਸੀ। ਉਸ ਦਾ ਮੇਲ-ਮਿਲਾਪ ਬੱਬਰਾਂ ਨਾਲ ਵੀ ਹੋ ਗਿਆ ਅਤੇ ਉਹ ਖੁਦ ਵੀ ਬੱਬਰਾਂ ਵਲੋਂ ਪਿੰਡ ਬਿਣਗਾਂ ਦੇ ਦੀਵਾਨ ਵਿਚ ਹਾਜ਼ਰ ਸੀ ਜਿਥੇ ਬੱਬਰ ਕਿਸ਼ਨ ਸਿੰਘ ਗੜਗੱਜ ਨੇ ਬੜੀ ਧੂੰਆਂਧਾਰ ਤਕਰੀਰ ਕਰਕੇ ਅੰਗਰੇਜ਼ ਸਰਕਾਰ ਦੀਆਂ ਸਿੱਖਾਂ ਵਿਰੁਧ ਵਧੀਕੀਆਂ ਦਾ ਜ਼ਿਕਰ ਕੀਤਾ ਸੀ। ਬਾਕੀ ਹੋਰ ਚੌਕੀ ਦੇ ਬੱਬਰ ਬਾਬੂ ਸਿੰਘ ਛੋਟੀ ਹਰੀਓ, ਬੱਬਰ ਕਰਮ ਸਿੰਘ ਦੌਲਤਪੁਰ, ਬੱਬਰ ਕਰਮ ਸਿੰਘ ਝਿੰਗੜ, ਧੰਨਾ ਸਿੰਘ ਬਹਿਲਪੁਰ ਵਗੈਰਾ ਵੀ ਉਸ ਪਾਸ ਗਾਹੇ-ਬਗਾਹੇ ਆਉਂਦੇ। ਬੱਬਰਾਂ ਵਾਸਤੇ ਲੰਗਰ ਅਤੇ ਮੰਜੇ-ਬਿਸਤਰੇ ਉਸ ਦੇ ਚੇਲੇ ਖੁਸ਼ੀ ਨਾਲ ਕਰ ਦਿਆ ਕਰਦੇ। ਉਸ ਦਾ ਡੇਰਾ ਬੱਬਰਾਂ ਦੀ ਗੁਪਤ ਭਾਸ਼ਾ ਵਿਚ 'ਹਸਪਤਾਲ' ਸੀ, ਜਿਵੇਂ ਪਿੰਡ ਪਤਾਰਾ 'ਮੱਕਾ' ਅਤੇ ਪਿੰਡ ਜੱਸੋਵਾਲ 'ਹਾਈ ਕੋਰਟ' ਸਨ।

ਖੁਫੀਆ ਪੁਲਿਸ ਨੇ ਉਸ ਨਾਲ ਬੱਬਰਾਂ ਦੇ ਮੇਲ-ਮਿਲਾਪ ਦੀ ਸੂਹ ਕੱਢ ਲਈ ਅਤੇ ਉਸ ਤੋਂ ਬੱਬਰਾਂ ਬਾਰੇ ਜਾਣਕਾਰੀ ਲੈਣ ਲਈ ਉਸ ਨੂੰ ਗ੍ਰਿਫਤਾਰ ਕਰ ਕੇ ਜਲੰਧਰ ਛਾਉਣੀ ਦੀ ਕੈਂਪ ਜੇਲ੍ਹ ਵਿਚ ਭੇਜ ਦਿੱਤਾ। ਉਹ ਫੀਮ ਖਾਣ ਦਾ ਆਦੀ ਸੀ। ਦੋ ਕੁ ਦਿਨ ਫੀਮ ਨਾ ਮਿਲੀ ਤਾਂ ਲੱਗੇ ਉਸ ਦੇ ਹੱਡ-ਪੈਰ ਭੱਜਣ। ਉਹ ਬਨੇਰੇ 'ਤੇ ਬੈਠੀਆਂ ਚਿੜੀਆਂ ਨੂੰ ਆਖੇ, "ਜਾਓ ਨੀ ਮੈਨੂੰ ਭੋਰਾ ਫੀਮ ਲਿਆ ਦਿਓ, ਰੱਬ ਤੁਹਾਡਾ ਭਲਾ ਕਰੂ।"

ਮਿੱਤ ਸਿੰਘ ਦੇ ਨਾਲ ਹੀ ਕੋਠੜੀ ਵਿਚ ਬੱਬਰ ਸੁਰੈਣ ਸਿੰਘ ਦੌਲਤਪੁਰ ਬੰਦ ਸੀ। ਇਕ ਸਿਪਾਹੀ ਉਸ ਦਾ ਵਾਕਫ ਸੀ ਜਿਸ ਰਾਹੀਂ ਥੋੜ੍ਹੀ ਫੀਮ ਮਹੰਤ ਨੂੰ ਮਿਲ ਗਈ। ਖੁਫੀਆ ਪੁਲਿਸ ਵਾਲਿਆਂ ਨੂੰ ਮਹੰਤ ਦੀ ਇਸ ਕਮਜ਼ੋਰੀ ਦਾ ਪਤਾ ਲੱਗਾ ਤਾਂ ਉਨ੍ਹਾਂ ਸੌਖਿਆਂ ਹੀ ਉਸ ਨੂੰ ਬੱਬਰਾਂ ਵਿਰੁਧ ਬਿਆਨ ਦੇ ਕੇ ਵਾਅਦਾ ਮੁਆਫ ਬਣਾ ਲਿਆ। ਉਸ ਨੂੰ 20 ਅਪਰੈਲ 1923 ਨੂੰ ਵਾਅਦਾ ਮੁਆਫੀ ਮਿਲੀ ਅਤੇ ਉਸ ਨੇ ਪਹਿਲੀ ਅਗਸਤ 1923 ਨੂੰ ਵਾਅਦਾ ਮੁਆਫੀ ਬਿਆਨ ਦਿੱਤਾ ਸੀ।

-ਵਾਸਦੇਵ ਸਿੰਘ ਪਰਹਾਰ
ਫੋਨ: 206-434-1155

# ਗੁਜਰਾਤ ਫਾਈਲਾਂ




**ਪਰਦਾਪੋਸ਼ੀ ਦੀ ਚੀਰਫਾੜ**

**ਕਾਂਡ ਨੌਵਾਂ**

*'ਗੁਜਰਾਤ ਫਾਈਲਾਂ' ਕਿਤਾਬ ਦਲੇਰ ਪੱਤਰਕਾਰ ਰਾਣਾ ਅਯੂਬ ਦੀ ਅਜਿਹੀ ਮਿਸਾਲੀ ਲਿਖਤ ਹੈ ਜਿਸ 'ਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਦਾ ਖੁਲਾਸਾ ਹੋਇਆ ਹੈ। ਜਦੋਂ ਇਹ ਕਿਤਾਬ ਛਾਪਣ ਲਈ ਕਿਸੇ ਪ੍ਰਕਾਸ਼ਕ ਨੇ ਹਾਮੀ ਨਹੀਂ ਭਰੀ, ਉਹਨੇ ਇਹ ਕਿਤਾਬ ਆਪੇ ਛਾਪ ਲਈ। ਇਸ ਕਿਤਾਬ ਦਾ ਪੰਜਾਬੀ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਉਨ੍ਹਾਂ ਨੇ ਵੀ ਇਹ ਕਿਤਾਬ ਖੁਦ ਹੀ ਛਪਵਾਈ ਹੈ। -ਸੰਪਾਦਕ*



## ਫਿਰ ਇਉਂ ਟੁੱਟੀ ਖਾਮੋਸ਼ੀ...

### ਤੁਸੀਂ ਪੜ੍ਹ ਚੁੱਕੇ ਹੋ...

***ਹਫਤਾਵਾਰੀ 'ਤਹਿਲਕਾ' ਲਈ ਪੱਤਰਕਾਰੀ ਕਰਦਿਆਂ ਰਾਣਾ ਅਯੂਬ ਨੇ ਸਿਸਟਮ ਦਾ ਸੱਚ ਦੇਖਿਆ ਅਤੇ ਬੇਵੱਸ ਹੋਏ ਲੋਕਾਂ ਦੀ ਖਾਮੋਸ਼ੀ ਵਿਚੋਂ ਬੁਲੰਦ ਆਵਾਜ਼ ਲੱਭਣ ਦਾ ਯਤਨ ਕੀਤਾ। ਨਰੇਂਦਰ ਮੋਦੀ ਦੇ ਬਖੀਏ ਉਧੇੜਨ ਲਈ ਉਸ ਨੇ ਅਮਰੀਕੀ ਫਿਲਮਸਾਜ਼ ਮੈਥਿਲੀ ਤਿਆਗੀ ਦਾ ਭੇਸ ਵਟਾਇਆ ਅਤੇ ਸਬੂਤ ਜੁਟਾਉਣ ਲੱਗੀ। ਉਹਨੇ ਤਤਕਾਲੀ ਮੰਤਰੀ ਮਾਇਆ ਕੋਡਨਾਨੀ, ਅਤਿਵਾਦੀ ਵਿਰੋਧੀ ਦੇ ਮੁਖੀ ਜੀ.ਐਲ. ਸਿੰਘਲ, ਸਾਬਕਾ ਪੁਲਿਸ ਅਫਸਰ ਰਾਜਨ ਪ੍ਰਿਯਾਦਰਸ਼ੀ, ਪੁਲਿਸ ਅਫਸਰ ਊਸ਼ਾ ਰਾਡਾ, ਅਸ਼ੋਕ ਨਰਾਇਣ, ਜੀ.ਸੀ. ਰੈਗਰ, ਪੀ.ਸੀ. ਪਾਂਡੇ ਨਾਲ ਮੁਲਾਕਾਤਾਂ ਕੀਤੀਆਂ ਅਤੇ ਗੁੱਝੇ ਭੇਤ ਕਢਵਾਏ। ਹੁਣ ਪੜ੍ਹੋ ਅੱਗੇ...***

ਮੈਂ ਅਸ਼ੋਕ ਨਰਾਇਣ ਨੂੰ ਗੁਜ਼ਾਰਿਸ਼ ਕੀਤੀ ਕਿ ਉਹ ਕੇ. ਚਕਰਵਰਤੀ ਦੇ ਨਾਂ ਮੇਰੇ ਲਈ ਸਿਫ਼ਾਰਸ਼ੀ ਰੁੱਕਾ ਲਿਖ ਦੇਣ ਜੋ ਮੀਡੀਆ ਤੋਂ ਅਤੇ ਗੁਜਰਾਤ ਦੀ ਅਫਸਰਸ਼ਾਹੀ ਵਿਚਲੇ ਆਪਣੇ ਹਮ-ਰੁਤਬਾ ਲੋਕਾਂ ਤੋਂ ਦੂਰ ਇਕ ਤਰ੍ਹਾਂ ਨਾਲ ਇਕਾਂਤ ਵਿਚ ਰਹਿ ਰਿਹਾ ਸੀ। ਗੁਜਰਾਤ ਹਿੰਸਾ ਦੌਰਾਨ ਉਹ ਪੁਲਿਸ ਮੁਖੀ ਸੀ। ਉਹ ਮੁੰਬਈ ਦੇ ਖਾਰ ਉਪ-ਸ਼ਹਿਰੀ ਅਮੀਰ ਇਲਾਕੇ ਵਿਚ ਆਪਣੀ ਪਤਨੀ ਅਤੇ ਦੋ ਧੀਆਂ ਨਾਲ ਰਹਿ ਰਿਹਾ ਸੀ।

ਮੈਂ ਬਾਂਦਰਾ ਲਈ ਬੱਸ ਲਈ ਜਿਥੋਂ ਆਟੋ ਲੈ ਕੇ ਖਾਰ ਜਾਣਾ ਸੀ, ਉਥੇ ਚਕਰਵਰਤੀ ਇਕ ਮਸ਼ਹੂਰ ਸਕੂਲ ਲਾਗੇ ਰਹਿੰਦਾ ਸੀ। ਉਹਨੇ ਮੈਨੂੰ ਆਪਣੀ ਸ਼ੋਖ ਪਤਨੀ ਨਾਲ ਤੁਆਰਫ਼ ਕਰਾਇਆ ਜੋ ਅਮੀਰ ਖ਼ਾਨਦਾਨ ਨਾਲ ਸਬੰਧਤ ਸੀ। ਬੈਠਕ ਵਿਚ ਨਿੰਮਾ-ਨਿੰਮਾ ਚਾਨਣ ਸੀ ਅਤੇ ਮੈਂ ਪ੍ਰੇਸ਼ਾਨ ਸੀ। ਐਨੇ ਥੋੜ੍ਹੇ ਚਾਨਣ ਵਿਚ ਕੋਈ ਫੁਟੇਜ ਕਿਵੇਂ ਰਿਕਾਰਡ ਕਰਾਂਗੀ? ਕੀ ਬਹਾਨਾ ਬਣਾ ਕੇ ਟਿਊਬਾਂ ਜਗਾਉਣ ਲਈ ਕਹਾਂ?

ਚਕਰਵਰਤੀ ਨੇ ਮੈਨੂੰ ਮੇਰੀ ਅਮਰੀਕਾ ਵਿਚਲੀ ਜ਼ਿੰਦਗੀ ਬਾਰੇ ਪੁੱਛਿਆ। ਉਸ ਦੀ ਪਤਨੀ ਨੇ ਦੱਸਿਆ ਕਿ ਉਸ ਦੀ ਅਭਿਨੇਤਰੀ ਬਣਨਾ ਚਾਹੁੰਦੀ ਧੀ ਅਮਰੀਕਾ ਰਹਿ ਰਹੀ ਸੀ। ਉਸ ਨੇ ਆਪਣੀ ਅਭਿਨੇਤਰੀ ਧੀ ਨਾਲ ਰਾਬਤਾ ਬਣਾਉਣ ਦੀ ਤਾਕੀਦ ਕੀਤੀ। ਉਨ੍ਹਾਂ ਦੀ ਛੋਟੀ ਧੀ ਘਰ ਆ ਗਈ ਜੋ ਕਿਸੇ ਏਅਰਲਾਈਨ ਵਿਚ ਨੌਕਰੀ ਕਰਦੀ ਸੀ। ਮੈਂ ਇਕ ਮਹੀਨੇ ਦੌਰਾਨ ਚਕਰਵਰਤੀ ਨੂੰ ਤਿੰਨ ਵਾਰ ਮਿਲੀ। ਪਹਿਲੀ ਫੇਰੀ ਬਹੁਤ ਸੰਖੇਪ ਸੀ ਅਤੇ ਮੈਂ ਖ਼ੁਦ ਨੂੰ ਕੱਛ ਵਿਚ ਕੀਤੀ ਸ਼ੂਟਿੰਗ ਅਤੇ ਉਥੇ ਵੱਖੋ-ਵੱਖਰੇ ਘੁਮਿਆਰਾਂ ਨੂੰ ਮਿਲਣ ਤੇ ਗੁਜਰਾਤ ਦਾ ਮਸ਼ਹੂਰ ਉਤਰਾਇਣ ਮੇਲਾ ਦੇਖਣ ਦੀ ਤਫ਼ਸੀਲ ਸਾਂਝੀ ਕਰਨ ਤਕ ਮਹਿਦੂਦ ਰੱਖਿਆ। ਉਸ ਦੀ ਸਹੇਲੀ ਅਤੇ ਅਸ਼ੋਕ ਨਰਾਇਣ ਦੀ ਪਤਨੀ ਨੇ ਮੈਨੂੰ ਆਪਣੇ ਘਰ ਦੁਪਹਿਰ ਦੇ ਖਾਣੇ ਮੌਕੇ ਜੋ ਜ਼ਾਇਕੇਦਾਰ ਤੰਦੂਰੀ ਪਨੀਰ ਖਵਾਇਆ ਸੀ, ਮੈਂ ਸ੍ਰੀਮਤੀ ਚਕਰਵਰਤੀ ਨੂੰ ਉਸ ਬਾਰੇ ਦੱਸਿਆ। ਸ੍ਰੀਮਤੀ ਚਕਰਵਰਤੀ ਛੇਤੀ ਹੀ ਮੇਰੇ ਨਾਲ ਐਨਾ ਰਚਮਿਚ ਗਈ।

ਮੈਂ ਉਨ੍ਹਾਂ ਨੂੰ ਅਗਲੇ ਹਫ਼ਤੇ ਮਿਲਣ ਦਾ ਇਕਰਾਰ ਕੀਤਾ ਜੋ ਨਿਭਾਇਆ ਵੀ। ਇਸ ਵਾਰ ਮੈਂ ਸ੍ਰੀਮਤੀ ਚਕਰਵਰਤੀ ਲਈ ਪੇੜਿਆਂ ਦਾ ਡੱਬਾ ਲੈ ਗਈ। ਚਕਰਵਰਤੀ ਸੰਕੋਚ ਨਾਲ ਗੱਲ ਕਰਨ ਵਾਲਾ ਬੰਦਾ ਸੀ। ਉਸ ਦੀ ਪਤਨੀ ਨੇ ਦੱਸਿਆ ਕਿ ਦਿਆਨਤਦਾਰ ਹੋਣ ਦੇ ਬਾਵਜੂਦ ਉਸ ਦੇ ਪਤੀ ਨਾਲ ਬੇਗਾਨਿਆਂ ਵਾਲਾ ਸਲੂਕ ਕੀਤਾ ਗਿਆ।

ਉਸ ਦੀ ਗਾਲੜੀ ਪਤਨੀ ਨਾਲ ਗੱਲਬਾਤ ਦੌਰਾਨ ਮੈਂ ਇਹ ਚੰਗੀ ਤਰ੍ਹਾਂ ਜਾਣ ਲਿਆ ਸੀ ਕਿ ਉਸ ਦੀ ਖ਼ਾਮੋਸ਼ੀ ਕਿਵੇਂ ਤੋੜਨੀ ਹੈ। ਮੈਂ ਉਨ੍ਹਾਂ ਸਾਰੇ ਅਫ਼ਸਰਾਂ ਦੇ ਨਾਂ ਛੱਡ ਦਿੱਤੇ ਜਿਨ੍ਹਾਂ ਨੂੰ ਮੈਂ ਗੁਜਰਾਤ ਵਿਚ ਮਿਲੀ ਸੀ ਅਤੇ ਉਹ ਬਿਰਤਾਂਤ ਹੀ ਪੇਸ਼ ਕੀਤਾ ਜੋ ਮੈਂ ਉਨ੍ਹਾਂ ਤੋਂ ਸੁਣਿਆ ਸੀ। ਇਹ ਸਾਰਾ ਕੁਝ ਭੋਲੇਪਣ ਅਤੇ ਹੈਰਾਨੀ ਦੇ ਬਿਹਤਰੀਨ ਵਿਖਾਵੇ ਦੇ ਹਿੱਸੇ ਵਜੋਂ ਕੀਤਾ ਗਿਆ। ਇਸ ਨਾਲ ਅੜਿੱਕਾ ਦੂਰ ਹੋ ਗਿਆ।

ਇਸ ਤੋਂ ਪਹਿਲਾਂ ਕਿ ਮੈਂ ਚਕਰਵਰਤੀ ਨਾਲ ਗੱਲਬਾਤ ਦਾ ਵੇਰਵਾ ਲਿਖਾਂ, ਕੁਝ ਖ਼ਬਰਾਂ ਸਾਂਝੀਆਂ ਕਰਨੀਆਂ ਜ਼ਰੂਰੀ ਹਨ ਜੋ ਗੁਜਰਾਤ ਦੇ ਅਖ਼ਬਾਰਾਂ ਵਿਚ ਉਸ ਬਾਰੇ ਛਪੀਆਂ ਸਨ। ਮੁੱਖਧਾਰਾ ਮੀਡੀਆ ਵਲੋਂ ਉਸ ਉਪਰ ਇਲਜ਼ਾਮ ਲਗਾਇਆ ਗਿਆ ਸੀ ਕਿ ਉਹ ਗ਼ੈਰ-ਕਾਰਜਕੁਸ਼ਲ ਡੀ.ਜੀ. ਸੀ ਜੋ ਉਸ ਫਿਰਕੂ ਅੱਗ ਉਪਰ ਕਾਬੂ ਨਹੀਂ ਪਾ ਸਕਿਆ।

ਜਦੋਂ ਗੁਜਰਾਤ ਦੀ ਹਿੰਸਾ ਅਤੇ ਨਾ ਸਿਰਫ਼ 2002 ਦੀ ਹਿੰਸਾ ਦੌਰਾਨ ਨਰੇਂਦਰ ਮੋਦੀ ਤੇ ਅਮਿਤ ਸ਼ਾਹ ਦੇ ਰਾਜ ਅਧੀਨ ਗੁਜਰਾਤ ਦੀ ਸਗੋਂ ਫ਼ੌਜਦਾਰੀ ਜੁਰਮਾਂ ਦੇ ਹੋਰ ਅਹਿਮ ਦੌਰ ਦੀ ਜਾਂਚ ਵੀ ਹੋਈ ਤਾਂ ਸਪਸ਼ਟ ਤੌਰ 'ਤੇ ਚਕਰਵਰਤੀ ਉਨ੍ਹਾਂ ਸਭ ਤੋਂ ਅਹਿਮ ਨਾਵਾਂ ਵਿਚੋਂ ਇਕ ਸੀ। ਮਾਰਚ 2002 ਨੂੰ 'ਟਾਈਮਜ਼ ਆਫ ਇੰਡੀਆ' ਨੇ ਰਿਪੋਰਟ ਛਾਪੀ ਕਿ ਚਕਰਵਰਤੀ ਨੇ ਪੁਲਿਸ ਮਹਿਕਮੇ ਦੇ ਤਬਾਦਲਿਆਂ ਬਾਰੇ ਗੁਜਰਾਤ ਸਰਕਾਰ ਉਪਰ ਸਵਾਲਾਂ ਦੀ ਝੜੀ ਲਗਾ ਦਿੱਤੀ ਸੀ।

ਚਕਰਵਰਤੀ ਦੇ ਘਰ ਆਪਣੀ ਦੂਜੀ ਫੇਰੀ ਮੌਕੇ ਓੜਕ ਉਸ ਨੇ ਮੇਰੇ ਜਾਸੂਸੀ ਕੈਮਰੇ ਅੱਗੇ ਆਪਣੀ ਖ਼ਾਮੋਸ਼ੀ ਤੋੜ ਹੀ ਦਿੱਤੀ। ਉਸ ਵਲੋਂ ਆਪਣੇ ਅਫ਼ਸਰਾਂ ਵਲੋਂ ਸਟੈਂਡ ਲਏ ਜਾਣ ਦੀਆਂ ਰਿਪੋਰਟਾਂ ਤਾਂ ਸਨ, ਪਰ ਕਿਸੇ ਦੀ ਵੀ ਤਸਦੀਕ ਨਹੀਂ ਹੁੰਦੀ ਸੀ। ਆਖ਼ਿਰਕਾਰ, ਉਹ ਮੀਡੀਆ ਅਤੇ ਨਾਲ ਹੀ ਆਪਣੇ ਸਹਿ-ਕਰਮੀਆਂ ਨਾਲ ਕੋਈ ਗੱਲ ਕਰਨ ਤੋਂ ਇਨਕਾਰੀ ਹੋ ਗਿਆ ਸੀ।

ਜਦੋਂ ਮੈਂ ਹੋਰ ਅਫ਼ਸਰਾਂ ਨਾਲ ਆਪਣੀਆਂ ਮਿਲਣੀਆਂ ਦੀਆਂ ਤਰ੍ਹਾਂ-ਤਰ੍ਹਾਂ ਦੀਆਂ ਕਹਾਣੀਆਂ ਸੁਣਾਈਆਂ, ਆਖ਼ਿਰਕਾਰ ਚਕਰਵਰਤੀ ਨੇ ਜ਼ੁਬਾਨ ਖੋਲ੍ਹ ਲਈ, ਸ਼ਾਇਦ ਇਸ ਲਈ ਕਿ ਉਸ ਨੂੰ ਮਹਿਸੂਸ ਹੋ ਗਿਆ ਕਿ ਬਹੁਤ ਸਾਰੀ ਜ਼ੁਬਾਨੀ-ਕਲਾਮੀ ਚਰਚਾ ਤਕ ਮੈਂ ਪਹਿਲਾਂ ਹੀ ਰਸਾਈ ਕਰ ਚੁੱਕੀ ਸੀ। ਆਖ਼ਿਰਕਾਰ ਮੈਂ ਗੁਜਰਾਤ ਹਿੰਸਾ ਬਾਰੇ ਉਸ ਦਾ ਮੂੰਹ ਖੁੱਲ੍ਹਵਾ ਲਿਆ ਸੀ।

'ਇਹ ਹੁਣ ਤਕ ਦੇ ਸਭ ਤੋਂ ਭੈੜੇ ਫ਼ਸਾਦ ਸਨ। ਮੁੱਕਦੀ ਗੱਲ ਇਨ੍ਹਾਂ ਫ਼ਸਾਦਾਂ ਦੀ ਕੋਈ ਵਾਜਬ ਬੁਨਿਆਦ ਨਹੀਂ ਸੀ। ਇਥੇ ਫ਼ਸਾਦ ਗੋਧਰਾ ਵਿਖੇ ਰੇਲ ਗੱਡੀ ਨੂੰ ਸਾੜੇ ਜਾਣ ਤੋਂ ਬਾਅਦ ਹੋਏ। ਇਸ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਡੱਬੇ ਵਿਚ ਵੀ.ਐਚ.ਪੀ. ਦੇ ਲੋਕ ਸਨ ਜੋ ਅਯੁੱਧਿਆ ਤੋਂ ਵਾਪਸ ਆ ਰਹੇ ਸਨ। ਪੂਰੀ ਰੇਲ ਗੱਡੀ ਹੀ ਉਨ੍ਹਾਂ ਦੀ ਸੀ। ਵਾਪਰਿਆ ਇਹ ਕਿ ਇਸ ਤੋਂ ਬਾਅਦ ਫ਼ਸਾਦ ਸ਼ੁਰੂ ਹੋ ਗਏ। ਮੈਂ ਜੋ ਕਹਿ ਰਿਹਾ ਹਾਂ ਉਹ ਇਹ (ਕਿ) ਆਮ ਤੌਰ 'ਤੇ ਜਦੋਂ ਫ਼ਸਾਦ ਹੁੰਦੇ ਹਨ, ਕੋਈ ਵਜ੍ਹਾ ਹੁੰਦੀ ਹੈ, ਤੇ ਇਹ ਜ਼ਿਆਦਤਰ ਸਥਾਨਕ ਹੁੰਦੇ ਹਨ। ਇਥੇ ਜੋ ਵਜ੍ਹਾ ਸੀ, ਜਾਪਦਾ ਸੀ ਉਹਨੂੰ ਹਿੰਦੂ ਭਾਈਚਾਰੇ ਨੇ ਸਮੂਹਿਕ ਤੌਰ 'ਤੇ ਆਪਣੇ ਲਈ ਖ਼ਤਰਾ ਸਮਝਿਆ ਸੀ।'

'ਹੁਣ ਕੌਣ ਲੋਕ ਨੇ ਜੋ ਫ਼ਸਾਦਾਂ ਵਿਚ ਹਿੱਸਾ ਲੈਂਦੇ ਹਨ। ਗ਼ਰੀਬ ਲੋਕ...। ਇਥੇ ਸਾਰੇ ਹੀ ਅਮੀਰ ਲੋਕ ਸੜਕਾਂ ਉਪਰ ਨਿਕਲੇ ਹੋਏ ਸਨ। ਕੁਝ ਲੋਕ ਫ਼ੋਨ ਕਰ ਕੇ ਦੱਸ ਰਹੇ ਸਨ, "ਸਰ, ਸ਼ੌਪਰਜ਼ ਸਟਾਪ ਮੇਂ ਮਰਸਡੀਜ਼ ਮੇਂ ਲੋਗ ਆਕਰ ਲੂਟ ਰਹੇ ਹੈਂ"।'

'ਮੁੱਢ ਕਦੀਮ ਤੋਂ ਇਤਿਹਾਸ ਹਿੰਦੂਆਂ ਨੂੰ ਇਹੀ ਸਿਖਾਉਂਦਾ ਕਿ ਗ਼ਜ਼ਨੀ ਤੇ ਬਾਬਰ ਨੇ ਹਿੰਦੁਸਤਾਨ ਉਪਰ ਹਮਲੇ ਕੀਤੇ ਅਤੇ ਸੋਮਨਾਥ ਦੀ ਲੁੱਟਮਾਰ ਕੀਤੀ। ਇਸੇ ਕਰ ਕੇ ਇਥੇ ਵੀ ਹਿੰਦੂਆਂ ਦੀ ਜ਼ਿਹਨੀਅਤ ਵਿਚ ਇਹੀ ਵਸਿਆ ਹੋਇਆ ਹੈ, ਤੇ ਹਿੰਦੁਸਤਾਨ ਵਿਚ ਫ਼ਸਾਦ ਤਾਂ 1965 ਤੋਂ ਹੁੰਦੇ ਆ ਰਹੇ ਹਨ। ਹਜ਼ਾਰਾਂ ਲੋਕ ਪਹਿਲਾਂ ਵੀ ਮਾਰੇ ਗਏ ਸਨ।'

**ਸਵਾਲ:** ਮੇਰਾ ਅੰਦਾਜ਼ਾ ਹੈ ਕਿ ਜਿਹੜੀ ਗੱਲ ਮੋਦੀ ਦੇ ਖ਼ਿਲਾਫ਼ ਗਈ, ਉਹ ਇਹ ਸੀ ਕਿ ਉਹ ਆਰ.ਐਸ.ਐਸ. ਨਾਲ ਸਬੰਧਤ ਸੀ ਅਤੇ ਉਸ ਨੇ ਫ਼ਸਾਦਾਂ ਦੌਰਾਨ ਆਰ.ਐਸ.ਐਸ. ਅਤੇ ਵੀ.ਐਚ.ਪੀ. ਦੀ ਮਦਦ ਕੀਤੀ?

**ਜਵਾਬ:** ਜਿਸ ਬੰਦੇ ਦੀ ਪਰਵਰਿਸ਼ ਆਰ.ਐਸ.ਐਸ. ਦੇ ਕਾਡਰ ਵਜੋਂ ਹੋਈ ਸੀ, ਉਸ ਨੇ ਉਨ੍ਹਾਂ ਦੀਆਂ ਮੰਗਾਂ ਅੱਗੇ ਝੁਕਣਾ ਹੀ ਸੀ।


**ਸਵਾਲ:** ਉਹ ਆਰ.ਐਸ.ਐਸ. ਅੱਗੇ ਝੁਕ ਗਿਆ।

**ਜਵਾਬ:** ਉਹ ਜਿਸ ਪੁਜੀਸ਼ਨ ਵਿਚ ਸੀ, ਹੋਰ ਕੁਝ ਕਰ ਹੀ ਨਹੀਂ ਸਕਦਾ ਸੀ।

**ਸਵਾਲ:** ਤੁਹਾਡੇ ਲਈ ਤਾਂ ਮੁਸ਼ਕਿਲ ਹੋ ਗਈ ਹੋਵੇਗੀ?

### ਨਫਰਤ ਦਾ ਨਾਇਕ

***ਅੰਗਰੇਜ਼ੀ ਦੇ ਪ੍ਰਸਿੱਧ ਹਫਤਾਵਾਰੀ ਪਰਚੇ 'ਇੰਡੀਆ ਟੂਡੇ' ਦਾ 29 ਅਪਰੈਲ 2002 ਵਾਲੇ ਅੰਕ ਦੇ ਮੁੱਖ ਪੰਨੇ ਉਤੇ ਗੁਜਰਾਤ ਦੇ ਤਤਕਾਲੀ ਮੁੱਖ ਮੰਤਰੀ ਨਰੇਂਦਰ ਮੋਦੀ ਨੂੰ ਨਫਰਤ ਦਾ ਨਾਇਕ ਆਖਿਆ ਗਿਆ ਹੈ।... 'ਗੁਜਰਾਤ ਫਾਈਲਾਂ' ਦੀ ਲਿਖਾਰੀ ਰਾਣਾ ਅਯੂਬ ਨੇ ਜਿੰਨੇ ਵੀ ਬੰਦਿਆਂ ਨਾਲ ਮੁਲਾਕਾਤ ਕੀਤੀ, ਸਭ ਨੇ ਕਿਸੇ ਨਾ ਕਿਸੇ ਰੂਪ ਵਿਚ ਮੋਦੀ ਦਾ ਨਾਂ ਲਿਆ...!***




**ਜਵਾਬ:** ਮੇਰੀ ਪਹੁੰਚ ਸੀ ਕਿ ਆਪਣੇ ਅਧਿਕਾਰਾਂ ਅੰਦਰ ਰਹਿ ਕੇ ਵਾਹ ਲਾਵਾਂਗਾ ਤੇ ਵੱਧ ਤੋਂ ਵੱਧ ਮੁਸਲਮਾਨਾਂ ਦੀ ਮਦਦ ਦੇ ਯਤਨ ਕੀਤੇ, ਜਾਨਾਂ ਬਚਾਈਆਂ ਗਈਆਂ; ਬਸ ਅਹਿਸਾਨ ਜਾਫ਼ਰੀ ਦੀ ਜਾਨ ਨਹੀਂ ਬਚਾਈ ਜਾ ਸਕੀ...।

**ਸਵਾਲ:** ਅਹਿਸਾਨ ਜਾਫ਼ਰੀ ਕੌਣ ਸੀ?

**ਜਵਾਬ:** ਸਾਬਕਾ ਐਮ.ਪੀ. ਸੀ। ਹਜੂਮ ਨੇ ਉਸ ਦੀ ਹੱਤਿਆ ਕਰ ਦਿੱਤੀ, ਘਰ ਸਾੜ ਦਿਤਾ। ਉਸ ਪੂਰੇ ਇਲਾਕੇ ਉਪਰ ਹਮਲਾ ਕੀਤਾ ਗਿਆ। ਪੁਲਿਸ ਵਕਤ ਸਿਰ ਉਥੇ ਨਹੀਂ ਪਹੁੰਚ ਸਕੀ।

**ਸਵਾਲ:** ਤਾਂ ਹੀ ਤੁਸੀਂ ਨਿਸ਼ਾਨਾ ਬਣੇ?

**ਜਵਾਬ:** ਦੇਖੋ, ਮੇਰੇ ਮਤਹਿਤ ਬਹੁਤ ਸਾਰੇ ਲੋਕ ਕੰਮ ਕਰਦੇ ਹਨ... ਪੂਰੀ ਦਰਜੇਬੰਦੀ ਹੈ। ਅਹਿਮਦਾਬਾਦ ਦਾ ਕਮਿਸ਼ਨਰ, ਉਸ ਦਾ ਆਈ.ਜੀ. ਅਤੇ ਫਿਰ ਉਸ ਦਾ ਜੂਨੀਅਰ। ਮੈਂ ਕਮਿਸ਼ਨਰ ਨੂੰ ਹੁਕਮ ਦਿੱਤੇ, ਮੈਂ ਤਾਂ ਉਸ ਨੂੰ ਹੀ ਕਹਿਣਾ ਸੀ, ਪਰ ਕਮਿਸ਼ਨਰ ਕਹਿੰਦਾ ਹੈ ਕਿ ਉਸ ਨੇ ਆਪਣੇ ਅਫ਼ਸਰਾਂ ਨੂੰ ਆਦੇਸ਼ ਦੇ ਦਿੱਤਾ ਸੀ, ਪਰ ਜਦੋਂ ਉਹ ਪਹੁੰਚੇ ਉਹ (ਅਹਿਸਾਨ ਜਾਫ਼ਰੀ) ਪਹਿਲਾਂ ਹੀ ਮਾਰਿਆ ਜਾ ਚੁੱਕਾ ਸੀ।

**ਸਵਾਲ:** ਮੈਂ ਇਹੀ ਕਹਿ ਰਹੀ ਹਾਂ। ਤੁਸੀਂ ਉਹ ਭੁਗਤ ਰਹੇ ਹੋ ਜੋ ਦੂਜਿਆਂ ਨੇ ਕੀਤਾ। ਉਹ ਸਟੇਟ ਤੋਂ ਇਨਾਮ-ਸਨਮਾਨ ਲੈ ਰਹੇ ਹਨ?

**ਜਵਾਬ:** ਇਸੇ ਕਰ ਕੇ ਕਹਿ ਰਿਹਾਂ ਕਿ ਮੀਡੀਆ ਤੁਅੱਸਬੀ ਰਿਹਾ ਹੈ, ਇਸ ਨੇ ਕਹਾਣੀ ਦੇ ਦੋਵੇਂ ਪੱਖ ਨਹੀਂ ਸੁਣੇ।

**ਸਵਾਲ:** ਫ਼ਸਾਦਾਂ ਦੌਰਾਨ ਤੁਸੀਂ ਨਾਖੁਸ਼ੀ ਜ਼ਾਹਿਰ ਕੀਤੀ ਸੀ?

**ਜਵਾਬ:** ਹਾਂ, ਕੁਝ ਗੱਲਾਂ ਧਿਆਨ 'ਚ ਲਿਆਂਦੀਆਂ।

**ਸਵਾਲ:** ਮੁੱਖ ਮੰਤਰੀ ਤਕ ਸਿੱਧੀ ਪਹੁੰਚ ਨਹੀਂ ਸੀ?

**ਜਵਾਬ:** ਦੇਖੋ, ਉਥੇ ਇਕ ਤੰਤਰ ਹੈ, ਤੁਸੀਂ ਸਰਕਾਰ ਨੂੰ ਹੁਕਮ ਨਹੀਂ ਦੇ ਸਕਦੇ। ਇਕ ਹੱਦ ਤੋਂ ਅੱਗੇ ਤੁਸੀਂ ਬਹੁਤਾ ਕੁਝ ਨਹੀਂ ਕਰ ਸਕਦੇ।

**ਸਵਾਲ:** ਤੁਸੀਂ ਪ੍ਰੇਸ਼ਾਨ ਹੋਵੋਗੇ ਕਿ ਤੁਸੀਂ ਜੋ ਦੱਸ ਰਹੇ ਸੀ, ਨੋਟਿਸ ਨਹੀਂ ਲਿਆ ਜਾ ਰਿਹਾ?

**ਜਵਾਬ:** ਹਾਂ, ਪਰ ਇਹ ਖੇਡ ਦਾ ਹਿੱਸਾ ਹੈ।

**ਸਵਾਲ:** ਤੁਹਾਨੂੰ ਬੋਲਣਾ ਚਾਹੀਦੈ?

**ਜਵਾਬ:** ਬੇਟੀ ਵੀ ਇਹੀ ਕਹਿ ਰਹੀ ਹੈ...।

**ਸਵਾਲ:** ਜਾਂਚ ਵਾਲੀਆਂ ਇਨਕੁਆਰੀਆਂ ਬਾਰੇ ਕੀ ਕਹਿਣਾ ਚਾਹੋਗੇ?

**ਜਵਾਬ:** ਬੈਨਰਜੀ ਕਮਿਸ਼ਨ ਰਿਪੋਰਟ ਸੀ ਜਿਸ ਨੇ ਕਿਹਾ ਕਿ ਉਥੇ ਸਾਜ਼ਿਸ਼ ਕੰਮ ਕਰ ਰਹੀ ਸੀ, ਪਰ ਉਸ ਦਾ ਅਦਾਲਤੀ ਅਮਲ ਨਾਲ ਕੋਈ ਲਾਗਾਦੇਗਾ ਨਹੀਂ ਸੀ, ਇਸ ਕਰ ਕੇ ਉਸ ਨੂੰ ਵਿਚਾਰਿਆ ਨਹੀਂ ਜਾ ਸਕਦਾ। ਫਿਰ ਸੁਪਰੀਮ ਕੋਰਟ ਦੀ ਬਣਾਈ 'ਸਿਟ' ਹੈ। ਇਸ ਤੋਂ ਅੱਗੇ ਰਾਜ ਵਲੋਂ ਬਣਾਇਆ ਨਾਨਾਵਤੀ ਕਮਿਸ਼ਨ ਹੈ।

**ਸਵਾਲ:** ਇਨ੍ਹਾਂ ਤੁਹਾਥੋਂ ਪੁੱਛਗਿੱਛ ਕੀਤੀ?

**ਜਵਾਬ:** ਹਾਂ।

**ਸਵਾਲ:** ਕਿਹੜੀ ਜਾਂਚ ਅਸਰਦਾਇਕ ਸੀ?

**ਜਵਾਬ:** ਨਾਨਾਵਤੀ (ਕਮਿਸ਼ਨ) ਵਧੇਰੇ ਅਸਰਦਾਇਕ ਸੀ। ਤੁਸੀਂ ਜਾਣਦੇ ਹੋ, ਮੈਂ ਕੀ ਕਹਿ ਰਿਹਾ ਹਾਂ!

**ਸਵਾਲ:** ਤੁਹਾਡੀ ਮੁਰਾਦ ਸਰਕਾਰ ਤੋਂ ਹੈ?

**ਜਵਾਬ:** ਬਿਲਕੁਲ। ਦੇਖੋ, ਉਨ੍ਹਾਂ ਦੇ ਬੰਦੇ, ਮੁਕੱਦਮਾ, ਬਚਾਓ ਪੱਖ ਦੇ ਮੁਸਲਮਾਨ ਵਕੀਲ। ਦੇਖੋ, ਮੈਂ ਮੀਡੀਆ ਵਿਚ ਗੱਲ ਨਹੀਂ ਲਿਜਾਵਾਂਗਾ, ਮੈਂ ਢੁਕਵੇਂ ਕਮਿਸ਼ਨ ਅੱਗੇ ਆਪਣੀ ਗੱਲ ਰੱਖਾਂਗਾ।

**ਸਵਾਲ:** ਸੁਪਰੀਮ ਕੋਰਟ ਵਲੋਂ ਬਿਠਾਈ ਜਾਂਚ ਤਾਂ ਨਿਰਪੱਖ ਹੋਵੇਗੀ?

**ਜਵਾਬ:** ਇਹ ਇਸ ਕਰ ਕੇ ਹੋਇਆ ਕਿ ਜਾਫ਼ਰੀ ਦੀ ਵਿਧਵਾ ਨੇ ਸ਼ਿਕਾਇਤ ਕੀਤੀ ਸੀ।

**ਸਵਾਲ:** ਗ੍ਰਹਿ ਮੰਤਰੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ? ਉਸ ਦੇ ਮਤਹਿਤ ਕੰਮ ਕੀਤਾ?

**ਜਵਾਬ:** ਉਸ ਨਾਲ ਖੜਕਦੀ ਰਹਿੰਦੀ ਸੀ।

**ਸਵਾਲ:** ਫ਼ਸਾਦਾਂ ਦੌਰਾਨ?

**ਜਵਾਬ:** ਨਹੀਂ, ਫ਼ਸਾਦਾਂ ਤੋਂ ਬਾਅਦ। ਉਹ ਅਕਸ਼ਰਧਾਮ ਹਮਲੇ ਤੋਂ ਬਾਅਦ ਮੰਤਰੀ ਬਣਿਆ।

**ਸਵਾਲ:** ਫ਼ਸਾਦਾਂ ਦੌਰਾਨ ਤੁਸੀਂ ਘੁਟਣ ਮਹਿਸੂਸ ਕਰ ਰਹੇ ਸੀ? ਇਸ ਦਾ ਵਿਰੋਧ ਕੀਤਾ?

**ਜਵਾਬ:** ਮੈਂ ਅੰਦਰੋਂ ਲੜਾਈ ਲੜੀ। ਇਕ ਚੀਜ਼ ਹੈ ਬਹਾਦਰ ਹੋਣਾ ਜਾਂ ਲੋਕਾਂ ਤੇ ਪ੍ਰੈੱਸ ਵਿਚ ਜਾਣਾ। 'ਟਾਈਮਜ਼ ਆਫ ਇੰਡੀਆ' ਨੇ ਮੇਰੇ ਖ਼ਿਲਾਫ਼ ਲਿਖਿਆ ਕਿ ਜੇ ਚਕਰਵਰਤੀ ਦੀ ਜ਼ਮੀਰ ਹੁੰਦੀ ਤਾਂ ਅਸਤੀਫ਼ਾ ਦੇ ਦਿੰਦਾ। ਮੈਂ ਅਸਤੀਫ਼ਾ ਕਿਉਂ ਦਿੰਦਾ? ਮੇਰਾ ਤੌਖਲਾ ਸੀ ਕਿ ਜਿਹੜਾ ਕੋਈ ਬੰਦਾ ਮੇਰੀ ਥਾਂ ਲਵੇਗਾ, ਉਹ ਉਨ੍ਹਾਂ ਦੀ ਮਦਦ ਕਰ ਸਕਦਾ ਸੀ।

**ਸਵਾਲ:** ਜੇ ਬੰਦ ਦਾ ਸੱਦਾ ਨਾ ਦਿੱਤਾ ਹੁੰਦਾ, ਕੀ ਹਾਲਤ 'ਤੇ ਕਾਬੂ ਪਾਉਣ 'ਚ ਮਦਦ ਮਿਲਦੀ?

**ਜਵਾਬ:** ਯਕੀਨਨ!

**ਸਵਾਲ:** ਉਸ (ਮੁੱਖ ਮੰਤਰੀ ਮੋਦੀ) ਨੇ ਕਾਰਵਾਈ ਨਾ ਕਰਨ ਦੇ ਹੁਕਮ ਦਿੱਤੇ?

**ਜਵਾਬ:** ਉਸ ਨੇ ਮੈਨੂੰ ਕੋਈ ਗ਼ੈਰਕਾਨੂੰਨੀ ਹੁਕਮ ਨਹੀਂ ਦਿੱਤੇ। ਉਹ ਆਪਣੇ ਮੌਤ ਦੇ ਵਾਰੰਟਾਂ 'ਤੇ ਦਸਤਖ਼ਤ ਨਹੀਂ ਕਰੇਗਾ।

**ਸਵਾਲ:** ਹੁਕਮ ਲੁਕਵੇਂ ਤੌਰ 'ਤੇ ਨਹੀਂ ਦਿੱਤੇ ਜਾ ਸਕਦੇ?

**ਜਵਾਬ:** ਇਹ ਇਕੱਲੇ-ਇਕੱਲੇ ਨੂੰ ਦਿੱਤੇ ਜਾਣਗੇ, 20 ਬੰਦਿਆਂ ਦੇ ਸਾਹਮਣ ਨਹੀਂ ਜਿਨ੍ਹਾਂ ਵਿਚੋਂ ਪੰਜ ਤੁਹਾਡੇ ਖ਼ਿਲਾਫ਼ ਵੀ ਹੋ ਸਕਦੇ ਹਨ।

**ਸਵਾਲ:** ਫਿਰ ਤੁਹਾਨੂੰ ਖੂੰਜੇ ਲਾ ਦਿੱਤਾ?

**ਜਵਾਬ:** ਹਾਂ, ਅਸ਼ੋਕ ਨਰਾਇਣ ਮੇਰਾ ਮਿੱਤਰ ਸੀ। ਮੁੱਖ ਸਕੱਤਰ ਸੂਬਾ ਰਾਓ ਵੀ ਮੇਰਾ ਮਿੱਤਰ ਜ਼ਰੂਰ ਸੀ, ਪਰ ਸੱਚੀਮੁੱਚੀ ਦਾ ਨਹੀਂ ਸੀ, ਕਿਉਂਕਿ ਮੈਂ ਉਸ ਨਾਲ ਸਹਿਮਤ ਨਹੀਂ ਸੀ।

ਚਕਰਵਰਤੀ ਇਥੇ ਗੁਜਰਾਤ ਦੇ ਮੁੱਖ ਸਕੱਤਰ ਸੂਬਾਰਾਓ ਦਾ ਜ਼ਿਕਰ ਕਰ ਰਿਹਾ ਹੈ। ਜਿਸ ਨੂੰ ਵੀ ਮੈਂ ਮਿਲੀ, ਸਾਰਿਆਂ ਨੇ ਇਹੀ ਕਿਹਾ ਕਿ ਹਿੰਸਾ ਦੌਰਾਨ ਉਹ ਮੋਦੀ ਦਾ ਬੰਦਾ ਸੀ।

ਇਕ ਅਖ਼ਬਾਰ ਦੀ ਰਿਪੋਰਟ ਵਿਚ ਸੂਬਾਰਾਓ ਬਾਰੇ ਕਿਹਾ ਗਿਆ ਸੀ- 'ਸਾਬਕਾ ਮੁੱਖ ਸਕੱਤਰ ਜੋ 2003 ਵਿਚ ਸੇਵਾ-ਮੁਕਤ ਹੋਇਆ, ਉਸ ਨੂੰ ਗੁਜਰਾਤ ਐਨਰਜੀ ਰੈਗੂਲੇਟਰੀ ਕਮਿਸ਼ਨ ਦੀ ਚੇਅਰਮੈਨੀ ਨਾਲ ਨਿਵਾਜਿਆ ਗਿਆ। ਗੁਜਰਾਤ ਵਿਚ ਇਸ ਅਹੁਦੇ ਉਪਰ ਆਮ ਤੌਰ 'ਤੇ ਸੇਵਾ-ਮੁਕਤ ਜੱਜਾਂ ਨੂੰ ਲਗਾਇਆ ਜਾਂਦਾ ਹੈ।'

ਚਕਰਵਰਤੀ ਵਿਰੋਧਾਂ ਨਾਲ ਭਰਿਆ ਬੰਦਾ ਹੈ ਜਿਸ ਕੋਲ ਆਪਣੇ ਹੀ ਵਰਦੀਧਾਰੀਆਂ ਬਾਰੇ ਤਲਖ਼ ਸਚਾਈਆਂ ਹਨ ਜਿਨ੍ਹਾਂ (ਸ੍ਰੀਕੁਮਾਰ ਵਰਗਿਆਂ) ਨੇ ਉਸ ਦੇ ਮੁਤਾਬਿਕ ਇਨਸਾਫ਼ ਦਿੱਤੇ ਜਾਣ ਦੀ ਗੱਲ ਕਰਨ 'ਚ ਬਹੁਤ ਦੇਰੀ ਕਰ ਦਿੱਤੀ। ਇਹ ਮੰਨਿਆ ਜਾ ਸਕਦਾ ਹੈ ਕਿ ਸ੍ਰੀਕੁਮਾਰ ਨੇ ਥੋੜ੍ਹਾ ਦੇਰ ਨਾਲ ਖ਼ਾਮੋਸ਼ੀ ਤੋੜੀ ਅਤੇ ਸੰਜੀਵ ਭੱਟ ਦੇ ਸੱਚ ਦੇ ਰੂਪਾਂਤਰ ਵਿਚ ਵਜ਼ਨ ਨਹੀਂ ਜਾਂ ਇਹ ਨਿੱਗਰ ਸਬੂਤ ਪੇਸ਼ ਨਹੀਂ ਕਰਦਾ, ਪਰ ਕੀ ਇਸ ਨਾਲ ਚਕਰਵਰਤੀ ਬਤੌਰ ਡੀ.ਜੀ. ਕੁਲ ਜ਼ਿੰਮੇਵਾਰੀ ਤੋਂ ਬਰੀ ਹੋ ਜਾਂਦਾ ਹੈ? ਇਕ ਡੀ.ਜੀ. ਜਾਂ ਪੁਲਿਸ ਰੈਂਕ ਦੇ ਕਿਸੇ ਹੋਰ ਅਧਿਕਾਰੀ ਲਈ ਸਰਕਾਰ ਵਿਚਲੇ ਇਕ ਸੀਨੀਅਰ ਅਤੇ ਤਾਕਤਵਰ ਬੰਦੇ ਨਾਲ ਟੱਕਰ ਲੈਣਾ ਸੱਚੀਮੁੱਚੀ ਬਹੁਤ ਮੁਸ਼ਕਿਲ ਹੈ। ਇਸ ਮਾਮਲੇ ਵਿਚ, ਉਹ ਅਮਿਤ ਸ਼ਾਹ ਨਾਲ ਨਜਿੱਠ ਰਹੇ ਸਨ ਜੋ ਸਿੰਘਲ, ਰੈਗਰ, ਅਸ਼ੋਕ ਨਰਾਇਣ, ਪ੍ਰਿਯਾਦਰਸ਼ੀ ਅਤੇ ਹੁਣ ਚਕਰਵਰਤੀ ਸਮੇਤ ਉਨ੍ਹਾਂ ਸਾਰਿਆਂ ਮੁਤਾਬਿਕ ਕਾਇਦਾ-ਕਾਨੂੰਨ ਦੀ ਘੱਟ ਹੀ ਪ੍ਰਵਾਹ ਕਰਦਾ ਸੀ ਤੇ ਅਧਿਕਾਰੀਆਂ ਨੂੰ ਗ਼ੈਰਕਾਨੂੰਨੀ ਹੁਕਮ ਦਿੰਦਾ ਸੀ; ਪਰ ਕੀ ਖ਼ਾਮੋਸ਼ ਰਹਿ ਕੇ ਚਕਰਵਰਤੀ ਫਿਰਕੂ ਹਿੰਸਾ ਨੂੰ ਅੰਜਾਮ ਦੇਣ ਵਾਲਿਆਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆ ਰਿਹਾ ਸੀ?

**(ਚਲਦਾ)**

# ਸੰਨ ਸੰਤਾਲੀ 'ਚੋਂ ਲੰਘਦਿਆਂ...

## ਪ੍ਰਸੰਗ 'ਵਾਇਸਰਾਏ'ਜ਼ ਹਾਊਸ' ਅਤੇ 'ਦੁਸ਼ਮਨ'



ਗੁਰਿੰਦਰ ਚੱਢਾ



ਸਗੁਫਤਾ ਰਫੀਕ


ਸੰਨ ਸੰਤਾਲੀ ਵਾਲੀ ਵੰਡ ਅਤੇ ਭਾਰਤ-ਪਾਕਿਸਤਾਨ ਰਿਸ਼ਤਿਆਂ ਬਾਰੇ ਦੋ ਫਿਲਮਾਂ ਅੱਜ ਕੱਲ੍ਹ ਚਰਚਾ ਵਿਚ ਹਨ। ਪਹਿਲੀ ਫਿਲਮ 'ਬੈਂਡ ਇਟ ਲਾਈਕ ਬੈਕਹੈਮ' ਵਰਗੀ ਸਫਲ ਫਿਲਮ ਦੀ ਨਿਰਦੇਸ਼ਕ ਗੁਰਿੰਦਰ ਚੱਢਾ ਦੀ 'ਵਾਇਸਰਾਏ'ਜ਼ ਹਾਊਸ' ਹੈ। ਇਸ ਵਿਚ ਹਿੰਦੁਸਤਾਨ ਦੀ ਵੰਡ ਵੇਲੇ ਚੱਲੀ ਸਿਆਸਤ ਬਾਰੇ ਟਿੱਪਣੀਆਂ ਹਨ। ਗੁਰਿੰਦਰ ਇਸ ਫਿਲਮ ਉਤੇ ਕਈ ਸਾਲਾਂ ਤੋਂ ਕੰਮ ਕਰ ਰਹੀ ਸੀ ਅਤੇ ਹੁਣ ਇਹ ਫਿਲਮ ਤਿਆਰ ਹੈ। ਜਰਮਨੀ ਵਿਚ ਇਹ ਫਿਲਮ ਰਿਲੀਜ਼ ਹੋ ਚੁੱਕੀ ਹੈ ਅਤੇ ਇੰਗਲੈਂਡ ਵਿਚ ਤਿੰਨ ਮਾਰਚ ਨੂੰ ਰਿਲੀਜ਼ ਹੋਣੀ ਹੈ। ਉਸ ਨੇ ਇਹ ਫਿਲਮ ਪੌਲ ਬਰਗਸ ਤੇ ਮੋਇਰਾ ਬਫ਼ਿਨੀ ਨਾਲ ਰਲ ਕੇ ਲਿਖੀ ਹੈ ਅਤੇ ਇਸ ਫਿਲਮ ਵਿਚ ਹੁਮਾ ਕਰੈਸ਼ੀ ਤੇ ਮਨੀਸ਼ ਦਿਆਲ ਤੋਂ ਇਲਾਵਾ ਹਿਊ ਬੋਨਵਿਲੇ, ਗਿਲੀਅਨ ਐਂਡਰਸਨ ਤੇ ਮਾਈਕਲ ਗੈਮਬਨ ਵਰਗੇ ਸਮਰੱਥ ਅਦਾਕਾਰਾਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਕੁੱਲ 106 ਮਿੰਟਾਂ ਦੀ ਇਹ ਫਿਲਮ ਅੰਗਰੇਜ਼ੀ ਵਿਚ ਹੈ ਜਿਸ ਦਾ ਸੰਗੀਤ ਮਸ਼ਹੂਰ ਸੰਗੀਤਕਾਰ ਏ.ਆਰ. ਰਹਿਮਾਨ ਨੇ ਤਿਆਰ ਕੀਤਾ ਹੈ। ਫਿਲਮ ਦੀ ਸ਼ੂਟਿੰਗ ਬਹੁਤਾ ਕਰ ਕੇ ਜੋਧਪੁਰ ਵਿਚ ਕੀਤੀ ਗਈ ਹੈ। ਗੁਰਿੰਦਰ ਚੱਢਾ ਦਾ ਦਾਅਵਾ ਹੈ ਕਿ ਹਿੰਦੁਸਤਾਨ ਦੀ ਵੰਡ ਵੇਲੇ ਜੋ ਸਿਆਸਤ ਉਸ ਵਕਤ ਕੀਤੀ ਗਈ, ਉਸ ਦੇ ਕੁਝ ਅਹਿਮ ਪੱਖ ਇਸ ਫਿਲਮ ਵਿਚ ਦਿਖਾਉਣ ਦਾ ਯਤਨ ਕੀਤਾ ਗਿਆ ਹੈ। ਦੂਜੀ ਪੰਜਾਬੀ ਫਿਲਮ 'ਦੁਸ਼ਮਨ' ਹੈ ਜੋ ਉਘੇ ਫਿਲਮਸਾਜ਼ ਮਹੇਸ਼ ਭੱਟ ਦੀ ਨਿਗਰਾਨੀ ਹੇਠ ਤਿਆਰ ਕੀਤੀ ਗਈ ਹੈ। ਇਸ ਫਿਲਮ ਦੀ ਨਿਰਦੇਸ਼ਕ ਮਹੇਸ਼ ਭੱਟ ਕੈਂਪ ਦੀ ਉਘੀ ਲਿਖਾਰੀ ਸਗੁਫ਼ਤਾ ਰਫ਼ੀਕ ਹੈ ਜਿਸ ਨੇ ਕਈ ਸਫ਼ਲ ਫਿਲਮਾਂ ਦੀਆਂ ਕਹਾਣੀਆਂ ਲਿਖੀਆਂ ਹਨ। ਪਹਿਲਾਂ ਪਹਿਲ ਜਦੋਂ ਉਸ ਨੇ ਇਸ ਫਿਲਮ ਦੀ ਕਹਾਣੀ ਬਾਰੇ ਆਪਣੇ ਨੇੜਲਿਆਂ ਨਾਲ ਵਿਚਾਰ-ਵਟਾਂਦਰਾ ਸ਼ੁਰੂ ਕੀਤਾ ਤਾਂ ਇਹ ਸੁਝਾਅ ਸਾਹਮਣੇ ਆਇਆ ਕਿ ਇਸ ਤਰ੍ਹਾਂ ਦੇ ਵਿਸ਼ੇ ਵਾਲੀ ਫਿਲਮ ਚੱਲਣੀ ਮੁਸ਼ਕਿਲ ਹੈ, ਪਰ ਸਗੁਫ਼ਤਾ ਰਫ਼ੀਕ ਨੇ ਆਪਣਾ ਇਰਾਦਾ ਨਹੀਂ ਬਦਲਿਆ ਅਤੇ ਜਦੋਂ ਇਸ ਫਿਲਮ ਦੀ ਪਟਕਥਾ ਤਿਆਰ ਹੋਈ ਤਾਂ ਸਭ ਨੂੰ ਪਸੰਦ ਆ ਗਈ। ਇਸ ਫਿਲਮ ਵਿਚ ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤਿਆਂ ਦੀ ਗੱਲ ਵੱਖਰੇ ਜ਼ਾਵੀਏ ਤੋਂ ਕੀਤੀ ਗਈ ਹੈ। ਫਿਲਮ ਵਿਚ ਕਰਤਾਰ ਚੀਮਾ, ਜਸ਼ਨ ਸਿੰਘ ਅਤੇ ਸ਼ਾਕਸੀ ਗੁਲਾਟੀ ਨੇ ਅਹਿਮ ਕਿਰਦਾਰ ਨਿਭਾਏ ਹਨ। ਮਹੇਸ਼ ਭੱਟ ਦਾ ਕਹਿਣਾ ਹੈ ਕਿ ਦੋਹਾਂ ਮੁਲਕਾਂ ਦੇ ਲੋਕ ਆਪਸ ਵਿਚ ਚੰਗੇ ਸਬੰਧ ਚਾਹੁੰਦੇ ਹਨ, ਪਰ

**ਆਮਨਾ ਕੌਰ**


ਕੁਝ ਸਿਆਸੀ ਮਜਬੂਰੀਆਂ ਕਾਰਨ ਆਏ ਦਿਨ ਨਫ਼ਰਤਾਂ ਦਾ ਹੜ੍ਹ ਆਇਆ ਰਹਿੰਦਾ ਹੈ। ਇਹ ਫਿਲਮ ਦੋਵਾਂ ਮੁਲਕਾਂ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਚਿਤਰਨ ਹੈ। ਫਿਲਮ ਦੇ ਦੋ ਹੀਰੋ ਹਨ ਜੋ ਦੋ ਮੁਲਕਾਂ ਦੇ ਨੁਮਾਇੰਦਾ ਪਾਤਰ ਹਨ। ਇਸ ਵਿਚ ਬਿਨਾਂ ਸ਼ੱਕ ਡਰਾਮਾ ਤੇ ਰੁਮਾਂਸ ਵੀ ਸ਼ਾਮਲ ਕੀਤਾ ਗਿਆ ਹੈ ਅਤੇ ਫਿਲਮ ਦਾ ਮਨੋਰੰਜਨ ਵਾਲਾ ਪੱਖ ਵੀ ਧਿਆਨ ਖਿਚੇਗਾ, ਪਰ ਇਸ ਫਿਲਮ ਦਾ ਸੁਨੇਹਾ ਇਸ ਦਾ ਅਸਲ ਮਕਸਦ ਹੈ।





ਮਹੇਸ਼ ਭੱਟ




# ਪੰਜਾਬ ਦਾ ਫਿਕਰਨਾਮਾ: ਇਰਾਦਾ






*ਫਿਲਮਸਾਜ਼ ਅਪਰਨਾ ਸਿੰਘ ਅਤੇ (ਖੱਬੇ) ਫਿਲਮ ਦਾ ਪੋਸਟਰ।*


ਫਿਲਮ 'ਇਰਾਦਾ' ਵਿਚ ਪੰਜਾਬ ਦੇ ਪਾਣੀ ਦੀ ਬਾਤ ਪਾਈ ਗਈ ਹੈ ਜੋ ਤੇਜ਼ੀ ਨਾਲ ਪ੍ਰਦੂਸ਼ਿਤ ਹੋ ਰਿਹਾ ਹੈ। ਸਿਤਮਜ਼ਰੀਫੀ ਇਹ ਕਿ ਇਸ ਪਾਸੇ ਕੋਈ ਖਾਸ ਧਿਆਨ ਵੀ ਨਹੀਂ ਦਿੱਤਾ ਜਾ ਰਿਹਾ। ਅਸਲ ਵਿਚ ਜਦੋਂ ਹਰ ਮਸਲੇ ਉਤੇ ਸਿਆਸਤ ਕੀਤੀ ਜਾ ਰਹੀ ਹੋਵੇ, ਤਾਂ ਲੋਕਾਂ ਨਾਲ ਜੁੜੇ ਮਸਲੇ ਬਹੁਤ ਪਿਛਾਂਹ ਛੁੱਟ ਜਾਂਦੇ ਹਨ। ਇਹੀ ਨੁਕਤਾ ਇਸ ਫਿਲਮ ਦੀ ਕਹਾਣੀ ਹੈ। ਅਹਿਮ ਮਸਲੇ ਵਾਲੀ ਇਸ ਫਿਲਮ ਵਿਚ ਉਘੇ ਅਦਾਕਾਰ ਨਸੀਰੂਦੀਨ ਸ਼ਾਹ, ਦਿਵਿਆ ਦੱਤਾ, ਅਰਸ਼ਦ ਵਾਰਸੀ, ਸ਼ਰਦ ਕੇਲਗਰ ਅਤੇ ਸਾਗਰਿਕਾ ਘਟਗੇ ਨੇ ਵੱਖ-ਵੱਖ ਕਿਰਦਾਰ ਨਿਭਾਏ ਹਨ। ਇਹ ਅਪਰਨਾ ਸਿੰਘ ਦੀ ਪਲੇਠੀ ਫਿਲਮ ਹੈ। ਬਤੌਰ ਫਿਲਮਸਾਜ਼ ਉਸ ਨੇ ਪਾਣੀ ਦੇ ਮੁੱਦੇ ਨੂੰ ਜਿਸ ਢੰਗ ਨਾਲ ਪੇਸ਼ ਕੀਤਾ ਹੈ, ਉਸ ਦਾ ਕੋਈ ਜਵਾਬ ਨਹੀਂ ਹੈ। ਕਈ ਥਾਂਵਾਂ ਉਤੇ ਇਹ ਦਸਤਾਵੇਜ਼ੀ ਫਿਲਮ ਵਧੇਰੇ ਜਾਪਦੀ ਹੈ। ਫਿਲਮ ਦੇ ਨਾਂ ਤੋਂ ਹੀ ਸਪਸ਼ਟ ਹੈ ਕਿ ਇਹ ਫਿਲਮ ਖਾਸ ਮੁੱਦੇ ਨੂੰ ਲੈ ਕੇ ਬਣਾਈ ਗਈ ਹੈ। ਫਿਲਮ ਵਿਚ ਦਿਖਾਇਆ ਗਿਆ ਹੈ ਕਿ ਸਿਆਸਤ ਆਮ ਲੋਕਾਂ ਦੇ ਮਸਲਿਆਂ ਉਤੇ ਕਿਸ ਕਦਰ ਮਾਰ ਕਰ ਸਕਦੀ ਹੈ। ਇਸ ਬਿਰਤਾਂਤ ਨੂੰ ਅਪਰਨਾ ਸਿੰਘ ਨੇ ਖੂਬਸੂਰਤ ਢੰਗ ਨਾਲ ਪੇਸ਼ ਕੀਤਾ ਹੈ। ਫਿਲਮ ਵਿਚ ਸਿਆਸਤਦਾਨਾਂ ਦੀਆਂ ਵਧੀਕੀਆਂ ਸਿਰ ਚੜ੍ਹ ਬੋਲਦੀਆਂ ਹਨ, ਪਰ ਕਿਸੇ ਦੀ ਕੋਈ ਪੇਸ਼ ਨਹੀਂ ਜਾਂਦੀ। ਲੋਕ ਬੱਸ ਤੜਫਦੇ ਰਹਿ ਜਾਂਦੇ ਹਨ। ਲੋਕਾਂ ਦੀ ਇਹ ਬੇਵਸੀ ਵਾਰ-ਵਾਰ ਉਜਾਗਰ ਹੁੰਦੀ ਹੈ। ਫਿਲਮ ਵਿਚ ਅਰਸ਼ਦ ਵਾਰਸੀ ਨੇ ਆਪਣੀ ਅਦਾਕਾਰੀ ਨਾਲ ਕਮਾਲ ਕੀਤੀ ਹੈ। ਨਸੀਰੂਦੀਨ ਸ਼ਾਹ ਦੇ ਤਾਂ ਕਿਆ ਕਹਿਣੇ!

ਅਪਰਨਾ ਸਿੰਘ ਮੁਤਾਬਕ, ਉਹ ਇਸ ਫਿਲਮ ਬਾਰੇ ਕਾਫ਼ੀ ਚਿਰ ਤੋਂ ਖੋਜ ਕਰ ਰਹੀ ਸੀ। ਉਸ ਨੂੰ ਤਸੱਲੀ ਹੈ ਕਿ ਉਹ 'ਇਰਾਦਾ' ਵਰਗੀ ਫਿਲਮ ਬਣਾ ਸਕੀ ਹੈ। ਉਹ ਖੁਸ਼ ਹੈ ਕਿ ਫਿਲਮ ਵਿਚ ਸਭ ਅਦਾਕਾਰਾਂ ਨੇ ਰੂਹ ਨਾਲ ਕੰਮ ਕੀਤਾ। ਕੁਝ ਫਿਲਮ ਆਲੋਚਕਾਂ ਵੱਲੋਂ ਭਾਵੇਂ ਇਸ ਫਿਲਮ ਦੀ ਨੁਕਤਾਚੀਨੀ ਕੀਤੀ ਜਾ ਰਹੀ ਹੈ ਅਤੇ ਕਿਤੇ-ਕਿਤੇ ਫਿਲਮ ਬੋਝਲ ਹੋਣ ਦੀਆਂ ਗੱਲਾਂ ਵੀ ਕੀਤੀਆਂ ਹਨ, ਪਰ ਕੁੱਲ ਮਿਲਾ ਕੇ ਇਹ ਫਿਲਮ ਲੋਕਾਂ ਅਤੇ ਲੋਕਾਂ ਦੇ ਮਸਲਿਆਂ ਨੂੰ ਉਭਾਰਦੀ ਹੈ, ਇਸ ਲਈ ਅਜਿਹੇ ਪ੍ਰੋਜੈਕਟ ਦਾ ਸਵਾਗਤ ਹੀ ਹੋਣਾ ਚਾਹੀਦਾ ਹੈ। ਫਿਲਮ ਦੇਖ ਕੇ ਜਾਪਦਾ ਹੈ ਕਿ ਅਪਰਨਾ ਸਿੰਘ ਫਿਲਮ ਜਗਤ ਦਾ ਮਾਣ ਬਣੇਗੀ।

*-ਗੁਰਜੰਟ ਸਿੰਘ*

# ਹਾਕੀ ਦਾ ਹੋਕਾ

ਪੰਜਾਬੀ ਫਿਲਮ 'ਖਿੱਦੋ ਖੂੰਡੀ' ਅਸਲ ਵਿਚ ਹਾਕੀ ਦੀ ਕਹਾਣੀ ਹੈ। ਇਹ ਫਿਲਮ ਰੋਹਿਤ ਜੁਗਰਾਜ ਪ੍ਰੋਡਿਊਸ ਕਰ ਰਿਹਾ ਹੈ ਅਤੇ ਇਸ ਦਾ ਨਿਰਦੇਸ਼ਕ ਹੈ ਸਰਤਾਜ ਸਿੰਘ ਪੰਨੂ। ਰੋਹਿਤ ਜੁਗਰਾਜ ਇਸ ਤੋਂ ਪਹਿਲਾਂ ਦੋ ਪੰਜਾਬੀ ਫਿਲਮਾਂ 'ਸਰਦਾਰਜੀ-2' ਅਤੇ 'ਜੱਟ ਜੇਮਸ ਬੌਂਡ' ਦਾ ਨਿਰਦੇਸ਼ਨ ਕਰ ਚੁੱਕਾ ਹੈ। ਫਿਲਮ ਨਿਰਮਾਣ ਦੇ ਖੇਤਰ ਵਿਚ ਇਹ ਉਸ ਦਾ ਪਲੇਠਾ ਯਤਨ ਹੈ। ਉਹ ਹੁੱਬ ਕੇ ਦੱਸਦਾ ਹੈ ਕਿ ਉਸ ਦੀ ਚਿਰਾਂ ਤੋਂ ਰੀਝ ਸੀ ਕਿ ਹਾਕੀ ਬਾਰੇ ਫਿਲਮ ਬਣਾਵੇ। ਹੁਣ ਜਦੋਂ ਹਾਲਾਤ ਚੰਗੇ ਹਨ ਤਾਂ ਉਹ ਇਹ ਫਿਲਮ ਪ੍ਰੋਡਿਊਸ ਕਰ ਰਿਹਾ ਹੈ। ਉਂਜ ਵੀ ਹਾਕੀ ਪੰਜਾਬ ਦੇ ਦਿਲ ਅੰਦਰ ਹਰ ਪਲ ਧੜਕਦੀ ਹੈ। ਫਿਲਮ ਦੀ ਕਹਾਣੀ ਵੀ ਸਿਰਫ ਹਾਕੀ ਦੀ ਕਹਾਣੀ ਨਹੀਂ ਹੈ, ਇਸ ਵਿਚ ਧੜਕਦੀ ਜ਼ਿੰਦਗੀ ਦੀਆਂ ਬਾਤਾਂ ਵੀ ਹਨ ਅਤੇ ਇਹ ਮੁਲਕ ਦੀ ਕੌਮੀ ਖੇਡ ਵੀ ਤਾਂ ਹੈ।



ਨਿਰਵਿਘਨ ਪ੍ਰਕਾਸ਼ਨ ਦਾ 18ਵਾਂ ਸਾਲ (ਪਹਿਲੀ ਜਨਵਰੀ 2000-2017)

# ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ ਪੰਜਾਬ ਟਾਈਮਜ਼ ਦੀ 17ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

## 25 ਮਾਰਚ 2017 ਸਨਿਚਰਵਾਰ ਸ਼ਾਮੀ 6:30 ਵਜੇ



ਗਾਇਕ ਤਾਰਾ ਮੁਲਤਾਨੀ ਗੀਤਾਂ ਦੀ ਛਹਿਬਰ ਲਾਉਣਗੇ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਮੁੱਖ ਮਹਿਮਾਨ




ਸ. ਰਘਬੀਰ ਸਿੰਘ ਘੁੰਨ (ਟੈਕਸਸ)
ਮੁੱਖ ਸਪਾਂਸਰ


**The Cotillion**
360 South Creek Side,
Palatine, IL 60074
*(Route 14 & 1/2 Block West of 53)*

Limited Seats, Reserve Your Seat.

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿਲੋਂ


ਪ੍ਰੋ. ਜੋਗਿੰਦਰ ਸਿੰਘ ਰਮਦੇਵ



ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਬਲਵਿੰਦਰ ਸਿੰਘ ਸੰਧੂ


ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ


ਜੈਦੇਵ ਸਿੰਘ ਭੱਠਲ


ਜੱਸੀ ਗਿੱਲ



ਦਰਸ਼ਨ ਸਿੰਘ ਗਰੇਵਾਲ


ਸਰਵਣ ਸਿੰਘ ਟਿਵਾਣਾ


ਮਨਦੀਪ ਸਿੰਘ ਭੁਰਾ


ਰਘਬੀਰ ਸਿੰਘ ਘੁੰਨ


ਜਗਦੀਸ਼ਰ ਸਿੰਘ ਕਲੇਰ


ਅਯੁਧਿਆ ਸਲਵਾਨ

### ਵਿਸ਼ੇਸ਼ ਸਹਿਯੋਗੀ


ਡਾ. ਹਰਜਿੰਦਰ ਸਿੰਘ ਖਹਿਰਾ


ਜੈਰਾਮ ਸਿੰਘ (ਨੀਟੂ) ਕਾਹਲੋਂ


ਗੁਰਮੁਖ ਸਿੰਘ ਭੁੱਲਰ


ਸੁਰਿੰਦਰ ਸਿੰਘ ਭਾਟੀਆ


ਇੰਦਰਮੋਹਨ ਸਿੰਘ ਛਾਬੜਾ

ਪੰਜਾਬ ਟਾਈਮਜ਼
ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ
Published simultaneously from Chicago, California & New York.
Ph: 847-359-0746
*e-mail: punjabtimes1@sbcglobal.net, website: www.punjabtimesusa.com*